ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 22 | Issue 172| 23 to 29 April, 2025 | Ph.: (510) 240-5949 | Email: asrtimes@gmail.com




# ਕਸ਼ਮੀਰ ਵਾਦੀ ਕਿਉਂ ਹੋਈ ਮਾਸੂਮਾਂ ਦੇ ਖ਼ੂਨ ਨਾਲ ਲਾਲ?



ਬਲਰਾਜ ਪੰਨੂ

## ਕਸ਼ਮੀਰ ਦੀ ਆਰਥਿਕਤਾ ’ਤੇ ਸਿੱਧਾ ਹਮਲਾ

22 ਅਪ੍ਰੈਲ ਦਾ ਦਿਨ ਬੜੀਆਂ ਉਮੀਦਾਂ ਵਾਲਾ ਚੜ੍ਹਿਆ। ਪਹਿਲਗਾਮ ਦੀ ਬੈਸਰਾਨ ਘਾਟੀ ’ਤੇ ਵੀ ਦਿਨ ਉਮੀਦਾਂ ਵਾਲਾ ਹੀ ਚੜ੍ਹਿਆ ਸੀ ਪਰ ਸ਼ਾਮ ਬੜੀ ਸੋਗਮਈ, ਦੁੱਖਦਾਈ ਤੇ ਝੰਜੋੜ ਦੇਣ ਵਾਲੀ ਸੀ। ਇਹ ਘਟਨਾ ਦੁਪਹਿਰ ਦੇ ਪੌਣੇ ਕੁ ਤਿੰਨ ਵਜੇ ਦੀ ਹੈ ਜਦੋਂ ਮਿੰਨੀ ਸਵੀਟਰਜਰਲੈਂਡ ਕਹੀ ਜਾਂਦੀ ਜਗ੍ਹਾ ’ਤੇ ਆਮ ਲੋਕ ਆਪਣੇ ਪਰਿਵਾਰਾਂ ਦੇ ਨਾਲ ਸਕੂਨ ਦਾ ਸਮਾਂ ਬਿਤਾ ਰਹੇ ਸਨ, ਉਸ ਸਮੇਂ ਅੱਤਵਾਦੀ ਹਮਲਾ ਹੋ ਜਾਂਦਾ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਲੋਕਾਂ ਕੋਲੋਂ ਧਰਮ ਦੀ ਪੁੱਛ ਪੜਤਾਲ ਕੀਤੀ ਗਈ ਤੇ ਫ਼ੇਰ ਨਿਸ਼ਾਨਾ ਬਣਾਏ ਗਏ ਲੋਕ। ਕਰਨਾਟਕ ਦੇ ਰਹਿਣ ਵਾਲੀ ਪਲਵੀ ਆਪਣੇ ਪਤੀ ਮੰਜੂ ਨਾਥ ਦੀ ਲਾਸ਼ ਦੇ ਕੋਲ ਬੈਠੀ ਵਿਲਕ ਰਹੀ ਸੀ, ਸੋਸ਼ਲ ਮੀਡੀਆ ’ਤੇ ਇਹ ਵੀਡੀਓ ਵਾਇਰਲ ਹੋ ਰਹੀ ਸੀ। ਕਿਉਂਕਿ ਅੱਖ ਪਲਕਾਰੇ ਦੇ ਵਿੱਚ ਹੀ ਉਸ ਦੀ ਜ਼ਿੰਦਗੀ ਰੂਪੀ ਇਮਾਰਤ ਤਹਿਸ ਨਹਿਸ਼ ਉਸ ਦੇ ਸਾਹਮਣੇ ਪਈ ਸੀ। ਸਵਾਲ ਕਈ ਨੇ ਕਿ ਇਹ ਅੱਤਵਾਦ ਹੈ ਕੀ ? ਕੀ ਇਹ ਧਰਮ ’ਤੇ ਆਧਾਰਿਤ ਹੈ ? ਜਾਂ ਪੁਲੀਟੀਕਲ ਹੈ ? ਜਾਂ ਦੋਵਾਂ ਦਾ ਹੀ ਮਿਸ਼ਰਨ ਹੈ ? ਸਮਝੋ ਪਰੇ ਦੀਆਂ ਗੱਲਾਂ ਨੇ। ਇਹ ਕਿਵੇਂ ਦਾ ਅੱਤਵਾਦ ਹੈ ਕਿ ਟੂਰਿਸਟ ਲੋਕਾਂ ਨੂੰ ਹੀ ਟਾਰਗੇਟ ਕੀਤਾ ਗਿਆ। ਤੇ ਉਹ ਵੀ ਗੈਰ ਮੁਸਲਿਮ ਦੀ ਪਾਨ ਚੜ੍ਹਾ ਕੇ। ਜੰਮੂ ਕਸ਼ਮੀਰ ਦਾ ਅੱਤਵਾਦ ਦੇ ਨਾਲ ਸਬੰਧ ਪੁਰਾਣਾ ਹੈ। ਨਵਾਂ ਤਾਂ ਨਹੀਂ ਕਹਿ ਸਕਦੇ ਪਰ ਇਸ ਘਟਨਾ ਨੇ ਇਸ ਵਿੱਚ ਇੱਕ ਨਵਾਂ ਚੈਪਟਰ ਜ਼ਰੂਰ ਜੋੜ ਦਿੱਤਾ ਹੈ ਕਿ ਹੁਣ ਯਾਤਰੀਆਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਇਹ ਨਹੀਂ ਹੈ ਕਿ ਆਮ ਨਾਗਰਿਕ ਕਸ਼ਮੀਰ ਦੇ ਵਿੱਚ ਬਲੀ ਦਾ ਬੱਕਰਾ ਨਹੀਂ ਬਣਦੇ ਪਰ ਪਿਛਲੇ 25 ਸਾਲਾਂ ਦੇ ਵਿੱਚ ਐਹੋ ਜਿਹਾ ਟੂਰਿਸਟ ਦੇ ਉੱਤੇ ਕੋਈ ਅਟੈਕ ਨਹੀਂ ਹੋਇਆ। ਸਾਲ 2006 ਦੀ ਗੱਲ ਕਰੀਏ ਤਾਂ ਡੋਡਾ ਅਟੈਕ ਦੇ ਵਿੱਚ ਮਰੇ 25 ਲੋਕ ਆਮ ਨਾਗਰਿਕ ਹੀ ਸਨ। ਸਾਲ 2017 ਦੇ ਵਿੱਚ ਅਮਰਨਾਥ ਯਾਤਰਾ ਸਮੇਂ ਵੀ 8 ਲੋਕ ਮਾਰੇ ਗਏ ਸਨ ਪਰ ਇਸ ਵਾਰ 28 ਲੋਕਾਂ ਦੀ ਮੌਤ ਦੱਸੀ ਜਾ ਰਹੀ ਹੈ, ਜਿਨ੍ਹਾਂ ਦੇ ਵਿਚੋਂ 2 ਵਿਦੇਸ਼ੀ ਵੀ ਨੇ। ਮਿੰਨੀ ਸਵਿਟਜ਼ਰਲੈਂਡ ਦੇ ਵਿੱਚ ਕਿਹੋ ਜਿਹਾ ਕੋਹਰਾਮ ਮੱਚਿਆ ਹੋਵੇਗਾ ਜਦੋਂ ਸ਼ਾਂਤ ਬੈਠੇ ਲੋਕਾਂ ਵਿੱਚ ਇਹ ਘਟਨਾ ਵਾਪਰੀ ਹੋਵੇਗੀ ? ਸੋਚ ਕੇ ਰੂਹ ਕੰਬ ਜਾਂਦੀ ਹੈ। ਅੱਤਵਾਦੀਆਂ ਨੇ ਉਹ ਜਗ੍ਹਾ ਚੁਣੀ, ਜਿਥੇ ਕੋਈ ਸਹਾਇਤਾ ਜਾਂ ਬਚਾਓ ਸਾਧਨਾਂ ਦਾ ਪਹੁੰਚਣਾ ਆਸਾਨ ਨਹੀਂ ਸੀ। ਸਵਾਲ ਤਾਂ ਇਹ ਵੀ ਉੱਠਦਾ ਹੈ ਕਿ ਕੀ ਉਥੇ ਸਿਕਿਓਰਟੀ ਨਹੀਂ ਸੀ ?

ਕੀ ਅੱਤਵਾਦੀਆਂ ਨੇ ਪਹਿਲਾਂ ਰੇਕੀ ਕਰ ਰੱਖੀ ਸੀ ਕਿ ਸਿਕਿਓਰਟੀ ਪੱਖੋਂ ਇਹ ਇਲਾਕਾ ਲਾਪਰਵਾਹ ਹੈ। ਸਿਕਿਓਰਟੀ ਦੇ ਮੂੰਹ ’ਤੇ ਇਹ ਇੱਕ ਕਰਾਰੀ ਚਪੇੜ ਹੈ ਕਿ ਅੱਤਵਾਦੀ ਆਏ, ਹਮਲਾ ਕੀਤਾ ਤੇ ਵਾਪਸ ਸੁਰੱਖਿਅਤ ਜਗ੍ਹਾ ’ਤੇ ਪਹੁੰਚ ਗਏ।

ਏਨੀ ਲਾਪਰਵਾਹੀ ਵੀ ਕਈ ਸਵਾਲ ਖੜੇ ਕਰਦੀ ਹੈ। ਹਾਲਾਂ ਕਿ ਅਮਰਨਾਥ ਯਾਤਰਾ ਸ਼ੁਰੂ ਹੋਣ ਵਾਲੀ ਹੈ ਤੇ ਪਹਿਲਗਾਮ ਬਹੁਤ ਹੀ ਮਹੱਤਵਪੂਰਨ ਜਗ੍ਹਾ ਹੈ। ਜੰਮੂ ਦੇ ਕਸ਼ਮੀਰ ਵਾਲੇ ਹਿੱਸੇ ਵਿੱਚ ਪਹਿਲਗਾਮ ਆਉਂਦਾ ਹੈ। ਹਰ ਸਾਲ ਲੱਖਾਂ ਲੋਕ ਇੱਥੇ ਕੁਦਰਤੀ ਸੁੰਦਰਤਾ ਦਾ ਆਨੰਦ ਮਾਣਦੇ ਨੇ। ਹਰ ਸਾਲ 50 ਹਜ਼ਾਰ ਦੇ ਕਰੀਬ ਵਿਦੇਸ਼ੀ ਸੈਲਾਨੀ ਕਸ਼ਮੀਰ ਦੀਆਂ ਵਾਦੀਆਂ ਦਾ ਆਨੰਦ ਮਾਣਦੇ ਨੇ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਊਦੀ ਅਰਬ ਦੀ ਯਾਤਰਾ ’ਤੇ ਸਨ। ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਵਾਪਸ ਆਏ ਤੇ ਟਵਿੱਟ ਵੀ ਕੀਤਾ ਕਿ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸੰਸਦ ਦੇ ਵਿੱਚ ‘ਅੱਤਵਾਦ ਨੂੰ ਜੜ੍ਹ ਤੋਂ ਖ਼ਤਮ ਕਰ ਦਿੱਤਾ ਗਿਆ’ ਦਾ ਦਾਅਵਾ ਕਰਨ ਵਾਲੇ ਸਾਡੇ ਗ੍ਰਹਿ ਮੰਤਰੀ ਅਮਿਤ ਸ਼ਾਹ ਕਸ਼ਮੀਰ ਪਹੁੰਚ ਚੁੱਕੇ ਨੇ ਤੇ ਘਟਨਾਵਾਂ ਦਾ ਜਾਇਜ਼ਾ ਵੀ ਲੈ ਰਹੇ ਹਨ। ਸੂਬੇ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵੀ ਇਸ ਘਟਨਾ ’ਤੇ ਅਫ਼ਸੋਸ ਪ੍ਰਗਟਾਇਆ ਹੈ। ਜੇ.ਡੀ.ਵੈਂਸ ਨੇ ਟਵੀਟ ਕਰਕੇ ਇਸ ਘਟਨਾ ਦੀ ਨਿੰਦਾ ਕੀਤੀ ਹੈ। ਟਰੰਪ ਭਾਰਤ ਦੇ ਨਾਲ ਹੈ ਤੇ ਪੂਤਿਨ ਨੇ ਵੀ ‘ਸੈਂਸਲੈੱਸ ਕਿਲਿੰਗ’ ਕਹਿ ਕੇ ਇਸ ਘਟਨਾ ਦੀ ਨਿੰਦਾ ਕੀਤੀ ਹੈ।

ਪਾਕਿਸਤਾਨ ਦੇ ਵਿੱਚ ਵੀ ਇਸ ਘਟਨਾ ਤੋਂ ਬਾਅਦ ਗੁੱਝੀ ਚਰਚਾ ਛਿੜ ਗਈ ਹੈ ਤੇ ਉਥੋਂ ਦੇ ਵਿਦੇਸ਼ ਮੰਤਰੀ ਨੇ ਕਹਿ ਦਿੱਤਾ ਹੈ ਕਿ ਇਹ ਘਟਨਾ ਸਾਡੇ ਬਾਰਡਰ ਤੋਂ ਬਹੁਤ ਦੂਰ ਹੈ। ਆਪਣੀ ਸਰਕਾਰ ਨੂੰ ਪੁੱਛੋ। ਸਾਡੇ ਉੱਤੇ ਕੋਈ ਵੀ ਦੋਸ਼ ਨਾ ਲਗਾਇਆ ਜਾਵੇ। ਭਲਾ ਪਾਕਿਸਤਾਨ ਇਹੋ ਜਿਹੀ ਜ਼ਿੰਮੇਵਾਰੀ ਸਿੱਧੀ ਕਿਵੇਂ ਲੈ ਸਕਦਾ ਹੈ ? ਭਾਵੇਂ ਕਹਿਣ ਵਾਲੇ ਕਹਿ ਰਹੇ ਨੇ ਪਰ ਪਾਕਿਸਤਾਨ ਐਫ਼.ਏ.ਟੀ.ਐਫ਼ ਦੀ ਨਜ਼ਰ ਹੇਠ ਹੈ। ਐਫ਼.ਏ.ਟੀ.ਐਫ਼ ਦਾ ਮਤਲਬ ਫਾਇਨਸ਼ਲ ਐਕਸ਼ਨ ਟਾਸਕ ਫ਼ੋਰਸ ਹੁੰਦਾ ਹੈ। ਇਹ ਉਹ ਹਊਆ ਹੈ, ਜਿਸ ਨਾਲ ਪਾਕਿਸਤਾਨ ਕਈ ਸਾਲਾਂ ਤੋਂ ਗੁੱਥਮ ਗੁੱਥਾ ਹੁੰਦਾ ਆਇਆ ਹੈ। ਇਹ ਉਹ ਅਥਾਰਿਟੀ ਹੈ ਜਿਸ ਨੇ ਪਾਕਿਸਤਾਨ ਨੂੰ ਫ਼ਡਿੰਗ ਦੇ ਰਾਹੀਂ ਜ਼ਿੰਦਾ ਰੱਖਿਆ। ਸਾਲ 2022 ਦੇ ਵਿੱਚ ਐਫ਼.ਏ.ਟੀ.ਐਫ਼ ਨੇ ਪਾਕਿਸਤਾਨ ਨੂੰ ‘ਗ੍ਰੇ ਲਿਸਟ’ ਵਿਚੋਂ ਬਾਹਰ ਕੱਢਿਆ, ਸਿਰਫ਼ ਇਸ ਲਈ ਕਿ ਪਾਕਿਸਤਾਨ ਨੇ ਕਾਫ਼ੀ ਐਕਸ਼ਨ ਲਏ ਨੇ। ਉਸ ਨੇ ਅੱਤਵਾਦ ਦੀ ਫ਼ਡਿੰਗ ਰੋਕਣ ਦੀ ਕੋਸ਼ਿਸ਼ ਕੀਤੀ ਹੈ।

(ਬਾਕੀ ਸਫ਼ਾ 30 ’ਤੇ)

## ਰਾਸ਼ਟਰਪਤੀ ਕਲਿੰਟਨ ਦੀ ਭਾਰਤ ਯਾਤਰਾ ਤੋਂ ਪਹਿਲਾਂ ਸਿੱਖਾਂ ਦੇ ਕਤਲਾਂ ’ਤੇ ਟਿੱਪਣੀ

### ‘2000 ’ਚ ਮੇਰੀ ਭਾਰਤ ਯਾਤਰਾ ਦੌਰਾਨ ਕੁਝ ਹਿੰਦੂ ਫ਼ਾਸੀਵਾਦੀਆਂ ਨੇ 38 ਸਿੱਖਾਂ ਦੀ ਹੱਤਿਆ ਕਰਕੇ ਆਪਣਾ ਵਿਰੋਧ ਪ੍ਰਗਟ ਕਰਨ ਦਾ ਫ਼ੈਸਲਾ ਕੀਤਾ’

ਮਾਰਚ 2000 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਯਾਤਰਾ ਤੋਂ ਠੀਕ ਪਹਿਲਾਂ, ਕਸ਼ਮੀਰ ਦੇ ਚਿੱਟੀਸਿੰਘਪੁਰਾ ਵਿੱਚ 38 ਸਿੱਖਾਂ ਦੀ ਹੱਤਿਆ ਕਰ ਦਿੱਤੀ ਗਈ ਸੀ।

ਇਹਨਾਂ ਕਤਲਾਂ ਨੇ ਸਾਰੇ ਇਲਾਕੇ ਨੂੰ ਸੋਗਮਈ ਕਰ ਦਿੱਤਾ ਅਤੇ ਇਸ ਘਟਨਾ ਦਾ ਕਲਿੰਟਨ ਦੀ ਯਾਤਰਾ ’ਤੇ ਵੀ ਪਰਛਾਵਾਂ ਪਿਆ। ਇਸ ਘਟਨਾ ਨੂੰ ਵਿਆਪਕ ਰੂਪ ਤੋਂ ਕਲਿੰਟਨ ਯਾਤਰਾ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਦੇ ਰੂਪ ਵਿੱਚ ਵੇਖਿਆ ਗਿਆ।

**ਕਲਿੰਟਨ ਦੀ ਲਿਖਤ ਅਤੇ ਟਿੱਪਣੀ :** ਆਪਣੀਆਂ ਯਾਦਾਂ ਅਤੇ ਮੈਡੇਲੀਨ ਅਲਬ੍ਰਾਈਟ ਦੀ ਕਿਤਾਬ ਦੀ ਪੇਸ਼ਕਸ਼ ਵਿੱਚ, ਕਲਿੰਟਨ ਨੇ ਲਿਖਿਆ ਕਿ ‘ਹਿੰਦੂ ਫਾਸੀਵਾਦੀਆਂ’ ਨੇ ਸਿੱਖਾਂ ਦੀ ਹੱਤਿਆ ਕੀਤੀ। ਉਨ੍ਹਾਂ ਨੇ ਕਿਹਾ: “2000 ’ਚ ਮੇਰੀ ਭਾਰਤ ਯਾਤਰਾ ਦੇ ਦੌਰਾਨ, ਕੁਝ ਹਿੰਦੂ ਫਾਸੀਵਾਦੀਆਂ ਨੇ 38 ਸਿੱਖਾਂ ਦੀ ਹੱਤਿਆ ਕਰਕੇ ਆਪਣਾ ਵਿਰੋਧ ਪ੍ਰਗਟ ਕਰਨ ਦਾ ਫੈਸਲਾ ਕੀਤਾ। ਜੇਕਰ ਮੈਂ ਯਾਤਰਾ ’ਤੇ ਨਹੀਂ ਜਾਂਦਾ, ਤਾਂ ਪੀੜਿਤ ਸ਼ਾਇਦ ਅਜੇ ਵੀ ਜਿਉਂਦੇ ਹੁੰਦੇ। ਜੇ ਮੈਂ ਇਸ ਡਰ ਨਾਲ ਯਾਤਰਾ ਨਾ ਕੀਤੀ ਹੁੰਦੀ, ਕਿ ਅੱਤਵਾਦੀ ਕੀ ਕਰ ਸਕਦੇ ਹਨ ? ਤਾਂ ਮੈਂ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਆਪਣਾ ਕੰਮ ਨਾ ਕਰ ਪਾਉਂਦਾ।”

ਕਲਿੰਟਨ ਦੀਆਂ ਟਿੱਪਣੀਆਂ ਨੇ ਹਿੰਦੂ ਫਾਸੀਵਾਦੀਆਂ ’ਤੇ ਦੋਸ਼ ਲਗਾਇਆ, ਜੋ ਭਾਰਤ ਸਰਕਾਰ ਦੀ ਅਧਿਕਾਰਤ ਸਥਿਤੀ ਤੋਂ ਵੱਖਰੀਆਂ ਹਨ। ਭਾਰਤ ਨੇ ਲਸ਼ਕਰ-ਏ-ਤਾਇਬਾ ਅਤੇ ਹਿਜਬੂਲ ਮੁਜਾਹਿਦੀਨ ਵਰਗੇ ਪਾਕਿਸਤਾਨ ਸਥਿਤ ਗਰੁੱਪਾਂ ਨੂੰ ਦੋਸ਼ੀ ਠਹਿਰਾਇਆ। ਕਲਿੰਟਨ ਨੇ ਇਸ ਅੱਤਿਆਚਾਰ ’ਤੇ ਆਪਣਾ ਡਰ ਪ੍ਰਗਟਾਇਆ, ਪਰ ਅਧਿਕਾਰਤ ਬਿਆਨਾਂ ’ਚ ਉਹ ਚੌਕਸ ਰਹੇ। ਉਹਨਾਂ ਨੇ ਅਸਲ ਅਪਰਾਧੀਆਂ ਨੂੰ ਨਿਰਧਾਰਤ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ।

**ਵਿਵਾਦ ਅਤੇ ਨਤੀਜੇ :** ਇਸ ਗੱਲ ’ਤੇ ਕਾਫ਼ੀ ਵਿਵਾਦ ਸੀ ਕਿ ਸਿੱਖਾਂ ਦੇ ਕਤਲਾਂ ਲਈ ਕੌਣ ਜ਼ਿੰਮੇਵਾਰ ਸੀ ? ਕੁਝ ਮਨੁੱਖੀ ਅਧਿਕਾਰ ਸੰਗਠਨ ਅਤੇ ਸਥਾਨਕ ਵਰਕਰਾਂ ਨੇ ਕਿਹਾ ਕਿ ਭਾਰਤੀ ਸੁਰੱਖਿਆ ਬਲਾਂ ਨੇ ਕਲਿੰਟਨ ਦੀ ਯਾਤਰਾ ਨੂੰ ਪ੍ਰਭਾਵਿਤ ਕਰਨ ਅਤੇ ਕਸ਼ਮੀਰੀ ਵੱਖਵਾਦੀਆਂ ਦੇ ਬਦਨਾਮ ਕਰਨ ਲਈ ਸਿੱਖਾਂ ਦਾ ਕਤਲੇਆਮ ਕੀਤਾ। ਸਾਲਾਂ ਬਾਅਦ, ਪਾਕਿਸਤਾਨੀ-ਅਮਰੀਕੀ ਲਸ਼ਕਰ ਆਪਰੇਟਿਵ ਡੇਵਿਡ ਹੇਡਲੀ ਨੇ ਦਾਅਵਾ ਕੀਤਾ ਕਿ ਸਿੱਖਾਂ ਦੇ ਕਤਲੇਆਮ ਦੇ ਪਿੱਛੇ ਲਸ਼ਕਰ-ਏ-ਤਾਇਬਾ ਦਾ ਹੱਥ ਸੀ, ਪਰ ਕਲਿੰਟਨ ਖ਼ੁਦ ਇਸ ਦਾਅਵੇ ਨਾਲ ਸਹਿਮਤ ਨਹੀਂ ਸੀ। ਇਹ ਨਰਸੰਹਾਰ ਵਿਵਾਦਪੂਰਨ ਬਣਿਆ ਹੋਇਆ ਹੈ, ਵੱਖ-ਵੱਖ ਦਲਾਂ ਨੇ ਅੱਤਵਾਦੀਆਂ ਜਾਂ ਭਾਰਤੀ ਰਾਜ ਦੇ ਕਲਾਕਾਰਾਂ ਨੂੰ ਦੋਸ਼ੀ ਠਹਿਰਾਇਆ ਹੈ। ਕਲਿੰਟਨ ਦੀ ਆਪਣੀ ਲਿਖਤ ਵਿੱਚ ਅਧਿਕਾਰਤ ਟਿੱਪਣੀ ਬਾਰੇ ਸ਼ੱਕ ਪ੍ਰਗਟਾਇਆ ਹੈ।

ਭਾਰਤ ਯਾਤਰਾ ਤੋਂ ਪਹਿਲਾਂ ਅਤੇ ਬਾਅਦ ਵਿੱਚ ਕਲਿੰਟਨ ਦੇ ਲੇਖ ਉਨ੍ਹਾਂ ਦੇ ਇਸ ਵਿਚਾਰ ਨੂੰ ਦਰਸਾਉਂਦੇ ਹਨ ਕਿ ਇਹ ਨਰਸੰਹਾਰ ਇੱਕ ਸਿਆਸੀ ਤੌਰ ’ਤੇ ਪ੍ਰੇਰਿਤ ਅੱਤਿਆਚਾਰ ਸੀ। ਉਨ੍ਹਾਂ ਦੀਆਂ ਟਿੱਪਣੀਆਂ ਨੇ ਇਸ ਗੱਲ ’ਤੇ ਬਹਿਸ ਭਖਾਈ ਕਿ ਚਿੱਟੀਸਿੰਘਪੁਰਾ ਵਿੱਚ ਸਿੱਖਾਂ ਦੀ ਹੱਤਿਆ ਲਈ ਅਸਲ ਵਿੱਚ ਕੌਣ ਜ਼ਿੰਮੇਵਾਰ ਸੀ ?



# ਖ਼ਾਲਸਾ ਧਰਤਿ ਸ੍ਰੀ ਅਨੰਦਪੁਰ ਸਾਹਿਬ ਤੇ ਤਾਮੀਰ ਹੋਣ ਜਾ ਰਹੀ ਹੈ ਇੱਕ ਯੂਨੀਵਰਸਿਟੀ

## ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਪੰਜ ਪਿਆਰੇ ਸਿੰਘ ਸਾਹਿਬਾਨਾਂ ਦੀ ਅਗਵਾਈ ਵਿੱਚ ਰੱਖਿਆ ਗਿਆ ਨੀਂਹ ਪੱਥਰ







ਚੰਡੀਗੜ੍ਹ/ਏ.ਟੀ.ਨਿਊਜ਼ :- ਅਨੰਦਪੁਰ ਸਾਹਿਬ ਦੀ ਨਿਰਾਲੀ ਧਰਤਿ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਰਜਿ. ਨੇ ਸੰਨੀ ਓਬਰਾਏ ਵਿਵੇਕ ਸਦਨ ਸੈਂਟਰ ਫਾਰ ਸੋਸ਼ਲ ਸਾਇੰਸ ਦਾ ਵਿਸਥਾਰ ਕਰਨ ਲਈ 'ਇਸ ਨੂੰ ਸੰਨੀ ਓਬਰਾਏ ਵਿਵੇਕ ਸਦਨ ਸਕੂਲ ਆਫ਼ ਯੂਨੀਵਰਸਿਟੀ' ਬਣਾਉਣ ਲਈ ਯੋਜਨਾ ਤਿਆਰ ਕਰ ਲਈ ਗਈ ਹੈ ਹਾਲਾਂਕਿ ਇਹ ਕਾਰਜ ਬਹੁਤ ਸਹਿਜ ਅਤੇ ਵਿਚਾਰ ਉਪਰੰਤ ਸੰਪੂਰਨ ਕਰਨ ਦੀ ਯੋਜਨਾ ਹੈ ਕਿਉਂਕਿ ਯੂਨੀਵਰਸਿਟੀ ਵਰਗਾ ਵੱਡਾ ਪ੍ਰਾਜੈਕਟ ਲੰਮੇ ਸਮੇਂ ਦੀ ਮੰਗ ਕਰਦਾ ਹੈ । ਇਸੇ ਲਈ ਆਰੰਭ ਵਿੱਚ ਇਸ ਨੂੰ ਸਕੂਲ ਆਫ਼ ਯੂਨੀਵਰਸਿਟੀ ਦਾ ਨਾਮ ਦਿੱਤਾ ਜਾ ਰਿਹਾ ਹੈ ।ਅਸਲ ਵਿੱਚ ਇਹ ਆਉਣ ਵਾਲੇ ਸਮਿਆਂ ਵਿੱਚ ਤਿਆਰ ਕੀਤੇ ਜਾ ਰਹੇ ਵੱਡੇ ਪ੍ਰਾਜੈਕਟ ਦੇ ਆਰੰਭਿਕ ਰੂਪ ਵਜੋਂ ਚਿਤਵਿਆ ਹੈ ।




ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਪਹਿਲੀ ਯੋਜਨਾ ਨੂੰ ਅਮਲੀ ਰੂਪ ਦੇਣ ਲਈ ਬਣਨ ਜਾ ਰਹੀ ਇਮਾਰਤ ਦਾ ਨੀਂਹ ਪੱਥਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਵਿੱਚ ਸੰਤ ਮਹਾਂਪੁਰਖ ਬਾਬਾ ਸੁੱਚਾ ਸਿੰਘ ਜੀ ਕਿਲ੍ਹਾ ਅਨੰਦਗੜ੍ਹ ਸਾਹਿਬ, ਸੰਤ ਬਾਬਾ ਗੁਰਦੇਵ ਸਿੰਘ ਜੀ ਸ਼ਹੀਦੀ ਬਾਗ ਅਤੇ ਸੰਤ ਬਾਬਾ ਸਤਨਾਮ ਸਿੰਘ ਜੀ ਕਿਲ੍ਹਾ ਅਨੰਦਗੜ੍ਹ ਨੇ ਆਪਣੇ ਕਰ ਕਮਲਾਂ ਨਾਲ ਰੱਖਿਆ ਇਸ ਮੌਕੇ ਪ੍ਰੈਸ ਨੂੰ ਸੰਬੋਧਿਤ ਕਰਦੇ ਹੋਏ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾਕਟਰ ਐਸ ਪੀ ਸਿੰਘ ਓਬਰਾਏ ਜੀ ਨੇ ਦੱਸਿਆ ਹੈ ਕਿ ਇਹ ਸਭ ਦਸਮ ਪਾਤਸ਼ਾਹ ਦੀ ਬਖਸ਼ਿਸ਼ ਹੈ, ਇਸੇ ਬਖਸ਼ਿਸ਼ ਸਦਕਾ ਇਸ ਪਾਕ ਧਰਤਿ ਤੇ ਕੁੱਝ ਸਮਾਂ ਪਹਿਲਾਂ ਅਸੀਂ ਸੰਨੀ ਓਬਰਾਏ ਵਿਵੇਕ ਸਦਨ ਦੀ ਸਥਾਪਨਾ ਕੀਤੀ ਸੀ ਜਿਸ ਦਾ ਮਨੋਰਥ ਇਸ ਨਿਵੇਕਲੀ ਧਰਤਿ ਤੋਂ 'ਵਿਦਿਆ' ਤੇ 'ਵਿਚਾਰ' ਦੀ ਗੱਲ ਪੂਰੇ ਸੰਸਾਰ ਵਿੱਚ ਲੈ ਕੇ ਜਾਣਾ ਹੈ। ਇਸ ਕਾਰਜ ਲਈ ਅਸੀਂ ਦ੍ਰਿੜ੍ਹ ਸੰਕਲਪ ਵੀ ਹਾਂ ਤੇ ਕਾਰਜਸ਼ੀਲ ਵੀ। ਬਹੁਤ ਸੋਚ ਵਿਚਾਰ ਤੋਂ ਬਾਅਦ ਅਸੀਂ ਸੰਬੰਧਿਤ ਕੇਂਦਰ ਨੂੰ ਯੂਨੀਵਰਸਿਟੀ ਵਿੱਚ ਤਬਦੀਲ ਕਰਨ ਦਾ ਮਨ ਬਣਾ ਲਿਆ ਹੈ।

ਡਾਕਟਰ ਐਸ ਪੀ ਸਿੰਘ ਓਬਰਾਏ ਜੀ ਨੇ ਅੱਗੇ ਦੱਸਿਆ ਕਿ ,ਇਹ ਯੂਨੀਵਰਸਿਟੀ ਸਥਾਪਨਾ ਵੱਲ ਸਾਡਾ ਆਰੰਭਿਕ ਪੜਾਅ ਹੈ। ਬਹੁਤ ਛੇਤੀ ਹੀ ਅਸੀਂ ਸਾਰੀਆਂ ਬਣਦੀਆਂ ਪ੍ਰਵਾਨਗੀਆਂ ਲੈ ਇੱਕ ਯੂਨੀਵਰਸਿਟੀ ਦੀ ਸਥਾਪਨਾ ਜ਼ਰੂਰ ਕਰਾਂਗੇ। ਇਸ ਸਾਰੇ ਕਾਰਜ ਲਈ ਅਸੀਂ ਅੰਤਰਰਾਸ਼ਟਰੀ ਸਿੱਖ ਵਿਦਵਾਨ ਡਾ.ਸਰਬਜਿੰਦਰ ਸਿੰਘ ਜੀ ਦੀਆਂ ਸੇਵਾਵਾਂ ਬਤੌਰ ਵਾਈ-ਚਾਂਸਲਰ ਵਜੋਂ ਲੈ ਲਈਆਂ ਹਨ। ਉਹ ਜੁਲਾਈ ਦੇ ਪਹਿਲੇ ਹਫ਼ਤੇ ਸਾਡੇ ਇਸ ਨਵੇਂ ਭਵਿੱਖੀ ਪ੍ਰੋਜੈਕਟ ਨੂੰ ਜਾਇਨ ਕਰ ਲੈਣਗੇ। ਉਹਨਾਂ ਦਾ ਯੂਨੀਵਰਸਿਟੀਆਂ ਵਿੱਚ ਬਤੌਰ ਅਧਿਆਪਕ 40 ਸਾਲ ਦਾ ਤਜਰਬਾ ਹੈ ਜਿੱਥੇ ਉਹ ਵੱਖ-ਵੱਖ ਉੱਚ ਅਹੁਦਿਆਂ ਤੇ ਕਾਰਜਸ਼ੀਲ ਰਹੇ ਹਨ ਉਹ ਬਤੌਰ ਮੁਖੀ ਸੇਵਾ ਨਿਭਾਉਣ ਲਈ ਤਿਆਰ ਹਨ।

ਡਾਕਟਰ ਸਰਬਜਿੰਦਰ ਸਿੰਘ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਦੁਨੀਆਂ ਵਿੱਚ ਜਦ 859 ਏ ਡੀ 'ਚ ਪਹਿਲੀ ਮਾਡਰਨ ਯੂਨੀਵਰਸਿਟੀ ਮੋਰਾਕੋ ਵਿੱਚ ਅਲ ਫਿਹਰੀ ਨੇ ਸਥਾਪਿਤ ਕੀਤੀ ਸੀ ਤਾਂ ਉਸ ਨੇ ਇਸ ਦੀ ਸਥਾਪਨਾ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਕੇ ਕੀਤਾ ਸੀ। ਪਹਿਲੇ ਹਿੱਸੇ ਨੂੰ ਉਸਨੇ ਇਸ ਨੂੰ 'ਆਈਡੀਆ ਆਫ਼ ਦਾ ਯੂਨੀਵਰਸਿਟੀ' ਦੂਜੇ ਹਿੱਸੇ ਨੂੰ ਉਸਨੇ 'ਸਕੂਲ ਆਫ਼ ਦਾ ਯੂਨੀਵਰਸਿਟੀ' ਅਤੇ ਤੀਜੇ ਹਿੱਸੇ ਨੂੰ ਉਸਨੇ 'ਪ੍ਰੈਕਟਿਸ ਆਫ਼ ਦਾ ਯੂਨੀਵਰਸਿਟੀ' ਕਿਹਾ। ਇਹ ਯੂਨੀਵਰਸਿਟੀ ਯੂਨੈਸਕੋ ਦੇ ਰਿਕਾਰਡ ਅਨੁਸਾਰ ਪਹਿਲੀ ਡਿਗਰੀ ਯੂਨੀਵਰਸਿਟੀ ਸੀ ਤੇ ਜਿਸ ਨੂੰ ਸ਼ੁਰੂ ਕਰਨ ਵਾਲੀ ਇਕ ਔਰਤ ਸੀ। ਅਸੀਂ ਵੀ ਇਸ ਬਣਨ ਜਾ ਰਹੀ ਭਵਿੱਖੀ ਯੂਨੀਵਰਸਿਟੀ ਨੂੰ ਉਸੇ ਪੈਟਰਨ ਤੇ ਰੱਖ ਕੇ ਅਮਲ ਵਿੱਚ ਲਿਆਉਣ ਦਾ ਯਤਨ ਕਰਾਂਗੇ ।ਅਸੀਂ ਸਫਲ ਹੋਵਾਂਗੇ ਇਹ ਸਾਡਾ ਭਰੋਸਾ ਹੈ । ਅਨੰਦਪੁਰ ਸਾਹਿਬ ਧਰਤਿ ਤੇ ਦੋ ਜਹਾਨਾਂ ਦਾ ਵਾਲੀ ਜਦ ਸਾਡੀ ਪਿੱਠ ਤੇ ਹੋਏਗਾ ਤਾਂ ਸਫਲਤਾ ਤਾਂ ਸਾਡਾ ਮੁੱਖ ਚੁੰਮੇਗੀ ਹੀ । ਉਨ੍ਹਾਂ ਅੱਗੇ ਕਿਹਾ ਕਿ 'ਆਈਡੀਆ ਆਫ਼ ਦਾ ਯੂਨੀਵਰਸਿਟੀ' ਇਸ ਸੰਸਥਾ ਨੇ ਸੈਂਟਰ ਫਾਰ ਸੋਸ਼ਲ ਸਾਇੰਸਜ ਦੇ ਰੂਪ ਵਿਚ ਸੰਪੂਰਨ ਕਰ ਲਿਆ ਹੈ ਤੇ ਇਸ ਕੇਂਦਰ ਨੂੰ ਡਾ ਭੁਪਿੰਦਰ ਕੌਰ ਬਤੌਰ ਡਾਇਰੈਕਟਰ ਬਹੁਤ ਖੂਬਸੂਰਤੀ ਨਾਲ ਚਲਾ ਰਹੇ ਹਨ ।ਸਕੂਲ ਆਫ਼ ਯੂਨੀਵਰਸਿਟੀ' ਦਾ ਆਰੰਭ ਬਿਲਡਿੰਗ ਦੀ ਨੀਂਹ-ਪੱਥਰ ਰੱਖ ਅਸਾਂ ਅੱਜ ਸ਼ੁਰੂ ਕਰ ਦਿੱਤਾ ਹੈ ਅਤੇ ਆਉਣ ਵਾਲੇ ਸਮਿਆਂ ਵਿੱਚ ਇਸ ਦਾ ਵਿਸਥਾਰ ਰੂਪ 'ਪ੍ਰੈਕਟਿਸ ਆਫ਼ ਯੂਨੀਵਰਸਿਟੀ' ਸ਼ੁਰੂ ਹੋਵੇਗਾ। ਜੋ ਅਨੰਦਪੁਰ ਸਾਹਿਬ ਦੇ ਨੇੜਲੇ ਇਲਾਕਿਆਂ ਵਿੱਚ ਇੱਕ ਕ੍ਰਾਂਤੀ ਹੋਵੇਗੀ। ਇਸ ਦਾ ਸਿਲੇਬਸ ਇਸ ਤਰ੍ਹਾਂ ਤਿਆਰ ਕੀਤਾ ਜਾਵੇਗਾ ਕਿ ਹਰ ਕੋਰਸ ਦੇ ਵਿੱਚ ਇੱਕ ਹਿੱਸਾ ਸਕਿੱਲ ਵਿੱਦਿਆ ਦਾ ਹੋਵੇਗਾ, ਜਿਸ ਵਿੱਚ ਥਿਊਰੀ ਅਤੇ ਪ੍ਰੈਕਟਿਸ ਦੋਹਾਂ ਤੇ ਫੋਕਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰਾਈਵੇਟ ਯੂਨੀਵਰਸਿਟੀ ਹੈ ਜਾਂ ਸਰਕਾਰੀ ਇਹ ਪ੍ਰਸ਼ਨ ਹੀ ਨਹੀਂ ਬਣਦਾ। ਇਹ 'ਗੁਰੂ ਦੀ ਯੂਨੀਵਰਸਿਟੀ' ਹੈ ਜੋ ਪਾਤਸ਼ਾਹ ਦੇ ਸਿਧਾਂਤਾਂ ਨੂੰ ਸਾਹਮਣੇ ਰੱਖ ਚੱਲੇਗੀ। ਸਰਬੱਤ ਦਾ ਭਲਾ ਜੋ ਦੁਨੀਆਂ ਵਿੱਚ ਆਪਣੇ ਸਮਾਜ ਸੇਵੀ ਕਾਰਜਾਂ ਨਾਲ ਆਪਣੀ ਪਹਿਚਾਣ ਬਣਾ ਚੁੱਕਾ ਹੈ ਤੇ ਉਸਨੇ ਅਕਾਦਮਿਕ ਖੇਤਰ ਵਿੱਚ ਪਹਿਲੀ ਵਾਰ ਦਾਖ਼ਲ ਹੋ ਇਹ ਐਲਾਨ ਕਰ ਦਿੱਤਾ ਹੈ ਕਿ ਇਹ ਲੋੜਵੰਦ ਯੋਗ ਵਿਦਿਆਰਥੀਆਂ ਦੀਆਂ ਜ਼ਿੰਦਗੀਆਂ ਬਦਲ ਦੇਣ ਵਾਲੀ ਯੂਨੀਵਰਸਿਟੀ ਵਜੋਂ ਆਪਣਾ ਨਾਮ ਸਥਾਪਿਤ ਕਰੇਗੀ।

ਕਾਨਫਰੰਸ ਵਿੱਚ ਮੈਡੀਕਲ ਯੂਨੀਵਰਸਿਟੀ ਦੇ ਸਾਬਕਾ ਵਾਈਸ -ਚਾਂਸਲਰ ਡਾਕਟਰ ਰਾਜ ਬਹਾਦਰ ਜੀ ਨੇ ਵਿਸ਼ੇਸ਼ ਤੌਰ ਤੇ ਇਸ ਸਮਾਰੋਹ ਵਿੱਚ ਹਿੱਸਾ ਲਿਆ ਤੇ ਆਪਣੇ ਵਿਚਾਰ ਪੇਸ਼ ਕੀਤੇ। ਡਾ ਮਨਮੋਹਨ ਸਿੰਘ ਜੀ ਆਈ ਪੀ ਐਸ (ਰਿਟਾ) ਇਸ ਸਮਾਰੋਹ ਦਾ ਹਿੱਸਾ ਸਨ ਜਿਨ੍ਹਾਂ ਦੀਆਂ ਸੇਵਾਵਾਂ ਇਸ ਯੂਨੀਵਰਸਿਟੀ ਨੂੰ ਮਜ਼ਬੂਤ ਕਰਨ ਲਈ ਲਈਆਂ ਜਾਣਗੀਆਂ। ਯੂਨੀਵਰਸਿਟੀ ਦੇ ਮੁੱਖੀ ਨੇ ਕਿਹਾ ਕਿ ਸਮਰੱਥ ਅਕਾਦਮੀਸ਼ੀ ਅੱਜ ਦੀ ਇੱਕ ਗਵਰਨਿੰਗ ਬਾਡੀ ਦੀ ਚੋਣ ਕੀਤੀ ਜਾਵੇਗੀ ਤਾਂ ਜੋ ਉਨ੍ਹਾਂ ਦੀਆਂ ਅੰਤਰ ਦ੍ਰਿਸ਼ਟੀਆਂ ਤੇ ਪਹੁੰਚ ਵਿਧੀਆਂ ਦਾ ਲਾਹਾ ਲੁੱਟਿਆ ਜਾ ਸਕੇ। ਨੀਂਹ- ਪੱਥਰ ਦੇ ਇਸ ਵਿਸ਼ੇਸ਼ ਸਮਾਰੋਹ ਵਿੱਚ ਦੋ ਚੇਅਰਾਂ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ ਜਿਨ੍ਹਾਂ ਵਿੱਚ ਪਹਿਲੀ 'ਭਾਈ ਨੰਦ ਲਾਲ ਚੇਅਰ' ਅਤੇ ਦੂਸਰੀ 'ਪ੍ਰੋਫੈਸਰ ਪੂਰਨ ਸਿੰਘ ਚੇਅਰ'। ਡਾ ਸਰਬਜਿੰਦਰ ਜੀ ਨੇ ਕਿਹਾ ਕਿ ਇਨ੍ਹਾਂ ਦੋਵਾਂ ਵਿਦਵਾਨਾਂ ਦੀ ਸਾਰੀ ਰਚਨਾ ਕੇਂਦਰ ਵੱਲੋਂ ਛਾਪੀ ਜਾਵੇਗੀ। ਪਹਿਲੇ ਬਲਾਕ ਦਾ ਨਾਮ 'ਭਾਈ ਦਯਾ ਸਿੰਘ ਜੀ ਦੇ ਨਾਮ ਤੇ ਹੋਵੇਗਾ ਅਤੇ ਫਿਰ ਪੰਜ ਪਿਆਰਿਆਂ ਦੇ ਨਾਮ ਤੇ ਪੰਜ ਬਲਾਕ ਤਾਮੀਰ ਕੀਤੇ ਜਾਣਗੇ । ਸਿੱਖ ਧਰਮ ਨਾਲ ਸਬੰਧਤ ਇਤਿਹਾਸਕ ਪੁਸਤਕਾਂ ਦੀ ਛਪਾਈ ਲਈ ਇਕ ਵੱਡੀ ਯੋਜਨਾ ਤਿਆਰ ਕੀਤੀ ਜਾਵੇਗੀ ਤਾਂ ਜੋ ਸਾਡੇ ਇਹ ਮੁੱਖ ਸੋਮੇ ਸਮੇਂ ਦੀ ਲਪੇਟ ਵਿੱਚ ਗਵਾਚ ਹੀ ਨਾ ਜਾਣ । ਇਸ ਕੇਂਦਰ ਨੂੰ ਜਿਥੇ ਆਧੁਨਿਕ ਸਿੱਖਿਆ ਰਾਹੀਂ ਕਿੱਤਾ ਮੁੱਖੀ ਬਣਾ ਕੇ ਪੰਜਾਬ ਦੀ ਨਵੀਂ ਪੀੜੀ ਲਈ ਰੁਜ਼ਗਾਰ ਦੇ ਯੋਗ ਬਣਾਉਣ ਦੀ ਯੋਜਨਾ ਹੈ ਉਥੇ ਸਿੱਖ ਧਰਮ ਦੀ ਪਾਵਨ ਧਰਤਿ ਤੇ ਉਸਰ ਰਹੇ ਇਸ ਵਿਦਿਅਕ ਕੇਂਦਰ ਵਿੱਚ ਵੱਡਾ ਵਿਭਾਗ ਸਿੱਖ ਅਧਿਐਨ ਅਤੇ ਅਧਿਆਪਨ ਦਾ ਸਥਾਪਿਤ ਕੀਤਾ ਜਾਵੇਗਾ ਤਾਂ ਜੋ ਇਸ ਧਰਤਿ ਤੇ ਹੋਏ ਅਦਭੁੱਤ ਕਾਰਜਾਂ ਨੂੰ ਅਸੀਂ ਲੋਕ ਹਿਰਦਿਆਂ ਦਾ ਸਦੀਵੀ ਹਿਸਾ ਬਣਾ ਪਾਤਸ਼ਾਹ ਦੀਆਂ ਅਸੀਸਾਂ ਦੇ ਭਾਗੀਦਾਰ ਹੋ ਸਕੀਏ। ਯੂਨੀਵਰਸਿਟੀ ਦੀ ਸਥਾਪਨਾ ਨਾਲ ਜਿੱਥੇ ਸਿੱਖ ਧਰਮ ਨੂੰ ਸੰਸਾਰ ਭਰ ਵਿੱਚ ਹੋਰ ਉਤਸ਼ਾਹਿਤ ਕੀਤਾ ਜਾਵੇਗਾ, ਉੱਥੇ ਹੀ ਖ਼ਾਲਸੇ ਦੀ ਧਰਤਿ ਅਨੰਦਪੁਰ ਸਾਹਿਬ ਦੇ ਇਲਾਕੇ ਨਾਲ ਸਬੰਧਿਤ ਨੌਜਵਾਨ ਪੀੜ੍ਹੀ ਨੂੰ ਵਿਰਸੇ ਨਾਲ ਜੋੜਨ ਲਈ ਨਵੇਂ ਰਾਹ ਬਣਾਏ ਜਾਣਗੇ।

# ਅਮਰੀਕਾ, ਕੈਨੇਡਾ ਤੇ ਯੂ. ਕੇ. ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ ਵੱਡੀ ਗਿਰਾਵਟ ਆਈ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤੀ ਵਿਦਿਆਰਥੀਆਂ ਦੀ ਪਸੰਦ ਦੀ ਗੱਲ ਕਰੀਏ ਤਾਂ ਪੰਜ ਸਾਲਾਂ ਵਿੱਚ ਪਹਿਲੀ ਵਾਰ ਅਮਰੀਕਾ, ਕੈਨੇਡਾ ਤੇ ਯੂ. ਕੇ. ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਇਕੱਠਿਆਂ ਵੱਡੀ ਗਿਰਾਵਟ ਆਈ ਹੈ। 2024 'ਚ ਵਿਦੇਸ਼ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 25 ਫ਼ੀਸਦੀ ਦੀ ਕਮੀ ਆਈ ਹੈ। ਇਹ ਗਿਰਾਵਟ ਇੱਕ ਦਹਾਕੇ ਦੇ ਅਸਾਧਾਰਨ ਵਾਧੇ ਤੋਂ ਬਾਅਦ ਆਈ ਹੈ, ਜਦੋਂ ਪ੍ਰਮੁੱਖ ਵਿਸ਼ਵ ਸਿੱਖਿਆ ਕੇਂਦਰਾਂ ਵਿੱਚ ਭਾਰਤੀਆਂ ਦੀ ਗਿਣਤੀ ਚੀਨੀ ਵਿਦਿਆਰਥੀਆਂ ਨਾਲੋਂ ਵੱਧ ਸੀ। ਇਹ ਗੱਲ ਅਮਰੀਕਾ, ਕੈਨੇਡਾ ਅਤੇ ਯੂਕੇ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਸਟੱਡੀ ਪਰਮਿਟ ਜਾਰੀ ਕਰਨ ਵਾਲੇ ਦਫਤਰਾਂ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਸਾਹਮਣੇ ਆਈ ਹੈ। ਜਦੋਂ ਕਿ ਕੁੱਲ ਗਿਰਾਵਟ 25 ਪ੍ਰਤੀਸ਼ਤ ਹੈ, ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਸਭ ਤੋਂ ਵੱਧ 34 ਫੀਸਦੀ ਦੀ ਗਿਰਾਵਟ ਆਈ ਹੈ।

ਇਸੇ ਤਰ੍ਹਾਂ, 2024 'ਚ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 32 ਫੀਸਦੀ ਦੀ ਗਿਰਾਵਟ ਆਈ ਅਤੇ ਯੂ. ਕੇ. ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ 26 ਫ਼ੀਸਦੀ ਦੀ ਗਿਰਾਵਟ ਆਈ। ਜਿੱਥੇ 2023 ਵਿੱਚ 1,31,000 ਭਾਰਤੀ ਵਿਦਿਆਰਥੀ ਅਮਰੀਕਾ ਗਏ ਸਨ, ਉੱਥੇ 2024 ਵਿੱਚ ਇਹ ਗਿਣਤੀ ਵੱਧ ਕੇ 86,110 ਹੋ ਗਈ। 2023 ਵਿੱਚ 2.78 ਲੱਖ ਵਿਦਿਆਰਥੀ ਕੈਨੇਡਾ ਗਏ, ਜਦੋਂ ਕਿ 2024 ਵਿੱਚ 1.89 ਲੱਖ ਵਿਦਿਆਰਥੀ ਗਏ। ਯੂ.ਕੇ. ਵਿੱਚ ਭਾਰਤੀਆਂ ਨੂੰ ਜਾਰੀ ਕੀਤੇ ਗਏ ਸਪਾਂਸਰਡ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ 1,20,000 ਤੋਂ ਘਟ ਕੇ 88,732 ਹੋ ਗਈ। ਵੀਜ਼ਾ ਪ੍ਰਾਪਤ ਕਰਨ 'ਚ ਮੁਸ਼ਕਿਲ, ਆਕਰਸ਼ਕ ਨੌਕਰੀ ਦੀਆਂ ਪੇਸ਼ਕਸ਼ਾਂ ਦੀ ਘਾਟ ਜਾਂ ਵਿਦੇਸ਼ੀ ਡਿਗਰੀਆਂ ਪ੍ਰਤੀ ਮੋਹਭੰਗ ਵੀ ਗਿਰਾਵਟ ਦੇ ਕਾਰਨ ਹੋ ਸਕਦੇ ਹਨ। ਇਸ ਦੌਰਾਨ, ਕੈਨੇਡਾ ਅਤੇ ਬ੍ਰਿਟੇਨ ਨੇ ਵੀ ਸਖ਼ਤ ਇਮੀਗ੍ਰੇਸ਼ਨ ਉਪਾਅ ਲਾਗੂ ਕੀਤੇ ਹਨ, ਜਿਸ ਵਿੱਚ ਵਿਦਿਆਰਥੀ ਦਾਖਲੇ ਦੀਆਂ ਜ਼ਰੂਰਤਾਂ ਅਤੇ ਨਿਰਭਰ ਵੀਜ਼ਿਆਂ 'ਤੇ ਪਾਬੰਦੀਆਂ ਸ਼ਾਮਲ ਹਨ। ਕੈਨੇਡਾ ਨੇ ਹਾਲ ਹੀ ਵਿੱਚ ਨਿਯਮਾਂ ਨੂੰ ਸਖ਼ਤ ਕੀਤਾ ਹੈ, ਜਿਸ ਵਿੱਚ ਫਾਸਟ-ਟਰੈਕ ਸਟੂਡੈਂਟ ਡਾਇਰੈਕਟ ਸਟ੍ਰੀਮ ਪ੍ਰੋਗਰਾਮ ਨੂੰ ਖਤਮ ਕਰਨਾ ਅਤੇ 2026 ਤੱਕ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਆਪਣੀ ਆਬਾਦੀ ਦੇ 5 ਫੀਸਦੀ ਤੱਕ ਘਟਾਉਣ ਦੀ ਯੋਜਨਾ ਸ਼ਾਮਲ ਹੈ। ਅਮਰੀਕਾ ਅਤੇ ਕੈਨੇਡਾ ਦੇ ਉਲਟ, ਮਹਾਂਮਾਰੀ ਤੋਂ ਬਾਅਦ ਯੂ.ਕੇ. 'ਚ ਭਾਰਤੀ ਵਿਦਿਆਰਥੀ ਵੀਜ਼ਿਆਂ 'ਚ ਪਹਿਲੀ ਗਿਰਾਵਟ 2023 'ਚ ਆਈ ਸੀ। ਫਿਰ ਵੀਜ਼ਾ ਪ੍ਰਾਪਤ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 13 ਫੀਸਦੀ ਦੀ ਗਿਰਾਵਟ ਆਈ। 2024 'ਚ ਇਹ 26 ਫ਼ੀਸਦੀ ਹੋਰ ਘਟ ਜਾਵੇਗਾ। ਕੁਝ ਸਾਲਾਂ ਦੇ ਅੰਦਰ, ਭਾਰਤੀ ਵਿਦਿਆਰਥੀਆਂ ਨੇ ਨਾ ਸਿਰਫ਼ ਵੀਜ਼ਾ ਪ੍ਰਵਾਨਗੀਆਂ 'ਚ ਤੇਜ਼ੀ ਨਾਲ ਵਾਧਾ ਦਰਜ ਕੀਤਾ, ਸਗੋਂ ਤਿੰਨੋਂ ਥਾਵਾਂ 'ਤੇ ਅਧਿਐਨ ਪਰਮਿਟ ਪ੍ਰਾਪਤ ਕਰਨ ਵਿੱਚ ਚੀਨੀ ਵਿਦਿਆਰਥੀਆਂ ਨੂੰ ਵੀ ਪਿੱਛੇ ਛੱਡ ਦਿੱਤਾ।




# ਕੀ ਚੀਨ, ਦੱਖਣੀ ਕੋਰੀਆ ਅਤੇ ਜਪਾਨ ਵਿਚਾਲੇ ਹੋ ਸਕੇਗਾ 'ਖੁੱਲ੍ਹਾ ਵਪਾਰ ਸਮਝੌਤਾ'?

## ਅਮਰੀਕਾ ਦਾ ਮੁਕਾਬਲਾ ਕਰਨ ਲਈ ਤਿੰਨੇ ਦੇਸ਼ਾਂ 'ਚ ਆਪਸੀ ਸਹਿਯੋਗ ਵਧਾਉਣ ਦੇ ਆਸਾਰ ਬਣੇ

## ਪਿਛਲੇ ਇੱਕ ਦਹਾਕੇ ਤੋਂ 'ਫ਼੍ਰੀ ਟਰੇਡ ਐਗਰੀਮੈਂਟ' ਲਈ ਯਤਨ ਕਰ ਰਹੇ ਨੇ ਚੀਨ, ਦੱਖਣੀ ਕੋਰੀਆ ਅਤੇ ਜਪਾਨ

-ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵੱਖ- ਵੱਖ ਦੇਸ਼ਾਂ 'ਤੇ ਟੈਰਿਫ਼ ਲਗਾ ਕੇ ਸ਼ੁਰੂ ਕੀਤੀ ਗਈ ਵਪਾਰਕ ਜੰਗ ਦੇ ਵਿਸ਼ਵ ਵਿਆਪੀ ਅਸਰ ਵੇਖਣ ਵਿੱਚ ਆ ਰਹੇ ਹਨ। ਹੁਣ ਚੀਨ, ਦੱਖਣੀ ਕੋਰੀਆ ਅਤੇ ਜਪਾਨ ਵੱਲੋਂ ਅਮਰੀਕੀ ਟੈਰਿਫ਼ ਦਾ ਮੁਕਾਬਲਾ ਕਰਨ ਲਈ ਆਪਸ ਵਿੱਚ ਰਲ ਮਿਲ ਕੇ 'ਖੁੱਲ੍ਹਾ ਵਪਾਰਕ ਸਮਝੌਤਾ' ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਜਿਸ ਨੂੰ 'ਫ਼੍ਰੀ ਟਰੇਡ ਐਗਰੀਮੈਂਟ' ਦਾ ਨਾਂਅ ਦਿੱਤਾ ਜਾ ਰਿਹਾ ਹੈ। ਇਸ ਸਮਝੌਤੇ ਤਹਿਤ ਇਹਨਾਂ ਤਿੰਨੇ ਦੇਸ਼ਾਂ ਵੱਲੋਂ ਇੱਕ ਦੂਜੇ ਦੇ ਦੇਸ਼ ਅੰਦਰ ਬਣੇ ਸਮਾਨ 'ਤੇ ਜਾਂ ਤਾਂ ਕੋਈ ਟੈਕਸ ਨਹੀਂ ਲਗਾਇਆ ਜਾਵੇਗਾ ਜਾਂ ਫ਼ਿਰ ਬਹੁਤ ਘੱਟ ਟੈਕਸ ਲਗਾਇਆ ਜਾਵੇਗਾ ਤਾਂ ਕਿ ਅੰਤਰਰਾਸ਼ਟਰੀ ਮਾਰਕੀਟ ਵਿੱਚ ਅਮਰੀਕਾ ਦਾ ਮੁਕਾਬਲਾ ਕੀਤਾ ਜਾ ਸਕੇ। ਚੀਨ ਅਨੁਸਾਰ ਇਸ ਸਮਝੌਤੇ ਦਾ ਉਦੇਸ਼ ਖੇਤਰੀ ਅਤੇ ਵਿਸ਼ਵਵਿਆਪੀ ਵਪਾਰ ਨੂੰ ਉਤਸ਼ਾਹਿਤ ਕਰਨਾ ਹੈ। ਚੀਨ, ਜਾਪਾਨ ਅਤੇ ਦੱਖਣੀ ਕੋਰੀਆ ਵਿਚਕਾਰ 'ਫ਼੍ਰੀ ਟਰੇਡ ਐਗਰੀਮੈਂਟ' ਸਬੰਧੀ ਚੱਲ ਰਹੀ ਗੱਲਬਾਤ ਨੇ ਅਮਰੀਕਾ ਵਿੱਚ ਵੀ ਹਲਚਲ ਮਚਾ ਦਿੱਤੀ ਹੈ ਅਤੇ ਇਸ ਨੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੂੰ ਵੀ ਸੋਚਾਂ ਵਿੱਚ ਪਾ ਦਿੱਤਾ ਹੈ।

ਚੀਨ, ਜਾਪਾਨ ਅਤੇ ਦੱਖਣੀ ਕੋਰੀਆ ਭੂਗੋਲਿਕ ਤੌਰ 'ਤੇ ਨੇੜੇ ਹਨ ਅਤੇ ਆਪਸ ਵਿੱਚ ਸੱਭਿਆਚਾਰਕ ਤੇ ਵਪਾਰਕ ਤੌਰ 'ਤੇ ਜੁੜੇ ਹੋਏ ਹਨ। ਲੰਘੇ ਸਮੇਂ ਦੌਰਾਨ ਤਿੰਨਾਂ ਦੇਸ਼ਾਂ ਵਿਚਕਾਰ ਆਰਥਿਕ ਅਤੇ ਵਪਾਰਕ ਸਹਿਯੋਗ ਦੇ ਫਲਦਾਇਕ ਨਤੀਜੇ ਪ੍ਰਾਪਤ ਹੋਏ ਹਨ।ਚੀਨ, ਦੱਖਣੀ ਕੋਰੀਆ ਅਤੇ ਜਪਾਨ ਵਿਚਾਲੇ 'ਫ਼੍ਰੀ ਟਰੇਡ ਐਗਰੀਮੈਂਟ' ਭਾਵ ਖੁੱਲ੍ਹੇ ਵਪਾਰਕ ਸਮਝੌਤੇ ਦੀ ਕਵਾਇਦ ਪਿੱਛਲੇ ਇੱਕ ਦਹਾਕੇ ਤੋਂ ਚੱਲ ਰਹੀ ਹੈ ਪਰ ਇਹ ਅਜੇ ਤੱਕ ਸਿਰੇ ਨਹੀਂ ਸੀ ਲੱਗੀ। ਹੁਣ ਟਰੰਪ ਨੇ ਅਮਰੀਕਾ ਦਾ ਰਾਸ਼ਟਰਪਤੀ ਬਣਦਿਆਂ ਹੀ ਜਿਸ ਤਰੀਕੇ ਨਾਲ ਵੱਖ- ਵੱਖ ਮੁਲਕਾਂ 'ਤੇ ਟੈਰਿਫ਼ ਲਗਾ ਦਿੱਤੇ ਹਨ ਅਤੇ ਚੀਨ ਨਾਲ ਆਪਣੀ ਵਪਾਰਕ ਜੰਗ ਤੇਜ਼ ਕਰ ਦਿੱਤੀ ਹੈ



ਤਾਂ ਵਿਸ਼ਵ ਮਾਰਕੀਟ ਵਿੱਚ ਭਾਰੀ ਉਥਲ ਪੁੱਥਲ ਹੋਈ ਹੈ ਅਤੇ ਚੀਨ, ਦੱਖਣੀ ਕੋਰੀਆ ਅਤੇ ਜਪਾਨ ਵਿਚਾਲੇ 'ਫ਼੍ਰੀ ਟਰੇਡ ਐਗਰੀਮੈਂਟ' ਭਾਵ ਖੁੱਲ੍ਹੇ ਵਪਾਰਕ ਸਮਝੌਤੇ ਦੀ ਗੱਲਬਾਤ ਮੁੜ ਸ਼ੁਰੂ ਹੋ ਗਈ ਹੈ। ਪਿਛਲੇ ਮਹੀਨੇ ਚੀਨ, ਦੱਖਣੀ ਕੋਰੀਆ ਅਤੇ ਜਾਪਾਨ ਦੇ ਵਣਜ ਮੰਤਰੀਆਂ ਨੇ ਛੇ ਸਾਲਾਂ ਵਿੱਚ ਪਹਿਲੀ ਵਾਰ ਆਰਥਿਕ ਸਹਿਯੋਗ ਦੇ ਸੰਭਾਵੀ ਉਪਾਵਾਂ 'ਤੇ ਵਿਚਾਰ ਚਰਚਾ ਕਰਨ ਲਈ ਮੁਲਾਕਾਤ ਕੀਤੀ। ਇਸ ਮੀਟਿੰਗ ਦੀ ਸਹਿ-ਪ੍ਰਧਾਨਗੀ ਚੀਨੀ ਵਣਜ ਮੰਤਰੀ ਵਾਂਗ ਵੈਂਟਾਓ, ਦੱਖਣੀ ਕੋਰੀਆ ਦੇ ਵਪਾਰ, ਉਦਯੋਗ ਅਤੇ ਸਰੋਤ ਮੰਤਰੀ ਆਹਨ ਦਿਓਕ-ਗਿਊਨ ਅਤੇ ਜਾਪਾਨ ਦੇ ਅਰਥਚਾਰੇ, ਵਪਾਰ ਅਤੇ ਉਦਯੋਗ ਮੰਤਰੀ ਯੋਸ਼ੀਹਾਰੂ ਮੁਟੋ ਨੇ ਕੀਤੀ। ਇਹ ਮੀਟਿੰਗ ਆਰਥਿਕ ਅਤੇ ਵਪਾਰਕ ਖੇਤਰਾਂ ਵਿੱਚ 9ਵੀਂ ਚੀਨ-ਜਾਪਾਨ-ਦੱਖਣੀ ਕੋਰੀਆ ਦੇ ਆਗੂਆਂ ਦੀ ਮੀਟਿੰਗ ਵਿੱਚ ਹੋਈ ਮਹੱਤਵਪੂਰਨ ਸਹਿਮਤੀ ਨੂੰ ਲਾਗੂ ਕਰਨ 'ਤੇ ਕੇਂਦ੍ਰਿਤ ਸੀ ਅਤੇ ਵਪਾਰ ਅਤੇ ਨਿਵੇਸ਼ ਸਹਿਯੋਗ, ਖੇਤਰੀ ਅਤੇ ਬਹੁਪੱਖੀ ਸਹਿਯੋਗ ਨੂੰ ਮਜ਼ਬੂਤ ??ਕਰਨ 'ਤੇ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਤੋਂ ਬਾਅਦ ਤਿੰਨਾਂ ਦੇਸ਼ਾਂ ਨੇ ਤਿੰਨ-ਪੱਖੀ ਖੁੱਲ੍ਹੇ ਵਪਾਰ ਸਮਝੌਤੇ 'ਤੇ ਗੱਲਬਾਤ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਕੰਮ ਕਰਨ 'ਤੇ ਆਪਸੀ ਸਹਿਮਤੀ ਦਿੱਤੀ ਹੈ।

**ਸਮਝੌਤੇ ਸਬੰਧੀ ਵੱਖ- ਵੱਖ ਮਾਹਿਰਾਂ ਦੇ ਵਿਚਾਰ** : ਡਾ. ਹੀਓ ਯੂਨ ਸੋਗਾਂਗ ਗ੍ਰੈਜੂਏਟ ਸਕੂਲ ਆਫ਼ ਇੰਟਰਨੈਸ਼ਨਲ ਸਟੱਡੀਜ਼ ਵਿੱਚ ਅੰਤਰਰਾਸ਼ਟਰੀ ਵਪਾਰ ਦੇ ਪ੍ਰੋਫ਼ੈਸਰ ਹਨ ਅਤੇ ਦੱਖਣੀ ਕੋਰੀਆ ਦੇ ਵਣਜ, ਉਦਯੋਗ ਅਤੇ ਊਰਜਾ ਮੰਤਰਾਲੇ ਦੀ ਵਪਾਰ ਨੀਤੀ ਸਲਾਹਕਾਰ ਪ੍ਰੀਸ਼ਦ ਦੇ ਚੇਅਰਮੈਨ ਹਨ। ਉਸਦਾ ਮੰਨਣਾ ਹੈ ਕਿ ਤਿੰਨਾਂ ਦੇਸ਼ਾਂ ਵਿਚਕਾਰ ਮੁਕਤ ਵਪਾਰ ਸਮਝੌਤੇ ਦੀ ਸੰਭਾਵਨਾ 'ਜ਼ੀਰੋ' ਦੇ ਨੇੜੇ ਹੈ। ਡਾ. ਹੀਓ ਯੂਨ ਅਜਿਹੇ ਸਮਝੌਤੇ ਵਿੱਚ ਚੀਨ ਦੀ ਨਵੀਂ ਦਿਲਚਸਪੀ ਨੂੰ 'ਰਾਜਨੀਤਿਕ ਤੌਰ 'ਤੇ ਪ੍ਰੇਰਿਤ ਕਦਮ' ਵਜੋਂ ਦੇਖਦੇ ਹਨ।

ਦੱਖਣੀ ਕੋਰੀਆ ਦੇ ਕਾਰਜਕਾਰੀ ਰਾਸ਼ਟਰਪਤੀ ਹਾਨ ਡਕ-ਸੂ ਨੂੰ ਜਦੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਦਾ ਦੇਸ਼ ਅਮਰੀਕੀ ਟੈਰਿਫ਼ਾਂ ਦੇ ਵਿਰੁੱਧ ਦੂਜੇ ਦੇਸ਼ਾਂ ਨਾਲ ਕੋਈ ਸਮਝੌਤਾ ਕਰ ਸਕਦਾ ਹੈ, ਤਾਂ ਉਨ੍ਹਾਂ ਨੇ ਕਿਹਾ 'ਅਸੀਂ ਇਹ ਤਰੀਕਾ ਨਹੀਂ ਅਪਣਾਵਾਂਗੇ।'

ਬਹੁ-ਰਾਸ਼ਟਰੀ ਵਿੱਤੀ ਸੇਵਾਵਾਂ ਫ਼ਰਮ ਨੈਟਿਕਸਿਸ ਦੀ ਮੁੱਖ ਏਸ਼ੀਆ-ਪ੍ਰਸ਼ਾਂਤ ਅਰਥਸ਼ਾਸਤਰੀ ਅਲੀਸੀਆ ਗਾਰਸੀਆ-ਹੇਰੇਰੋ ਨੇ ਚਿਤਾਵਨੀ ਦਿੱਤੀ ਹੈ ਕਿ ਤਿੰਨਾਂ ਦੇਸ਼ਾਂ ਵਿਚਕਾਰ ਇੱਕ ਖੁੱਲ੍ਹਾ ਵਪਾਰ ਸਮਝੌਤਾ ਦੱਖਣੀ ਕੋਰੀਆ ਅਤੇ ਜਾਪਾਨ ਦੇ ਅਮਰੀਕਾ ਨਾਲ ਵਪਾਰਕ ਸਬੰਧਾਂ ਨੂੰ ਤਣਾਅਪੂਰਨ ਬਣਾ ਸਕਦਾ ਹੈ।

(ਬਾਕੀ ਸਫ਼ਾ 30 'ਤੇ)

### ਕੀ ਹੁੰਦਾ ਹੈ ਖੁੱਲ੍ਹਾ ਵਪਾਰ ਸਮਝੌਤਾ?




'ਫ਼੍ਰੀ ਟਰੇਡ ਐਗਰੀਮੈਂਟ' ਭਾਵ ਇੱਕ ਖੁੱਲ੍ਹਾ ਵਪਾਰ ਸਮਝੌਤਾ ਦੋ ਜਾਂ ਦੋ ਤੋਂ ਵੱਧ ਦੇਸ਼ਾਂ ਵਿਚਕਾਰ ਇੱਕ ਸਮਝੌਤਾ ਹੁੰਦਾ ਹੈ, ਜਿਸ ਵਿੱਚ ਹਰੇਕ ਦੇਸ਼ ਵਪਾਰ ਦੇ ਮਾਮਲੇ ਵਿੱਚ ਦੂਜੇ ਨੂੰ ਤਰਜੀਹ ਦਿੰਦਾ ਹੈ। ਇਸ ਵਿੱਚ, ਟੈਰਿਫ਼ ਅਤੇ ਹੋਰ ਵਪਾਰਕ ਰੁਕਾਵਟਾਂ ਨੂੰ ਹਟਾ ਕੇ, ਇੱਕ ਦੂਜੇ ਨੂੰ ਆਪਣੇ ਦੇਸ਼ ਦੇ ਬਾਜ਼ਾਰਾਂ ਤੱਕ ਵਿਸ਼ੇਸ਼ ਪਹੁੰਚ ਮੁਹਈਆ ਕਰਵਾਈ ਜਾਂਦੀ ਹੈ। ਅਜਿਹੇ ਸਮਝੌਤਿਆਂ ਵਿੱਚ, ਟੈਰਿਫ਼ ਜਾਂ ਤਾਂ ਪੂਰੀ ਤਰ੍ਹਾਂ ਖਤਮ ਕਰ ਦਿੱਤੇ ਜਾਂਦੇ ਹਨ ਜਾਂ ਦੂਜੇ ਦੇਸ਼ਾਂ 'ਤੇ ਲਗਾਏ ਗਏ ਟੈਰਿਫ਼ਾਂ ਦੇ ਮੁਕਾਬਲੇ ਕਾਫ਼ੀ ਘੱਟ ਕੀਤੇ ਜਾਂਦੇ ਹਨ। ਜੇ ਚੀਨ, ਜਾਪਾਨ ਅਤੇ ਦੱਖਣੀ ਕੋਰੀਆ ਵਿਚਕਾਰ 'ਫ਼੍ਰੀ ਟਰੇਡ ਐਗਰੀਮੈਂਟ' ਹੋ ਜਾਂਦਾ ਹੈ ਤਾਂ ਇਹ ਤਿੰਨੇ ਦੇਸ਼ ਰਲਮਿਲ ਕੇ ਅਮਰੀਕਾ ਦਾ ਮੁਕਾਬਲਾ ਕਰਨ ਲਈ ਮਜ਼ਬੂਤ ਹੋ ਜਾਣਗੇ ਅਤੇ ਅਮਰੀਕਾ ਸਾਹਮਣੇ ਨਵੀਂ ਚੁਣੌਤੀ ਪੇਸ਼ ਕਰਨਗੇ। ਜੇਕਰ ਇਨ੍ਹਾਂ ਤਿੰਨਾਂ ਦੇਸ਼ਾਂ ਵਿਚਕਾਰ ਇੱਕ ਖੁੱਲ੍ਹਾ ਵਪਾਰ ਸਮਝੌਤਾ ਹੋ ਜਾਂਦਾ ਹੈ, ਤਾਂ ਇਹ ਇਕੱਠੇ ਮਿਲ ਕੇ ਲਗਭਗ 24 ਟ੍ਰਿਲੀਅਨ ਡਾਲਰ ਦੇ ਕੁੱਲ ਘਰੇਲੂ ਉਤਪਾਦ ਦੇ ਨਾਲ ਇੱਕ ਵੱਡੀ ਅਰਥਵਿਵਸਥਾ ਦੀ ਨੁਮਾਇੰਦਗੀ ਕਰਨਗੇ। ਇਨ੍ਹਾਂ ਦੇਸ਼ਾਂ ਦੀ ਆਰਥਿਕਤਾ ਦਾ ਇਹ ਮੁਲਾਂਕਣ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ/ਵੈਲਿਊ 'ਤੇ ਅਧਾਰਤ ਹੈ।

2012 ਵਿੱਚ ਸ਼ੁਰੂ ਹੋਈ ਸੀ 'ਵਪਾਰ ਸਮਝੌਤੇ' ਦੀ ਕਵਾਇਦ

ਭਾਵੇਂ ਕਿ ਹੁਣ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਚੀਨ ਸਮੇਤ ਵੱਖ- ਵੱਖ ਦੇਸ਼ਾਂ ਨਾਲ ਸ਼ੁਰੂ ਕੀਤੀ ਗਈ ਵਪਾਰਕ ਜੰਗ ਅਤੇ ਲਗਾਏ ਗਏ ਭਾਰੀ ਟੈਰਿਫ਼ ਕਾਰਨ ਚੀਨ, ਦੱਖਣੀ ਕੋਰੀਆ ਅਤੇ ਜਪਾਨ ਵਿਚਾਲੇ 'ਖੁੱਲ੍ਹਾ ਵਪਾਰ ਸਮਝੌਤਾ' ਕਰਨ ਦੀ ਗੱਲਬਾਤ ਸ਼ੁਰੂ ਹੋਈ ਹੈ ਪਰ ਇਹ ਸਮਝੌਤਾ ਕਰਨ ਦੀ ਕਵਾਇਦ ਅਸਲ ਵਿੱਚ ਸਾਲ 2012 ਤੋਂ ਹੀ ਸ਼ੁਰੂ ਹੋ ਗਈ ਸੀ। ਇਸ ਸਮਝੌਤੇ ਲਈ ਪਿਛਲੇ ਸਾਲਾਂ ਦੌਰਾਨ ਇਹਨਾਂ ਤਿੰਨੇ ਦੇਸ਼ਾਂ ਵੱਲੋਂ ਬਹੁਤ ਯਤਨ ਕੀਤੇ ਗਏ ਪਰ ਇਹਨਾਂ ਯਤਨਾਂ ਨੂੰ ਸਫ਼ਲਤਾ ਨਹੀਂ ਸੀ ਮਿਲੀ। ਅਸਲ ਵਿੱਚ ਚੀਨ ਨੇ 2012 ਵਿੱਚ ਟ੍ਰਾਂਸ-ਪੈਸੀਫ਼ਿਕ ਪਾਰਟਨਰਸ਼ਿਪ (ਟੀ.ਪੀ.ਪੀ.) ਦੇ ਜਵਾਬ ਵਿੱਚ ਚੀਨ, ਦੱਖਣੀ ਕੋਰੀਆ ਅਤੇ ਜਪਾਨ ਵਿਚਾਲੇ ਖੁੱਲ੍ਹੇ ਵਪਾਰ ਸਮਝੌਤੇ ਦੀ ਗੱਲਬਾਤ ਸ਼ੁਰੂ ਕੀਤੀ ਸੀ। ਟੀ.ਪੀ.ਪੀ. ਪ੍ਰਸ਼ਾਂਤ ਮਹਾਸਾਗਰ ਦੀ ਸਰਹੱਦ ਨਾਲ ਲੱਗਦੇ 12 ਦੇਸ਼ਾਂ ਵਿਚਕਾਰ ਇੱਕ ਖੇਤਰੀ ਵਪਾਰ ਸਮਝੌਤਾ ਹੈ, ਜਿਸਦੀ ਅਗਵਾਈ ਅਮਰੀਕਾ ਦੇ ਤਤਕਾਲੀ ਓਬਾਮਾ ਪ੍ਰਸ਼ਾਸਨ ਨੇ ਕੀਤੀ ਸੀ।

(ਬਾਕੀ ਸਫ਼ਾ 30 'ਤੇ)

# ਕੌਣ ਹੈ ਅਮਰੀਕਾ 'ਚ ਗ੍ਰਿਫ਼ਤਾਰ ਗੈਂਗਸਟਰ ਹੈਪੀ ਪਾਸੀਆ?

## ਮਾਂ ਤੇ ਭੈਣ 'ਤੇ ਲੱਗੇ ਦੋਸ਼ ਕਿ ਉਨ੍ਹਾਂ ਨੇ ਹੈਪੀ ਦੇ ਇਸ਼ਾਰੇ 'ਤੇ ਵਿਸਫ਼ੋਟਕ ਤਿਆਰ ਕਰਨ ਵਾਲਿਆਂ ਨੂੰ ਦਿੱਤੀ ਸੀ ਪਨਾਹ

ਪੰਜਾਬ ਵਿੱਚ 16 ਗ੍ਰਨੇਡ ਹਮਲਿਆਂ ਦੇ ਸਾਜ਼ਿਸ਼ਕਾਰ ਵਜੋਂ ਜਾਣੇ ਜਾਂਦੇ ਦਹਿਸ਼ਤੀ ਸਰਗਨੇ ਹੈਪੀ ਪਾਸੀਆ ਦੀ ਅਮਰੀਕਾ ਵਿੱਚ ਨਜ਼ਰਬੰਦੀ ਨੂੰ ਅੰਦਰੂਨੀ ਸੁਰੱਖਿਆ ਨਾਲ ਜੁੜੀਆਂ ਭਾਰਤੀ ਏਜੰਸੀਆਂ ਦੀ ਵੱਡੀ ਕਾਮਯਾਬੀ ਮੰਨਿਆ ਜਾ ਰਿਹਾ ਹੈ। ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆ ਦੀ ਪੰਜਾਬ ਪੁਲਿਸ ਸਮੇਤ ਕਈ ਭਾਰਤੀ ਸੁਰੱਖਿਆ ਏਜੰਸੀਆਂ ਨੂੰ ਸਾਲ 2020 ਤੋਂ ਤਲਾਸ਼ ਸੀ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਉਸ ਦੀ ਗ੍ਰਿਫ਼ਤਾਰੀ ਲਈ ਪੰਜ ਲੱਖ ਰੁਪਏ ਦਾ ਇਨਾਮ ਇਸ ਸਾਲ ਦੇ ਸ਼ੁਰੂ ਵਿੱਚ ਐਲਾਨਿਆ ਸੀ।

ਉਹ ਪਾਕਿਸਤਾਨ ਤੋਂ ਸਰਗਰਮ ਗੈਂਗਸਟਰ ਹਰਵਿੰਦਰ ਸਿੰਘ ਸੰਧੂ ਉਰਫ਼ ਰਿੰਦਾ ਦੇ ਕਰੀਬੀ ਸਹਿਯੋਗੀ ਵਜੋਂ ਵਿਚਰਦਾ ਆ ਰਿਹਾ ਸੀ। ਪੰਜਾਬ ਤੇ ਚੰਡੀਗੜ੍ਹ ਵਿੱਚ ਪਿਛਲੇ ਕੁਝ ਮਹੀਨਿਆਂ ਦੌਰਾਨ ਹੋਏ ਗ੍ਰਨੇਡ ਧਮਾਕਿਆਂ ਦੀ ਜ਼ਿੰਮੇਵਾਰੀ ਉਹ ਅਕਸਰ ਅਪਣੇ ਸੋਸ਼ਲ ਮੀਡੀਆ ਅਕਾਊਂਟਸ ਰਾਹੀਂ ਲੈਂਦਾ ਆਇਆ ਸੀ। ਪੰਜਾਬ ਪੁਲਿਸ ਨੇ ਉਸ ਨੂੰ ਸਿੱਧੂ ਮੂਸੇਵਾਲਾ ਕਤਲ ਕਾਂਡ ਵਿੱਚ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੋਇਆ ਸੀ। ਮੀਡੀਆ ਰਿਪੋਰਟਾਂ ਅਨੁਸਾਰ ਹੈਪੀ ਪਾਸੀਆ ਨੂੰ ਅਮਰੀਕੀ ਫ਼ੈਡਰਲ ਏਜੰਸੀ 'ਐਫ਼.ਬੀ.ਆਈ.' ਨੇ ਪਿਛਲੇ ਦਿਨੀਂ ਕੈਲੇਫ਼ੋਰਨੀਆ ਵਿਚੋਂ ਹਿਰਾਸਤ ਵਿੱਚ ਲਿਆ ਸੀ।

ਐਫ਼.ਬੀ.ਆਈ ਦੀ ਪੋਸਟ ਮੁਤਾਬਿਕ ਇਹ ਗ੍ਰਿਫ਼ਤਾਰੀ ਸੈਕਰੇਮੈਂਟੋ ਵਿੱਚ ਹੋਈ। ਹਰਪ੍ਰੀਤ ਸਿੰਘ ਪੰਜਾਬ, ਭਾਰਤ ਵਿੱਚ ਦਹਿਸ਼ਤੀ ਕਾਰਿਆਂ ਲਈ ਜ਼ਿੰਮੇਵਾਰ ਸੀ। ਉਹ ਦੋ ਕੌਮਾਂਤਰੀ ਹਿੰਸਕ ਗੁਟਾਂ ਨਾਲ ਜੁੜਿਆ ਹੋਇਆ ਸੀ ਅਤੇ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਇਆ ਸੀ। ਜਾਣਕਾਰੀ ਮੁਤਾਬਕ, ਗ੍ਰਿਫ਼ਤਾਰੀ ਤੋਂ ਬਚਣ ਲਈ ਹਰਪ੍ਰੀਤ ਸਿੰਘ ਬਰਨਰ ਫ਼ੋਨਾਂ ਦੀ ਵਰਤੋਂ ਕਰ ਰਿਹਾ ਸੀ। ਕੌਮੀ ਜਾਂਚ ਏਜੰਸੀ




(ਐੱਨ.ਆਈ.ਏ.) ਨੂੰ ਹਰਪ੍ਰੀਤ ਸਿੰਘ ਚੰਡੀਗੜ੍ਹ ਗ੍ਰਨੇਡ ਹਮਲੇ ਦੇ ਮਾਮਲੇ ਵਿੱਚ ਲੋੜੀਂਦਾ ਹੈ। ਚੰਡੀਗੜ੍ਹ ਦੇ ਸੈਕਟਰ 10 ਵਿੱਚ ਇੱਕ ਘਰ ਵਿੱਚ 11 ਸਤੰਬਰ 2024 ਨੂੰ ਇੱਕ ਧਮਾਕਾ ਹੋਇਆ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਗ੍ਰਨੇਡ ਸੁੱਟਣ ਵਾਲੇ ਇੱਕ ਮੁਲਜ਼ਮ ਰੋਹਨ ਮਸੀਹ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਡੀ.ਜੀ.ਪੀ. ਗੌਰਵ ਯਾਦਵ ਨੇ ਉਸ ਵੇਲੇ ਹਮਲੇ ਦੀ ਜਾਣਕਾਰੀ ਦਿੰਦਿਆਂ ਕਿਹਾ ਸੀ ਕਿ ਪਾਕਿਸਤਾਨ ਦੀ ਆਈ.ਐੱਸ.ਆਈ. ਦੇ ਇਸ਼ਾਰੇ ਉੱਤੇ ਪਾਕਿਸਤਾਨ ਅਧਾਰਿਤ ਹਰਵਿੰਦਰ ਰਿੰਦਾ ਇਸ ਗ੍ਰਨੇਡ ਹਮਲੇ ਦਾ ਮਾਸਟਰਮਾਈਂਡ ਸੀ ਜਿਸ ਨੇ ਅਮਰੀਕਾ ਅਧਾਰਤ ਹੈਪੀ ਪਾਸੀਆ ਦੀ ਮਦਦ ਨਾਲ ਇਸ ਨੂੰ ਅੰਜਾਮ ਦਿੱਤਾ ਹੈ। ਇਸ ਮਾਮਲੇ ਵਿੱਚ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਚਾਰ ਕਾਰਕੁਨਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਸੀ। ਜਾਣਕਾਰੀ ਮੁਤਾਬਕ, ਉਨ੍ਹਾਂ ਨੇ ਸਥਾਨਕ ਕਾਰਕੁਨਾਂ, ਰੋਹਨ ਮਸੀਹ ਅਤੇ ਵਿਸ਼ਾਲ ਮਸੀਹ ਨੂੰ ਭਰਤੀ ਕੀਤਾ ਸੀ, ਜਿਨ੍ਹਾਂ ਨੂੰ ਰਿੰਦਾ ਅਤੇ ਹੈਪੀ ਦੇ ਸਿੱਧੇ ਨਿਰਦੇਸ਼ਾਂ ਹੇਠ ਹਮਲਾ ਕਰਨ ਦਾ ਕੰਮ ਸੌਂਪਿਆ ਗਿਆ ਸੀ। ਰਿੰਦਾ ਅਤੇ ਹੈਪੀ ਨੇ ਦੂਜੇ ਮੁਲਜ਼ਮਾਂ, ਰੋਹਨ ਮਸੀਹ ਅਤੇ ਵਿਸ਼ਾਲ ਮਸੀਹ ਨੂੰ ਗ੍ਰਨੇਡ ਸੁੱਟਣ ਤੋਂ ਪਹਿਲਾਂ ਦੋ ਵਾਰ ਹਮਲੇ ਵਾਲੀ ਥਾਂ ਦੀ ਜਾਸੂਸੀ ਕਰਨ ਲਈ ਵੀ ਨਿਰਦੇਸ਼ ਦਿੱਤੇ ਸਨ। ਚੰਡੀਗੜ੍ਹ ਦੀ ਵਿਸ਼ੇਸ਼ ਐੱਨ.ਆਈ.ਏ. ਅਦਾਲਤ ਵਿੱਚ ਦਾਇਰ ਚਾਰਜਸ਼ੀਟ ਵਿੱਚ, ਚਾਰੇ ਮੁਲਜ਼ਮਾਂ 'ਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.), ਵਿਸਫ਼ੋਟਕ ਪਦਾਰਥ ਐਕਟ ਅਤੇ ਹੋਰ ਸਬੰਧਿਤ ਧਾਰਾਵਾਂ ਤਹਿਤ ਹਮਲੇ ਦੀ ਯੋਜਨਾ ਬਣਾਉਣ ਅਤੇ ਸਹਿਯੋਗ ਕਰਨ ਵਿੱਚ ਉਨ੍ਹਾਂ ਦੀਆਂ ਭੂਮਿਕਾਵਾਂ ਲਈ ਇਲਜ਼ਾਮ ਲਗਾਏ ਗਏ ਹਨ। ਇਸ ਮਾਮਲੇ ਵਿੱਚ ਏਜੰਸੀ ਨੇ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆ ਉੱਤੇ 5 ਲੱਖ ਰੁਪਏ ਦਾ ਨਕਦ ਇਨਾਮ ਐਲਾਨਿਆ ਹੋਇਆ ਹੈ। ਭਾਰਤੀ ਏਜੰਸੀਆਂ ਜਸਟਿਸ (ਐੱਸ.ਐਫ਼.ਜੇ.) ਦੇ ਕਰਤਾ-ਧਰਤਾ ਗੁਰਪਤਵੰਤ ਸਿੰਘ ਪੰਨੂ ਦਾ ਸਾਥੀ ਦੱਸਦੀਆਂ ਆਈਆਂ ਹਨ। ਇਹ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਪੰਨੂ ਨੇ ਗ੍ਰਨੇਡ ਧਮਾਕਿਆਂ ਦੀ ਸਾਜ਼ਿਸ਼ ਨੂੰ ਅੰਜਾਮ ਦੇਣ ਵਾਸਤੇ ਗ਼ੈਰ-ਸਿੱਖ ਗ਼ਰੀਬ ਮੁੰਡਿਆਂ ਦੀ ਭਰਤੀ ਦੀ ਜ਼ਿੰਮੇਵਾਰੀ ਹੈਪੀ ਪਾਸੀਆ ਨੂੰ ਸੌਂਪੀ ਹੋਈ ਸੀ। ਉਹ ਇਹ ਕੰਮ ਪੰਜਾਬ ਵਿਚਲੇ ਅਪਣੇ ਗੁਰਗਿਆਂ ਰਾਹੀਂ ਕਰਦਾ ਸੀ। ਉਹ ਜਾਅਲੀ ਕਾਗ਼ਜ਼ਾਂ ਰਾਹੀਂ 2020 ਵਿੱਚ ਯੂ.ਕੇ. ਪਹੁੰਚਿਆ ਸੀ। ਉਥੋਂ ਉਹ ਮੈਕਸਿਕੋ ਵਾਲੇ ਡੰਕੀ ਰੂਟ ਰਾਹੀਂ 2021 ਵਿੱਚ ਅਮਰੀਕਾ 'ਚ ਦਾਖ਼ਲ ਹੋਇਆ।

(ਬਾਕੀ ਸਫ਼ਾ 30 'ਤੇ)

# ਰੋਮਨ ਕੈਥੋਲਿਕ ਚਰਚ ਦੇ ਪਹਿਲੇ ਲਾਤੀਨੀ ਅਮਰੀਕੀ ਨੇਤਾ ਪੋਪ ਫਰਾਂਸਿਸ ਦਾ ਦੇਹਾਂਤ

ਵੈਟੀਕਨ ਸਿਟੀ/ਏ.ਟੀ.ਨਿਊਜ਼: ਰੋਮਨ ਕੈਥੋਲਿਕ ਚਰਚ ਦੇ ਪਹਿਲੇ ਲਾਤੀਨੀ ਅਮਰੀਕੀ ਨੇਤਾ ਪੋਪ ਫਰਾਂਸਿਸ ਦਾ ਦੇਹਾਂਤ ਹੋ ਗਿਆ ਹੈ। ਇਹ ਜਾਣਕਾਰੀ ਵੈਟੀਕਨ ਨੇ ਇੱਕ ਵੀਡੀਓ ਬਿਆਨ ਵਿੱਚ ਸਾਂਝੀ ਕੀਤੀ। ਉਹ 88 ਸਾਲਾਂ ਦੇ ਸਨ ਅਤੇ ਹਾਲ ਹੀ ਵਿੱਚ ਦੋਹਰੇ ਨਮੂਨੀਆ ਦੇ ਗੰਭੀਰ ਦੌਰੇ ਤੋਂ ਠੀਕ ਹੋਏ ਸਨ। ਕਾਰਡੀਨਲ ਕੇਵਿਨ ਫੈਰੇਲ ਨੇ ਵੈਟੀਕਨ ਦੇ ਟੀ.ਵੀ. ਚੈਨਲ ’ਤੇ ਐਲਾਨ ਕਰਦਿਆਂ ਕਿਹਾ, “ਪਿਆਰੇ ਭਰਾਵੋ ਅਤੇ ਭੈਣੋ ਬਹੁਤ ਦੁੱਖ ਦੇ ਨਾਲ ਹੈ ਕਿ ਮੈਨੂੰ



ਸਾਡੇ ਪਵਿੱਤਰ ਪਿਤਾ ਫਰਾਂਸਿਸ ਦੀ ਮੌਤ ਦਾ ਐਲਾਨ ਕਰਨਾ ਪੈ ਰਿਹਾ ਹੈ।”

ਫਰਾਂਸਿਸ 23 ਮਾਰਚ ਨੂੰ ਨਮੂਨੀਆ ਕਾਰਨ 38 ਦਿਨ ਹਸਪਤਾਲ ਰਹਿਣ ਤੋਂ ਬਾਅਦ ਬੀਤੇ ਦਿਨ ਜਨਤਕ ਤੌਰ ’ਤੇ ਦਿਖਾਈ ਦਿੱਤੇ ਸਨ। ਐਤਵਾਰ ਨੂੰ ਈਸਟਰ ਵਾਲੇ ਦਿਨ ਫਰਾਂਸਿਸ ਦੁਪਹਿਰ ਤੋਂ ਥੋੜ੍ਹੀ ਦੇਰ ਬਾਅਦ ਇੱਕ ਖੁੱਲ੍ਹੀ ਹਵਾ ਵਿੱਚ ਪੋਪਮੋਬਾਈਲ ਵਿੱਚ ਸੇਂਟ ਪੀਟਰਜ਼ ਸਕੁਏਅਰ ਵਿੱਚ ਆਏ ਸਨ। ਜ਼ਿਕਰਯੋਗ ਹੈ ਕਿ ਜੋਰਜ ਮਾਰੀਓ ਬਰਗੋਗਲੀਓ ਨੂੰ 13 ਮਾਰਚ 2013 ਨੂੰ ਪੋਪ ਚੁਣਿਆ ਗਿਆ ਸੀ। ਉਨ੍ਹਾਂ ਸਾਦਗੀ ਨੂੰ ਸ਼ਾਨਦਾਰ ਭੂਮਿਕਾ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਪੂਰਵਜਾਂ ਵੱਲੋਂ ਵਰਤੇ ਗਏ ਅਪੋਸਟੋਲਿਕ ਪੈਲੇਸ ਵਿੱਚ ਸਜਾਵਟੀ ਪੋਪ ਅਪਾਰਟਮੈਂਟਾਂ ’ਤੇ ਕਦੇ ਵੀ ਕਬਜ਼ਾ ਨਹੀਂ ਕੀਤਾ। ਪੋਪ ਦਾ ਕਹਿਣਾ ਸੀ ਕਿ ਉਹ ਆਪਣੀ “ਮਨੋਵਿਗਿਆਨਕ ਸਿਹਤ” ਲਈ ਇੱਕ ਭਾਈਚਾਰਕ ਮਾਹੌਲ ਵਿੱਚ ਰਹਿਣਾ ਪਸੰਦ ਕਰਦਾ ਹੈ।

# ਲੋਕ ਕਾਨੂੰਨੀ ਢੰਗ ਨਾਲ ਅਮਰੀਕਾ ’ਚ ਆ ਕੇ ਕੰਮ ਕਰਨ: ਟਰੰਪ

## ਅਮਰੀਕੀ ਰਾਸ਼ਟਰਪਤੀ ਵੱਲੋਂ ਗ਼ੈਰਕਾਨੂੰਨੀ ਪਰਵਾਸੀਆਂ ਲਈ ਨਵੀਂ ਯੋਜਨਾ ਦਾ ਐਲਾਨ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਮੁਲਕ ’ਚ ਗ਼ੈਰਕਾਨੂੰਨੀ ਤੌਰ ’ਤੇ ਰਹਿ ਰਹੇ ਉਨ੍ਹਾਂ ਪਰਵਾਸੀਆਂ ਨੂੰ ਪੈਸੇ ਅਤੇ ਜਹਾਜ਼ ਦੀ ਟਿਕਟ ਦੇਣਗੇ ਜੋ ਆਪਣੀ ਮਰਜ਼ੀ ਨਾਲ ਡਿਪੋਰਟ ਹੋਣਗੇ। ਟਰੰਪ ਨੇ ਪ੍ਰਸਾਰਿਤ ‘ਫੌਕਸ ਨੋਟੀਸਿਆਸ’ ਨਾਲ ਇੰਟਰਵਿਊ ਦੌਰਾਨ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਹਾਲੇ ‘ਕਾਤਲਾਂ’ ਨੂੰ ਦੇਸ਼ ’ਚੋਂ ਕੱਢਣ ’ਤੇ ਧਿਆਨ ਕੇਂਦਰਤ ਕੀਤਾ ਹੋਇਆ ਹੈ। ਅਮਰੀਕਾ ’ਚ ਗ਼ੈਰਕਾਨੂੰਨੀ ਢੰਗ ਨਾਲ ਰਹਿ ਰਹੇ ਹੋਰ ਲੋਕਾਂ ਲਈ ਟਰੰਪ ਨੇ ਕਿਹਾ ਕਿ ਉਹ ‘ਸਵੈ ਡਿਪੋਰਟੇਸ਼ਨ’ ਪ੍ਰੋਗਰਾਮ ਨੂੰ ਲਾਗੂ ਕਰਨਗੇ। ਉਨ੍ਹਾਂ ਯੋਜਨਾ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਅਮਰੀਕਾ ਗ਼ੈਰਕਾਨੂੰਨੀ ਪਰਵਾਸੀਆਂ ਨੂੰ ਜਹਾਜ਼ ਦਾ ਕਿਰਾਇਆ ਅਤੇ ਕੁਝ ਪੈਸੇ ਦੇਵੇਗਾ। ਟਰੰਪ ਨੇ ਕਿਹਾ, “ਅਸੀਂ ਉਨ੍ਹਾਂ ਨੂੰ ਕੁਝ ਪੈਸੇ ਦੇਵਾਂਗੇ। ਅਸੀਂ ਉਨ੍ਹਾਂ ਨੂੰ



ਜਹਾਜ਼ ਦੀ ਟਿਕਟ ਦੇਵਾਂਗੇ ਅਤੇ ਜੇ ਉਹ ਚੰਗੇ ਹਨ ਅਤੇ ਵਾਪਸ ਆਉਣਾ ਚਾਹੁੰਦੇ ਹਨ ਤਾਂ ਅਸੀਂ ਉਨ੍ਹਾਂ ਨਾਲ ਕੰਮ ਕਰਾਂਗੇ। ਅਸੀਂ ਉਨ੍ਹਾਂ ਨਾਲ ਮਿਲ ਕੇ ਕੰਮ ਕਰਾਂਗੇ ਤਾਂ ਜੋ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਵਾਪਸ ਲਿਆਂਦਾ ਜਾ ਸਕੇ।” ਰਾਸ਼ਟਰਪਤੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਹੋਟਲਾਂ ਅਤੇ ਖੇਤਾਂ ’ਚ ਕਾਮੇ ਮਿਲ ਸਕਣ। ਉਨ੍ਹਾਂ ਕਿਹਾ ਕਿ ਨਵੀਂ ਯੋਜਨਾ ਨਾਲ ਕਿਸਾਨਾਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਉਹ ਚਾਹੁਦੇ ਹਨ ਕਿ ਲੋਕ ਕਾਨੂੰਨੀ ਢੰਗ ਨਾਲ ਮੁਲਕ ’ਚ ਆ ਕੇ ਕੰਮ ਕਰਨ।

# ਟੈਰਿ.ਫ ਜੰਗ ਕਾਰਨ ਅਮਰੀਕੀ ਡਾਲਰ ’ਚ ਆਈ ਗਿਰਾਵਟ

ਨਿਊਯਾਰਕ/ਏ.ਟੀ.ਨਿਊਜ਼: ਜਵਾਬੀ ਟੈਰਿਫ਼ ਨਾਲ ਅਮਰੀਕੀ ਅਰਥਚਾਰੇ ਨੂੰ ਜੋ ਖਤਰੇ ਹੋ ਸਕਦੇ ਹਨ, ਉਨ੍ਹਾਂ ’ਚੋਂ ਕੋਈ ਵੀ ਡਾਲਰ ਦੀ ਗਿਰਾਵਟ ਤੋਂ ਵੱਧ ਅਜੀਬ ਨਹੀਂ ਹੋ ਸਕਦਾ। ਮਹਿੰਗਾਈ ਦਾ ਖਦਸ਼ਾ, ਕੇਂਦਰੀ ਬੈਂਕ ਦੇ ਕਦਮ ਅਤੇ ਹੋਰ ਕਾਰਨਾਂ ਕਰਕੇ ਮੁਦਰਾਵਾਂ ਹਰ ਸਮੇਂ ਚੜ੍ਹਦੀਆਂ ਤੇ ਡਿੱਗਦੀਆਂ ਰਹਿੰਦੀਆਂ ਪਰ ਅਰਥਸ਼ਾਸਤੀਆਂ ਨੂੰ ਚਿੰਤਾ ਹੈ ਕਿ ਡਾਲਰ ’ਚ ਹਾਲ ਹੀ ਵਿੱਚ ਆਈ ਗਿਰਾਵਟ ਇੰਨੀ ਨਾਟਕੀ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ



ਆਲਮੀ ਵਪਾਰ ਨੂੰ ਨਵਾਂ ਰੂਪ ਦੇਣ ਦੀਆਂ ਕੋਸ਼ਿਸ਼ਾਂ ਕਾਰਨ ਅਮਰੀਕਾ ’ਚ ਭਰੋਸਾ ਘਟਿਆ ਹੈ। ਬਰਕਲੇ ਸਥਿਤ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ ਦੇ ਅਰਥਸ਼ਾਸਤਰੀ ਬੈਰੀ ਆਈਸ਼ਨਗਰੀਨ ਨੇ ਕਿਹਾ, ‘ਦੁਨੀਆਂ ਦਾ ਭਰੋਸਾ ਤੇ ਡਾਲਰ ’ਤੇ ਨਿਰਭਰਤਾ ਬਣਨ ਵਿੱਚ ਅੱਧੀ ਸਦੀ ਜਾਂ ਇਸ ਤੋਂ ਵੱਧ ਦਾ ਸਮਾਂ ਲੱਗਿਆ ਹੈ ਪਰ ਇਹ ਪਲਕ ਝਪਕਦਿਆਂ ਖਤਮ ਹੋ ਸਕਦਾ ਹੈ।’ ਜਨਵਰੀ ਦੇ ਮੱਧ ਤੋਂ ਹੋਰ ਕਰੰਸੀਆਂ ਮੁਕਾਬਲੇ ਡਾਲਰ 9 ਫ਼ੀਸਦੀ ਹੇਠਾਂ ਜਾ ਚੁੱਕਾ ਹੈ ਜੋ ਵੱਡੀ ਗਿਰਾਵਟ ਹੈ ਅਤੇ ਇਹ ਤਿੰਨ ਸਾਲਾਂ ਦੇ ਆਪਣੇ ਸਭ ਤੋਂ ਹੇਠਲੇ ਪੱਧਰ ’ਤੇ ਹੈ। ਕਈ ਨਿਵੇਸ਼ਕਾਂ ਨੂੰ ਨਹੀਂ ਲਗਦਾ ਕਿ ਡਾਲਰ ਨੂੰ ਦੁਨੀਆਂ ਦੀ ਸਭ ਤੋਂ ਮਜ਼ਬੂਤ ਕਰੰਸੀ ਵਾਲੀ ਥਾਂ ਤੋਂ ਜਲਦੀ ਹੀ ਹਟਾਇਆ ਜਾ ਸਕਦਾ ਹੈ।ਡੌਇਸ਼ ਬੈਂਕ ਨੇ ਇਸ ਮਹੀਨੇ ਦੀ ਸ਼ੁਰੂਆਤ ’ਚ ਆਪਣੇ ਗਾਹਕਾਂ ਨੂੰ ਲਿਖੇ ਇੱਕ ਨੋਟ ’ਚ ‘ਯਕੀਨੀ ਸੰਕਟ’ ਦੀ ਚਿਤਾਵਨੀ ਦਿੰਦਿਆਂ ਕਿਹਾ, ‘ਡਾਲਰ ਦੀ ਸੁਰੱਖਿਅਤ ਪਨਾਹਗਾਹ ਦੀਆਂ ਵਿਸ਼ੇਸ਼ਤਾਵਾਂ ਖਤਮ ਹੋ ਰਹੀਆਂ ਹਨ।’

# ਅਮਰੀਕਾ ਦੇ 50 ਸੂਬਿਆਂ ’ਚ ਟਰੰਪ ਖ਼ਿਲਾ.ਫ ਪ੍ਰਦਰਸ਼ਨ

## ਅਮਰੀਕੀ ਲੋਕਾਂ ਨੇ ਵਾਈਟ ਹਾਊਸ ਅਤੇ ਟੈਸਲਾ ਦਾ ਘਿਰਾਓ ਕੀਤਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਸਾਰੇ 50 ਸੂਬਿਆਂ ਵਿੱਚ ਪ੍ਰਦਰਸ਼ਨ ਕੀਤੇ ਗਏ। ਇਸ ਦੌਰਾਨ ਵੱਡੀ ਗਿਣਤੀ ਲੋਕਾਂ ਨੇ ਵਾਈਟ ਹਾਊਸ ਦਾ ਘਿਰਾਓ ਕੀਤਾ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਟੈਰਿਫ਼ ਵਾਰ ਤੇ ਸਰਕਾਰੀ ਨੌਕਰੀਆਂ ਵਿੱਚ ਕਟੌਤੀ ਤੇ ਨੌਕਰੀਆਂ ਤੋਂ ਕੱਢਣ ’ਤੇ ਰੋਸ ਜਤਾਇਆ। ਇਸ ਮੌਕੇ ਕੁਝ ਪ੍ਰਦਰਸ਼ਨਕਾਰੀਆਂ ਨੇ ਦੇਸ਼ ਵਿੱਚ ਸੰਕਟ ਦਾ ਸੰਕੇਤ ਦੇਣ ਲਈ ਝੰਡਿਆਂ ਨੂੰ ਉਲਟਾ ਕਰ ਦਿੱਤਾ। ਕਈ ਸ਼ਹਿਰਾਂ ਵਿੱਚ ਲੋਕਾਂ ਨੇ ਟਰੰਪ ਖ਼ਿਲਾਫ਼ ਰੋਸ ਮਾਰਚ ਕੀਤਾ। ਇਸ ਤੋਂ ਇਲਾਵਾ ਲੋਕਾਂ ਨੇ ਟੈਸਲਾ ਦਾ ਘਿਰਾਓ ਵੀ ਕੀਤਾ ਗਿਆ। ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਅਮਰੀਕਾ ਭਰ ਵਿੱਚ ਪੰਜ ਅਪ੍ਰੈਲ ਨੂੰ ਵੀ ਟਰੰਪ ਖ਼ਿਲਾਫ਼ ਮੁਜ਼ਾਹਰੇ ਹੋਏ ਸਨ।

# ਅਦਾਲਤ ਨੇ ਭਾਰਤੀ ਵਿਦਿਆਰਥੀ ਦੇ ਦੇਸ਼ ਨਿਕਾਲੇ ਨੂੰ ਰੋਕਿਆ, ਵੀਜ਼ਾ ਕੀਤਾ ਬਹਾਲ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਇਕ ਸੰਘੀ ਅਦਾਲਤ ਨੇ ਯੂਨੀਵਰਸਿਟੀ ਆਫ਼ ਵਿਸਕਾਨਸਿਨ-ਮੈਡੀਸਨ ਵਿੱਚ ਗਰੈਜੂਏਸ਼ਨ (ਕੰਪਿਊਟਰ ਇੰਜੀਨੀਅਰਿੰਗ) ਕਰ ਰਹੇ 21 ਸਾਲਾ ਭਾਰਤੀ ਵਿਦਿਆਰਥੀ ਕ੍ਰਿਸ਼ ਲਾਲ ਲਸਰਦਾਸਨੀ ਦਾ ਵੀਜ਼ਾ ਬਹਾਲ ਕਰ ਦਿੱਤਾ ਹੈ। ਜੱਜ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਯੂ. ਐਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਊਰਿਟੀ ਨੇ ਵੀਜ਼ਾ ਰੱਦ ਕਰਨ ਲਈ ਲੋੜੀਂਦੀ ਪ੍ਰਕ੍ਰਿਆ ਦੀ ਉਲੰਘਣਾ ਕੀਤੀ ਹੈ। ਜੱਜ ਵਿਲਿਅਮ ਕੋਨਲੇ ਨੇ ਸਖ਼ਤ ਸ਼ਬਦਾਂ ਵਾਲੇ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਇਮੀਗ੍ਰੇਸ਼ਨ ਪ੍ਰਸ਼ਾਸਨ ਕੋਲ ਲਸਰਦਾਸਨੀ ਦਾ ਵੀਜ਼ਾ ਰੱਦ ਕਰਨ ਲਈ ਕਾਨੂੰਨੀ ਆਧਾਰ ਮੌਜੂਦ ਨਹੀਂ ਹੈ। ਜੱਜ ਨੇ ਕਿਹਾ ਹੈ ਕਿ ਉਸ ਦੀ ਵੀਜ਼ਾ ਸਥਿਤੀ ਨੂੰ ਬਹਾਲ ਕੀਤਾ ਜਾਵੇ ਤੇ ਉਸ ਨੂੰ ਦੇਸ਼ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਜਾਵੇ। ਲਸਰਦਾਸਨੀ ਦੀ 10

ਮਈ ਨੂੰ ਗਰੈਜੂਏਸ਼ਨ ਮੁਕੰਮਲ ਹੋ ਜਾਣੀ ਹੈ। ਕੰਪਿਊਟਰ ਇੰਜੀਨੀਅਰਿੰਗ ਅੰਤਿਮ ਸਾਲ ਦੇ ਵਿਦਿਆਰਥੀ ਲਸਰਦਾਸਨੀ ਨੂੰ ਅਪ੍ਰੈਲ ਦੇ ਸ਼ੁਰੂ ਵਿੱਚ ਮਿਲੇ ਇੱਕ ਨੋਟਿਸ ਵਿੱਚ ਉਸ ਦਾ ਵੀਜ਼ਾ ਰੱਦ ਕਰਨ ਬਾਰੇ ਜਾਣਕਾਰੀ ਦਿੱਤੀ ਗਈ ਸੀ। ਨੋਟਿਸ ਵਿੱਚ ਅਪਰਾਧਕ ਰਿਕਾਰਡ ਦਾ ਹਵਾਲਾ ਦਿੱਤਾ ਗਿਆ ਸੀ ਤੇ ਚਿਤਾਵਨੀ ਦਿੱਤੀ ਗਈ ਸੀ ਕਿ ਉਹ 2 ਮਈ ਤੱਕ ਦੇਸ਼ ਛੱਡ ਜਾਵੇ।

# ਟਰੰਪ ਨੇ ਮੂਲ ਅਮਰੀਕੀ ਬੋਰਡਿੰਗ ਸਕੂਲਾਂ ਦੀ ਗ੍ਰਾਂਟ ਘਟਾਈ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਹੋਰ ਮਹੱਤਵਪੂਰਨ ਫ਼ੈਸਲਾ ਲਿਆ ਹੈ। ਇਸ ਮਹੱਤਵਪੂਰਨ ਫ਼ੈਸਲੇ ਵਿੱਚ ਟਰੰਪ ਪ੍ਰਸ਼ਾਸਨ ਨੇ ਮੂਲ ਅਮਰੀਕੀ ਬੋਰਡਿੰਗ ਸਕੂਲਾਂ ਵਿੱਚ ਆਦਿਵਾਸੀ ਬੱਚਿਆਂ ਨਾਲ ਦੁਰਵਿਵਹਾਰ ਦੇ ਰਿਕਾਰਡਾਂ ਨੂੰ ਡਿਜੀਟਾਈਜ਼ ਕਰਨ ਦੇ ਇੱਕ ਪ੍ਰੋਜੈਕਟ ਨੂੰ ਫੰਡ ਦੇਣਾ ਬੰਦ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਨੇ ਉਕਤ ਆਦੇਸ਼ ਲਈ ਨਿਰਧਾਰਤ ਫੰਡਾਂ ਵਿੱਚ ਲਗਭਗ 16 ਲੱਖ ਡਾਲਰ ਦੀ ਕਟੌਤੀ ਕੀਤੀ ਹੈ। ਇਹ ਕਟੌਤੀ ਫੈਡਰਲ ਸਰਕਾਰ ਵਿੱਚ ਟਰੰਪ ਪ੍ਰਸ਼ਾਸਨ ਦੇ ਡੂੰਘੇ ਖਰਚੇ ਘਟਾਉਣ ਦੇ ਯਤਨਾਂ ਦੇ ਹਿੱਸੇ ਵਜੋਂ ਹਾਲ ਹੀ ਦੇ ਹਫ਼ਤਿਆਂ ਵਿੱਚ



ਨੈਸ਼ਨਲ ਐਂਡੋਮੈਂਟ ਫਾਰ ਦ ਹਿਊਮੈਨਟੀਜ਼ ਦੁਆਰਾ ਰੱਦ ਕੀਤੀਆਂ ਗਈਆਂ ਗ੍ਰਾਂਟਾਂ ਦਾ ਇੱਕ ਹਿੱਸਾ ਹਨ।

ਨੈਸ਼ਨਲ ਨੇਟਿਵ ਅਮੈਰੀਕਨ ਬੋਰਡਿੰਗ ਸਕੂਲ ਹੀਲਿੰਗ ਕੋਲੀਸ਼ਨ ਦੀ ਸੀ.ਈ.ਓ ਡੇਬੋਰਾ ਪਾਰਕਰ ਨੇ ਸਰਕਾਰ ਦੇ ਫ਼ੈਸਲੇ ਦੀ ਆਲੋਚਨਾ ਕੀਤੀ। ਉਸਨੇ ਕਿਹਾ,‘ਜੇ ਅਸੀਂ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣਾ ਚਾਹੁੰਦੇ ਹਾਂ, ਤਾਂ ਮੈਨੂੰ ਲੱਗਦਾ ਹੈ ਕਿ ਇਸ ਦੀ ਸ਼ੁਰੂਆਤ ਸੱਚੇ ਅਮਰੀਕੀ ਇਤਿਹਾਸ ਬਾਰੇ ਸੱਚ ਦੱਸਣ ਨਾਲ ਹੋਣੀ ਚਾਹੀਦੀ ਹੈ।’ ਕਟੌਤੀ ਦੇ ਨਤੀਜੇ ਵਜੋਂ ਗੱਠਜੋੜ ਨੂੰ 282,000 ਅਮਰੀਕੀ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ, ਜਿਸ ਨਾਲ ਇਸਦੇ ਡੇਟਾਬੇਸ ਲਈ 100,000 ਤੋਂ ਵੱਧ ਪੰਨਿਆਂ ਦੇ ਬੋਰਡਿੰਗ ਸਕੂਲ ਰਿਕਾਰਡਾਂ ਨੂੰ ਡਿਜੀਟਾਈਜ਼ ਕਰਨ ਦਾ ਕੰਮ ਰੁਕ ਗਿਆ। ਪਾਰਕਰ ਨੇ ਕਿਹਾ ਕਿ ਦੇਸ਼ ਭਰ ਦੇ ਮੂਲ ਅਮਰੀਕੀ ਆਪਣੇ ਅਜ਼ੀਜ਼ਾਂ ਨੂੰ ਲੱਭਣ ਲਈ ਇਸ ਸਾਈਟ ’ਤੇ ਨਿਰਭਰ ਕਰਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਬੋਰਡਿੰਗ ਸਕੂਲਾਂ ਵਿੱਚ ਭੇਜਿਆ ਗਿਆ ਸੀ। (ਬਾਕੀ ਸਫ਼ਾ 31 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਆਸਟ੍ਰੇਲੀਆਈ ਯੂਨੀਵਰਸਿਟੀਆਂ ਵੱਲੋਂ ਪੰਜਾਬ, ਹਰਿਆਣਾ, ਬਿਹਾਰ, ਉੱਤਰ ਪ੍ਰਦੇਸ਼ ਅਤੇ ਗੁਜਰਾਤ ਦੇ ਵਿਦਿਆਰਥੀਆਂ ਲਈ ਵੀਜ਼ਾ 'ਤੇ ਪਾਬੰਦੀ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਨੇ ਪੰਜਾਬ, ਯੂਪੀ ਅਤੇ ਬਿਹਾਰ ਸਮੇਤ ਦੇਸ਼ ਦੇ ਪੰਜ ਰਾਜਾਂ ਦੇ ਵਿਦਿਆਰਥੀਆਂ ਲਈ ਵਿਦਿਆਰਥੀ ਵੀਜ਼ਾ 'ਤੇ ਪਾਬੰਦੀ ਲਗਾ ਦਿੱਤੀ ਹੈ। ਉਨ੍ਹਾਂ 'ਤੇ ਵੀਜ਼ਾ ਦਸਤਾਵੇਜ਼ਾਂ ਵਿੱਚ ਧੋਖਾਧੜੀ ਦਾ ਦੋਸ਼ ਹੈ, ਇਸ ਤੋਂ ਇਲਾਵਾ ਇਹ ਵੀ ਦੋਸ਼ ਹੈ ਕਿ ਇਹ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਆਸਟ੍ਰੇਲੀਆ ਵਿੱਚ ਪੂਰਾ ਸਮਾਂ ਕੰਮ ਕਰ ਰਹੇ ਸਨ। ਯੂ.ਪੀ. ਅਤੇ ਬਿਹਾਰ ਤੋਂ ਇਲਾਵਾ, ਜਿਨ੍ਹਾਂ ਰਾਜਾਂ 'ਤੇ ਪਾਬੰਦੀ ਲਗਾਈ ਗਈ ਹੈ ਉਨ੍ਹਾਂ ਵਿੱਚ ਪੰਜਾਬ, ਹਰਿਆਣਾ ਅਤੇ ਗੁਜਰਾਤ ਦੇ ਵਿਦਿਆਰਥੀ ਸ਼ਾਮਲ ਹਨ। ਦੋ ਸਾਲ ਪਹਿਲਾਂ ਵੀ ਆਸਟ੍ਰੇਲੀਆ ਨੇ ਇਨ੍ਹਾਂ ਪੰਜ ਰਾਜਾਂ 'ਤੇ ਪਾਬੰਦੀ ਲਗਾਈ ਸੀ ਹਾਲਾਂਕਿ ਬਾਅਦ ਵਿੱਚ ਇਸ ਵਿੱਚ ਢਿੱਲ ਦੇ ਦਿੱਤੀ ਗਈ ਸੀ।



**ਪਾਬੰਦੀ ਲਗਾਉਣ ਦੀ ਵਜ੍ਹਾ**

ਆਸਟ੍ਰੇਲੀਆਈ ਯੂਨੀਵਰਸਿਟੀਆਂ ਵੱਲੋਂ ਬਿਹਾਰ, ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਅਤੇ ਗੁਜਰਾਤ ਦੇ ਵਿਦਿਆਰਥੀਆਂ ਲਈ ਵੀਜ਼ਾ 'ਤੇ ਪਾਬੰਦੀ ਲਗਾਉਣ ਦਾ ਤਰਕ ਇਹ ਦਿੱਤਾ ਗਿਆ ਹੈ ਕਿ ਇਨ੍ਹਾਂ ਰਾਜਾਂ ਦੇ ਵਿਦਿਆਰਥੀ ਪੂਰੇ ਸਮੇਂ ਦੀ ਪੜ੍ਹਾਈ ਲਈ ਦੇਸ਼ ਵਿੱਚ ਆਉਂਦੇ ਹਨ, ਪਰ ਇੱਥੇ ਉਹ ਕਿੱਤਾਮੁਖੀ ਕੋਰਸਾਂ ਵਿੱਚ ਦਾਖਲਾ ਲੈਂਦੇ ਹਨ, ਕੁਝ ਵਿਦਿਆਰਥੀ ਪੜ੍ਹਾਈ ਵੀ ਨਹੀਂ ਕਰਦੇ ਅਤੇ ਇੱਥੇ ਕੰਮ ਕਰਨ ਲਈ ਹੀ ਵੀਜ਼ਾ ਲੈਂਦੇ ਹਨ। ਇਸ ਨਾਲ ਯੂਨੀਵਰਸਿਟੀਆਂ ਦੀ ਵੀਜ਼ਾ ਪ੍ਰਵਾਨਗੀ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਉਨ੍ਹਾਂ ਦੀ ਸਾਖ ਨੂੰ ਵੀ ਨੁਕਸਾਨ ਪਹੁੰਚ ਰਿਹਾ ਹੈ ਅਤੇ ਸੰਸਥਾਵਾਂ ਦੀ ਵਿੱਤੀ ਹਾਲਤ ਵੀ ਵਿਗੜ ਰਹੀ ਹੈ।

**ਯੂਨੀਵਰਸਿਟੀਆਂ ਨੇ ਰੋਕੀ ਅਰਜ਼ੀ ਪ੍ਰਕਿਰਿਆ**

ਆਸਟ੍ਰੇਲੀਆ ਦੇ ਕਈ ਅਦਾਰਿਆਂ, ਜਿਨ੍ਹਾਂ ਵਿੱਚ ਵਿਕਟੋਰੀਆ ਯੂਨੀਵਰਸਿਟੀ, ਵੈਸਟਰਨ ਸਿਡਨੀ ਯੂਨੀਵਰਸਿਟੀ, ਐਡਿਥ ਕੋਵਾਨ ਯੂਨੀਵਰਸਿਟੀ, ਵੋਲੋਂਗੋਂਗ ਯੂਨੀਵਰਸਿਟੀ, ਟੋਰੇਂਸ ਯੂਨੀਵਰਸਿਟੀ ਸ਼ਾਮਲ ਹਨ, ਨੇ ਇਨ੍ਹਾਂ ਪੰਜ ਰਾਜਾਂ ਦੇ ਵਿਦਿਆਰਥੀਆਂ ਲਈ ਅਰਜ਼ੀ ਪ੍ਰਕਿਰਿਆ ਨੂੰ ਜਾਂ ਤਾਂ ਰੋਕ ਦਿੱਤਾ ਹੈ ਜਾਂ ਇਸ 'ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਹਨ। ਇਸ ਤੋਂ ਪਹਿਲਾਂ ਵੀ ਐਡਿਥ ਕੋਵਾਨ ਯੂਨੀਵਰਸਿਟੀ ਨੇ ਫਰਵਰੀ 2023 ਵਿੱਚ ਪੰਜਾਬ ਅਤੇ ਹਰਿਆਣਾ ਦੇ ਵਿਦਿਆਰਥੀਆਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ। ਵਿਕਟੋਰੀਆ ਯੂਨੀਵਰਸਿਟੀ ਨੇ ਯੂਪੀ, ਰਾਜਸਥਾਨ ਅਤੇ ਗੁਜਰਾਤ ਸਮੇਤ ਭਾਰਤ ਦੇ ਅੱਠ ਰਾਜਾਂ ਦੇ ਵਿਦਿਆਰਥੀਆਂ 'ਤੇ ਪਾਬੰਦੀ ਲਗਾਈ ਸੀ।

**ਸਰਕਾਰ ਨੇ ਦਿੱਤੀ ਇਹ ਦਲੀਲ**

ਇਸ ਫੈਸਲੇ ਦੇ ਪਿੱਛੇ ਆਸਟ੍ਰੇਲੀਆਈ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉਹ ਕਿਸੇ ਵੀ ਦੇਸ਼ ਦੇ ਵਿਦਿਆਰਥੀਆਂ 'ਤੇ ਪਾਬੰਦੀਆਂ ਨਹੀਂ ਲਗਾਉਂਦੀ। ਇਹ ਯੂਨੀਵਰਸਿਟੀਆਂ ਦਾ ਫੈਸਲਾ ਹੈ। ਉਹਨਾਂ ਕੋਲ ਆਪਣੇ ਜੋਖਮ ਪ੍ਰਬੰਧਨ ਦੇ ਆਧਾਰ 'ਤੇ ਅਜਿਹੇ ਫੈਸਲੇ ਲੈਣ ਦੀ ਆਜ਼ਾਦੀ ਹੈ। ਆਸਟ੍ਰੇਲੀਆਈ ਹਾਈ ਕਮਿਸ਼ਨਰ ਫਿਲਿਪ ਗ੍ਰੀਨ ਨੇ ਪਹਿਲਾਂ ਵਿਦਿਆਰਥੀਆਂ ਨੂੰ ਮਾਈਗ੍ਰੇਸ਼ਨ ਏਜੰਟਾਂ ਦੇ ਪ੍ਰਭਾਵ ਹੇਠ ਗਲਤ ਜਾਣਕਾਰੀ ਨਾਲ ਅਰਜ਼ੀ ਫਾਰਮ ਭਰਨ ਵਿਰੁੱਧ ਚਿਤਾਵਨੀ ਦਿੱਤੀ ਸੀ। ਇਸ ਮਾਮਲੇ ਵਿੱਚ ਸਾਬਕਾ ਡਿਪਲੋਮੈਟ ਦੀਪਕ ਵੋਹਰਾ ਨੇ ਕਿਹਾ ਹੈ ਕਿ ਇਹ ਆਸਟ੍ਰੇਲੀਆ ਦਾ ਬਹੁਤ ਗਲਤ ਤਰੀਕਾ ਹੈ, ਇਹ ਇਨ੍ਹਾਂ ਪੰਜ ਰਾਜਾਂ ਦੇ ਲੋਕਾਂ ਲਈ ਵੀ ਇੱਕ ਵੱਡਾ ਝਟਕਾ ਹੈ ਜਿਨ੍ਹਾਂ ਨੇ ਕਈ ਸਾਲਾਂ ਤੋਂ ਉੱਥੇ ਪੜ੍ਹਾਈ ਜਾਂ ਕੰਮ ਕਰਕੇ ਆਪਣੀ ਸਾਖ ਬਣਾਈ ਹੈ। ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦੇ ਸੁਫ਼ਨੇ ਦੇਖਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਸਮਾਂ ਹੋਰ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਹੁਣ ਸਿਰਫ਼ ਆਸਟ੍ਰੇਲੀਆ ਹੀ ਨਹੀਂ, ਸਗੋਂ ਕੈਨੇਡਾ ਅਤੇ ਯੂ.ਕੇ ਵਰਗੇ ਦੇਸ਼ ਵੀ ਵਿਦਿਆਰਥੀਆਂ ਲਈ ਨਿਯਮ ਸਖ਼ਤ ਕਰ ਰਹੇ ਹਨ।

# ਪਾਕਿ ਦਾ ਪਹਿਲਗਾਮ ਅਤਿਵਾਦੀ ਹਮਲੇ ਨਾਲ ਕੋਈ ਲੈਣਾ-ਦੇਣਾ ਨਹੀਂ :ਪਾਕਿ ਰੱਖਿਆ ਮੰਤਰੀ

ਇਸਲਾਮਾਬਾਦ/ਏ.ਟੀ.ਨਿਊਜ਼ :- ਪਾਕਿਸਤਾਨ ਨੇ ਜੰਮੂ ਕਸ਼ਮੀਰ ਦੇ ਪਾਗਲਗਾਮ ਅਤਿਵਾਦੀ ਹਮਲੇ 'ਤੇ ਆਪਣੀ ਪਹਿਲੀ ਪ੍ਰਤੀਕਿਰਿਆ ਵਿਚ ਦਾਅਵਾ ਕੀਤਾ ਹੈ ਕਿ ਉਸਦਾ ਇਸ ਘਟਨਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਨਾਲ ਹੀ ਇਹ ਵੀ ਕਿਹਾ ਕਿ ਦੇਸ਼ ਆਪਣੇ ਹਰ ਰੂਪ ਵਿਚ ਅਤਿਵਾਦ ਨੂੰ ਰੱਦ ਕਰਦਾ ਹੈ। ਇਕ ਬਿਆਨ ਵਿੱਚ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਕਿਹਾ, ਪਾਕਿਸਤਾਨ ਦਾ ਪਾਗਲਗਾਮ ਅਤਿਵਾਦੀ ਹਮਲੇ ਨਾਲ ਕੋਈ ਸਬੰਧ ਨਹੀਂ ਹੈ।



ਉਨ੍ਹਾਂ ਅੱਗੇ ਕਿਹਾ ਕਿ, ਭਾਰਤ ਵਿਚ ਕੇਂਦਰ ਸਰਕਾਰ ਨੂੰ ਨਾਗਾਲੈਂਡ, ਮਨੀਪੁਰ, ਕਸ਼ਮੀਰ ਅਤੇ ਛੱਤੀਸਗੜ੍ਹ ਸਮੇਤ ਕਈ ਰਾਜਾਂ ਵਿੱਚ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਘਰੇਲੂ ਪੱਧਰ 'ਤੇ ਪੈਦਾ ਹੋਇਆ ਹੈ ਕਿਉਂਕਿ ਸਰਕਾਰ ਬਹੁਤ ਸਾਰੇ ਲੋਕਾਂ ਦਾ ਸ਼ੋਸ਼ਣ ਕਰ ਰਹੀ ਹੈ।" ਪਾਕਿ ਰੱਖਿਆ ਮੰਤਰੀ ਨੇ ਅੱਗੇ ਕਿਹਾ, "ਅਸੀਂ ਕਿਸੇ ਵੀ ਰੂਪ ਵਿਚ ਅਤਿਵਾਦ ਦਾ ਸਮਰਥਨ ਨਹੀਂ ਕਰਦੇ ਅਤੇ ਸਥਾਨਕ ਲੋਕਾਂ ਨੂੰ ਅਤਿਵਾਦੀਆਂ ਦਾ ਨਿਸ਼ਾਨਾ ਨਹੀਂ ਹੋਣਾ ਚਾਹੀਦਾ ਅਤੇ ਸਾਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਹੈ। ਆਸਿਫ ਨੇ ਕਿਹਾ, ਹਾਲਾਂਕਿ, ਜੇਕਰ ਸਥਾਨਕ ਤਾਕਤਾਂ ਭਾਰਤ ਸਰਕਾਰ ਨੂੰ ਨਿਸ਼ਾਨਾ ਬਣਾ ਰਹੀਆਂ ਹਨ ਤਾਂ ਪਾਕਿਸਤਾਨ ਨੂੰ ਨਿਸ਼ਾਨਾ ਬਣਾਉਣਾ ਆਸਾਨ ਹੋ ਜਾਂਦਾ ਹੈ।" ਇਹ ਬਿਆਨ ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ ਵਿਚ ਹੋਏ ਇਕ ਘਾਤਕ ਅਤਿਵਾਦੀ ਹਮਲੇ ਤੋਂ 24 ਘੰਟਿਆਂ ਤੋਂ ਵੀ ਘੱਟ ਸਮੇਂ ਬਾਅਦ ਆਇਆ ਹੈ ਜਿਸ ਵਿੱਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਸਨ।

# ਬ੍ਰਿਟਿਸ਼ ਸਰਕਾਰ ਚਾਹੁੰਦੀ ਹੈ ਆਰਕਟਿਕ 'ਚ ਫ਼ੌਜੀ ਗਤੀਵਿਧੀਆਂ ਵਧਾਉਣਾ

ਲੰਡਨ/ਏ.ਟੀ.ਨਿਊਜ਼ : ਬ੍ਰਿਟਿਸ਼ ਸਰਕਾਰ ਆਰਕਟਿਕ ਵਿੱਚ ਦੇਸ਼ ਦੀਆਂ ਫ਼ੌਜੀ ਗਤੀਵਿਧੀਆਂ ਦੇ ਵਿਸਥਾਰ ਦੀ ਮੰਗ ਕਰੇਗੀ। ਫ਼ਾਈਨੈਂਸ਼ੀਅਲ ਟਾਈਮਜ਼ ਦੀ ਇੱਕ ਰਿਪੋਰਟ ਅਨੁਸਾਰ ਇਹ ਕਦਮ ਇਸ ਖੇਤਰ ਵਿੱਚ ਬਰਫ਼ ਪਿਘਲਣ ਕਾਰਨ ਵਧਦੀ ਪਹੁੰਚ ਅਤੇ ਮੁਕਾਬਲੇਬਾਜ਼ੀ ਕਾਰਨ ਚੁੱਕਿਆ ਜਾ ਰਿਹਾ ਹੈ। ਇਹ ਰਿਪੋਰਟ ਸਾਬਕਾ ਨਾਟੋ ਸਕੱਤਰ ਜਨਰਲ ਜਾਰਜ ਰੌਬਰਟਸਨ ਦੀ ਅਗਵਾਈ ਵਿੱਚ ਮਾਹਿਰਾਂ ਦੀ ਇੱਕ ਟੀਮ ਦੁਆਰਾ ਤਿਆਰ ਕੀਤੀ ਜਾ ਰਹੀ ਹੈ, ਜੋ ਬ੍ਰਿਟੇਨ ਦੀਆਂ ਸੁਰੱਖਿਆ ਚੁਣੌਤੀਆਂ ਅਤੇ ਲੋੜੀਂਦੀਆਂ ਫ਼ੌਜੀ ਸਮਰੱਥਾਵਾਂ ਦਾ ਮੁਲਾਂਕਣ ਕਰ ਰਹੇ ਹਨ।



ਇਹ ਰਿਪੋਰਟ ਮਈ ਜਾਂ ਜੂਨ ਵਿੱਚ ਪ੍ਰਕਾਸ਼ਿਤ ਹੋਣ ਦੀ ਉਮੀਦ ਹੈ ਅਤੇ ਇਸ ਵਿਚ ਬ੍ਰਿਟੇਨ, ਜਾਪਾਨ ਅਤੇ ਇਟਲੀ ਨਾਲ ਛੇਵੀਂ ਪੀੜ੍ਹੀ ਦੇ ਸਟੀਲਥ ਲੜਾਕੂ ਪ੍ਰੋਜੈਕਟ ਵਿੱਚ ਨਿਵੇਸ਼ ਦੀ ਪੁਸ਼ਟੀ ਅਤੇ ਡਰੋਨ ਅਤੇ ਉੱਨਤ ਤਕਨਾਲੋਜੀ ਵਿੱਚ ਨਿਵੇਸ਼ ਵਧਾਉਣ ਦੀ ਸਿਫ਼ਾਰਸ਼ ਕੀਤੀ ਜਾਵੇਗੀ।

# ਚੀਨ ਦੀ ਆਰਥਿਕਤਾ 'ਤੇ ਬੇਅਸਰ ਰਿਹਾ ਅਮਰੀਕੀ ਟੈਰਿਫ਼ ਦਾ ਬੋਝ

ਬੈਂਕਾਕ/ਏ.ਟੀ.ਨਿਊਜ਼ : ਅਮਰੀਕਾ ਨੇ ਚੀਨ 'ਤੇ ਭਾਰੀ ਟੈਰਿਫ ਬੋਝ ਲਗਾ ਦਿੱਤਾ ਹੈ। ਹਾਲਾਂਕਿ ਚੀਨ ਦੀ ਆਰਥਿਕਤਾ 'ਤੇ ਇਸ ਦਾ ਅਸਰ ਨਜ਼ਰ ਨਹੀਂ ਆ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਚੀਨ 'ਤੇ 145 ਫੀਸਦੀ ਟੈਕਸ ਲਗਾਉਣ ਦੇ ਬਾਵਜੂਦ ਚੀਨ ਦੀ ਬਰਾਮਦ 'ਤੇ ਕੋਈ ਅਸਰ ਨਹੀਂ ਪਿਆ ਹੈ। ਮਾਰਚ ਮਹੀਨੇ 'ਚ ਚੀਨ ਦੀ ਬਰਾਮਦ 'ਚ ਸਾਲਾਨਾ ਆਧਾਰ 'ਤੇ 12.4 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਇਸੇ ਮਿਆਦ 'ਚ ਦਰਾਮਦ 'ਚ 4.3 ਫੀਸਦੀ ਦੀ ਕਮੀ ਆਈ ਹੈ। ਚੀਨ ਦੀ ਸਰਕਾਰ ਨੇ ਇਹ ਜਾਣਕਾਰੀ ਦਿੱਤੀ ਹੈ।

ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਆਰਥਿਕਤਾ ਚੀਨ ਦੀ ਬਰਾਮਦ 2025 ਦੇ ਪਹਿਲੇ ਤਿੰਨ (ਜਨਵਰੀ-ਮਾਰਚ) ਮਹੀਨਿਆਂ 'ਚ ਸਾਲਾਨਾ ਆਧਾਰ 'ਤੇ 5.8 ਫੀਸਦੀ ਵਧੀ ਹੈ, ਜਦ ਕਿ ਦਰਾਮਦ ਵਿਚ 7 ਫ਼ੀਸਦੀ ਦੀ ਗਿਰਾਵਟ ਆਈ ਹੈ। ਮਾਰਚ ਵਿੱਚ ਅਮਰੀਕਾ ਦੇ ਨਾਲ ਚੀਨ ਦਾ ਵਪਾਰ ਸਰਪਲੱਸ 27.6 ਅਰਬ ਡਾਲਰ ਰਿਹਾ, ਜਦ ਕਿ ਇਸਦੀ ਬਰਾਮਦ 'ਚ 4.5 ਫੀਸਦੀ ਦਾ ਵਾਧਾ ਹੋਇਆ। ਸਾਲ ਦੀ ਪਹਿਲੀ (ਜਨਵਰੀ-ਮਾਰਚ) ਤਿਮਾਹੀ 'ਚ ਅਮਰੀਕਾ ਨਾਲ ਚੀਨ ਦਾ ਵਪਾਰ ਸਰਪਲੱਸ 76.6 ਅਰਬ ਡਾਲਰ ਰਿਹਾ।



**ਅਮਰੀਕਾ ਨੂੰ ਹੋ ਰਿਹਾ ਭਾਰੀ ਨੁਕਸਾਨ**

ਚੀਨ ਦਾ ਅਮਰੀਕਾ ਨਾਲ ਵਪਾਰ ਸਰਪਲੱਸ ਵਧ ਰਿਹਾ ਹੈ ਤੇ ਅਮਰੀਕਾ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਇਸ ਕਾਰਨ ਅਮਰੀਕਾ ਨੇ ਚੀਨ 'ਤੇ ਭਾਰੀ ਟੈਕਸ ਲਗਾ ਦਿੱਤੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਪਾਰ ਨੀਤੀਆਂ ਵਿੱਚ ਹਾਲ ਹੀ ਵਿੱਚ ਕੀਤੇ ਗਏ ਸੋਧਾਂ ਦੇ ਮੁਤਾਬਕ, ਚੀਨ ਨੂੰ ਅਮਰੀਕਾ ਨੂੰ ਹੋਣ ਵਾਲੇ ਆਪਣੇ ਜ਼ਿਆਦਾਤਰ ਬਰਾਮਦ 'ਤੇ 145 ਫੀਸਦੀ ਡਿਊਟੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕਸਟਮ ਪ੍ਰਸ਼ਾਸਨ ਦੇ ਬੁਲਾਰੇ ਨੇ ਕਿਹਾ ਕਿ ਚੀਨ ਇੱਕ ਗੁੰਝਲਦਾਰ ਅਤੇ ਗੰਭੀਰ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ, ਪਰ ਉਹ ਆਤਮ ਸਮਰਪਣ ਨਹੀਂ ਕਰੇਗਾ।

(ਬਾਕੀ ਸਫ਼ਾ 31 'ਤੇ)

# ਤੇਲ ਬੰਦਰਗਾਹ 'ਤੇ ਅਮਰੀਕੀ ਹਮਲੇ 'ਚ 74 ਹਲਾਕ, 171 ਜ਼ਖ਼ਮੀ

ਦੁਬਈ/ਏ.ਟੀ.ਨਿਊਜ਼: ਯਮਨ ਵਿੱਚ ਹੂਤੀ ਬਾਗ਼ੀਆਂ ਦੇ ਕਬਜ਼ੇ ਵਾਲੀ ਰਾਸ ਈਸਾ ਤੇਲ ਬੰਦਰਗਾਹ 'ਤੇ ਅਮਰੀਕਾ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਵਿੱਚ 74 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 171 ਹੋਰ ਜ਼ਖ਼ਮੀ ਹੋ ਗਏ। ਹੂਤੀ ਬਾਗ਼ੀਆਂ ਨੇ ਇਹ ਦਾਅਵਾ ਕੀਤਾ ਹੈ। ਇਹ ਹਮਲਾ 15 ਮਾਰਚ ਤੋਂ ਜਾਰੀ ਅਮਰੀਕੀ ਹਵਾਈ ਹਮਲਿਆਂ ਦੀ ਲੜੀ 'ਚੋਂ ਸਭ ਤੋਂ ਘਾਤਕ ਹਮਲਿਆਂ 'ਚੋਂ ਇੱਕ ਸੀ।

ਅਮਰੀਕੀ ਫ਼ੌਜ ਦੀ 'ਸੈਂਟਰਲ ਕਮਾਂਡ' ਨੇ ਵੀ ਇਨ੍ਹਾਂ ਹਮਲਿਆਂ ਦੀ ਪੁਸ਼ਟੀ ਕੀਤੀ ਹੈ ਪਰ ਨੁਕਸਾਨ ਬਾਰੇ ਪੁੱਛੇ ਜਾਣ 'ਤੇ ਉਸ ਨੇ ਇਸ ਬਾਰੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਇਜ਼ਰਾਈਲੀ ਫ਼ੌਜ ਨੇ ਦੱਸਿਆ ਕਿ ਹੂਤੀ ਬਾਗ਼ੀਆਂ ਨੇ ਇਜ਼ਰਾਈਲ ਵੱਲ ਇੱਕ ਹੋਰ ਮਿਜ਼ਾਈਲ ਦਾਗੀ, ਜਿਸ ਨੂੰ ਇਜ਼ਰਾਈਲੀ ਫ਼ੌਜ ਨੇ ਵਿਚਾਲੇ ਹੀ ਰੋਕ ਦਿੱਤਾ।

# ਨੇਪਾਲ ਵੱਲੋਂ 21 ਪਹਾੜਾਂ 'ਤੇ ਚੜ੍ਹਨ ਲਈ 156 ਔਰਤਾਂ ਸਮੇਤ 704 ਪਰਬਤਾਰੋਹੀਆਂ ਨੂੰ ਪਰਮਿਟ ਜਾਰੀ

ਕਾਠਮੰਡੂ/ਏ.ਟੀ.ਨਿਊਜ਼: ਨੇਪਾਲ ਨੇ ਮਈ ਤੱਕ ਚੱਲਣ ਵਾਲੇ ਬਸੰਤ ਚੜ੍ਹਾਈ ਦੇ ਸੀਜ਼ਨ ਦੌਰਾਨ ਦੇਸ਼ ਦੇ 21 ਪਹਾੜਾਂ 'ਤੇ ਚੜ੍ਹਨ ਲਈ 156 ਔਰਤਾਂ ਸਮੇਤ 704 ਪਰਬਤਾਰੋਹੀਆਂ ਨੂੰ ਪਰਮਿਟ ਜਾਰੀ ਕੀਤੇ ਹਨ। ਉਨ੍ਹਾਂ ਵਿੱਚੋਂ 253 ਪੁਰਸ਼ਾਂ ਅਤੇ 58 ਔਰਤਾਂ ਨੂੰ ਮਾਊਂਟ ਕੋਮੋਲੰਗਮਾ ਨੂੰ ਚੜ੍ਹਨ ਦੀ ਇਜਾਜ਼ਤ ਦਿੱਤੀ ਗਈ, ਜੋ ਕਿ 8,848.86 ਮੀਟਰ ਦੀ ਉੱਚੀ ਦੁਨੀਆਂ ਦੀ ਸਭ ਤੋਂ ਉੱਚੀ ਚੋਟੀ ਹੈ, ਜੋ ਕਿ ਨੇਪਾਲ ਅਤੇ ਚੀਨ ਵਿਚਾਲੇ ਸਥਿਤ ਹੈ।



ਸੈਰ-ਸਪਾਟਾ ਵਿਭਾਗ ਦੇ ਨਿਰਦੇਸ਼ਕ ਲੀਲਾਧਰ ਅਵਸਥੀ ਨੇ ਪੱਤਰਕਾਰਾਂ ਨੂੰ ਦੱਸਿਆ, 'ਸਾਨੂੰ ਰੋਜ਼ਾਨਾ ਅਰਜ਼ੀਆਂ ਮਿਲ ਰਹੀਆਂ ਹਨ, ਮੁੱਖ ਤੌਰ 'ਤੇ ਮਾਊਂਟ ਕੋਮੋਲੰਗਮਾ ਲਈ।' ਨੇਪਾਲ ਨੇ ਪਰਮਿਟ ਜਾਰੀ ਕਰਕੇ 3.84 ਮਿਲੀਅਨ ਅਮਰੀਕੀ ਡਾਲਰ ਦਾ ਮਾਲੀਆ ਕਮਾਇਆ ਹੈ, ਜਿਸ ਵਿੱਚ ਸਿਰਫ਼ ਮਾਊਂਟ ਕੋਮੋਲੰਗਮਾ ਤੋਂ 3.38 ਮਿਲੀਅਨ ਡਾਲਰ ਦਾ ਮਾਲੀਆ ਹੈ। ਨੇਪਾਲੀ ਸਰਕਾਰ 1 ਸਤੰਬਰ ਤੋਂ ਜਦੋਂ ਪਤਝੜ ਚੜ੍ਹਾਈ ਸੀਜ਼ਨ ਸ਼ੁਰੂ ਹੋਵੇਗਾ, ਮਾਊਂਟ ਕੋਮੋਲੰਗਮਾ ਲਈ ਵਿਦੇਸ਼ੀ ਨਾਗਰਿਕਾਂ ਦੀ ਚੜ੍ਹਾਈ ਫੀਸ 5,500 ਡਾਲਰ ਤੋਂ ਵਧਾ ਕੇ 7,500 ਡਾਲਰ ਕਰਨ ਜਾ ਰਹੀ ਹੈ।




**Matrimonial**



Punjabi Sikh parents are seeking a suitable match for their 30-year-old son, who is a US citizen and 5'-5" tall. He is a university graduate with a Master of Science degree from Boston University and is currently employed as a scientist in a reputed company. We are looking for a professionally qualified girl from the USA or Canada. Please send your recent pictures and bio data to: b_kaur13@yahoo.com

# ਕੈਨੇਡਾ 'ਚ ਗੁਰਦੁਆਰਾ ਸਾਹਿਬ ਦੀਆਂ ਕੰਧਾਂ 'ਤੇ ਲਿਖੇ ਖ਼ਾਲਿਸਤਾਨ ਪੱਖੀ ਨਾਅਰੇ

➢ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਘਟਨਾ ਦੀ ਕੀਤੀ ਨਿਖੇਧੀ
➢ 1906 'ਚ ਹੋਇਆ ਸੀ 'ਰੌਸ ਸਟ੍ਰੀਟ' ਗੁਰਦੁਆਰੇ ਦਾ ਨਿਰਮਾਣ




ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਦੇ ਵੈਨਕੂਵਰ ਸਥਿਤ ਖ਼ਾਲਸਾ ਦੀਵਾਨ ਸੋਸਾਇਟੀ (ਕੇ.ਡੀ.ਐੱਸ.) ਗੁਰਦੁਆਰੇ ਜਾਂ ਰੌਸ ਸਟ੍ਰੀਟ ਗੁਰਦੁਆਰੇ 'ਚ ਪਿਛਲੇ ਦਿਨੀਂ ਰਾਤ ਸਮੇਂ ਭੰਨ੍ਹ-ਤੋੜ ਕੀਤੀ ਗਈ ਅਤੇ ਉਸ ਦੀਆਂ ਕੰਧਾਂ 'ਤੇ ਖਾਲਿਸਤਾਨ ਸਮਰਥਕ ਨਾਅਰੇ ਲਿਖ ਦਿੱਤੇ। ਇਸ ਘਟਨਾ ਨਾਲ ਸਥਾਨਕ ਸਿੱਖ ਭਾਈਚਾਰੇ 'ਚ ਨਾਰਾਜ਼ਗੀ ਹੈ।

ਰੌਸ ਸਟ੍ਰੀਟ ਗੁਰਦੁਆਰੇ ਦਾ ਨਿਰਮਾਣ 1906 'ਚ ਹੋਇਆ ਸੀ ਅਤੇ ਇਹ ਕੈਨੇਡਾ ਦੇ ਸਭ ਤੋਂ ਪੁਰਾਣੇ ਤੇ ਸਭ ਤੋਂ ਮਹੱਤਵਪੂਰਨ ਸਿੱਖ ਸੰਸਥਾਨਾਂ 'ਚੋਂ ਇੱਕ ਹੈ। ਇਸ ਦੇ ਪ੍ਰਬੰਧਨ ਨੇ ਐਕਸ 'ਤੇ ਤਸਵੀਰਾਂ ਸਾਂਝੀਆਂ ਕੀਤੀਆਂ, ਜਿਸ 'ਚ ਇਸ ਦੀ ਪਾਰਕਿੰਗ ਦੇ ਆਲੇ-ਦੁਆਲੇ ਦੀਆਂ ਕੰਧਾਂ 'ਤੇ ਕਈ ਜਗ੍ਹਾ 'ਤੇ ਸਪ੍ਰੇਅ ਪੇਂਟ ਨਾਲ 'ਖਾਲਿਸਤਾਨ ਜ਼ਿੰਦਾਬਾਦ' ਸ਼ਬਦ ਲਿਖਿਆ ਹੋਇਆ ਦਿਖਾਈ ਦੇ ਰਿਹਾ ਹੈ। ਕੇ.ਡੀ.ਐੱਸ. ਦੇ ਬੁਲਾਰੇ ਜਗ ਸੰਘੇਰਾ ਨੇ ਦੱਸਿਆ ਕਿ ਭੰਨ੍ਹ-ਤੋੜ ਵਿਆਪਕ ਸੀ। ਇਹ ਘਟਨਾ ਅਗਲੇ ਦਿਨ ਸਵੇਰੇ ਸਾਹਮਣੇ ਆਈ, ਉਸੇ ਦਿਨ ਸਰੀ 'ਚ ਦੁਨੀਆਂ ਦੀ ਸਭ ਤੋਂ ਵੱਡੀ ਵਿਸਾਖੀ ਪਰੇਡ ਦਾ ਆਯੋਜਨ ਕੀਤਾ ਗਿਆ ਸੀ। ਵੈਨਕੂਵਰ ਦਾ ਪੁਲਿਸ ਵਿਭਾਗ ਘਟਨਾ ਦੀ ਜਾਂਚ ਕਰ ਰਿਹਾ ਹੈ।

ਕੇ.ਡੀ.ਐੱਸ. ਨੇ ਘਟਨਾ ਦੀ ਨਿੰਦਾ ਕੀਤੀ ਅਤੇ ਕਿਹਾ,'ਖ਼ਾਲਿਸਤਾਨ ਦੀ ਪੈਰਵਾਈ ਕਰਨ ਵਾਲੇ ਸਿੱਖ ਵੱਖਵਾਦੀਆਂ ਦੇ ਇੱਕ ਛੋਟੇ ਜਿਹੇ ਗਰੁੱਪ ਨੇ ਖਾਲਿਸਤਾਨ ਜ਼ਿੰਦਾਬਾਦ ਵਰਗੇ ਵੰਡ ਪਾਊ ਨਾਅਰੇ ਲਿਖ ਕੇ ਸਾਡੀਆਂ ਪਵਿੱਤਰ ਕੰਧਾਂ ਨੂੰ ਗੰਦਾ ਕਰ ਦਿੱਤਾ। ਇਹ ਕਾਰਾ ਕੱਟੜਪੰਥੀ ਤਾਕਤਾਂ ਦੀ ਮੁਹਿੰਮ ਦਾ ਹਿੱਸਾ ਹੈ, ਜੋ ਕੈਨੇਡਾ ਦੇ ਸਿੱਖ ਭਾਈਚਾਰੇ 'ਚ ਡਰ ਅਤੇ ਵੱਖਵਾਦ ਪੈਦਾ ਕਰਨਾ ਚਾਹੁੰਦਾ ਹੈ। ਉਨ੍ਹਾਂ ਦੀ ਹਰਕਤਾਂ ਬਰਾਬਰੀ, ਸਨਮਾਨ ਅਤੇ ਆਪਸੀ ਸਹਿਯੋਗ ਦੀਆਂ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਦੀਆਂ ਹਨ, ਜੋ ਸਿੱਖ ਧਰਮ ਅਤੇ ਕੈਨੇਡਾ ਦੇ ਸਮਾਜ ਦਾ ਆਧਾਰ ਹਨ। ਉਨ੍ਹਾਂ ਦੀਆਂ ਹਰਕਤਾਂ ਨੂੰ ਅਸੀਂ ਸਫਲ ਨਹੀਂ ਹੋਣ ਦੇ ਸਕਦੇ ਤੇ ਨਾ ਹੀ ਹੋਣ ਦਿਆਂਗੇ।' ਕੇ.ਡੀ.ਐੱਸ. ਨੇ ਲੰਘੇ ਹਫਤੇ ਦੇ ਅਖੀਰ 'ਚ ਵੈਨਕੂਵਰ 'ਚ ਆਪਣੀ ਵਿਸਾਖੀ ਪਰੇਡ ਆਯੋਜਿਤ ਕੀਤੀ ਸੀ ਅਤੇ ਖ਼ਾਲਿਸਤਾਨ ਸਮਰਥਕ ਗਰੁੱਪਾਂ ਦੇ ਇਸ 'ਚ ਹਿੱਸਾ ਲੈਣ 'ਤੇ ਪਾਬੰਦੀ ਲਗਾ ਦਿੱਤੀ ਸੀ।

# ਕੈਨੇਡਾ 'ਚ ਪੁਲਿਸ ਅਫ਼ਸਰ ਬਣਿਆ ਬਠਿੰਡਾ ਦਾ ਨੌਜਵਾਨ



ਬਠਿੰਡਾ/ਏ.ਟੀ.ਨਿਊਜ਼: ਇੱਕ ਪਾਸੇ ਕੈਨੇਡਾ ਵਿੱਚ ਰੋਜ਼ਗਾਰ ਦੇ ਮੌਕੇ ਖਤਮ ਹੋਣ ਦੀ ਚਰਚਾ ਹੈ। ਦੂਜੇ ਪਾਸੇ ਬਠਿੰਡਾ ਦੇ ਇੱਕ ਨੌਜਵਾਨ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਕੈਨੇਡੀਅਨ ਪੁਲਿਸ ਵਿੱਚ ਇੱਕ ਅਫਸਰ ਵਜੋਂ ਸ਼ਾਮਲ ਹੋ ਕੇ ਇਸ ਖੇਤਰ ਦਾ ਨਾਂ ਰੌਸ਼ਨ ਕੀਤਾ ਹੈ। ਬਠਿੰਡਾ ਵਾਸੀ ਅੰਮ੍ਰਿਤਪਾਲ ਸਿੰਘ ਜੱਸਲ ਅਤੇ ਹਰਦੀਪ ਕੌਰ ਜੱਸਲ ਦੇ ਇਸ ਹੋਣਹਾਰ ਪੁੱਤਰ ਨੂੰ ਕੈਨੇਡਾ ਦੀ ਮੈਨੀਟੋਬਾ ਫਸਟ ਨੇਸ਼ਨ ਪੁਲਿਸ ਸਰਵਿਸ ਵਿੱਚ ਇੱਕ ਅਧਿਕਾਰੀ ਵਜੋਂ ਨਿਯੁਕਤ ਕੀਤਾ ਗਿਆ ਹੈ।

ਗੁਰਵੀਰ ਸਿੰਘ ਜੱਸਲ ਦੇ ਪਿਤਾ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਗੁਰਵੀਰ ਸਿੰਘ ਨੇ ਬਚਪਨ ਤੋਂ ਹੀ ਸਖ਼ਤ ਮਿਹਨਤ ਕੀਤੀ ਹੈ ਅਤੇ ਉਸ ਨੇ ਆਪਣੀ ਲਗਨ ਨਾਲ ਇਹ ਮੁਕਾਮ ਹਾਸਲ ਕੀਤਾ ਹੈ। ਦੂਜੇ ਪਾਸੇ ਗੁਰਵੀਰ ਸਿੰਘ ਨੇ ਇਸਨੂੰ ਆਪਣੇ ਮਾਪਿਆਂ ਦਾ ਆਸ਼ੀਰਵਾਦ ਅਤੇ ਪਰਮਾਤਮਾ ਦੀ ਕਿਰਪਾ ਦੱਸਿਆ ਅਤੇ ਕਿਹਾ ਕਿ ਉਹ ਆਪਣੀ ਡਿਊਟੀ ਇਮਾਨਦਾਰੀ ਅਤੇ ਲਗਨ ਨਾਲ ਨਿਭਾਏਗਾ। ਉਸਦੇ ਸਾਰੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਇਸ ਪ੍ਰਾਪਤੀ ਲਈ ਪਰਿਵਾਰ ਨੂੰ ਵਧਾਈ ਦਿੱਤੀ।

# ਕੈਨੇਡਾ ਸੰਸਦੀ ਚੋਣਾਂ ਦੌਰਾਨ ਕੁੰਢੀਆਂ ਦੇ ਸਿੰਗ ਫਸੇ...



ਵੈਨਕੂਵਰ/ਏ.ਟੀ.ਨਿਊਜ਼: ਕੈਨੇਡਿਆਈ ਸੰਸਦ ਦੀ 28 ਅਪ੍ਰੈਲ ਨੂੰ ਹੋਣ ਵਾਲੀ ਚੋਣ ਲਈ ਅਗਾਊਂ ਵੋਟਾਂ ਪਾਉਣ ਲਈ ਪਿਛਲੇ ਦਿਨੀਂ ਵੋਟ ਕੇਂਦਰ ਦੂਰ ਹੋਣ ਦੇ ਬਾਵਜੂਦ ਵੋਟਰਾਂ ਦੀਆਂ ਕਤਾਰਾਂ ਲੱਗੀਆਂ ਰਹੀਆਂ। ਇਸ ਤੋਂ ਅਗਲੇ ਦਿਨ ਅਗਾਊਂ ਵੋਟ ਕੇਂਦਰ ਬੰਦ ਹੋ ਗਏ ਤੇ ਬਾਕੀ ਵੋਟਰ 28 ਅਪ੍ਰੈਲ ਨੂੰ ਆਪਣੇ ਘਰਾਂ ਨੇੜਲੇ ਵੋਟ ਕੇਂਦਰਾਂ 'ਤੇ ਵੋਟ ਪਾ ਸਕਣਗੇ। 28 ਅਪ੍ਰੈਲ ਨੂੰ ਰਾਤ 9 ਵਜੇ ਤੱਕ ਵੋਟਾਂ ਪੈਣ ਮਗਰੋਂ ਵੋਟਾਂ ਦੀ ਗਿਣਤੀ ਸ਼ੁਰੂ ਹੋ ਜਾਵੇਗੀ ਤੇ ਅਗਲੀ ਸਵੇਰ 29 ਅਪ੍ਰੈਲ ਨੂੰ ਵੱਡੀ ਗਿਣਤੀ ਨਤੀਜੇ ਆਉਣ ਨਾਲ ਅਗਲੀ ਸਰਕਾਰ ਬਾਰੇ ਤਸਵੀਰ ਸਾਫ ਹੋ ਜਾਵੇਗੀ। ਲੰਘੇ ਦਿਨੀਂ ਪ੍ਰਮੁੱਖ ਪਾਰਟੀਆਂ ਦੇ ਆਗੂਆਂ ਦੀ ਫਰੈਂਚ ਤੇ ਅੰਗਰੇਜ਼ੀ ਭਾਸ਼ਾ ਵਿੱਚ ਹੋਈਆਂ ਜਨਤਕ ਬਹਿਸਾਂ ਦੀ ਸਮੀਖਿਆ ਤੋਂ ਪਤਾ ਲੱਗਦਾ ਹੈ ਕਿ ਲਿਬਰਲ ਆਗੂ ਅਤੇ ਮੌਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸੰਜੀਦਗੀ, ਠਰ੍ਹੰਮਾ ਅਤੇ ਬਾਦਲੀਲ ਜਵਾਬਾਂ ਮੂਹਰੇ ਵਿਰੋਧੀ ਆਗੂਆਂ ਦੇ ਤਿੱਖੇ ਸਵਾਲ ਦੀ ਲੋਕ ਮਨਾਂ ਉੱਤੇ ਬਹੁਤਾ ਪ੍ਰਭਾਵ ਨਹੀਂ ਪਾ ਸਕੇ। ਫਰੈਂਚ ਭਾਸ਼ਾ ਵਾਲੀ ਜਨਤਕ ਬਹਿਸ ਮੌਕੇ ਲਿਬਰਲ ਆਗੂ ਨੇ ਆਪਣੇ ਪੱਤੇ ਖੋਲ੍ਹਣ ਤੋਂ ਸੰਕੋਚ ਕੀਤਾ, ਕਿਉਂਕਿ ਆਮ ਕਰਕੇ ਇਹ ਬਹਿਸ ਕਿਊਬੈਕ ਸੂਬੇ ਤੱਕ ਸੀਮਤ ਰਹਿੰਦੀ ਹੈ।

(ਬਾਕੀ ਸਫ਼ਾ 30 'ਤੇ)

# ਇਟਲੀ ਦੇ ਸ਼ਹਿਰ ਕਰੇਮੋਨਾ ਵਿਖੇ ਸਜਾਇਆ ਗਿਆ ਨਗਰ ਕੀਰਤਨ

ਸੰਗਤ ਲਈ ਵੱਖ-ਵੱਖ ਥਾਵਾਂ 'ਤੇ ਲਗਾਏ ਗਏ ਸਨ ਲੰਗਰ



ਮਿਲਾਨ/ਏ.ਟੀ.ਨਿਊਜ਼: ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਜਾਏ ਖ਼ਾਲਸਾ ਸਾਜਨਾ ਦਿਵਸ ਦੀਆਂ ਬਾਤਾਂ ਅੱਜ ਪੂਰੀ ਦੁਨੀਆ ਵਿੱਚ ਪੈ ਰਹੀਆਂ ਹਨ। ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਵੱਲੋਂ ਇਸ ਪਵਿੱਤਰ ਦਿਹਾੜੇ ਨੂੰ ਸਮਰਪਿਤ ਅੰਮ੍ਰਿਤ ਸੰਚਾਰ, ਗੁਰਮਤਿ ਸਮਾਗਮ ਅਤੇ ਨਗਰ ਕੀਰਤਨ ਨਾਲ ਖ਼ਾਲਸਾ ਪੰਥ ਦੀਆ ਜੜ੍ਹਾਂ ਨੂੰ ਹੋਰ ਮਜਬੂਤ ਕਰਨ ਲਈ ਵੱਖ-ਵੱਖ ਉਪਰਾਲੇ ਕੀਤੇ ਜਾਂਦੇ ਹਨ।

ਇਟਲੀ ਦੇ ਜ਼ਿਲ੍ਹਾ ਕਰੇਮੋਨਾ ਦੇ ਨਜ਼ਦੀਕ ਸਥਿਤ ਗੁਰਦੁਆਰਾ ਸ਼੍ਰੀ ਗੁਰੂ ਕਲਗੀਧਰ ਸਾਹਿਬ ਵਿਖੇ ਸੰਗਤ ਵੱਲੋਂ ਖ਼ਾਲਸਾ ਪੰਥ ਸਾਜਨਾ ਦਿਵਸ ਦੀਆਂ ਖੁਸ਼ੀਆਂ ਮੌਕੇ ਮਹਾਨ ਨਗਰ ਕੀਰਤਨ ਸ਼ਹਿਰ ਸਜਾਇਆ ਗਿਆ। ਇਸ ਵਿੱਚ ਉੱਤਰੀ ਇਟਲੀ ਦੇ ਕਈ ਹਿੱਸਿਆਂ ਵਿੱਚ ਵਸਦੀਆਂ ਸੰਗਤਾਂ ਵੱਲੋਂ ਗੁਰਬਾਣੀ ਵਿਚਾਰਾਂ ਨੂੰ ਸਰਵਣ ਕੀਤਾ ਗਿਆ। ਨਗਰ ਕੀਰਤਨ ਦੀ ਆਰੰਭਤਾ ਧੰਨ-ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆ ਅਤੇ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਹੋਈ। ਸੰਗਤਾਂ ਦੁਆਰਾ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ ਗਿਆ। ਨਗਰ ਕੀਰਤਨ ਮੌਕੇ ਵੱਖ-ਵੱਖ ਰਾਗੀ ਸਿੰਘਾਂ ਦੁਆਰਾ ਇਲਾਹੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਬਾਬਾ ਜ਼ੋਰਾਵਰ ਸਿੰਘ ਬਾਬਾ ਫ਼ਤਿਹ ਸਿੰਘ ਦਸਤਾਰ ਲਹਿਰ ਇਟਲੀ ਦੇ ਸੇਵਾਦਾਰਾਂ ਵੱਲੋਂ ਨੌਜਵਾਨਾਂ ਦੇ ਦਸਤਾਰਾਂ ਸਜਾਈਆ ਗਈਆਂ। ਇਸ ਮੌਕੇ ਭਾਰਤ ਦੀ ਧਰਤੀ ਤੋਂ ਵਿਸ਼ੇਸ਼ ਢਾਡੀ ਭਾਈ ਹਰਜਿੰਦਰ ਸਿੰਘ ਪਰਵਾਨਾ ਦੁਆਰਾ ਆਈਆਂ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਇਆ ਗਿਆ।

ਗੱਤਕਾ ਅਕੈਡਮੀ ਦੇ ਸਿੰਘਾਂ ਵੱਲੋਂ ਗਤਕੇ ਦੇ ਜੌਹਰ ਵਿਖਾਉਂਦੇ ਹੋਏ ਇਸ ਨਗਰ ਕੀਰਤਨ ਦੀਆਂ ਰੌਣਕਾਂ ਨੂੰ ਹੋਰ ਵੀ ਚਾਰ ਚੰਨ ਲਾ ਦਿੱਤੇ। ਸੰਗਤਾਂ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਸ਼ਾਮ ਨੂੰ ਨਗਰ ਕੀਰਤਨ ਸਟੇਡੀਅਮ ਵਿਖੇ ਸਮਾਪਤ ਹੋਇਆ। ਜਿੱਥੇ ਨਗਰ ਕੀਰਤਨ ਸੰਗਤਾਂ ਲਈ ਪੰਡਾਲ ਸਜਾਇਆ ਗਿਆ ਅਤੇ ਸੰਗਤਾਂ ਲਈ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਗਏ। ਨਗਰ ਕੀਰਤਨ ਸਫ਼ਲਤਾ ਪੂਰਵਕ ਤੇ ਨਿਰਵਿਘਨ ਕਰਵਾਉਣ ਲਈ ਸਥਾਨਿਕ ਪੁਲਿਸ ਪ੍ਰਸ਼ਾਸਨ ਵੱਲੋਂ ਟ੍ਰੈਫ਼ਿਕ ਨੂੰ ਜਿਸ ਤਰ੍ਹਾਂ ਕੰਟਰੋਲ ਕੀਤਾ ਗਿਆ ਸੀ ਉਹ ਆਪਣੇ ਆਪ ਵਿੱਚ ਕਾਬਲੇ ਤਾਰੀਫ਼ ਸੀ।

ਨਗਰ ਕੀਰਤਨ ਦੀ ਸਮਾਪਤੀ ਉੱਤੇ ਪ੍ਰਬੰਧਕ ਕਮੇਟੀ ਵੱਲੋਂ ਹੋਰਨਾਂ ਗੁਰਦੁਆਰਾ ਸਾਹਿਬ ਤੋਂ ਆਏ ਹੋਏ ਪ੍ਰਬੰਧਕ ਕਮੇਟੀਆਂ ਸੇਵਾਵਾਂ ਵਿੱਚ ਹਿੱਸਾ ਪਾਉਣ ਵਾਲਿਆਂ ਨੂੰ ਸਨਮਾਨ ਚਿੰਨ ਭੇਂਟ ਕੀਤੇ। ਇਸ ਮੌਕੇ ਕਰੇਮੋਨਾ ਦੇ ਪ੍ਰਸ਼ਾਸਨਿਕ ਅਧਿਕਾਰੀ ਵੀ ਪਹੁੰਚੇ। ਉਹਨਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਬੰਧਕੀ ਕਮੇਟੀ ਵੱਲੋਂ ਆਈਆਂ ਸੰਗਤਾਂ ਨੂੰ ਜੀ ਆਇਆਂ ਆਖਿਆਂ ਅਤੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਜਾਏ ਨਗਰ ਕੀਰਤਨ ਦੀ ਵਧਾਈ ਦਿੱਤੀ।

# ਪੰਜਾਬੀਆਂ 'ਤੇ ਮੰਡਰਾ ਰਿਹਾ ਫ਼ੈਟੀ ਲਿਵਰ ਅਤੇ ਡਾਇਬਟੀਜ਼ ਬਿਮਾਰੀਆਂ ਦਾ ਵੱਡਾ ਖ਼ਤਰਾ !

➢ ਪੀੜਤ ਲੋਕਾਂ ਦੀ ਗਿਣਤੀ 53.5% ਪਹੁੰਚੀ ➢ ਭਾਰਤ ਵਿੱਚ ਟਾਪ 'ਤੇ ਚੰਡੀਗੜ੍ਹ, ਸਿਹਤ ਮਾਹਿਰਾਂ ਨੇ ਪ੍ਰਗਟਾਈ ਚਿੰਤਾ



ਚੰਡੀਗੜ੍ਹ/ਏ.ਟੀ.ਨਿਊਜ਼: ਚੰਡੀਗੜ੍ਹ ਤੋਂ ਹੈਰਾਨ ਕਰਨ ਵਾਲੀ ਰਿਪੋਰਟ ਨਿਕਲ ਕੇ ਸਾਹਮਣੇ ਆਈ ਹੈ। ਜਿਸ ਵਿੱਚ ਪਤਾ ਚੱਲਿਆ ਹੈ ਕਿ ਚੰਡੀਗੜ੍ਹ ਵਿੱਚ ਫ਼ੈਟੀ ਲਿਵਰ ਅਤੇ ਡਾਇਬਟੀਜ਼ ਦੀ ਸਮੱਸਿਆ ਬਹੁਤ ਹੀ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ। ਇੱਕ ਤਾਜ਼ਾ ਰਿਪੋਰਟ ਅਨੁਸਾਰ ਜਿਥੇ ਦੇਸ਼ ਭਰ ਵਿੱਚ ਹਰ 100 ਵਿੱਚੋਂ 38 ਵੱਡੇ ਲੋਕ ਫ਼ੈਟੀ ਲਿਵਰ ਦੀ ਬਿਮਾਰੀ ਨਾਲ ਜੂਝ ਰਹੇ ਹਨ, ਉਥੇ ਹੀ ਚੰਡੀਗੜ੍ਹ ਵਿੱਚ ਇਹ ਅੰਕੜਾ 53.5% ਤੱਕ ਪਹੁੰਚ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਮੱਸਿਆ ਹੁਣ ਸਿਰਫ਼ ਸ਼ਰਾਬ ਪੀਣ ਵਾਲਿਆਂ ਤੱਕ ਸੀਮਿਤ ਨਹੀਂ ਰਹੀ, ਸਗੋਂ ਜੰਕ ਫ਼ੂਡ, ਵੱਧ ਮਿੱਠਾ ਅਤੇ ਤੇਲ ਵਾਲਾ ਖਾਣਾ ਖਾਣ ਵਾਲਿਆਂ ਵਿੱਚ ਵੀ ਇਹ ਤੇਜ਼ੀ ਨਾਲ ਵਧ ਰਹੀ ਹੈ।

**ਬੱਚਿਆਂ ਅਤੇ ਨੌਜਵਾਨਾਂ ਵਿੱਚ ਵੀ ਵੱਧ ਰਿਹਾ ਖਤਰਾ**

ਪੀ.ਜੀ.ਆਈ. ਗੈਸਟਰੋਐਂਟਰੋਲੋਜੀ ਵਿਭਾਗ ਦੇ ਸਾਬਕਾ ਮੁਖੀ ਡਾ. ਰਾਕੇਸ਼ ਕੋਚਰ ਦੱਸਦੇ ਹਨ ਕਿ ਹੁਣ ਅਜਿਹੇ ਮਰੀਜ਼ ਵੀ ਸਾਹਮਣੇ ਆ ਰਹੇ ਹਨ ਜਿਨ੍ਹਾਂ ਨੇ ਕਦੇ ਵੀ ਸ਼ਰਾਬ ਦਾ ਸੇਵਨ ਨਹੀਂ ਕੀਤਾ, ਫ਼ਿਰ ਵੀ ਉਨ੍ਹਾਂ ਦੇ ਲਿਵਰ ਵਿੱਚ 5% ਤੋਂ ਵੱਧ ਚਰਬੀ ਜਮ ਚੁੱਕੀ ਹੈ। ਜੰਕ ਫ਼ੂਡ, ਮਿੱਠੇ ਡ੍ਰਿੰਕਸ ਅਤੇ ਜ਼ਿਆਦਾ ਬੈਠਣ ਵਾਲੀ ਜੀਵਨਸ਼ੈਲੀ ਇਸਦੀ ਸਭ ਤੋਂ ਵੱਡੀ ਵਜ੍ਹਾ ਬਣ ਰਹੀਆਂ ਹਨ। ਇਹ ਇੱਕ 'ਸਾਇਲੈਂਟ ਮਹਾਂਮਾਰੀ' ਬਣ ਚੁੱਕੀ ਹੈ ਕਿਉਂਕਿ ਇਸਦੇ ਲੱਛਣ ਉਸ ਵੇਲੇ ਤੱਕ ਸਾਹਮਣੇ ਨਹੀਂ ਆਉਂਦੇ ਜਦੋਂ ਤੱਕ ਲਿਵਰ ਗੰਭੀਰ ਤੌਰ 'ਤੇ ਖ਼ਤਰਨਾਕ ਨਹੀਂ ਹੋ ਜਾਂਦਾ। ਇਸ ਲਈ ਨਿਯਮਿਤ ਲਿਵਰ ਜਾਂਚ ਅਤੇ ਜੀਵਨਸ਼ੈਲੀ ਵਿੱਚ ਸੁਧਾਰ ਹੀ ਇਸਦੇ ਬਚਾਅ ਦਾ ਸਭ ਤੋਂ ਪ੍ਰਭਾਵਸ਼ਾਲੀ ਉਪਾਅ ਹੈ।

**ਲਿਵਰ ਕੈਂਸਰ ਤੱਕ ਦਾ ਸਫ਼ਰ ਹੋ ਸਕਦਾ ਹੈ ਘਾਤਕ**

ਡਾਕਟਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਮੇਂ 'ਤੇ ਫ਼ੈਟੀ ਲਿਵਰ, ਹੈਪੇਟਾਈਟਿਸ ਬੀ-ਸੀ ਜਾਂ ਵੱਧ ਸ਼ਰਾਬ ਦੇ ਸੇਵਨ ਵਰਗੀਆਂ ਸਮੱਸਿਆਵਾਂ ਦਾ ਇਲਾਜ ਨਾ ਕੀਤਾ ਜਾਵੇ, ਤਾਂ ਇਹ ਅੱਗੇ ਚੱਲੇ ਕੇ ਸਿਰੋਸਿਸ ਅਤੇ ਲਿਵਰ ਕੈਂਸਰ ਦਾ ਰੂਪ ਲੈ ਸਕਦੀਆਂ ਹਨ। ਜਦੋਂ ਮਰੀਜ਼ ਹਸਪਤਾਲ ਆਉਂਦੇ ਹਨ, ਤਦੋਂ ਤੱਕ ਲਿਵਰ ਦਾ ਵੱਡਾ ਹਿੱਸਾ ਡੈਮਜ਼ ਹੋ ਚੁੱਕਾ ਹੁੰਦਾ ਹੈ ਅਤੇ ਇਲਾਜ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਇਹ ਤਰੀਕੇ ਨਾਲ ਰੱਖੋ ਲਿਵਰ ਨੂੰ ਸਿਹਤਮੰਦ

ਸੰਤੁਲਿਤ ਅਤੇ ਪੌਸ਼ਟਿਕ ਆਹਾਰ ਖਾਓ – ਫ਼ਾਸਟ ਫ਼ੂਡ, ਪ੍ਰੋਸੈਸਡ ਫ਼ੂਡ, ਜ਼ਿਆਦਾ ਤੇਲ-ਘੀ ਅਤੇ ਚੀਨੀ ਤੋਂ ਪਰਹੇਜ਼ ਕਰੋ। ਸ਼ਰਾਬ ਤੋਂ ਪੂਰੀ ਤਰ੍ਹਾਂ ਦੂਰੀ ਬਣਾਓ। ਬਿਨਾਂ ਡਾਕਟਰ ਦੀ ਸਲਾਹ ਦੇ ਦਵਾਈਆਂ ਨਾ ਲਓ – ਖ਼ਾਸ ਤੌਰ 'ਤੇ ਹਰਬਲ ਜਾਂ ਕੱਚੀਆਂ ਦਵਾਈਆਂ। ਰੋਜ਼ਾਨਾ ਵਿਆਯਾਮ ਕਰੋ – ਇਸ ਨਾਲ ਸਰੀਰ ਵਿੱਚ ਬਲੱਡ ਸਰਕੂਲੇਸ਼ਨ ਸੁਧਰਦਾ ਹੈ ਅਤੇ ਲਿਵਰ ਦੀ ਚਰਬੀ ਘਟਦੀ ਹੈ।

# ਭਾਰਤੀ ਵਿਗਿਆਨੀ ਨਿੱਕੂ ਮਧੂਸੂਦਨ ਨੇ ਕੀਤੀ ਏਲੀਅਨ ਗ੍ਰਹਿ ਦੀ ਖੋਜ



ਲੰਡਨ/ਏ.ਟੀ.ਨਿਊਜ਼: ਵਿਗਿਆਨੀਆਂ ਨੇ ਧਰਤੀ ਤੋਂ 120 ਪ੍ਰਕਾਸ਼ ਸਾਲ ਦੂਰ ਇੱਕ ਗ੍ਰਹਿ 'ਤੇ ਜੀਵਨ ਬਾਰੇ ਇੱਕ ਬੇਮਿਸਾਲ ਖੋਜ ਕੀਤੀ ਹੈ, ਜੋ ਭਵਿੱਖ ਵਿੱਚ ਏਲੀਅਨਾਂ ਬਾਰੇ ਸਾਡੀ ਸੋਚ ਨੂੰ ਬਦਲ ਸਕਦੀ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਬੇਮਿਸਾਲ ਖੋਜ ਭਾਰਤੀ ਮੂਲ ਦੇ ਕੈਂਬਰਿਜ ਪ੍ਰੋਫੈਸਰ ਡਾ. ਨਿੱਕੂ ਮਧੂਸੂਦਨ ਦੁਆਰਾ ਕੀਤੀ ਗਈ ਹੈ। ਨਾਸਾ ਦੇ ਜੇਮਸ ਵੈੱਬ ਟੈਲੀਸਕੋਪ (ਜੇ.ਡਬਲਯੂ.ਐਸ.ਟੀ. ) ਤੋਂ ਪ੍ਰਾਪਤ ਡੇਟਾ ਦੀ ਵਰਤੋਂ ਕਰਦੇ ਹੋਏ, ਡਾ. ਮਧੂਸੂਦਨ ਅਤੇ ਉਨ੍ਹਾਂ ਦੀ ਟੀਮ ਨੇ ਦੂਰ ਗ੍ਰਹਿ ਕੇ 2-18ਬੀ ਦੇ ਵਾਯੂਮੰਡਲ ਵਿੱਚ ਮੀਥੇਨ ਅਤੇ ਕਾਰਬਨ ਡਾਈਆਕਸਾਈਡ ਵਰਗੇ ਅਣੂਆਂ ਦਾ ਪਤਾ ਲਗਾਇਆ ਹੈ, ਜੋ ਜੀਵਨ ਦੀ ਖੋਜ ਵਿੱਚ ਇੱਕ ਵੱਡਾ ਕਦਮ ਹੈ।

ਬੀ.ਬੀ.ਸੀ. ਦੀ ਰਿਪੋਰਟ ਦੇ ਅਨੁਸਾਰ, ਡਾ. ਮਧੂਸੂਦਨ ਨੇ ਇਸ ਨੂੰ ਧਰਤੀ ਤੋਂ ਬਾਹਰ ਜੀਵਨ ਦਾ ਹੁਣ ਤੱਕ ਦਾ ਸਭ ਤੋਂ ਮਜ਼ਬੂਤ ਸਬੂਤ ਦੱਸਿਆ ਹੈ। ਉਸਨੇ ਕਿਹਾ, 'ਮੈਂ ਯਥਾਰਥਕ ਤੌਰ 'ਤੇ ਕਹਿ ਸਕਦਾ ਹਾਂ ਕਿ ਅਸੀਂ ਇੱਕ ਤੋਂ ਦੋ ਸਾਲਾਂ ਦੇ ਅੰਦਰ ਇਸ ਸੰਕੇਤ ਦੀ ਪੁਸ਼ਟੀ ਕਰ ਸਕਦੇ ਹਾਂ।' ਵਿਗਿਆਨੀਆਂ ਦਾ ਮੰਨਣਾ ਹੈ ਕਿ ਕੇ2-18ਬੀ ਗ੍ਰਹਿ ਇੱਕ ਹਾਈਸੀਅਨ ਸੰਸਾਰ ਹੋ ਸਕਦਾ ਹੈ। ਇੱਕ ਹਾਈਸੀਅਨ ਸੰਸਾਰ ਇੱਕ ਅਜਿਹਾ ਸੰਸਾਰ ਹੈ ਜਿੱਥੇ ਹਾਈਡਰੋਜਨ ਨਾਲ ਭਰਪੂਰ ਵਾਤਾਵਰਣ ਅਤੇ ਸਮੁੰਦਰ ਹੁੰਦੇ ਹਨ।

(ਬਾਕੀ ਸਫ਼ਾ 30 'ਤੇ)

# ਭਾਰਤ ਵਿੱਚ ਬੱਚਿਆਂ ਦੀ ਤਸਕਰੀ 'ਚ ਹੋਇਆ ਵਾਧਾ

## ਭਾਰਤ ਵਿੱਚ ਹਰ ਅੱਠ ਮਿੰਟਾਂ ਵਿੱਚ ਇੱਕ ਬੱਚਾ ਹੋ ਜਾਂਦਾ ਹੈ ਲਾਪਤਾ: ਐਨ.ਸੀ.ਆਰ.ਬੀ.

### ਸਾਲ 2022 ਦੌਰਾਨ ਯੂ.ਪੀ. ਵਿੱਚ 16,262 ਅਗਵਾ ਦੇ ਮਾਮਲੇ ਕੀਤੇ ਦਰਜ





ਬਾਲ ਤਸਕਰੀ ਦੇ ਸ਼ਿਕਾਰ ਬੱਚਿਆਂ ਦਾ ਸ਼ੋਸ਼ਣ, ਅਗਵਾ ਅਤੇ ਦੁਰਵਿਵਹਾਰ ਕੀਤਾ ਜਾਂਦਾ ਹੈ। ਸਾਰੇ ਕਾਨੂੰਨਾਂ ਦੇ ਬਾਵਜੂਦ, ਇਹ ਭਾਰਤ ਵਿੱਚ ਰੁਕਣ ਦਾ ਨਾਮ ਨਹੀਂ ਲੈ ਰਿਹਾ। ਇਸ ਦਾ ਨਾ ਸਿਰਫ਼ ਬੱਚਿਆਂ ਦੇ ਜੀਵਨ 'ਤੇ , ਸਗੋਂ ਸਮਾਜ 'ਤੇ ਵੀ ਬਹੁਤ ਗੰਭੀਰ ਪ੍ਰਭਾਵ ਪੈ ਰਿਹਾ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਸਾਲ 2023 ਵਿੱਚ, ਭਾਰਤ ਵਿੱਚ ਲਗਭਗ ਵੀਹ ਹਜ਼ਾਰ ਬੱਚੇ ਸੜਕਾਂ 'ਤੇ ਰਹਿੰਦੇ ਸਨ। ਇਨ੍ਹਾਂ ਵਿੱਚੋਂ ਸਿਰਫ਼ ਦਸ ਹਜ਼ਾਰ ਬੱਚੇ ਆਪਣੇ ਪਰਿਵਾਰਾਂ ਨਾਲ ਸੜਕਾਂ 'ਤੇ ਰਹਿੰਦੇ ਸਨ ਅਤੇ ਬਾਕੀ ਬੇਘਰ ਸਨ। ਇਹ ਬੇਘਰ ਬੱਚੇ ਨਾ ਸਿਰਫ਼ ਬਾਲ ਮਜ਼ਦੂਰੀ ਅਤੇ ਤਸਕਰੀ ਦੇ ਸ਼ਿਕਾਰ ਹਨ, ਸਗੋਂ ਉਨ੍ਹਾਂ ਨੂੰ ਜਿਨਸੀ ਸ਼ੋਸ਼ਣ, ਸਰੀਰਕ ਸ਼ੋਸ਼ਣ ਅਤੇ ਪਰੇਸ਼ਾਨੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੇ ਅਨੁਸਾਰ, ਭਾਰਤ ਵਿੱਚ ਹਰ ਅੱਠ ਮਿੰਟਾਂ ਵਿੱਚ ਇੱਕ ਬੱਚਾ ਲਾਪਤਾ ਹੋ ਜਾਂਦਾ ਹੈ, ਜੋ ਕਿ ਬੱਚਿਆਂ ਦੀ ਤਸਕਰੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਹਾਲਾਂਕਿ 2022 ਦੀ ਰਿਪੋਰਟ ਵਿੱਚ ਬੱਚਿਆਂ ਦੀ ਤਸਕਰੀ ਦੇ ਮਾਮਲਿਆਂ ਦਾ ਸਪੱਸ਼ਟ ਤੌਰ 'ਤੇ ਇੱਕ ਵੱਖਰੀ ਸ਼੍ਰੇਣੀ ਵਜੋਂ ਜ਼ਿਕਰ ਨਹੀਂ ਕੀਤਾ ਗਿਆ ਹੈ, ਪਰ ਬੱਚਿਆਂ ਵਿਰੁੱਧ ਅਪਰਾਧਾਂ ਦੇ ਅੰਕੜੇ ਸਮੱਸਿਆ ਦੀ ਗੰਭੀਰਤਾ ਨੂੰ ਉਜਾਗਰ ਕਰਦੇ ਹਨ। ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਬੱਚਿਆਂ ਦੀ ਤਸਕਰੀ ਦੇ ਮਾਮਲੇ ਵਿੱਚ ਇੱਕ ਮਹੱਤਵਪੂਰਨ ਨਿਰਦੇਸ਼ ਵੀ ਦਿੱਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸਾਰੇ ਰਾਜਾਂ ਦੀਆਂ ਹਾਈ ਕੋਰਟਾਂ ਨੂੰ ਬਾਲ ਤਸਕਰੀ ਨਾਲ ਸਬੰਧਿਤ ਲੰਬਿਤ ਮਾਮਲਿਆਂ ਦੀ ਸਥਿਤੀ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਛੇ ਮਹੀਨਿਆਂ ਦੇ ਅੰਦਰ ਅਜਿਹੇ ਮਾਮਲਿਆਂ ਦਾ ਨਿਪਟਾਰਾ ਕਰਨਾ ਚਾਹੀਦਾ ਹੈ।

#### ਉੱਤਰ ਪ੍ਰਦੇਸ਼ ਸਿਖਰ 'ਤੇ

ਕੇਂਦਰ ਸਰਕਾਰ ਨੇ ਹਾਲ ਹੀ ਵਿੱਚ ਸੁਪਰੀਮ ਕੋਰਟ ਨੂੰ ਦੱਸਿਆ ਕਿ ਸਾਲ 2020 ਤੋਂ ਲਗਭਗ 36 ਹਜ਼ਾਰ ਬੱਚੇ ਲਾਪਤਾ ਹਨ, ਜੋ ਅਜੇ ਤੱਕ ਨਹੀਂ ਮਿਲੇ। ਉੱਤਰ ਪ੍ਰਦੇਸ਼ ਵਿੱਚ ਬੱਚਿਆਂ ਦੀ ਤਸਕਰੀ ਅਤੇ ਬੱਚਿਆਂ ਵਿਰੁੱਧ ਅਪਰਾਧਾਂ ਦੇ ਮਾਮਲੇ ਵਿੱਚ ਸਥਿਤੀ ਬਹੁਤ ਗੰਭੀਰ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੇ ਅੰਕੜਿਆਂ ਅਨੁਸਾਰ, ਦੇਸ਼ ਵਿੱਚ ਸਭ ਤੋਂ ਵੱਧ ਅਗਵਾ ਦੇ ਮਾਮਲੇ ਉੱਤਰ ਪ੍ਰਦੇਸ਼ ਵਿੱਚ ਦਰਜ ਕੀਤੇ ਜਾਂਦੇ ਹਨ। ਸਾਲ 2022 ਵਿੱਚ, ਯੂਪੀ ਵਿੱਚ 16,262 ਅਗਵਾ ਦੇ ਮਾਮਲੇ ਦਰਜ ਕੀਤੇ ਗਏ ਸਨ। ਕੋਵਿਡ ਤੋਂ ਬਾਅਦ, ਯੂ.ਪੀ. ਵਿੱਚ ਬੱਚਿਆਂ ਦੀ ਤਸਕਰੀ ਦੇ ਮਾਮਲਿਆਂ ਵਿੱਚ ਅਚਾਨਕ ਵਾਧਾ ਹੋਇਆ। ਕੋਵਿਡ ਤੋਂ ਪਹਿਲਾਂ, ਯਾਨੀ ਕਿ ਸਾਲ 2019 ਵਿੱਚ, ਜਦੋਂ ਕਿ ਯੂਪੀ ਵਿੱਚ ਬੱਚਿਆਂ ਦੀ ਤਸਕਰੀ ਦੇ 267 ਮਾਮਲੇ ਦਰਜ ਕੀਤੇ ਗਏ ਸਨ, 2022 ਵਿੱਚ ਇਹ ਗਿਣਤੀ ਵਧ ਕੇ 1,214 ਹੋ ਗਈ ਹੈ। ਨੋਬਲ ਪੁਰਸਕਾਰ ਜੇਤੂ ਅਤੇ ਬਾਲ ਮਜ਼ਦੂਰੀ 'ਤੇ ਕੰਮ ਕਰਨ ਵਾਲੇ ਸਮਾਜਿਕ ਕਾਰਕੁਨ ਕੈਲਾਸ਼ ਸਤਿਆਰਥੀ ਦੀ ਸੰਸਥਾ, ਕੈਲਾਸ਼ ਸਤਿਆਰਥੀ ਚਿਲਡਰਨ ਫਾਊਂਡੇਸ਼ਨ ਦੁਆਰਾ ਤਿਆਰ ਕੀਤੀ ਗਈ ਇੱਕ ਰਿਪੋਰਟ ਦਰਸਾਉਂਦੀ ਹੈ ਕਿ ਕੋਵਿਡ-19 ਤੋਂ ਬਾਅਦ, ਬੱਚਿਆਂ ਦੀ ਤਸਕਰੀ ਦੇ ਮਾਮਲਿਆਂ ਵਿੱਚ 68 ਪ੍ਰਤੀਸ਼ਤ ਤੱਕ ਵਾਧਾ ਹੋਇਆ ਹੈ।


ਇਸ ਰਿਪੋਰਟ ਦੇ ਅਨੁਸਾਰ, 2016 ਤੋਂ 2022 ਤੱਕ, 13,549 ਬੱਚਿਆਂ ਨੂੰ ਤਸਕਰੀ ਤੋਂ ਬਚਾਇਆ ਗਿਆ, ਜਿਨ੍ਹਾਂ ਵਿੱਚੋਂ 80 ਪ੍ਰਤੀਸ਼ਤ ਦੀ ਉਮਰ 13 ਤੋਂ 18 ਸਾਲ ਦੇ ਵਿਚਕਾਰ ਸੀ। ਬੱਚਿਆਂ ਦੀ ਤਸਕਰੀ ਦੇ ਮੁੱਖ ਕਾਰਨ ਅਨਪੜ੍ਹਤਾ, ਗਰੀਬੀ ਅਤੇ ਬੇਰੁਜ਼ਗਾਰੀ ਹਨ। ਇਸ ਤੋਂ ਇਲਾਵਾ, ਸਮਾਜਿਕ ਵਿਤਕਰੇ ਕਾਰਨ ਦਲਿਤ ਅਤੇ ਆਦਿਵਾਸੀ ਭਾਈਚਾਰਿਆਂ ਦੇ ਬੱਚਿਆਂ ਨੂੰ ਇਸ ਦਾ ਸ਼ਿਕਾਰ ਹੋਣ ਦਾ ਖ਼ਤਰਾ ਵਧੇਰੇ ਹੁੰਦਾ ਹੈ। ਆਰਥਿਕ ਤੰਗੀ ਕਾਰਨ, ਬਹੁਤ ਸਾਰੇ ਪਰਿਵਾਰ ਆਪਣੇ ਬੱਚਿਆਂ ਨੂੰ ਕੰਮ 'ਤੇ ਭੇਜਣ ਲਈ ਮਜਬੂਰ ਹੁੰਦੇ ਹਨ ਅਤੇ ਕਈ ਵਾਰ ਇਹ ਬੱਚੇ ਤਸਕਰਾਂ ਦੇ ਹੱਥਾਂ ਵਿੱਚ ਆ ਜਾਂਦੇ ਹਨ। ਰਾਜ ਪੁਲਿਸ ਬੱਚਿਆਂ ਦੀ ਤਸਕਰੀ ਨੂੰ ਰੋਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਪਰ ਕਈ ਵਾਰ, ਇਸ ਅਪਰਾਧ ਵਿੱਚ ਸ਼ਾਮਲ ਲੋਕਾਂ ਦੀਆਂ ਕਾਨੂੰਨੀ ਪੇਚੀਦਗੀਆਂ ਅਤੇ ਰਾਜਨੀਤਿਕ ਗਠਜੋੜ ਇਸਨੂੰ ਬੇਵੱਸ ਬਣਾ ਦਿੰਦੇ ਹਨ। ਉੱਤਰ ਪ੍ਰਦੇਸ਼ ਦੇ ਇੱਕ ਸੀਨੀਅਰ ਪੁਲਿਸ ਅਧਿਕਾਰੀ ਅਨੁਸਾਰ ਅੱਜਕੱਲ੍ਹ ਹਸਪਤਾਲ ਬੱਚਿਆਂ ਦੀ ਤਸਕਰੀ ਦਾ ਇੱਕ ਵੱਡਾ ਮਾਧਿਅਮ ਬਣ ਗਏ ਹਨ। ਹਸਪਤਾਲਾਂ ਵਿੱਚ, ਸਿਰਫ ਛੋਟੇ ਗਿਰੋਹ ਹੀ ਨਹੀਂ ਬਲਕਿ ਕਈ ਵਾਰ ਹਸਪਤਾਲ ਪ੍ਰਸ਼ਾਸਨ ਵੀ ਇਨ੍ਹਾਂ ਅਪਰਾਧਾਂ ਵਿੱਚ ਸ਼ਾਮਲ ਹੁੰਦਾ ਹੈ। ਇਸ ਤੋਂ ਵੀ ਗੰਭੀਰ ਗੱਲ ਇਹ ਹੈ ਕਿ ਕਈ ਵਾਰ ਮਾਪੇ ਵੀ ਪੈਸੇ ਦੇ ਲਾਲਚ ਲਈ ਬੱਚਿਆਂ ਦੀ ਤਸਕਰੀ ਵਿੱਚ ਸ਼ਾਮਲ ਹੋ ਜਾਂਦੇ ਹਨ।

#### ਕਾਨੂੰਨ ਕੀ ਕਹਿੰਦਾ ਹੈ ?

ਭਾਰਤ ਵਿੱਚ ਬੱਚਿਆਂ ਦੀ ਤਸਕਰੀ ਨਾਲ ਨਜਿੱਠਣ ਲਈ ਕਈ ਕਾਨੂੰਨ ਹਨ, ਜਿਨ੍ਹਾਂ ਵਿੱਚ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.), ਅਨੈਤਿਕ ਵਿਉਪਾਰ (ਰੋਕਥਾਮ) ਐਕਟ 1956, ਬੱਚਿਆਂ ਦੀ ਸੁਰੱਖਿਆ ਐਕਟ 2012 ਅਤੇ ਜੁਵੇਨਾਈਲ ਜਸਟਿਸ ਐਕਟ 2000 ਸ਼ਾਮਲ ਹਨ। ਇਸ ਤੋਂ ਇਲਾਵਾ, ਸੰਵਿਧਾਨ ਦੀ ਧਾਰਾ 23 ਵਿੱਚ ਵੀ ਮਨੁੱਖੀ ਤਸਕਰੀ 'ਤੇ ਪਾਬੰਦੀ ਲਗਾਈ ਗਈ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਬੱਚਿਆਂ ਦੀ ਤਸਕਰੀ ਸੰਬੰਧੀ ਕਾਨੂੰਨ ਹਨ ਪਰ ਸਭ ਤੋਂ ਵੱਡੀ ਕਮੀ ਉਨ੍ਹਾਂ ਨੂੰ ਲਾਗੂ ਕਰਨ ਅਤੇ ਬੱਚਿਆਂ ਦੀ ਦੇਖਭਾਲ ਵਿੱਚ ਹੈ। ਸੁਪਰੀਮ ਕੋਰਟ ਦੇ ਵਕੀਲ ਹਰਵਿੰਦਰ ਸਿੰਘ ਫੂਲਕਾ ਕਹਿੰਦੇ ਹਨ ਕਿ ਗਰੀਬੀ ਅਤੇ ਆਰਥਿਕ ਅਸਮਾਨਤਾ ਦੇ ਕਾਰਨ, ਬੱਚੇ ਅਕਸਰ ਤਸਕਰੀ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਆਸਾਨ ਨਿਸ਼ਾਨਾ ਬਣ ਜਾਂਦੇ ਹਨ। ਕਾਨੂੰਨਾਂ ਦੀ ਕਮਜ਼ੋਰੀ ਵੀ ਇਸ ਨੂੰ ਉਤਸ਼ਾਹਿਤ ਕਰਦੀ ਹੈ। ਜੇਕਰ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਨਹੀਂ ਕੀਤੀ ਜਾਂਦੀ, ਤਾਂ ਤਸਕਰੀ ਕਰਨ ਵਾਲੇ ਬਚ ਜਾਂਦੇ ਹਨ। ਤਕਨਾਲੋਜੀ ਦੀ ਦੁਰਵਰਤੋਂ ਵੀ ਬੱਚਿਆਂ ਦੀ ਤਸਕਰੀ ਨੂੰ ਉਤਸ਼ਾਹਿਤ ਕਰਦੀ ਹੈ। ਅੱਜਕੱਲ੍ਹ, ਤਸਕਰੀ ਕਰਨ ਵਾਲੇ ਬੱਚਿਆਂ ਨਾਲ ਗੱਲਬਾਤ ਕਰਨ ਅਤੇ ਫਿਰ ਉਨ੍ਹਾਂ ਨੂੰ ਫਸਾਉਣ ਲਈ ਔਨਲਾਈਨ ਪਲੇਟਫਾਰਮਾਂ ਦੀ ਵਰਤੋਂ ਕਰਦੇ ਹਨ ਭਾਰਤ ਵਿੱਚ ਬੱਚਿਆਂ ਦੀ ਤਸਕਰੀ ਲਈ ਵੱਖਰੇ ਕਾਨੂੰਨ ਦੀ ਅਣਹੋਂਦ ਵੀ ਇਸ ਸਮੱਸਿਆ ਨੂੰ ਰੋਕਣ ਵਿੱਚ ਇੱਕ ਰੁਕਾਵਟ ਹੈ। ਅਨੈਤਿਕ ਟ੍ਰੈਫਿਕ (ਰੋਕਥਾਮ) ਐਕਟ ਵਰਗੇ ਕਾਨੂੰਨ ਹਨ ਪਰ ਇਹ ਸਿਰਫ਼ ਵੇਸਵਾਗਮਨੀ 'ਤੇ ਕੇਂਦ੍ਰਿਤ ਹਨ। ਇਸ ਤੋਂ ਇਲਾਵਾ, ਕਿਸ਼ੋਰ ਨਿਆਂ ਐਕਟ ਅਤੇ ਬੰਧੂਆ ਮਜ਼ਦੂਰੀ ਪ੍ਰਣਾਲੀ (ਖਤਮ) ਐਕਟ ਉਪਲਬਧ ਹਨ ਪਰ ਨਾਕਾਫ਼ੀ ਹਨ। ਗ੍ਰਹਿ ਮੰਤਰਾਲਾ ਬਾਲ ਤਸਕਰੀ ਨਾਲ ਸਬੰਧਤ ਦਿਸ਼ਾ-ਨਿਰਦੇਸ਼ ਜਾਰੀ ਕਰਦਾ ਹੈ ਪਰ ਉਨ੍ਹਾਂ ਨੂੰ ਲਾਗੂ ਕਰਨਾ ਰਾਜ ਸਰਕਾਰ ਦਾ ਕੰਮ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਵਿਸਾਖੀ ਅਤੇ ਖ਼ਾਲਸਾ ਸਾਜਨਾ ਦਿਹਾੜੇ ’ਤੇ ਨਗਰ ਕੀਰਤਨ ਮੌਕੇ ਖ਼ਾਲਸਾਈ ਜਾਹੋ-ਜਲਾਲ ’ਚ ਰੰਗਿਆ ਗਿਆ ਕੈਨੇਡਾ ਦਾ ਸ਼ਹਿਰ ਸਰੀ

## ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਿੱਖਾਂ ਲਈ ਹਾਅ ਦਾ ਨਾਅਰਾ ਮਾਰਨ ਲਈ ਸਨਮਾਨਿਤ












ਸਰੀ/ਡਾ.ਗੁਰਵਿੰਦਰ ਸਿੰਘ : ਕੈਨੇਡਾ ਦੀ ਧਰਤੀ ’ਤੇ ‘ਸਿੱਖ ਵਿਰਾਸਤ’ ਮਹੀਨੇ ਦੌਰਾਨ ਖ਼ਾਲਸਾ ਦਿਹਾੜੇ ਨੂੰ ਸਮਰਪਿਤ, ਗੁਰਦੁਆਰਾ ਦਸ਼ਮੇਸ਼ ਦਰਬਾਰ ਸਾਹਿਬ ਸਰੀ ਵੱਲੋਂ ਸਜਾਏ ਮਹਾਨ ਨਗਰ ਕੀਰਤਨ ਵਿੱਚ ਦੇਸ਼ ਵਿਦੇਸ਼ ਤੋਂ, ਸਾਢੇ ਪੰਜ ਲੱਖ ਤੋਂ ਵੱਧ ਸਿੱਖ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਸਰੀ ਸ਼ਹਿਰ ਖ਼ਾਲਸਾਈ ਜਾਹੋ-ਜਲਾਲ ਵਿੱਚ ਰੰਗਿਆ ਗਿਆ। ਕੈਨੇਡਾ ਦੇ ਮੂਲ ਨਿਵਾਸੀਆਂ ਦੀ ਰਵਾਇਤੀ ਅਰਦਾਸ ਨਾਲ ਆਰੰਭ ਹੋਏ ਨਗਰ ਕੀਰਤਨ ਮੌਕੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਾਲਕੀ ਦੇ ਵਿੱਚ ਸੁਸ਼ੋਭਿਤ ਕੀਤੇ ਹੋਏ ਸਨ, ਜਿਨ੍ਹਾਂ ਦੇ ਅੱਗੇ ਗੱਤਕੇ ਦੇ ਤਿਆਰ-ਬਰ-ਤਿਆਰ ਸਿੱਖ ਬੱਚੇ-ਬੱਚੀਆਂ ਸਲਾਮੀ ਦੇ ਰਹੇ ਸਨ।

ਸਿੱਖੀ ਮਰਿਆਦਾ ਅਨੁਸਾਰ ਪ੍ਰਭਾਵਸ਼ਾਲੀ ਤੇ ਮਨਮੋਹਕ ਢੰਗ ਨਾਲ ਸਜਾਏ ਗਏ ਗੁਰੂ ਗ੍ਰੰਥ ਸਾਹਿਬ ਦੇ ਵਾਹਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਗੁਰੂ ਨਾਨਕ ਸਾਹਿਬ ਦੇ ਆਰੰਭ ਕੀਤੇ ਸਿੱਖੀ ਸਿਧਾਂਤਾਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਕੀਤੇ ਖ਼ਾਲਸੇ, ਗੁਰਬਾਣੀ ਦੀ ਪ੍ਰੇਰਨਾ ਤੇ ਇਤਿਹਾਸ ਨੂੰ ਵਰਤਮਾਨ ਵਿੱਚ ਅਪਨਾਉਂਦਿਆਂ, ਸੰਗਤਾਂ ਨੇ ਬਾਣੀ ਅਤੇ ਸਿਧਾਂਤਕ ਗਿਆਨ ਦਾ ਭਰਪੂਰ ਆਨੰਦ ਮਾਣਿਆ।

ਇਸ ਵਾਰ ਨਗਰ ਕੀਰਤਨ ਵਿੱਚ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਕੇਂਦਰ ਬਿੰਦੂ ਰਹੀਆਂ। ਸਰੀ, ਵੈਨਕੂਵਰ ਨਿਊਵੈਸਟ ਮਨਿਸਟਰ ਅਤੇ ਐਬਟਸਫੋਰਡ ਦੇ ਵੱਖ-ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿੱਚ ਨੌਜਵਾਨ ਖ਼ਾਲਿਸਤਾਨ ਦੇ ਝੰਡੇ ਲਹਿਰਾ ਰਹੇ ਸਨ ਅਤੇ ਖ਼ਾਲਸਾ ਰਾਜ ਦੀ ਕਾਮਨਾ ਕਰ ਰਹੇ ਸਨ। ਸਰੀ ਵਿੱਚ ਚਲਦੇ ਪ੍ਰਮੁੱਖ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਸਟੇਜਾਂ ਸਜਾਈਆਂ ਗਈਆਂ ਸਨ, ਜਿੱਥੋਂ ਗੁਰਬਾਣੀ ਦਾ ਕੀਰਤਨ ਪ੍ਰਸਾਰਤ ਹੋ ਰਿਹਾ ਸੀ, ਢਾਡੀਆਂ ਦੀਆਂ ਵਾਰਾਂ ਗੂੰਜ ਰਹੀਆਂ ਸਨ ਅਤੇ ਲੀਡਰਾਂ ਦੇ ਭਾਸ਼ਣ ਸੁਣਾਈ ਦੇ ਰਹੇ ਸਨ। ਖ਼ਾਲਸਾ ਦਿਹਾੜੇ ’ਤੇ ਸਰੀ ਦੇ ਵਿਸ਼ਾਲ ਨਗਰ ਕੀਰਤਨ ਵਿੱਚ ਪ੍ਰਬੰਧਕਾਂ ਅਤੇ ਸੰਗਤਾਂ ਵੱਲੋਂ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਵਿੱਚ ਸਿੱਖਾਂ ਦੇ ਹੱਕਾਂ ਲਈ ਡਟਣ ਅਤੇ ਕੈਨੇਡੀਅਨ ਨਾਗਰਿਕ ਤੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਦੇ ਪ੍ਰਧਾਨ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਇੰਡੀਅਨ ਸਟੇਟ ਦੁਆਰਾ ਕੀਤੇ ਕਤਲ ਬਾਰੇ ਪਾਰਲੀਮੈਂਟ ਵਿੱਚ ਸੱਚਾਈ ਜਨਤਕ ਕਰਨ ਲਈ, ਇਸ ਵਰੇ ਦਾ ਵਿਸ਼ੇਸ਼ ਸਨਮਾਨ ਦਿੱਤਾ ਗਿਆ, ਜੋ ਕਿ ਜਸਟਿਨ ਟਰੂਡੋ ਦੀ ਗੈਰ-ਮੌਜੂਦਗੀ ’ਚ ਸਰੀ ਨਿਊਟਨ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਸੁਖ ਧਾਲੀਵਾਲ ਨੇ ਲਿਆ ਅਤੇ ਸਨਮਾਨ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਜਸਟਿਨ ਟਰੂਡੋ ਦੀ ਸਿੱਖਾਂ ਲਈ ਇਤਿਹਾਸਿਕ ਦੇਣ ਦੇ ਵੱਖ-ਵੱਖ ਪਹਿਲੂਆਂ ’ਤੇ ਰੌਸ਼ਨੀ ਪਾਈ। ਗੁਰਦੁਆਰਾ ਦਸ਼ਮੇਸ਼ ਦਰਬਾਰ ਦੇ ਸੇਵਾਦਾਰਾਂ ਅਤੇ ਸਰੀ ਨਗਰ ਕੀਰਤਨ ਦੇ ਪ੍ਰਬੰਧਕਾਂ ਨੇ ਇਸ ਮੌਕੇ ’ਤੇ ਬੋਲਦਿਆਂ ਕਿਹਾ ਕਿ ਜਸਟਿਨ ਟਰੂਡੋ ਦੀ ਸਿੱਖ ਕੌਮ ਸਦਾ ਰਿਣੀ ਹੈ ਅਤੇ ਨਵਾਬ ਮਲੇਰਕੋਟਲਾ ਵਾਂਗ, ਜੋ ਵੀ ਸਿੱਖਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦਾ ਹੈ, ਸਿੱਖ ਉਸ ਨੂੰ ਕਦੇ ਨਹੀਂ ਭੁਲਾਉਂਦੇ।



28 ਅਪ੍ਰੈਲ ਨੂੰ ਕੈਨੇਡਾ ਵਿੱਚ ਹੋਰ ਰਹੀਆਂ ਫੈਡਰਲ ਚੋਣਾਂ ਦੇ ਮੱਦੇ ਨਜ਼ਰ ਇਸ ਨਗਰ ਕੀਰਤਨ ਵਿੱਚ ਫੈਡਰਲ ਆਗੂਆਂ ’ਚੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰਾਂ ਟੋਰੀ ਆਗੂ ਪੀਅਰ ਪੌਲੀਏਵ ਆਤੇ ਨਿਊ ਡੈਮੋਕਰੇਟ ਪਾਰਟੀ ਆਗੂ ਜਗਮੀਤ ਸਿੰਘ ਨੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ। ਇਹਨਾਂ ਲੀਡਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪ੍ਰਗਟ ਦਿਹਾੜੇ ਦੇ ਸਬੰਧ ਵਿੱਚ ਸਿੱਖਾਂ ਨੂੰ ਮੁਬਾਰਕਾਂ ਦਿੱਤੀਆਂ ਅਤੇ ਕੈਨੇਡਾ ਦੇ ਵਿਕਾਸ ਵਿੱਚ ਸਿੱਖਾਂ ਦੇ ਪਾਏ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕੀਤੀ। ਪ੍ਰਧਾਨ ਮੰਤਰੀ ਤੇ ਲਿਬਰਲ ਆਗੂ ਮਾਰਕ ਕਾਰਨੀ ਨੇ ਇਸ ਮੌਕੇ ਤੇ ਆਪਣੇ ਪ੍ਰਤੀਨਿਧਾਂ ਰਾਹੀਂ ਸਿੱਖ ਭਾਈਚਾਰੇ ਨੂੰ ਵਧਾਈ ਸੰਦੇਸ਼ ਭੇਜਿਆ।

ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਡੇਵਿਡ ਈਬੀ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵਿਕਾਸ ਵਿੱਚ ਸਿੱਖ ਭਾਈਚਾਰੇ ਵਲੋਂ ਪਾਏ ਯੋਗਦਾਨ ਦੀ ਗੱਲ ਕਰਦਿਆਂ, ਉਨ੍ਹਾਂ ਨੂੰ ਭਾਈਚਾਰਕ ਏਕਤਾ ਦੇ ਹਾਮੀ ਦੱਸਿਆ। ਕੀਰਤਨ ਦੌਰਾਨ ਸਰੀ ਦੀ ਮੇਅਰ ਬਰਿੰਡਾ ਲੌਕ ਨੇ ਵੀ ਸੰਬੋਧਨ ਕੀਤਾ। ਵਿਲੱਖਣ ਗੱਲ ਇਹ ਸੀ ਕਿ ਨਗਰ ਕੀਰਤਨ ਵਿੱਚ ਸਿੱਖਾਂ ਤੋਂ ਇਲਾਵਾ ਹਿੰਦੂ, ਇਸਾਈ, ਮੂਲ ਨਿਵਾਸੀ, ਮੁਸਲਿਮ, ਯਹੂਦੀ, ਖੱਬੇ ਪੱਖੀ, ਤਰਕਸ਼ੀਲ ਅਤੇ ਹੋਰਨਾਂ ਕੌਮਾਂ ਦੇ ਲੱਖਾਂ ਦੀ ਗਿਣਤੀ ਵਿਚ ਨੌਜਵਾਨ, ਬੱਚੇ ਅਤੇ ਬਜ਼ੁਰਗ ਵੀ ਉਤਸ਼ਾਹ ਨਾਲ ਸ਼ਾਮਲ ਹੋਏ। ਉਹਨਾਂ ਤੋਂ ਇਲਾਵਾ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਵਿਦਿਅਕ ਖੇਤਰ ਦੀਆਂ ਸ਼ਖਸੀਅਤਾਂ ਨੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ ਤੇ ਸੰਗਤਾਂ ਨੂੰ ਵਿਸਾਖੀ ਦੇ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ।

ਨਗਰ ਕੀਰਤਨ ਦੌਰਾਨ ਸਿੱਖ ਮੋਟਰਸਾਈਕਲ ਕਲੱਬਾਂ ਦੇ ਮੈਂਬਰਾਂ ਨੇ ਜਿਥੇ ਕੈਨੇਡਾ ਵਿੱਚ ਸਿੱਖੀ ਦੀ ਸ਼ਾਨ ਦਾ ਪ੍ਰਦਰਸ਼ਨ ਕੀਤਾ, ਉਥੇ ਵੱਖ-ਵੱਖ ਸੰਸਥਾਵਾਂ ਦੇ ਮੈਂਬਰਾਂ ਨੇ ਬੱਚਿਆਂ ਤੇ ਗੈਰ ਸਿੱਖਾਂ ਦੇ ਸਿਰਾਂ ਦੇ ਕੇਸਰੀ ਦਸਤਾਰਾਂ ਸਜਾਉਣ ਦੀ ਸੇਵਾ ਨਿਭਾਈ। ਖ਼ਾਲਸਾ ਪੰਥ ਦੀ ਸ਼ਾਨ ਸਰੀ ਨਗਰ ਕੀਰਤਨ ਜਿੱਥੇ ਖ਼ਾਲਸਾ ਦਿਹਾੜੇ, ਗੁਰੂ ਸਾਹਿਬਾਨ ਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਝਾਕੀਆਂ ਪੇਸ਼ ਕਰ ਰਿਹਾ ਸੀ, ਉੱਥੇ ਖਾਲਿਸਤਾਨ ਦੀ ਮੰਗ ਕਰਦੇ ਪੰਜਾਬ ਰੈਫਰੈਂਡਮ ਦੀ ਜ਼ੋਰਦਾਰ ਆਵਾਜ਼ ਤੋਂ ਇਲਾਵਾ, ਖ਼ਾਲਸਾ ਏਡ ਸੰਸਥਾ ਦੇ ਸਟਾਲ, ਸਿੱਖ ਕੌਮ ਦੇ ਮਹਾਨ ਸੇਵਾਦਾਰ ਭਗਤ ਪੂਰਨ ਸਿੰਘ ਪਿੰਗਲਵਾੜਾ ਸੰਸਥਾ ਤੋਂ ਇਲਾਵਾ ਕਈ ਹੋਰ ਮਾਨਵ ਸੇਵੀ ਸੰਸਥਾਵਾਂ ਸਮੇਤ, ਵੱਖ-ਵੱਖ ਫਲੋਟ ਅਤੇ ਸਟਾਲ ਵੀ ਉਤਸ਼ਾਹ ਦਾ ਕੇਂਦਰ ਸਨ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਬੀ.ਸੀ. ਅਤੇ ਵਣਜਾਰਾ ਨੋਮੈਡ ਕਲੈਕਸ਼ਨਜ ਵੱਲੋਂ ਇਸ ਮੌਕੇ ਤੇ ਤਖਤੀਆਂ ਲੈ ਕੇ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਅਤੇ ‘ਅਸੀਂ ਦੱਖਣੀ ਏਸ਼ੀਆਈ ਨਹੀਂ’ ਪ੍ਰਤੀ ਫੈਲਾਈ ਗਈ ਜਾਗਰੂਕਤਾ ਮੁਹਿੰਮ, ਖਿੱਚ ਦਾ ਕੇਂਦਰ ਬਣੀ।

ਨਗਰ ਕੀਰਤਨ ਵਿੱਚ ‘ਸ਼ਬਦ ਲੰਗਰ’ ਦੇ ਰੂਪ ਵਿੱਚ ਕੈਨੇਡੀਅਨ ਸਿੱਖ ਸਟਡੀਜ਼ ਅਤੇ ਟੀਚਿੰਗ ਸੁਸਾਈਟੀ, ਵਿਵੇਕ ਗੜ ਪ੍ਰਕਾਸ਼ਨ ਅਤੇ ਪੰਜਾਬ ਗਾਰਡੀਅਨ ਅਖਬਾਰ ਵੱਲੋਂ ਵਿਸ਼ੇਸ਼ ਤੌਰ ’ਤੇ ਕਿਤਾਬਾਂ ਦੇ ਲੰਗਰ ਸਮੇਤ ਹੋਰਨਾਂ ਸੰਸਥਾਵਾਂ ਵੱਲੋਂ ਪੁਸਤਕਾਂ ਦੇ ਸਟਾਲ ਖਿੱਚ ਦਾ ਕੇਂਦਰ ਬਣੇ ਰਹੇ। ਸਾਰੇ ਰਸਤੇ ਸ਼ਰਧਾਲੂਆਂ ਵੱਲੋਂ ਸਵਾਦੀ ਪਕਵਾਨਾਂ, ਫ਼ਲਾਂ ਤੇ ਤਾਜ਼ੇ ਰਸ ਦੇ ਲੰਗਰ ਲਾਏ ਗਏ ਸਨ। ਨਗਰ ਕੀਰਤਨ ਵਿੱਚ ਦਰਬਾਰ ਸਾਹਿਬ ਦੇ ਜੱਥਿਆਂ, ਕਥਾ ਵਾਚਕਾਂ, ਵਿਦਵਾਨਾਂ ਕਵੀਸ਼ਰਾ ਅਤੇ ਢਾਡੀਆਂ ਨੇ ਹਾਜ਼ਰੀ ਲਵਾਈ।ਬੀ. ਸੀ. ਗੁਰਦੁਆਰਾ ਸਿੱਖ ਕੌਂਸਲ ਦੇ ਕੋਆਰਡੀਨੇਟਰ ਭਾਈ ਮਨਿੰਦਰ ਸਿੰਘ ਨੇ ਭਾਵਪੂਰਤ ਸ਼ਬਦਾਂ ਵਿੱਚ ਸਿੱਖ ਸਿਧਾਂਤਾਂ ਅਤੇ ਸਿੱਖ ਰਾਜ ਖ਼ਾਲਿਸਤਾਨ ਦੇ ਬਾਰੇ ਗੱਲਬਾਤ ਕੀਤੀ। ਇਸ ਤੋਂ ਇਲਾਵਾ ਸਿਖਸ ਫਾਰ ਜਸਟਿਸ ਦੇ ਬੁਲਾਰਿਆਂ ਤੇ ਖ਼ਾਲਿਸਤਾਨ ਰੈਫਰੈਂਡਮ ਦੇ ਪ੍ਰਤੀਨਿਧਾਂ ਨੇ ਵਾਰੋ-ਵਾਰੀ ਸੰਬੋਧਨ ਕੀਤਾ ਅਤੇ ਸਿੱਖ ਆਗੂ ਤੇ ਪੰਥਕ ਕਮੇਟੀ ਦੇ ਪੰਜਾਬ ਤੋਂ ਵਿਸ਼ੇਸ਼ ਤੌਰ ’ਤੇ ਆਏ ਸਾਬਕਾ ਐਮ.ਪੀ. ਸਰਦਾਰ ਅਤਿੰਦਰਪਾਲ ਸਿੰਘ ਖ਼ਾਲਿਸਤਾਨੀ, ਅਮਰੀਕਾ ਤੋਂ ਪਹੁੰਚੇ ਵਿਦਵਾਨ ਭਜਨ ਸਿੰਘ ਭਿੰਡਰ ਅਤੇ ਇਹ ਹੋਰ ਬੁਲਾਰਿਆਂ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਜਸਵੰਤ ਸਿੰਘ ਖਾਲੜਾ ਦੇ ਸੰਘਰਸ਼ ਦੀ ਤਰਜਮਾਨੀ ਕਰਦੀ ਕਿਤਾਬ ਗੀਡਿਉਸ਼ ਟੂ ਐਸ਼ਜ (ਸੁਆਹ ਹੋ ਚੁੱਕੇ ਲੋਕ) ਦੇ ਸਹਿ-ਸੰਪਾਦਕ ਲਿਖਾਰੀ ਭਾਈ ਅਮਰੀਕ ਸਿੰਘ ਮੁਕਤਸਰ ਵੀ ਨਗਰ ਕੀਰਤਨ ਵਿੱਚ ਸ਼ਾਮਿਲ ਹੋਏ।ਸਟੇਜ ਦਾ ਸੰਚਾਲਨ ਭਾਈ ਜਸਵੀਰ ਸਿੰਘ ਕਿ ਭਾਈ ਬਰਜਿੰਦਰ ਸਿੰਘ ਖਹਿਰਾ ਵੱਲੋਂ ਕੀਤਾ ਗਿਆ। ਇਹ ਨਗਰ ਕੀਰਤਨ ਸ਼ਾਮ ਪੰਜ ਵਜੇ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ।

ਪੁਲਿਸ, ਸਿਹਤ ਵਿਭਾਗ, ਮਿਉਂਸਿਪੈਲਿਟੀ ਤੇ ਹੋਰ ਵਿਭਾਗਾਂ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਸੁਚੱਜੇ ਢੰਗ ਨਾਲ ਨਿਭਾਈਆਂ ਗਈਆਂ ਅਤੇ 3500 ਦੇ ਕਰੀਬ ਵਲੰਟੀਅਰਾਂ ਨੇ ਸੇਵਾਵਾਂ ਨਿਭਾਈਆਂ। 326ਵੇਂ ਖਾਲਸਾ ਦਿਹਾੜੇ ਨੂੰ ਸਮਰਪਿਤ ਅਤੇ ਦਸਮੇਸ਼ ਦਰਬਾਰ ਗੁਰਦੁਆਰੇ ਵੱਲੋਂ 26ਵੇਂ ਵਰ੍ਹੇ ’ਤੇ ਉਲੀਕਿਆ ਮਹਾਨ ਨਗਰ ਕੀਰਤਨ ਅਮਿਟ ਪ੍ਰਭਾਵ ਛੱਡਦਾ ਹੋਇਆ, ਸਿੱਖ ਕੌਮ ਦੇ ਜਾਹੋ-ਜਲਾਲ ਨੂੰ ਕੌਮਾਂਤਰੀ ਪੱਧਰ ’ਤੇ ਉਜਾਗਰ ਕਰਨ ਵਿੱਚ ਸਫਲ ਰਿਹਾ।

ਦਰਪਣ ਝੂਠ ਨਹੀਂ ਬੋਲਦਾ

# ਮੰਦਭਾਗਾ ਹੈ ਦਲਿਤਾਂ ਅਤੇ ਸਿੱਖਾਂ ਵਿਚਾਲੇ ਟਕਰਾਓ

## ਆਪਣੀ ਸਿਆਸਤ ਕਾਇਮ ਕਰਨ ਲਈ ਸਿੱਖਾਂ ਤੇ ਦਲਿਤਾਂ ਵਿੱਚ ਨਫ਼ਰਤ ਵਧਾਉਣਾ ਚਾਹੁੰਦੇ ਹਨ ਭਗਵੇਂਵਾਦੀ

ਬੀਤੇ ਦਿਨੀਂ ਪੰਜਾਬ ਵਿੱਚ ਡਾ. ਅੰਬੇਦਕਰ ਦੇ ਬੁੱਤਾਂ ਦੀ ਬੇਅਦਬੀ ਕਾਰਨ ਤੇ ਪੰਨੂ ਧੜੇ ਵੱਲੋਂ ਜ਼ਿੰਮੇਵਾਰੀ ਚੁੱਕਣ ਕਾਰਨ ਸ਼ੋਸ਼ਲ ਮੀਡੀਆ ਵਿੱਚ ਅੰਬੇਦਕਰੀਆਂ ਤੇ ਕੁਝ ਖ਼ਾਲਿਸਤਾਨੀ ਧਿਰਾਂ ਵਿੱਚ ਤਣਾਅ ਛਿੜਿਆ ਹੋਇਆ ਸੀ। ਕੁਝ ਸ਼ਰਾਰਤੀ ਅਨਸਰ ਗ੍ਰਿਫ਼ਤਾਰ ਵੀ ਕੀਤੇ ਗਏ ਸਨ। ਦਲਜੀਤ ਸਿੰਘ ਬਿੱਟੂ ਧੜੇ ਤੇ ਸਿਮਰਨਜੀਤ ਸਿੰਘ ਮਾਨ ਧੜੇ ਨੇ ਇਹ ਵਿਵਾਦ ਮਿਟਾਉਣ ਦੀ ਕੋਸ਼ਿਸ਼ ਕੀਤੀ ਤੇ ਦਲਿਤਾਂ ਤੇ ਸਿੱਖਾਂ ਵਿੱਚ ਏਕਤਾ ਦਾ ਸੱਦਾ ਦਿੱਤਾ। ਭਗਵੇਂਵਾਦੀ ਆਪਣੀ ਸਿਆਸਤ ਕਾਇਮ ਕਰਨ ਲਈ ਸਿੱਖਾਂ ਤੇ ਦਲਿਤਾਂ ਵਿੱਚ ਨਫ਼ਰਤ ਵਧਾਉਣਾ ਚਾਹੁੰਦੇ ਹਨ। ਇਸ ਪਿਛੇ ਨੈਰੇਟਿਵ ਹੈ ਕਿ ਸਿੱਖ ਪੰਥ ਦੇ ਸਾਂਝੀਵਾਲਤਾ ਦੇ ਸੰਕਲਪ ਨੂੰ ਖਤਮ ਕਰਕੇ ਹਿੰਦੂ ਰਾਸ਼ਟਰਵਾਦ ਦਾ ਬੋਲਬਾਲਾ ਕਰਨਾ। ਆਖਿਰ ਦਲਿਤ ਤੇ ਸਿੱਖ ਵਿਵਾਦ ਕੀ ਹੈ ? ਕੀ ਪੰਜਾਬ ਦੇ ਦਲਿਤ ਸਿੱਖਾਂ ਨਾਲ ਨਫ਼ਰਤ ਕਰਦੇ ਹਨ ?

ਪੰਜਾਬ ਦੇ ਵਿੱਚ ਦਲਿਤਾਂ ਅਤੇ ਸਿੱਖਾਂ ਵਿਚਕਾਰ ਕਿਸੇ ਵੀ ਕਿਸਮ ਦੀ ਨਫ਼ਰਤ ਜਾਂ ਤਣਾਅ ਨੂੰ ਸਮਝਣ ਲਈ ਸਮਾਜਿਕ, ਇਤਿਹਾਸਕ ਅਤੇ ਆਰਥਿਕ ਪਿਛੋਕੜ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ। ਇਹ ਸਵਾਲ ਕਾਫ਼ੀ ਸੰਵੇਦਨਸ਼ੀਲ ਹੈ ਅਤੇ ਸਧਾਰਨ ਜਵਾਬ ਦੀ ਬਜਾਏ, ਇਸ ਦੇ ਪਿੱਛੇ ਦੇ ਕਾਰਨਾਂ ਨੂੰ ਸਮਝਣ ਦੀ ਲੋੜ ਹੈ। ਇਹ ਸਹੀ ਨਹੀਂ ਹੈ ਕਿ ਦਲਿਤ ਸਮੁਦਾਇ ਸਿੱਖਾਂ ਨਾਲ ਸਮੁੱਚੇ ਤੌਰ 'ਤੇ ਨਫ਼ਰਤ ਕਰਦਾ ਹੈ, ਪਰ ਕੁਝ ਖੇਤਰਾਂ ਜਾਂ ਸਥਿਤੀਆਂ ਵਿੱਚ ਸਮਾਜਿਕ ਤਣਾਅ ਜਾਂ ਗਲਤਫ਼ਹਿਮੀਆਂ ਹੋ ਸਕਦੀਆਂ ਹਨ। ਇਸ ਦੇ ਮੁੱਖ ਕਾਰਨ ਹੇਠ ਲਿਖੇ ਹੋ ਸਕਦੇ ਹਨ



ਜਾਤੀ ਅਧਾਰਤ ਵਿਤਕਰਾ: ਪੰਜਾਬ ਵਿੱਚ, ਸਿੱਖ ਧਰਮ ਜਾਤੀ ਵਿਤਕਰੇ ਦੀ ਵਿਰੋਧੀ ਸਿੱਖਿਆ ਦਿੰਦਾ ਹੈ, ਪਰ ਵਿਹਾਰਕ ਤੌਰ 'ਤੇ ਸਮਾਜ ਵਿੱਚ ਜਾਤੀ ਅਧਾਰਿਤ ਵਿਤਕਰਾ ਅਜੇ ਵੀ ਮੌਜੂਦ ਹੈ। ਦੁਆਬੇ ਵਿੱਚ, ਜਿੱਥੇ ਜੱਟ ਸਿੱਖਾਂ ਦੀ ਬਹੁਗਿਣਤੀ ਹੈ, ਕੁਝ ਮਾਮਲਿਆਂ ਵਿੱਚ ਦਲਿਤ ਸਮੁਦਾਇ ਨੂੰ ਜ਼ਮੀਨ ਜਾਂ ਸਮਾਜਿਕ ਅਧਿਕਾਰਾਂ ਦੇ ਮੁੱਦਿਆਂ 'ਤੇ ਅਣਗੌਲਿਆ ਮਹਿਸੂਸ ਹੁੰਦਾ ਹੈ। ਇਸ ਨਾਲ ਕੁਝ ਸਥਾਨਕ ਸਮਾਜਿਕ ਤਣਾਅ ਪੈਦਾ ਹੋ ਸਕਦਾ ਹੈ।

ਜ਼ਮੀਨ ਅਤੇ ਆਰਥਿਕ ਅਸਮਾਨਤਾ: ਦੁਆਬਾ ਖੇਤਰ ਵਿੱਚ ਜ਼ਮੀਨ ਦੀ ਮਲਕੀਅਤ ਅਤੇ ਖੇਤੀਬਾੜੀ ਨਾਲ ਜੁੜੇ ਮੁੱਦੇ ਮਹੱਤਵਪੂਰਨ ਹਨ। ਦਲਿਤ ਸਮੁਦਾਇ ਦੇ ਬਹੁਤ ਸਾਰੇ ਲੋਕ ਜ਼ਮੀਨ-ਹੀਣ ਹਨ ਅਤੇ ਉਹ ਜੱਟ ਜਿੰਮੀਂਦਾਰਾਂ 'ਤੇ ਨਿਰਭਰ ਰਹਿੰਦੇ ਹਨ। ਜ਼ਮੀਨ ਦੀ ਵੰਡ ਅਤੇ ਠੇਕੇ ਦੀਆਂ ਨੀਤੀਆਂ ਨੂੰ ਲੈ ਕੇ ਕਈ ਵਾਰ ਤਣਾਅ ਪੈਦਾ ਹੁੰਦਾ ਹੈ, ਜਿਸ ਨੂੰ ਜਾਤੀ ਅਧਾਰਿਤ ਮੁੱਦੇ ਨਾਲ ਜੋੜਿਆ ਜਾਂਦਾ ਹੈ।


ਧਾਰਮਿਕ ਅਤੇ ਸਮਾਜਿਕ ਵੰਡ: ਸਿੱਖ ਧਰਮ ਵਿੱਚ ਸਮਾਨਤਾ ਦੀ ਗੱਲ ਕੀਤੀ ਜਾਂਦੀ ਹੈ, ਪਰ ਕੁਝ ਦਲਿਤ ਸਿੱਖ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਗੁਰਦੁਆਰਿਆਂ ਜਾਂ ਸਮਾਜਿਕ ਸਮਾਗਮਾਂ ਵਿੱਚ ਪੂਰੀ ਸਮਾਨਤਾ ਨਹੀਂ ਮਿਲਦੀ। ਇਸ ਦੇ ਨਾਲ ਹੀ, ਕੁਝ ਦਲਿਤ ਸਮੁਦਾਇ ਨੇ ਧਰਮ ਪਰਿਵਰਤਨ (ਜਿਵੇਂ ਕਿ ਇਸਾਈਅਤ ਜਾਂ ਰਵਿਦਾਸੀਆ ਧਰਮ ਵੱਲ) ਦਾ ਰਸਤਾ ਅਪਣਾਇਆ ਹੈ, ਜਿਸ ਨਾਲ ਸਿੱਖ ਸਮਾਜ ਦੇ ਕੁਝ ਹਿੱਸਿਆਂ ਵਿੱਚ ਗਲਤਫ਼ਹਿਮੀ ਜਾਂ ਵਿਵਾਦ ਵਧਿਆ ਹੈ।

ਸਿਆਸੀ ਅਤੇ ਸਮਾਜਿਕ ਗਤੀਸ਼ੀਲਤਾ: ਦੁਆਬੇ ਵਿੱਚ ਦਲਿਤ ਸਮੁਦਾਇ ਦੀ ਵਧਦੀ ਸਿਆਸੀ ਅਤੇ ਸਮਾਜਿਕ ਜਾਗਰੂਕਤਾ ਨੇ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਲਈ ਲੜਨ ਲਈ ਪ੍ਰੇਰਿਤ ਕੀਤਾ ਹੈ। ਇਸ ਨੇ ਕੁਝ ਮਾਮਲਿਆਂ ਵਿੱਚ ਪੁਰਾਣੀ ਸਮਾਜਿਕ ਵਿਵਸਥਾ ਨਾਲ ਟਕਰਾਅ ਪੈਦਾ ਕੀਤਾ ਹੈ, ਜਿਸ ਨੂੰ ਜਾਤੀ ਜਾਂ ਧਰਮ ਦੇ ਚਸ਼ਮੇ ਨਾਲ ਵੀ ਦੇਖਿਆ ਜਾਂਦਾ ਹੈ। ਇਸ ਪਿਛੇ ਸਿੱਖ ਵਿਰੋਧੀ ਫ਼ਿਰਕੂ ਸ਼ਕਤੀਆਂ ਦਾ ਵੀ ਹੱਥ ਹੈ ਜੋ ਪੰਜਾਬ ਉੱਪਰ ਖ਼ਾਲਸਾ ਜੀ ਦਾ ਬੋਲਬਾਲਾ ਨਹੀਂ ਦੇਖਣਾ ਚਾਹੁੰਦੀਆਂ। ਪਰ ਇਹ ਕਹਿਣਾ ਕਿ ਦਲਿਤ ਸਿੱਖਾਂ ਨਾਲ ਨਫ਼ਰਤ ਕਰਦੇ ਹਨ, ਸਹੀ ਨਹੀਂ ਹੈ। ਇਸ ਦੀ ਬਜਾਏ, ਕੁਝ ਸਮਾਜਿਕ ਅਤੇ ਆਰਥਿਕ ਮੁੱਦਿਆਂ ਕਾਰਨ ਤਣਾਅ ਜਾਂ ਗਲਤਫ਼ਹਿਮੀਆਂ ਪੈਦਾ ਹੁੰਦੀਆਂ ਹਨ, ਜੋ ਕਿ ਜਾਤੀ ਵਿਤਕਰੇ, ਜ਼ਮੀਨ ਦੀ ਅਸਮਾਨਤਾ ਅਤੇ ਸਮਾਜਿਕ ਅਧਿਕਾਰਾਂ ਨਾਲ ਜੁੜੀਆਂ ਹਨ। ਸਿੱਖ ਧਰਮ ਦੀਆਂ ਸਿੱਖਿਆਵਾਂ ਅਤੇ ਦਲਿਤ ਸਮੁਦਾਇ ਦੀ ਜਾਗਰੂਕਤਾ ਨੂੰ ਸਮਝਦੇ ਹੋਏ, ਸੰਵਾਦ ਅਤੇ ਸਮਾਨਤਾ ਦੀ ਭਾਵਨਾ ਨਾਲ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦੀ ਲੋੜ ਹੈ।

# ਜੂਨ ਵਿੱਚ ਹੋ ਸਕਦੀਆਂ ਨੇ ਸ਼੍ਰੋਮਣੀ ਕਮੇਟੀ ਚੋਣਾਂ

## ਭਾਰਤ ਸਰਕਾਰ ਵੀ ਹੁਣ ਇਨ੍ਹਾਂ ਚੋਣਾਂ ਨੂੰ ਹੋਰ ਨਹੀਂ ਲਟਕਾਉਣਾ ਚਾਹੁੰਦੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੀਆਂ ਚੋਣਾਂ ਜੂਨ 2025 ਵਿੱਚ ਹੋਣ ਦੀ ਸੰਭਾਵਨਾ ਹੈ। ਪੰਜਾਬ, ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਚੋਣ ਕਮਿਸ਼ਨਰਾਂ ਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ, ਜਿਨ੍ਹਾਂ ਨੂੰ 17 ਅਪ੍ਰੈਲ ਤੱਕ ਵੋਟਰ ਸੂਚੀਆਂ ਸਬੰਧੀ ਪ੍ਰਾਪਤ ਹੋਏ ਇਤਰਾਜ਼ਾਂ ਦਾ ਨਿਬੇੜਾ ਕਰਕੇ ਵੋਟਰ ਸੂਚੀਆਂ ਤਿਆਰ ਕਰਨ ਲਈ ਕਿਹਾ ਗਿਆ ਸੀ, ਨੂੰ ਦੁਬਾਰਾ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਪੱਤਰ ਲਿਖ ਕੇ ਵੋਟਰ ਸੂਚੀਆਂ ਫ਼ਾਈਲ ਕਰਨ 'ਤੇ ਰੋਕ ਲਗਾਈ ਸੀ। ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਹਰਿਆਣਾ ਦੇ ਕੁਝ ਸਿੱਖਾਂ ਵੱਲੋਂ ਅਦਾਲਤ ਵਿੱਚ ਹਰਿਆਣਾ 'ਚ ਵੀ ਵੋਟਾਂ ਬਣਾਉਣ ਦੀ ਮੰਗ ਰੱਖੀ ਗਈ ਸੀ ਤੇ ਸ਼੍ਰੋਮਣੀ ਕਮੇਟੀ ਦੇ ਵਕੀਲ ਵੱਲੋਂ ਵੀ ਇਸ ਦਾ ਸਮਰਥਨ ਕੀਤਾ ਗਿਆ ਸੀ, ਜਿਸ 'ਤੇ ਅਦਾਲਤ ਨੇ ਵੋਟਰ ਸੂਚੀਆਂ ਫ਼ਾਈਨਲ ਕਰਨ 'ਤੇ ਰੋਕ ਲਗਾਉਂਦੀਆਂ ਸਬੰਧਿਤ ਧਿਰਾਂ ਤੇ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਨੂੰ 28 ਅਪ੍ਰੈਲ ਲਈ ਨੋਟਿਸ ਜਾਰੀ ਕੀਤਾ ਹੈ। ਦਿਲਚਸਪ ਗੱਲ ਇਹ ਹੈ ਕਿ ਹਰਿਆਣਾ ਸਰਕਾਰ ਵੱਲੋਂ ਵੱਖਰੀ ਕਮੇਟੀ ਬਣਾਉਣ ਲਈ ਆਪਣੀ ਵਿਧਾਨ ਸਭਾ 'ਚੋਂ ਵੱਖਰਾ ਐਕਟ ਪਾਸ ਕਰਵਾਇਆ ਸੀ, ਜਿਸ ਨੂੰ ਰੋਕਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ ਤੱਕ ਲੜਾਈ ਲੜੀ ਗਈ ਸੀ, ਪਰ ਉਚ ਅਦਾਲਤ ਨੇ ਹਰਿਆਣਾ ਲਈ ਵੱਖਰੀ ਕਮੇਟੀ ਨੂੰ



ਕਾਨੂੰਨੀ ਜਾਇਜ਼ ਕਰਾਰ ਦਿੱਤਾ ਸੀ। ਹਰਿਆਣਾ ਸਰਕਾਰ ਵੱਲੋਂ ਰਾਜ ਵਿਚਲੇ ਸਿੱਖਾਂ ਦੀਆਂ ਵੋਟਾਂ ਬਣਾ ਕੇ ਕੁਝ ਸਮਾਂ ਪਹਿਲਾ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੀ ਚੋਣ ਵੀ ਕਰਵਾ ਦਿੱਤੀ ਗਈ ਸੀ ਜਦਕਿ ਅਹੁਦੇਦਾਰਾਂ ਦੀ ਚੋਣ ਤੇ ਨਾਮਜ਼ਦ ਮੈਂਬਰਾਂ ਦੀ ਚੋਣ ਹੋਣੀ ਬਾਕੀ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਜੋ ਮਾਮਲਾ ਉੱਚ-ਅਦਾਲਤ ਤੱਕ ਫ਼ਾਈਨਲ ਹੋ ਚੁੱਕਾ ਹੈ ਉਸ ਨੂੰ ਲੈ ਕੇ ਹੁਣ ਚੋਣਾਂ ਨੂੰ ਰੋਕਣਾ ਸੰਭਵ ਨਹੀਂ ਹੋਵੇਗਾ। ਹਰਿਆਣਾ ਦੀ ਕਮੇਟੀ ਵੱਖ ਹੋ ਜਾਣ ਕਾਰਨ ਇਸ ਵਾਰ ਹਰਿਆਣਾ 'ਚ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਨਹੀਂ ਬਣੀਆਂ ਕਿਉਂਕਿ ਹਰਿਆਣਾ ਦੇ ਗੁਰਦੁਆਰਿਆਂ 'ਤੇ 2 ਕਮੇਟੀਆਂ ਕੰਟਰੋਲ ਨਹੀਂ ਰੱਖ ਸਕਦੀਆਂ ।14 ਸਾਲ ਪਹਿਲਾਂ ਹੋਈਆਂ ਚੋਣਾਂ ਮੌਕੇ ਹਰਿਆਣਾ 'ਚ ਕੋਈ ਪੰਜ ਲੱਖ ਵੋਟ ਬਣੇ ਸਨ, ਪਰ ਇਸ ਵਾਰ ਪੰਜਾਬ ਤੋਂ ਇਲਾਵਾ ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਦੀਆਂ ਇੱਕ-ਇੱਕ ਸੀਟਾਂ ਲਈ ਕੋਈ 51 ਲੱਖ ਤੋਂ ਵੱਧ ਵੋਟਾਂ ਬਣੀਆਂ ਹਨ ।ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਸਰਕਾਰ ਵੀ ਹੁਣ ਇਨ੍ਹਾਂ ਚੋਣਾਂ ਨੂੰ ਹੋਰ ਨਹੀਂ ਲਟਕਾਉਣਾ ਚਾਹੁੰਦੀ ਕਿਉਂਕਿ ਪਹਿਲਾਂ ਹੀ ਇਨ੍ਹਾਂ ਚੋਣਾਂ ਲਈ 9 ਸਾਲ ਤੋਂ ਵੱਧ ਦੇਰੀ ਹੋ ਚੁੱਕੀ ਹੈ ਤੇ ਅਦਾਲਤ ਵੱਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਚੋਣਾਂ ਲਈ ਸ਼ੈਡਿਊਲ ਜਾਰੀ ਕਰਨ ਦੀ ਪ੍ਰਕਿਰਿਆ ਜਾਰੀ ਹੋ ਜਾਵੇਗੀ ।ਕਾਨੂੰਨੀ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਕਿਸੇ ਵੀ ਪੱਧਰ ਦੀ ਸਰਕਾਰੀ ਚੋਣ ਪ੍ਰਕਿਰਿਆ ਨੂੰ ਇਕ ਵਾਰ ਸ਼ੁਰੂ ਹੋਣ ਤੋਂ ਬਾਅਦ ਕਿਸੇ ਵੀ ਪੱਧਰ 'ਤੇ ਰੋਕਿਆ ਨਹੀਂ ਜਾ ਸਕਦਾ ਤੇ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਸ਼ੁਰੂ ਹੋਣ ਨਾਲ ਰਾਜ ਵਿੱਚ ਇਸ ਚੋਣ ਲਈ ਚੋਣ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਰਾਜਸੀ ਹਲਕਿਆਂ ਵੱਲੋਂ ਇਸ ਚੋਣ ਨੂੰ ਕਾਫ਼ੀ ਅਹਿਮ ਸਮਝਿਆ ਜਾ ਰਿਹਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਚੋਣ ਨਾਲ ਸਿੱਖ ਵੋਟਰਾਂ ਦੇ ਮੂਡ 'ਤੇ ਰੁਝਾਨ ਦਾ ਵੀ ਪਤਾ ਲੱਗ ਸਕੇਗਾ, ਜਿਸ ਸਬੰਧੀ ਇਸ ਵੇਲੇ ਕਾਫ਼ੀ ਭੰਬਲਭੂਸਾ ਹੈ।

# ਭਗਵੀਂ ਸਿਆਸਤ ਵੱਲੋਂ ਵਕ਼ਫ਼ ਬੋਰਡ ਮਾਮਲੇ 'ਚ ਭਾਰਤੀ ਨਿਆਂ ਪਾਲਿਕਾ 'ਤੇ ਹਮਲੇ ਕਿਉਂ ?

## ਚੀਫ਼ ਜਸਟਿਸ ਵਾਲੇ ਬੈਂਚ ਦੇ ਵਿਚਾਰ ਨਾਲ ਮੋਦੀ-ਸ਼ਾਹ ਦੇ ਨਾਲ-ਨਾਲ ਬਿੱਲ ਦੇ ਹਮਾਇਤੀਆਂ ਦੀਆਂ ਉਡੀਆਂ ਧੱਜੀਆਂ

ਤਮਾਮ ਖੁਦਮੁਖਤਾਰ ਅਦਾਰਿਆਂ 'ਤੇ ਕਬਜ਼ਾ ਜਮਾ ਚੁੱਕੀ ਭਾਜਪਾ ਦੀ ਭਾਰਤ ਸਰਕਾਰ ਜਦ ਚੰਦ ਮਹੀਨਿਆਂ ਲਈ ਨਿਯੁਕਤ ਹੋਏ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਤੋਂ ਮਨਮਾਨੇ ਫ਼ੈਸਲੇ ਨਾ ਕਰਾ ਸਕੀ ਤਾਂ ਪਾਰਾ ਤਾਂ ਹਾਈ ਹੋਣਾ ਹੀ ਸੀ। ਰੰਜਨ ਗੋਗੋਈ ਤੋਂ ਲੈ ਕੇ ਚੰਦਰਚੂੜ ਤੱਕ ਚੀਫ਼ ਜਸਟਿਸ ਜਿਸ ਤਰ੍ਹਾਂ ਭਾਰਤ ਸਰਕਾਰ ਦੇ 'ਗੁਲਾਮ' ਰਹੇ, ਉਸ ਪ੍ਰਥਾ ਨੂੰ ਵਰਤਮਾਨ ਚੀਫ਼ ਜਸਟਿਸ ਸੰਜੀਵ ਖੰਨਾ ਨੇ ਕੁਝ ਸਮੇਂ ਦੇ ਕਾਰਜਕਾਲ ਵਿੱਚ ਹੀ ਤੋੜ ਦਿੱਤਾ। ਇਸ ਤੋਂ ਬੁਖਲਾਏ ਸਰਕਾਰ-ਭਗਤਾਂ ਨੇ ਸੁਪਰੀਮ ਕੋਰਟ ਨੂੰ ਮਸਜਿਦ ਦੇ ਰੂਪ ਵਿੱਚ ਦਿਖਾ ਦਿੱਤਾ।

ਵਕ਼ਫ਼ ਬੋਰਡ ਮਾਮਲੇ ਵਿੱਚ ਚੀਫ਼ ਜਸਟਿਸ ਦੀ ਅਗਵਾਈ ਵਾਲੀ ਬੈਂਚ ਨੇ ਜਿਸ ਤਰ੍ਹਾਂ ਖੁੱਲ੍ਹ ਕੇ ਆਪਣੀਆਂ ਗੱਲਾਂ ਰੱਖੀਆਂ, ਉਸ ਨਾਲ ਮੋਦੀ-ਸ਼ਾਹ ਦੇ ਨਾਲ-ਨਾਲ ਇਸ ਬਿੱਲ ਦੇ ਹਮਾਇਤੀਆਂ ਦੀਆਂ ਧੱਜੀਆਂ ਉਡ ਗਈਆਂ ਹਨ। ਉਹ ਮੁਸਲਮਾਨਾਂ ਨੂੰ ਸਮਝਾਉਣ ਤੇ ਉਨ੍ਹਾਂ ਦੀ ਹਮਾਇਤ ਹਾਸਲ ਕਰਨ ਲਈ ਘਰ-ਘਰ ਗੁਰੂ ਗਿਆਨ ਦੇਣ ਦਾ ਅੰਦੋਲਨ ਚਲਾ ਰਹੇ ਹਨ, ਕਿਉਕਿ ਉਨ੍ਹਾਂ ਨੂੰ ਸਮਝ ਆ ਗਈ ਹੈ ਕਿ ਇਸ ਮਸਲੇ 'ਤੇ ਉਨ੍ਹਾਂ ਨੂੰ ਕਾਮਯਾਬੀ ਨਹੀਂ ਮਿਲਣ ਵਾਲੀ। ਇਸ ਨਾਲ ਵਕ਼ਫ਼ ਦੀ ਸੰਪਤੀ ਦੀ ਲੁੱਟ ਦੇ ਰਾਹ ਬੰਦ ਹੋ ਜਾਣਗੇ। ਇਸ ਲਈ ਚੀਫ਼ ਜਸਟਿਸ ਉਨ੍ਹਾਂ ਦੀਆਂ ਅੱਖਾਂ ਦੀ ਕਿਰਕਿਰੀ ਬਣ ਗਏ ਹਨ।

ਇਸ ਦੇ ਇਲਾਵਾ ਸੁਪਰੀਮ ਕੋਰਟ ਵੱਲੋਂ ਰਾਜਪਾਲ ਤੇ ਰਾਸ਼ਟਰਪਤੀ ਨੂੰ ਬਿੱਲਾਂ ਨੂੰ ਮਨਜ਼ੂਰੀ ਦਾ ਫ਼ੈਸਲਾ ਨਿਸਚਿਤ ਮਿਆਦ ਤੋਂ ਵੱਧ ਨਾ ਰੋਕਣ ਲਈ ਕਹਿਣ ਨੇ ਵੀ ਪ੍ਰੇਸ਼ਾਨ ਕੀਤਾ ਹੋਇਆ ਹੈ। ਭਾਜਪਾ ਨੇ ਪਾਰਟੀ ਦੇ ਤੌਰ 'ਤੇ ਇਸ ਦਾ ਓਨੇ ਤਿੱਖੇ ਰੂਪ ਵਿੱਚ ਵਿਰੋਧ ਨਹੀਂ ਕੀਤਾ, ਜਿੰਨਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕੀਤਾ। ਉਨ੍ਹਾਂ ਤਾਂ ਇੱਥੋਂ ਤੱਕ ਕਹਿ



ਦਿੱਤਾ ਕਿ ਸੁਪਰੀਮ ਕੋਰਟ ਸੁਪਰੀਮ ਸੰਸਦ ਬਣ ਬੈਠੀ ਹੈ।

ਕਪਿਲ ਸਿੱਬਲ ਸਮੇਤ ਕਈ ਵਿਰੋਧੀ ਨੇਤਾਵਾਂ ਅਤੇ ਕਾਨੂੰਨੀ ਮਹਾਂਰਥੀਆਂ ਨੇ ਸੁਪਰੀਮ ਕੋਰਟ ਸੰਬੰਧੀ ਅਜਿਹੀਆਂ ਆਲੋਚਨਾਤਮਕ ਟਿੱਪਣੀਆਂ ਲਈ ਧਨਖੜ ਦੀ ਆਲੋਚਨਾ ਕੀਤੀ ਸੀ।

ਉਪ ਰਾਸ਼ਟਰਪਤੀ ਜਗਦੀਪ ਧਨਖੜ ਅਤੇ ਭਾਜਪਾ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਦੀਆਂ ਨਿਆਂ ਪਾਲਿਕਾ ਵਿਰੁੱਧ ਹਾਲੀਆ ਟਿੱਪਣੀਆਂ ਦਾ ਲੁਕਵੇਂ ਢੰਗ ਨਾਲ ਹਵਾਲਾ ਦਿੰਦਿਆਂ ਸੁਪਰੀਮ ਕੋਰਟ ਨੇ ਬੀਤੇ ਦਿਨੀਂ ਕਿਹਾ ਸੀ ਕਿ ਸਿਖਰਲੀ ਅਦਾਲਤ 'ਤੇ ਸੰਸਦ ਤੇ ਕਾਰਜ ਪਾਲਿਕਾ ਦੇ ਕੰਮਕਾਜ 'ਤੇ ਕਬਜ਼ਾ ਕਰਨ ਦਾ ਦੋਸ਼ ਲਗਾਇਆ ਜਾ ਰਿਹਾ ਹੈ।

ਜਸਟਿਸ ਬੀ ਆਰ ਗਵਈ ਦੀ ਅਗਵਾਈ ਵਾਲੀ ਬੈਂਚ ਨੇ ਵਕ਼ਫ਼ (ਸੋਧ) ਐਕਟ, 2025 ਦੇ ਵਿਰੁੱਧ ਪ੍ਰਦਰਸ਼ਨਾਂ ਦੌਰਾਨ ਪੱਛਮੀ ਬੰਗਾਲ ਵਿੱਚ ਹਿੰਦੂਆਂ ਵਿਰੁੱਧ ਹਾਲ ਹੀ ਵਿੱਚ ਹੋਈ ਹਿੰਸਾ 'ਤੇ ਇੱਕ ਪਟੀਸ਼ਨ ਦਾ ਜ਼ਿਕਰ ਕਰਨ ਤੋਂ ਬਾਅਦ ਵਕੀਲ ਵਿਸ਼ਨੂੰ ਸ਼ੰਕਰ ਜੈਨ ਨੂੰ ਕਿਹਾ, 'ਤੁਸੀਂ ਚਾਹੁੰਦੇ ਹੋ ਕਿ ਅਸੀਂ ਰਾਸ਼ਟਰਪਤੀ ਨੂੰ ਇਹ ਲਾਗੂ ਕਰਨ ਲਈ ਹੁਕਮਨਾਮਾ ਜਾਰੀ ਕਰੀਏ ? ਜਦੋਂ ਕਿ ਸਾਡੇ 'ਤੇ ਸੰਸਦੀ ਅਤੇ ਕਾਰਜ ਪਾਲਿਕਾ ਦੇ ਕੰਮ-ਕਾਜ 'ਤੇ ਕਬਜ਼ਾ ਕਰਨ ਦਾ ਦੋਸ਼ ਲੱਗ ਰਿਹਾ ਹੈ।'

ਸੁਣਵਾਈ ਲਈ ਸੂਚੀਬੱਧ ਪਟੀਸ਼ਨ ਵਿੱਚ ਕੁਝ ਵਾਧੂ ਤੱਥਾਂ ਨੂੰ ਰਿਕਾਰਡ 'ਤੇ ਲਿਆਉਣ ਲਈ ਅਰਜ਼ੀ ਦਾਇਰ ਕਰਨ ਦੀ ਇਜਾਜ਼ਤ ਮੰਗਦਿਆਂ ਜੈਨ ਨੇ ਕਿਹਾ ਕਿ ਪੱਛਮੀ ਬੰਗਾਲ 'ਚ ਕੇਂਦਰੀ ਬਲਾਂ ਨੂੰ ਤਾਇਨਾਤ ਕਰਨ ਦੀ ਜ਼ਰੂਰਤ ਹੈ। ਪੱਛਮੀ ਬੰਗਾਲ ਦੇ ਨਿਵਾਸੀ ਦੇਵ ਦੱਤ ਮਜੀਦ ਵੱਲੋਂ ਦਾਇਰ ਪਟੀਸ਼ਨ ਵਿੱਚ ਪੱਛਮੀ ਬੰਗਾਲ ਦੇ ਮੁਰਸ਼ਿਦਾਬਾਦ ਵਿੱਚ ਵਕ਼ਫ਼ (ਸੋਧ) ਐਕਟ 2025 ਦੇ ਵਿਰੁੱਧ ਹੋਈ ਹਿੰਸਾ ਦੀ ਜਾਂਚ ਲਈ ਇੱਕ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਕਮੇਟੀ ਸਥਾਪਤ ਕਰਨ ਦੀ ਮੰਗ ਕੀਤੀ ਗਈ ਹੈ।

ਯਾਦ ਰਖਣ ਵਾਲੀ ਗੱਲ ਇਹ ਹੈ ਕਿ ਰਾਸ਼ਟਰਪਤੀ ਸੰਵਿਧਾਨ ਦੀ ਰਾਖੀ ਦੀ ਸਹੁੰ ਚੁੱਕਦਾ ਹੈ, ਜਦਕਿ ਜੱਜ ਸੰਵਿਧਾਨ ਮੁਤਾਬਕ ਚੱਲਣ ਦੀ ਸਹੁੰ ਚੁੱਕਦੇ ਹਨ। ਉਨ੍ਹਾਂ ਨੂੰ ਇਹ ਚੇਤੇ ਨਹੀਂ ਰਿਹਾ ਕਿ ਜਦੋਂ 1992 ਵਿੱਚ ਰਾਮ ਮੰਦਰ ਅੰਦੋਲਨ ਦੌਰਾਨ ਭੜਕੀ ਹਿੰਸਾ ਤੋਂ ਬਾਅਦ ਪੰਜ ਰਾਜਾਂ ਦੀਆਂ ਭਾਜਪਾ ਸਰਕਾਰਾਂ ਨੂੰ ਰਾਸ਼ਟਰਪਤੀ ਨੇ ਬਰਖਾਸਤ ਕਰ ਦਿੱਤਾ ਸੀ ਤੇ ਮੱਧ ਪ੍ਰਦੇਸ਼ ਹਾਈ ਕੋਰਟ ਨੇ ਭਾਜਪਾ ਸਰਕਾਰ ਬਹਾਲ ਕਰ ਦਿੱਤੀ ਸੀ, ਉਸ 'ਤੇ ਭਾਜਪਾ ਨੇ ਖੁਸ਼ੀ ਮਨਾਈ ਸੀ। ਉਦੋਂ ਵੀ ਰਾਸ਼ਟਰਪਤੀ ਦੇ ਹੁਕਮ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ। ਜਦੋਂ ਵੀ ਸੰਸਦ ਵਿੱਚ ਬਣੇ ਕਾਨੂੰਨ ਨੂੰ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ ਤਾਂ ਮਾਮਲਾ ਸੁਣਿਆ ਗਿਆ ਹੈ ਤੇ ਕੋਰਟ ਨੇ ਦੱਸਿਆ ਹੈ ਕਿ ਸੰਸਦ ਦਾ ਫ਼ੈਸਲਾ ਸੰਵਿਧਾਨ ਦੇ ਮੁਤਾਬਕ ਹੈ ਜਾਂ ਵਿਰੁੱਧ। ਇੱਕ ਚੌਕਸ ਰਾਖੇ ਦੀ ਹੈਸੀਅਤ ਵਿੱਚ ਸੁਪਰੀਮ ਕੋਰਟ ਲੋਕਾਂ ਨੂੰ ਇਨਸਾਫ਼ ਦਾ ਭਰੋਸਾ ਦਿਵਾਉਦੀ ਹੈ, ਪਰ ਜਦ ਸੱਤਾ ਦੇ ਇਰਾਦੇ ਸੰਵਿਧਾਨ ਵਿਰੋਧੀ ਹੁੰਦੇ ਹਨ ਤਾਂ ਉਸ ਨੂੰ ਚੀਫ਼ ਜਸਟਿਸ ਤੋਂ ਡਰ ਲੱਗਦਾ ਹੈ। (ਬਾਕੀ ਸਫ਼ਾ 31 'ਤੇ)

# ਨਹੀਂ ਹੋਵੇਗੀ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ

## ਐਨ.ਐਸ.ਏ. ਨੂੰ ਇੱਕ ਸਾਲ ਲਈ ਹੋਰ ਵਧਾਇਆ

## ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਹੋਣ ਕਾਰਨ ਭਾਈ ਅੰਮ੍ਰਿਤਪਾਲ ਸਿੰਘ ਨੂੰ ਨਹੀਂ ਆਉਣ ਦਿੱਤਾ ਜਾ ਰਿਹਾ ਬਾਹਰ: ਪਿਤਾ ਤਰਸੇਮ ਸਿੰਘ

ਪੰਜਾਬ ਸਰਕਾਰ ਵੱਲੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) ਨੂੰ ਇੱਕ ਹੋਰ ਸਾਲ ਲਈ ਵਧਾ ਦਿੱਤਾ ਗਿਆ ਹੈ। ਦਰਅਸਲ,ਭਾਈ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਸਾਲ 2023 ਵਿੱਚ ਐੱਨ.ਐੱਸ.ਏ. ਲਗਾਇਆ ਗਿਆ ਸੀ ਜਿਸ ਨੂੰ ਸਾਲ 2024 ਵਿੱਚ ਇੱਕ ਸਾਲ ਲਈ ਵਧਾ ਦਿੱਤਾ ਗਿਆ ਸੀ। ਹੁਣ ਸਾਲ 2025 ਵਿੱਚ ਵੀ ਇਸ ਨੂੰ ਇੱਕ ਹੋਰ ਸਾਲ ਵਧਾ ਦਿੱਤਾ ਗਿਆ ਹੈ ਅਤੇ ਇਸ ਫੈਸਲੇ ਉੱਤੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਸਖ਼ਤ ਸ਼ਬਦਾਂ ਵਿੱਚ ਇਤਰਾਜ਼ ਜਤਾਇਆ ਹੈ ਕਿ ਜੇਕਰ ਅੰਮ੍ਰਿਤਪਾਲ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਇਸਦੀ ਜ਼ਿੰਮੇਵਾਰ ਸਰਕਾਰ ਹੋਵੇਗੀ। ਅੰਮ੍ਰਿਤਪਾਲ 'ਤੇ ਐਨ.ਐਸ.ਏ. ਲਗਾਉਣਾ ਲੋਕਤੰਤਰ ਨੂੰ ਤਬਾਹ ਕਰਨ ਵਾਂਗ ਹੈ। ਸੰਸਦ ਮੈਂਬਰ ਬਣ ਕੇ, ਅੰਮ੍ਰਿਤਪਾਲ ਲੋਕਾਂ ਦੀ ਆਵਾਜ਼ ਬੁਲੰਦ ਕਰਨਾ ਚਾਹੁੰਦਾ ਹੈ, ਪਰ ਉਸ 'ਤੇ ਐਨ.ਐਸ.ਏ. ਲਗਾ ਕੇ ਉਸ ਨੂੰ ਰੋਕਿਆ ਜਾ ਰਿਹਾ ਹੈ। ਕੇਂਦਰ ਅਤੇ ਪੰਜਾਬ





ਸਰਕਾਰਾਂ ਇਹ ਸਭ ਮਿਲ ਕੇ ਕਰ ਰਹੀਆਂ ਹਨ। ਤਰਸੇਮ ਸਿੰਘ ਨੇ ਕਿਹਾ ਕਿ ਸਰਕਾਰਾਂ ਅੰਮ੍ਰਿਤਪਾਲ ਦੇ ਰਾਜਨੀਤੀ ਵਿੱਚ ਆਉਣ ਤੋਂ ਡਰਦੀਆਂ ਹਨ। ਸਰਕਾਰਾਂ ਲੋਕਾਂ ਨੂੰ ਗਲਤ ਰਸਤਾ ਅਪਣਾਉਣ ਲਈ ਮਜਬੂਰ ਕਰ ਰਹੀਆਂ ਹਨ। ਪਿਛਲੇ ਦੋ ਸਾਲਾਂ ਵਿੱਚ ਪੰਜਾਬ ਵਿੱਚ ਅਪਰਾਧ ਵਧੇ ਹਨ। ਕੋਈ ਵੀ ਦਿਨ ਅਜਿਹਾ ਨਹੀਂ ਗਿਆ ਜਦੋਂ ਕੋਈ ਕਤਲ ਜਾਂ ਅਪਰਾਧ ਨਾ ਹੋਇਆ ਹੋਵੇ। ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਨਹੀਂ ਹੈ। ਤਰਸੇਮ ਸਿੰਘ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਅੰਮ੍ਰਿਤਪਾਲ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਹੋਣਗੇ। ਇਹੀ ਕਾਰਨ ਹੈ ਕਿ ਉਸਨੂੰ ਜੇਲ੍ਹ ਤੋਂ ਬਾਹਰ ਨਹੀਂ ਆਉਣ ਦਿੱਤਾ ਜਾ ਰਿਹਾ। ਮੈਂ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਸਾਰੇ ਇੱਕਜੁੱਟ ਹੋਣ। ਸਰਕਾਰੀ ਅੱਤਿਆਚਾਰਾਂ ਵਿਰੁੱਧ ਵੀ ਆਵਾਜ਼ ਬੁਲੰਦ ਕਰਨ।

## ਕਾਲੇ ਕਾਨੂੰਨ ਵਿਰੁੱਧ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ 'ਚ ਡਟੇ ਪੰਥਕ ਜਥੇਬੰਦੀਆਂ ਤੇ ਜਥੇਦਾਰ

### ਮਾਮਲਾ ਅਕਾਲ ਤਖ਼ਤ ਸਾਹਿਬ ਪਹੁੰਚਿਆ



ਭਾਈ ਅੰਮ੍ਰਿਤਪਾਲ ਸਿੰਘ ਦੇ ਚਾਚਾ ਸੁਖਚੈਨ ਸਿੰਘ ਸਮੇਤ ਹੋਰ ਸ਼ਖ਼ਸੀਅਤਾਂ ਨੇ ਸਕੱਤਰੇਤ ਵਿਖੇ ਪੁੱਜ ਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਇੱਕ ਪੱਤਰ ਸੌਂਪਣ ਉਪਰੰਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਪੰਜਾਬ ਦੇ ਲੋਕਾਂ ਦੀ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਚੁਣੇ ਗਏ ਨੁਮਾਇੰਦੇ ਵਿਰੁੱਧ ਐੱਨ. ਐੱਸ. ਏ. ਦੀ ਕਾਰਵਾਈ ਤੁਰੰਤ ਹਟਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਪਰ ਰਹੀਆਂ ਬੇਅਦਬੀਆਂ ਨੂੰ ਰੋਕਣ ਲਈ ਸਿੱਖ ਸਖ਼ਤ ਤੇ ਵਿਸ਼ੇਸ਼ ਕਾਨੂੰਨ ਬਣਾਉਣ ਸੰਬੰਧੀ ਸਰਕਾਰਾਂ ਤੋਂ ਮੰਗ ਕਰਦੇ ਆ ਰਹੇ ਹਨ ਪਰ ਇਸ ਸੰਜੀਦਾ ਮਸਲੇ ਵੱਲ ਸਰਕਾਰਾਂ ਕੋਈ ਧਿਆਨ ਨਹੀਂ ਦੇ ਰਹੀਆਂ। ਸਿੱਖਾਂ ਨੂੰ ਦਬਾਉਣ ਦੀ ਗੱਲ ਹੋਵੇ ਤਾਂ ਐੱਨ. ਐੱਸ. ਏ. ਵਰਗੇ ਸਖ਼ਤ ਕਾਨੂੰਨਾਂ ਦੀ ਦੁਰਵਰਤੋਂ ਕਰਕੇ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਜੇਲ੍ਹਾਂ ਵਿੱਚ ਨਜ਼ਰਬੰਦ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰੀ ਪ੍ਰਣਾਲੀ ਵਿੱਚ ਅਜਿਹਾ ਵਰਤਾਰਾ ਮਨੁੱਖੀ ਅਧਿਕਾਰਾਂ ਦੀ ਵੱਡੀ ਉਲੰਘਣਾ ਹੈ। ਜਥੇਦਾਰ ਗੜਗੱਜ ਨੇ ਇਸ ਮਾਮਲੇ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਸਾਰੇ ਬੰਦੀ ਸਿੰਘਾਂ ਦੇ ਮਾਮਲੇ ਨੂੰ ਖ਼ਾਲਸਾ ਪੰਥ ਦੀਆਂ ਸਮੂਹ ਜਥੇਬੰਦੀਆਂ ਅਤੇ ਸਿਆਸੀ ਧਿਰਾਂ ਨੂੰ ਇਕਜੁੱਟ ਹੋਣ ਬਾਰੇ ਆਖਦੇ ਹੋਏ ਕਿਹਾ ਕਿ ਜਿੰਨਾ ਚਿਰ ਵੱਖੋ-ਵੱਖਰੇ ਰਾਹ ਛੱਡ ਕੇ ਇੱਕ ਨਿਸ਼ਾਨ ਸਾਹਿਬ ਹੇਠ ਇਕੱਠੇ ਨਹੀਂ ਹੁੰਦੇ ਉਦੋਂ ਤੱਕ ਅਜਿਹੇ ਨੁਕਸਾਨ ਹੁੰਦੇ ਰਹਿਣਗੇ।

**ਪੰਥਕ ਜਥੇਬੰਦੀਆਂ ਵੱਲੋਂ ਨਿੰਦਾ**

ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਉੱਪਰ ਲੱਗੇ ਐਨ.ਐਸ.ਏ. 'ਚ ਇੱਕ ਸਾਲ ਦਾ ਵਾਧਾ ਕਰਨ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਭਰਤੀ ਕਮੇਟੀ ਦੇ ਮੈਂਬਰਾਂ ਮਨਪ੍ਰੀਤ ਸਿੰਘ ਇਯਾਲੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਇਕਬਾਲ ਸਿੰਘ ਝੂੰਦਾਂ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਨੇ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਹੈ ਅਤੇ ਇਸ ਨੂੰ ਗੈਰ ਸੰਵਿਧਾਨਿਕ ਕਾਰਵਾਈ ਕਰਾਰ ਦਿੱਤਾ। ਸਿੱਖਾਂ ਪ੍ਰਤੀ ਜਿਹੜਾ ਰਵੱਈਆ ਕੇਂਦਰ ਅਤੇ ਪੰਜਾਬ ਸਰਕਾਰ ਨੇ ਅਪਣਾਇਆ ਹੈ ਉਹ ਗੈਰ-ਵਾਜਿਬ ਹੈ।

ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਦੀ ਐਨ.ਐਸ.ਏ. ਇੱਕ ਸਾਲ ਲਈ ਹੋਰ ਵਧਾਉਣ ਦੀ ਕਾਰਵਾਈ ਨੂੰ ਸਿੱਖ ਵਿਰੋਧੀ ਅਮਲ ਕਰਾਰ ਦਿੱਤਾ ।

## ਭਾਜਪਾ ਦਾ ਬਿੱਟੂ 'ਵਾਰਿਸ ਪੰਜਾਬ ਦੇ' ਜਥੇਬੰਦੀ ਤੋਂ ਡਰਿਆ

### ਕਿਹਾ ਕਿ 'ਵਾਰਿਸ ਪੰਜਾਬ ਦੇ' ਨਾਲ ਜੁੜੇ ਗਰਮਖ਼ਿਆਲੀ ਸਮਰਥਕ ਉਸ ਦੀ ਹੱਤਿਆ ਦੀ ਰਚ ਰਹੇ ਨੇ ਸਾਜ਼ਿਸ਼

ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਦੋਸ਼ ਲਗਾਇਆ ਕਿ 'ਵਾਰਿਸ ਪੰਜਾਬ ਦੇ' ਸੰਗਠਨ ਨਾਲ ਜੁੜੇ ਕੁਝ ਗਰਮਖ਼ਿਆਲੀ ਸਮਰਥਕ 'ਜਿਨ੍ਹਾਂ ਦਾ ਮੁਖੀ ਕੱਟੜਪੰਥੀ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਹੈ' ਉਨ੍ਹਾਂ ਅਤੇ ਪੰਜਾਬ ਦੇ ਹੋਰ ਰਾਜਨੀਤਿਕ ਆਗੂਆਂ ਦੀ ਹੱਤਿਆ ਦੀ ਸਾਜ਼ਿਸ਼ ਰਚ ਰਹੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇੱਕ ਕਥਿਤ ਚੈਟ ਦੇ ਲੀਕ ਹੋਏ ਸਕ੍ਰੀਨਸ਼ਾਟ ਰਾਹੀਂ ਇਸ ਸਾਜ਼ਿਸ਼ ਦਾ 'ਪਰਦਾਫਾਸ਼' ਹੋਇਆ ਹੈ। ਬਿੱਟੂ ਨੇ ਕਿਹਾ



ਕਿ ਕੇਂਦਰ ਸਰਕਾਰ ਨੇ 'ਵਾਰਿਸ ਪੰਜਾਬ ਦੇ' ਦੇ ਆਗੂਆਂ ਦੁਆਰਾ ਰਚੀ ਗਈ ਸਾਜ਼ਿਸ਼ ਦਾ ਵੀ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹੇ ਸਮੂਹਾਂ ਦੀਆਂ ਗਤੀਵਿਧੀਆਂ ਸੂਬੇ ਨੂੰ ਇਸ ਦੇ ਹਨੇਰੇ ਅਤੀਤ ਦੀ ਯਾਦ ਦਿਵਾਉਂਦੇ ਹੋਏ ਅਸਥਿਰਤਾ ਵੱਲ ਧੱਕ ਰਹੀਆਂ ਹਨ। ਬਿੱਟੂ ਨੇ ਕਿਹਾ, 'ਕੇਂਦਰ ਦੇਸ਼ ਵਿਰੋਧੀ ਤਾਕਤਾਂ ਨੂੰ ਪੰਜਾਬ ਨੂੰ ਅਸਥਿਰ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ।' ਸ਼ਾਂਤੀ ਅਤੇ ਏਕਤਾ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਬਿੱਟੂ ਨੇ ਆਪਣੇ ਪਰਿਵਾਰ ਦੀ ਕੁਰਬਾਨੀ ਦੀ ਵਿਰਾਸਤ ਨੂੰ ਯਾਦ ਦਿਵਾਇਆ।

## ਅੰਮ੍ਰਿਤਪਾਲ ਪੰਜਾਬ ਹੈ ਅਤੇ ਪੰਜਾਬ ਅੰਮ੍ਰਿਤਪਾਲ-ਇਹੋ ਹੈ ਅੱਜ ਦਾ ਸੱਚ

**ਕਰਮਜੀਤ ਸਿੰਘ ਚੰਡੀਗੜ੍ਹ ਸੀਨੀਅਰ ਪੱਤਰਕਾਰ ਦੀ ਟਿੱਪਣੀ**

ਅੰਮ੍ਰਿਤਪਾਲ ਸਿੰਘ ਉੱਤੇ ਲੱਗੀ ਐਨ.ਐਸ.ਏ. ਨੂੰ ਹੋਰ ਇੱਕ ਸਾਲ ਵਧਾਉਣ ਦੀ ਖ਼ਬਰ ਨੂੰ ਆਪਾਂ ਇੱਕ ਹੋਰ ਨਜ਼ਰੀਏ ਤੋਂ ਵੀ ਵੇਖਣ ਦੀ ਕੋਸ਼ਿਸ਼ ਕਰੀਏ। ਇਤਿਹਾਸ ਦੇ ਗੂੜੇ ਭੇਤਾਂ ਤੇ ਰੰਗਾਂ ਨੂੰ ਸਮਝਣ ਲਈ ਇਹੋ ਜਿਹੇ ਰੌਣਕ ਮੇਲੇ ਲੱਗਦੇ ਰਹਿਣੇ ਚਾਹੀਦੇ ਹਨ। ਇਹਨਾਂ ਮੇਲਿਆਂ ਤੋਂ ਸਿੱਖਣ ਸਿਖਾਉਣ ਨੂੰ ਬਹੁਤ ਕੁਝ ਮਿਲਦਾ ਹੈ। ਹੁਣ ਇੱਕ ਹਕੀਕਤ ਮਾਨਸਰੋਵਰ ਦੇ ਨਿਰਮਲ ਪਾਣੀਆਂ ਦੀ ਝੀਲ ਵਾਂਗ ਦੋਸਤ ਤੇ ਦੁਸ਼ਮਣ ਦੋਵਾਂ ਦੀਆਂ ਜ਼ਮੀਰਾਂ ਨੂੰ ਹੀ ਸਾਫ ਤੇ ਸਪਸ਼ਟ ਨਜ਼ਰ ਆ ਰਹੀ ਹੈ ਕਿ ਅੰਮ੍ਰਿਤਪਾਲ ਸਿੰਘ ਪੰਜਾਬ ਦੇ ਦਿਲਾਂ ਦਾ ਮਹਿਰਮ ਹੈ। ਫਰਕ ਇਨਾ ਹੈ ਕਿ ਦੁਸ਼ਮਣ ਆਪਣਾ ਸੱਚ ਐਨ.ਐਸ.ਏ. ਲਾ ਕੇ ਲਾਗੂ ਕਰ ਰਿਹਾ ਹੈ ਜਦਕਿ ਜਾਗਦੇ ਦੋਸਤਾਂ ਦਾ ਸੱਚ ਇਹ ਕਹਿ ਰਿਹਾ ਹੈ ਕਿ ਦੁਸ਼ਮਣ ਨੇ ਅੰਮ੍ਰਿਤਪਾਲ ਨੂੰ ਨਹੀਂ ਪੰਜਾਬ ਨੂੰ ਨਜ਼ਰਬੰਦ ਕੀਤਾ ਹੋਇਆ ਹੈ। ਮੈਂ ਪਹਿਲਾਂ ਵੀ ਕਿਹਾ ਸੀ ਕਿ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਗੱਲ ਤਾਂ ਇੱਕ ਪਾਸੇ ਰਹੀ,ਜੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਦੀ ਕਿਸੇ ਜੇਲ ਵਿੱਚ ਵੀ ਤਬਦੀਲ ਕਰ ਦਿੱਤਾ ਗਿਆ ਤਾਂ ਵੀ ਪੰਜਾਬ ਤੇ ਅੰਮ੍ਰਿਤਪਾਲ ਇੱਕ ਹੋ ਜਾਣਗੇ। ਐਨ ਐਸ ਏ ਨੂੰ ਵਧਾਉਣਾ ਤੇ ਬਾਕੀ ਸਾਰਿਆਂ ਤੋਂ ਐਨ.ਐਸ.ਏ. ਹਟਾ ਕੇ ਉਹਨਾਂ ਨੂੰ ਪੰਜਾਬ ਦੀਆਂ ਜੇਲਾਂ ਵਿੱਚ ਤਬਦੀਲ ਕਰਨਾ ਪਰ ਅੰਮ੍ਰਿਤਪਾਲ ਨੂੰ ਇਕੱਲਿਆਂ ਹੀ ਡਿਬਰੂਗੜ ਜੇਲ ਵਿੱਚ ਸੁੱਟਣਾ ਤੁਹਾਡੀ ਸਮਝ ਵਿੱਚ ਕਿਉਂ ਨਹੀਂ ਆ ਰਿਹਾ? ਇਸਦਾ ਇੱਕੋ ਹੀ ਜਵਾਬ ਹੈ ਕਿ ਪੰਜਾਬ ਅੰਮ੍ਰਿਤਪਾਲ ਹੈ ਤੇ ਅੰਮ੍ਰਿਤਪਾਲ ਪੰਜਾਬ ਹੈ। ਘੱਟੋ ਘੱਟ ਅੱਜ ਦਾ ਸੱਚ ਤਾਂ ਇਹੋ ਹੈ ਮੇਰੇ ਦੋਸਤੋ। ਸੱਤਾ ਦੇ ਬਰਾਂਡਿਆਂ ਵਿੱਚ ਅੰਮ੍ਰਿਤਪਾਲ ਸਿੰਘ ਦਾ ਡਰ ਹਰ ਕੋਈ ਮਹਿਸੂਸ ਕਰ ਰਿਹਾ ਹੈ। ਕਿਸੇ ਸਮੇਂ ਇਹ ਮਾਣ ਦੀਪ ਸਿੱਧੂ ਨੂੰ ਮਿਲਿਆ, ਜੁਝਾਰੂ ਲਹਿਰ ਦੇ ਯੋਧਿਆਂ ਨੂੰ ਮਿਲਿਆ, ਸਿਮਰਨਜੀਤ ਸਿੰਘ ਮਾਨ ਨੂੰ ਮਿਲਿਆ ਤੇ ਫਿਰ ਸੰਤ ਜਰਨੈਲ ਸਿੰਘ ਨੂੰ ਮਿਲਿਆ। ਕਲਚਰ ਦੇ ਮੁਹਾਜ਼ 'ਤੇ ਸਿੱਧੂ ਮੂਸੇ ਵਾਲਾ ਨੇ ਵੀ ਇਹ ਮਾਣ ਹਾਸਲ ਕੀਤਾ। ਇਹ ਮਨੋਵਿਗਿਆਨਿਕ ਰਾਜ਼ ਬਹੁਤਿਆਂ ਨੂੰ ਸਮਝ ਵਿੱਚ ਨਹੀਂ ਆਉਂਦੇ।

## ਕੀ ਹੈ ਰਾਸ਼ਟਰੀ ਸੁਰੱਖਿਆ ਕਾਨੂੰਨ ?

ਰਾਸ਼ਟਰੀ ਸੁਰੱਖਿਆ ਕਾਨੂੰਨ ਨੂੰ ਐੱਨ.ਐੱਸ.ਏ.- 1980 ਕਿਹਾ ਜਾ ਸਕਦਾ ਹੈ। ਇਹ ਸਾਰੇ ਭਾਰਤ ਵਿੱਚ ਲਾਗੂ ਹੈ ਅਤੇ ਇਸ ਤਹਿਤ ਕਿਸੇ ਵੀ ਥਾਂ 'ਤੇ ਨਜ਼ਰਬੰਦੀ ਦੇ ਹੁਕਮ ਕੀਤੇ ਜਾ ਸਕਦੇ ਹਨ। ਇਹ ਕਾਨੂੰਨ ਕਈ ਮਹੀਨਿਆਂ ਤੱਕ ਮੁਲਜ਼ਮ ਨੂੰ ਨਿਗਰਾਨੀ ਅਧੀਨ ਹਿਰਾਸਤ ਵਿੱਚ ਰੱਖਣ ਦੀ ਆਗਿਆ ਦਿੰਦਾ ਹੈ। ਕੇਂਦਰ ਜਾਂ ਸੂਬਾ ਸਰਕਾਰ ਨੂੰ ਜੇਕਰ ਲੱਗੇ ਕਿ ਕੋਈ ਵਿਅਕਤੀ ਦੇਸ਼ ਦੇ ਦੂਸਰੇ ਦੇਸ਼ਾਂ ਨਾਲ ਸਬੰਧਾਂ ਲਈ ਖਤਰਾ ਹੈ ਤਾਂ ਇਸ ਕਾਨੂੰਨ ਦੀ ਵਰਤੋਂ ਹੋ ਸਕਦੀ ਹੈ। ਇਹ ਐਕਟ ਕਿਸੇ ਵਿਦੇਸ਼ੀ ਨਾਗਰਿਕ ਉੱਪਰ ਵੀ ਲੱਗ ਸਕਦਾ ਹੈ ਜੇਕਰ ਉਸ ਦੀ ਲਗਾਤਾਰ ਮੌਜੂਦਗੀ ਨਿਗਰਾਨੀ ਹੇਠ ਰੱਖਣੀ ਹੋਵੇ। ਹਿਰਾਸਤ ਦੇ ਆਦੇਸ਼ ਇਸ ਗੱਲ 'ਤੇ ਖਾਰਿਜ ਨਹੀਂ ਕੀਤੇ ਜਾ ਸਕਦੇ ਕਿ ਜਿਸ ਵਿਅਕਤੀ ਖ਼ਿਲਾਫ਼ ਆਦੇਸ਼ ਦਿੱਤਾ ਹੈ, ਉਹ ਸਰਕਾਰ ਜਾਂ ਅਧਿਕਾਰੀ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ। ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਉਸ ਸਮੇਂ ਕਾਰਵਾਈ ਕੀਤੀ ਜਾਂਦੀ ਹੈ ਜਦੋਂ ਪ੍ਰਸ਼ਾਸਨ ਨੂੰ ਲੱਗਦਾ ਹੈ ਕਿ ਕੋਈ ਵਿਅਕਤੀ ਰਾਸ਼ਟਰੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਲਈ ਖ਼ਤਰਾ ਬਣ ਸਕਦਾ ਹੈ। ਇਸ ਤਹਿਤ ਮੁਲਜ਼ਮ ਨੂੰ 12 ਮਹੀਨਿਆਂ ਤੱਕ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ।

ਪੰਜਾਬ ਅਤੇ ਹਰਿਆਣਾ ਦੇ ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਕਹਿੰਦੇ ਹਨ




ਕਿ ਆਮ ਕੇਸਾਂ ਵਿੱਚ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ 24 ਘੰਟਿਆਂ ਅੰਦਰ ਅਦਾਲਤ ਵਿੱਚ ਪੇਸ਼ ਕਰਨਾ ਹੁੰਦਾ ਹੈ ਪਰ ਇਸ ਐਕਟ ਵਿੱਚ ਅਜਿਹਾ ਕੁਝ ਨਹੀਂ ਹੈ। ਬੈਂਸ ਦੱਸਦੇ ਹਨ ਕਿ, ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ 5-7 ਦਿਨਾਂ ਅੰਦਰ ਉਸ ਦੀ ਹਿਰਾਸਤ ਦਾ ਅਧਾਰ ਦੱਸਣਾ ਹੁੰਦਾ ਹੈ। ਇਸ ਦੇ ਨਾਲ ਹੀ 3 ਮਹੀਨਿਆਂ ਬਾਅਦ ਜੇਕਰ ਹੋਰ ਸਮਾਂ ਜੇਲ੍ਹ ਵਿੱਚ ਰੱਖਣਾ ਹੈ ਤਾਂ ਇਸ ਦੀ ਸਲਾਹਕਾਰ ਬੋਰਡ ਤੋਂ ਮਨਜ਼ੂਰੀ ਲੈਣੀ ਹੁੰਦੀ ਹੈ। ਬੈਂਸ ਕਹਿੰਦੇ ਹਨ ਕਿ ਐੱਨ.ਐੱਸ.ਏ. ਲੱਗਣ ਦੀ ਹਾਲਤ ਵਿੱਚ ਜ਼ਮਾਨਤ ਨਹੀਂ ਹੋ ਸਕਦੀ। ਉਹ ਦੱਸਦੇ ਹਨ, ਅਜਿਹੇ ਕੇਸਾਂ ਵਿੱਚ ਗ੍ਰਿਫ਼ਤਾਰੀ ਦੇ ਖ਼ਿਲਾਫ਼ ਹਾਈ ਕੋਰਟ ਜਾਇਆ ਜਾ ਸਕਦਾ ਹੈ। ਕੋਰਟ ਵਿੱਚ ਹੈਬਸ ਕੋਰਪਸ ਪਾਇਆ ਜਾ ਸਕਦਾ ਹੈ। ਹਾਲਾਂਕਿ ਕਾਨੂੰਨ ਅਨੁਸਾਰ ਕਿਸੇ ਵੀ ਵਿਅਕਤੀ ਦੀ ਹਿਰਾਸਤ 12 ਮਹੀਨਿਆਂ ਤੱਕ ਵਧਾਈ ਜਾ ਸਕਦੀ ਹੈ ਪਰ ਕਿਸੇ ਵਿਅਕਤੀ ਦੀ ਨਿਗਰਾਨੀ ਅਧੀਨ ਗ੍ਰਿਫ਼ਤਾਰੀ ਦੇ ਆਦੇਸ਼ਾਂ ਨੂੰ ਕਿਸੇ ਵੀ ਸਮੇਂ ਵਾਪਿਸ ਲਿਆ ਜਾ ਸਕਦਾ ਹੈ ਜਾਂ ਇਸ ਵਿੱਚ ਬਦਲਾਅ ਕੀਤਾ ਜਾ ਸਕਦਾ ਹੈ। ਸਰਕਾਰ ਕਿਸੇ ਮੁਲਜ਼ਮ ਨੂੰ ਕੁਝ ਸਮੇਂ ਲਈ ਕਿਸੇ ਵੀ ਟਾਇਮ ਖਾਸ ਸ਼ਰਤਾਂ ਉੱਪਰ ਜਾਂ ਬਿਨਾਂ ਸ਼ਰਤਾਂ ਤੋਂ ਛੱਡ ਸਕਦੀ ਹੈ।

# ਕੀ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ ਅਤੇ ਸੇਵਾਮੁਕਤੀ ਨਿਯਮ ਬਣਾਉਣ ਦਾ ਅਧਿਕਾਰ ਹੈ ?

## ਸ਼੍ਰੋਮਣੀ ਕਮੇਟੀ ਨੇ ਸੁਝਾਵਾਂ ਦੇ ਸਮੇਂ 'ਚ ਕੀਤਾ ਵਾਧਾ, ਹੁਣ 20 ਮਈ ਤੱਕ ਭੇਜੇ ਜਾ ਸਕਣਗੇ ਸੁਝਾਅ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਜ਼ਿੰਮੇਵਾਰੀਆਂ ਅਤੇ ਸੇਵਾਮੁਕਤੀ ਸਬੰਧੀ ਮੰਗੇ ਸੁਝਾਵਾਂ ਦੇ ਸਮੇਂ ਵਿੱਚ ਵਾਧਾ ਕਰ ਦਿੱਤਾ ਹੈ। ਹੁਣ ਇਹ ਸੁਝਾਅ 20 ਮਈ ਤੱਕ ਭੇਜੇ ਜਾ ਸਕਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਸਬੰਧੀ ਸੇਵਾ ਨਿਯਮ ਬਣਾਉਣ ਲਈ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ, ਸੰਸਥਾਵਾਂ, ਸਿੰਘ ਸਭਾਵਾਂ, ਸਭਾ ਸੁਸਾਇਟੀਆਂ ਅਤੇ ਸਿੱਖ ਵਿਦਵਾਨਾਂ ਕੋਲੋਂ 20 ਅਪ੍ਰੈਲ ਤੱਕ ਸੁਝਾਅ ਮੰਗੇ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਬੇਸ਼ੱਕ ਬਹੁਤ ਸਾਰੇ ਸੁਝਾਅ ਪ੍ਰਾਪਤ ਹੋਏ ਹਨ, ਪ੍ਰੰਤੂ ਇਸ ਦੇ ਹੋਰ ਵਿਸਥਾਰ ਲਈ 20 ਮਈ ਤੱਕ ਦਾ ਸਮਾਂ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ-ਨਾਲ ਪਹਿਲੇ ਪੁੱਜੇ ਸੁਝਾਵਾਂ ਨੂੰ ਵਾਚਣ ਅਤੇ ਕੱਚਾ ਖਰੜਾ ਤਿਆਰ ਕਰਨ ਦੀ ਪ੍ਰਕਿਰਿਆ ਵੀ ਆਰੰਭੀ ਜਾਵੇਗੀ, ਜਿਸ ਮਗਰੋਂ ਇੱਕ ਕਮੇਟੀ ਗਠਿਤ ਕਰਕੇ ਇਸ ਨੂੰ ਅੰਤਮ ਰੂਪ ਦਿੱਤਾ ਜਾਵੇਗਾ।

ਸੁਆਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਸਰਕਾਰੀ ਗੁਰਦੁਆਰਾ ਐਕਟ ਅਧੀਨ ਹੈ, ਜਿਸ ਦਾ ਘੇਰਾ ਪੰਜਾਬ ਤੱਕ ਸੀਮਤ ਹੈ, ਕੀ ਉਹ ਵਿਸ਼ਵ ਪੰਥਕ ਸੰਸਥਾ ਅਕਾਲ ਤਖ਼ਤ ਸਾਹਿਬ ਦੀ ਪ੍ਰਤੀਨਿਧਤਾ ਜਾਂ ਅਗਵਾਈ ਕਰ ਸਕਦੀ ਹੈ?

ਇਥੇ ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 1925 ਦੇ ਐਕਟ ਵਿੱਚ ਕੋਈ ਵੀ ਵਿਸ਼ੇਸ਼ ਕਥਨ ਨਹੀਂ ਹੈ। ਸਿਧਾਂਤਕ ਤੌਰ 'ਤੇ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਜਾਂ ਜਨਰਲ ਹਾਊਸ ਕੋਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਕਰਨ ਦਾ ਕੋਈ ਵੀ ਕਾਨੂੰਨੀ ਅਧਿਕਾਰ ਨਹੀਂ ਹੈ। ਪਿਛਲੀਆਂ ਤਕਰੀਬਨ 4 ਸਦੀਆਂ ਦੌਰਾਨ ਪਹਿਲਾਂ ਇਹ ਨਿਯੁਕਤੀਆਂ ਜਾਂ ਤਾਂ ਸਰਬੱਤ ਖ਼ਾਲਸਾ ਦੇ ਮਤਿਆਂ ਰਾਹੀਂ ਹੋਈਆਂ ਜਾਂ ਮਿਸਲਾਂ ਦੇ ਕਾਰਜਕਾਲ ਦੌਰਾਨ ਮਿਸਲਾਂ ਦੀ ਸਰਬਸੰਮਤੀ ਨਾਲ ਅਕਾਲ ਤਖ਼ਤ ਦੇ ਜਥੇਦਾਰ ਥਾਪੇ ਗਏ ਸਨ। ਵੀਹਵੀਂ ਸਦੀ ਦੌਰਾਨ ਵੀ ਇਹ ਨਿਯਕੁਤੀਆਂ ਸਿੱਖ ਸੰਪਰਦਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਹੰਗ ਸਿੰਘ



ਜਥੇਬੰਦੀਆਂ, ਟਕਸਾਲਾਂ ਅਤੇ ਸ਼੍ਰੋਮਣੀ ਕਮੇਟੀ ਦੇ ਕਾਰਕੁੰਨਾਂ ਦੀ ਸਹਿਮਤੀ ਨਾਲ ਹੁੰਦੀਆਂ ਰਹੀਆਂ ਹਨ। ਇੱਕੀਵੀਂ ਸਦੀ ਵਿੱਚ ਸਿੰਘ ਸਾਹਿਬਾਨ ਦੀਆਂ ਨਿਯੁਕਤੀਆਂ ਤੇ ਬਰਖ਼ਾਸਤਗੀਆਂ ਵੱਡੇ ਵਿਵਾਦ ਦਾ ਵਿਸ਼ਾ ਰਹੀਆਂ ਹਨ। ਦਰਅਸਲ, ਇਹ ਵਾਦ-ਵਿਵਾਦ ਪਿਛਲੀ ਸਦੀ ਦੇ ਅੰਤ ਵੇਲੇ ਹੀ ਸ਼ੁਰੂ ਹੋ ਗਿਆ ਸੀ ਜਦੋਂ ਖ਼ਾਲਸਾ ਪੰਥ ਦੀ ਤ੍ਰੈਸ਼ਤਾਬਦੀ ਮਨਾਉਣ ਤੋਂ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਦੀ ਥਾਂ ਗਿਆਨੀ ਪੂਰਨ ਸਿੰਘ ਨੂੰ ਜਥੇਦਾਰ ਥਾਪਿਆ ਗਿਆ ਸੀ। ਇੱਕ ਸਮਾਂ ਆਇਆ ਜਦੋਂ ਸੱਤਾਧਾਰੀ ਅਕਾਲੀ ਦਲ ਦੋਫਾੜ ਹੋ ਗਿਆ ਤਾਂ ਦੂਜੀ ਧਿਰ ਨੇ ਮੁਤਵਾਜ਼ੀ ਜਥੇਦਾਰਾਂ ਦੀ ਨਿਯੁਕਤੀ ਕਰ ਦਿੱਤੀ। ਪਿਛਲੇ ਕੁਝ ਸਾਲਾਂ ਦੌਰਾਨ ਤਾਂ ਜਥੇਦਾਰਾਂ ਨੂੰ ਲਾਉਣਾ ਤੇ ਲਾਹੁਣਾ ਆਮ ਬਣ ਗਿਆ ਜਿਸ ਕਾਰਨ ਵਿਸ਼ਵ ਭਰ ਵਿੱਚ ਨਮੋਸ਼ੀ ਹੋਈ। ਗਿਆਨੀ ਪੂਰਨ ਸਿੰਘ ਦੇ ਵਿਵਾਦਤ ਆਦੇਸ਼ਾਂ/ਹੁਕਮਨਾਮਿਆਂ ਨੂੰ ਰੱਦ ਕਰਨ ਵੇਲੇ ਤਤਕਾਲੀ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਜਥੇਦਾਰਾਂ ਦੀ ਨਿਯੁਕਤੀ, ਉਨ੍ਹਾਂ ਦੇ ਕਾਰਜ-ਖੇਤਰ ਨੂੰ ਨਿਰਧਾਰਤ ਤੇ ਅਹੁਦੇ ਤੋਂ ਫ਼ਾਰਗ ਕਰਨ ਲਈ ਨਿਯਮ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਰਦੇਸ਼ ਦਿੱਤੇ ਸਨ ਜੋ ਅੱਜ ਤੱਕ ਅਮਲ ਵਿੱਚ ਨਹੀਂ ਲਿਆਂਦੇ ਜਾ ਸਕੇ।

ਸ਼੍ਰੋਮਣੀ ਕਮੇਟੀ ਦੀ ਪਿਛਲੀ ਜਨਰਲ ਹਾਊਸ ਦੀ ਬੈਠਕ ਵਿੱਚ ਜਥੇਦਾਰ ਵੇਦਾਂਤੀ ਵੇਲੇ ਦੇ ਹੁਕਮਨਾਮੇ ਨੂੰ ਅਮਲ ਵਿੱਚ ਲਿਆਉਣ ਲਈ ਚਾਰਾਜੋਈ ਸ਼ੁਰੂ ਕਰਨ ਦਾ ਮਤਾ ਪਾਸ ਹੋਇਆ ਹੈ। ਸਿੱਖ ਪੰਥ ਦੀਆਂ ਭਾਵਨਾਵਾਂ ਅਨੁਸਾਰ ਖੰਡੇ-ਬਾਟੇ ਦੀ ਪਹੁਲ ਤੋਂ ਇਲਾਵਾ ਜਥੇਦਾਰ ਦੀ ਵਿੱਦਿਅਕ ਯੋਗਤਾ ਘੱਟੋ-ਘੱਟ ਗ੍ਰੈਜੂਏਸ਼ਨ ਜ਼ਰੂਰ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਮੀਦਵਾਰ ਦਾ ਕਿਸੇ ਗੁਰਦੁਆਰੇ ਵਿੱਚ ਬਤੌਰ ਗ੍ਰੰਥੀ/ਕਥਾਵਾਚਕ ਦਾ ਘੱਟੋ-ਘੱਟ ਤਜਰਬਾ 15-20 ਸਾਲ ਹੋਵੇ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦਾ ਗਹਿਰਾ ਅਧਿਐਨ ਕੀਤਾ ਹੋਵੇ। ਉਹ ਸਿੱਖ ਰਹਿਤ-ਮਰਿਆਦਾ ਦਾ ਸੰਪੂਰਨ ਗਿਆਨ ਰੱਖਦਾ ਹੋਵੇ।

ਪੰਥਕ ਵਿਦਵਾਨਾਂ ਦਾ ਮੰਨਣਾ ਹੈ ਕਿ ਸਿੰਘ ਸਾਹਿਬਾਨ ਦੀ ਨਿਯੁਕਤੀ ਲਈ ਇੱਕ 'ਅਕਾਲ ਕਮੇਟੀ' (ਇਲੈਕਟੋਰਲ ਕਾਲਜ) ਦਾ ਕਠਨ ਕਰਨਾ ਚਾਹੀਦਾ ਹੈ ਜਿਸ ਦੇ ਘੱਟੋ-ਘੱਟ 55 ਮੈਂਬਰ ਹੋਣ। ਇਸ ਕਮੇਟੀ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਤਿੰਨ ਸੀਨੀਅਰ ਗ੍ਰੰਥੀ ਸਾਹਿਬਾਨ ਜ਼ਰੂਰ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ, ਤਖ਼ਤ ਸ੍ਰੀ ਦਮਦਮਾ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਚੰਗਾ ਹੋਵੇ ਜੇ 'ਅਕਾਲ ਕਮੇਟੀ' ਵਿੱਚ ਪੰਜਾਬ ਤੇ ਇਸ ਤੋਂ ਬਾਹਰ ਦੇ ਵੱਡੇ ਇਤਿਹਾਸਕ ਗ੍ਰੰਥੀ ਸਾਹਿਬਾਨ ਵੀ ਲੈ ਲਏ ਜਾਣ। ਸਿੱਖ ਸੰਪਰਦਾਵਾਂ, ਮਿਸ਼ਨਰੀ ਕਾਲਜਾਂ,

(ਬਾਕੀ ਸਫ਼ਾ 30 'ਤੇ)

# ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ 'ਚ ਜਾਣ ਲਈ ਤਿਆਰ ਹੈ ਜਗਤਾਰ ਸਿੰਘ ਹਵਾਰਾ

## ਸੁਪਰੀਮ ਕੋਰਟ 'ਚ ਹਵਾਰਾ ਦੀ ਜੇਲ੍ਹ ਤਬਦੀਲ ਕਰਨ ਸੰਬੰਧੀ ਪਟੀਸ਼ਨ 'ਤੇ ਸੁਣਵਾਈ ਮੁਲਤਵੀ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ ਬੀਤੇ ਦਿਨ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਦੀ ਉਸ ਪਟੀਸ਼ਨ ਉੱਤੇ ਸੁਣਵਾਈ ਦੋ ਹਫ਼ਤਿਆਂ ਲਈ ਮੁਲਤਵੀ ਕਰ ਦਿੱਤੀ, ਜਿਸ ਵਿੱਚ ਹਵਾਰਾ ਨੇ ਖ਼ੁਦ ਨੂੰ ਕੌਮੀ ਰਾਜਧਾਨੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਕੀਤੇ ਜਾਣ ਦੀ ਮੰਗ ਸਿਖਰਲੀ ਅਦਾਲਤ ਤੋਂ ਕੀਤੀ ਹੈ।

ਚੰਡੀਗੜ੍ਹ ਪ੍ਰਸ਼ਾਸਨ ਦੀ ਨੁਮਾਇੰਦਗੀ ਕਰ ਰਹੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਹਵਾਰਾ ਦੀ ਪਟੀਸ਼ਨ 'ਤੇ ਜਵਾਬ ਦੇਣ ਲਈ ਸਮਾਂ ਮੰਗਣ ਤੋਂ ਬਾਅਦ ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੇ ਬੈਂਚ ਨੇ ਸੁਣਵਾਈ ਅੱਗੇ ਪਾ



ਦਿੱਤੀ। ਪੰਜਾਬ ਸਰਕਾਰ ਨੇ 4 ਫਰਵਰੀ ਨੂੰ ਹਵਾਰਾ ਦੀ ਜੇਲ੍ਹ ਤਬਦੀਲ ਕਰਨ ਦੀ ਪਟੀਸ਼ਨ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਉਸ ਨੂੰ ਪੰਜਾਬ ਵਿੱਚ ਤਬਦੀਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ 'ਤੇ ਚੰਡੀਗੜ੍ਹ ਵਿੱਚ ਮੁਕੱਦਮਾ ਚੱਲ ਰਿਹਾ ਹੈ।

ਪੰਜਾਬ ਦੇ ਐਡਵੋਕੇਟ ਜਨਰਲ ਨੇ ਕਿਹਾ, "ਪੰਜਾਬ ਵਿੱਚ ਉਸਦਾ ਕੋਈ ਦਾਅਵਾ ਨਹੀਂ ਹੈ। ਜੇ ਉਸਨੂੰ ਤਬਦੀਲ ਕਰਨਾ ਹੀ ਹੈ, ਤਾਂ ਇਹ ਚੰਡੀਗੜ੍ਹ ਯੂ.ਟੀ. ਵਿੱਚ ਤਬਦੀਲ ਕੀਤਾ ਜਾਵੇ।" ਉਨ੍ਹਾਂ ਬੈਂਚ ਨੂੰ ਦੱਸਿਆ ਸੀ ਹਵਾਰਾ ਵੱਲੋਂ ਦਾਇਰ ਕੀਤੀ ਗਈ ਇੱਕ ਅਜਿਹੀ ਹੀ ਪਟੀਸ਼ਨ ਨੂੰ 2018 ਵਿੱਚ ਦਿੱਲੀ ਹਾਈ ਕੋਰਟ ਨੇ ਖ਼ਾਰਜ ਕਰ ਦਿੱਤਾ ਸੀ।

ਐਡਵੋਕੇਟ-ਜਨਰਲ ਨੇ ਕਿਹਾ ਸੀ ਕਿ ਹਵਾਰਾ 'ਤੇ ਚੰਡੀਗੜ੍ਹ ਵਿੱਚ ਮੁਕੱਦਮਾ ਚਲਾਇਆ ਗਿਆ ਸੀ, ਜਿੱਥੇ ਉਸਨੇ ਜੇਲ੍ਹ ਤੋੜੀ ਸੀ ਅਤੇ ਪੰਜਾਬ ਜੇਲ੍ਹ ਦੇ ਨਿਯਮ ਚੰਡੀਗੜ੍ਹ 'ਤੇ ਲਾਗੂ ਨਹੀਂ ਹੋਣਗੇ।

## ਗੁ. ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਨੂੰ ਸੰਗਤ ਲਈ ਖੋਲ੍ਹੇ ਜਾਣਗੇ

ਅੰਮ੍ਰਿਤਸਰ/ਏ.ਟੀ.ਨਿਊਜ਼ : ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਸ੍ਰੀ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ ਸਮੇਂ ਗੁਰੂ ਘਰ ਵਿਖੇ ਨਤਮਸਤਕ ਹੋਣ ਦੀ ਇੱਛਾ ਪ੍ਰਗਟਾਈ ਹੈ। ਇਹ ਖੁਲਾਸਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਕੀਤਾ ਹੈ। ਸ੍ਰੀ ਬਿੰਦਰਾ ਨੇ ਪਿਛਲੇ ਦਿਨੀਂ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਦੀਆਂ ਤਿਆਰੀਆਂ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਉਨ੍ਹਾਂ ਨੂੰ ਯਾਤਰਾ ਦੀ ਆਰੰਭਤਾ ਸਮੇਂ ਸ਼ਾਮਿਲ ਹੋਣ ਲਈ ਸੱਦਾ ਪੱਤਰ ਦਿੱਤਾ ਹੈ।

ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਸ੍ਰੀ ਬਿੰਦਰਾ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਯਾਤਰਾ ਸਬੰਧੀ ਤਿਆਰੀਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਾਪਤ ਕੀਤੀ ਅਤੇ ਯਾਤਰਾ ਦੌਰਾਨ ਖੁਦ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋਣ ਦੀ ਇੱਛਾ ਪ੍ਰਗਟਾਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਇਸ ਯਾਤਰਾ ਵਾਸਤੇ ਸ਼ਰਧਾਲੂਆਂ ਲਈ ਲੋੜੀਂਦੀਆਂ ਸਹੂਲਤਾਂ, ਯਾਤਰਾ ਨੂੰ ਸਰਲ ਬਣਾਉਣ ਅਤੇ ਸੁਰੱਖਿਆ ਪ੍ਰਬੰਧ ਲਈ ਰਾਜ ਸਰਕਾਰ ਵੱਲੋਂ ਹਰ ਢੁਕਵੀਂ ਮਦਦ ਦਿੱਤੀ ਜਾਵੇਗੀ।

ਇਸ ਦੌਰਾਨ ਗੁਰਦੁਆਰਾ ਗੋਬਿੰਦ ਘਾਟ ਵਿਖੇ ਟੁੱਟ ਗਏ ਪੁਲ ਦੇ ਇਸ ਮਹੀਨੇ ਤੱਕ ਮੁਕੰਮਲ ਹੋਣ ਦੀ ਉਮੀਦ ਪ੍ਰਗਟਾਈ ਗਈ ਹੈ। ਇਸ ਪੁਲ ਦਾ ਨਿਰਮਾਣ ਕਾਰਜ ਜਾਰੀ ਹੈ। ਪੁਲ ਪਿਛਲੇ ਮਹੀਨੇ ਪਹਾੜ ਤੋਂ ਵੱਡੀਆਂ ਢਿਗਾਂ ਡਿੱਗਣ ਦੇ ਕਾਰਨ ਕਾਰਨ ਟੁੱਟ ਗਿਆ ਸੀ ਅਤੇ ਆਵਾਜਾਈ ਵਿੱਚ ਵਿਘਨ ਪਿਆ ਸੀ।

# ਜਥੇਦਾਰ ਗੜਗੱਜ ਵੱਲੋਂ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਸਮੂਹ ਸਿੱਖ ਜਥੇਬੰਦੀਆਂ ਨੂੰ ਇਕਜੁੱਟ ਹੋਣ ਦੀ ਅਪੀਲ

## ਸਮੂਹ ਸਿੱਖ ਜਥੇਬੰਦੀਆਂ, ਬੁੱਧੀਜੀਵੀਆਂ ਅਤੇ ਵਿਦਵਾਨਾਂ ਦੀ ਮੀਟਿੰਗ 2 ਮਈ ਨੂੰ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਸਿੱਖ ਜਥੇਬੰਦੀਆਂ ਨੂੰ ਸੱਦਾ ਦਿੱਤਾ ਕਿ ਸਿੱਖੀ ਧਰਮ ਦੀ ਪ੍ਰਚਾਰ ਲਹਿਰ ਨੂੰ ਤਿੱਖਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਮਦਮੀ ਟਕਸਾਲ, ਨਿਹੰਗ ਸਿੰਘ ਦਲ, ਸਿੱਖ ਜਥੇਬੰਦੀਆਂ, ਮਿਸ਼ਨਰੀ ਕਾਲਜ, ਸੰਸਥਾਵਾਂ ਤੇ ਪ੍ਰਚਾਰਕ ਇੱਕਜੁੱਟਤਾ ਨਾਲ ਅਗਾਂਹ ਵਧਣ ਲਈ ਅੱਗੇ ਆਉਣ। ਸਕੱਤਰੇਤ ਵਿਖੇ ਪ੍ਰੈੱਸ ਕਾਨਫ਼ਰੰਸ ਦੌਰਾਨ ਜਥੇਦਾਰ ਗੜਗੱਜ ਨੇ ਕਿਹਾ ਕਿ ਗੁਰੂ ਸਿਧਾਂਤਾਂ ਅਨੁਸਾਰ



ਸਾਨੂੰ ਸਾਰਿਆਂ ਨੂੰ ਇੱਕਜੁੱਟਤਾ ਨਾਲ ਸਿੱਖੀ ਦਾ ਪ੍ਰਚਾਰ ਪ੍ਰਸਾਰ ਕਰਨਾ ਚਾਹੀਦਾ ਹੈ ਅਤੇ ਪੰਜਾਬ ਅੰਦਰ ਧਰਮ ਪਰਿਵਰਤਨ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਇਸ ਦੀ ਵੱਡੀ ਲੋੜ ਹੈ। ਉਹਨਾਂ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਸਮੇਤ ਹੋਰ ਸਿੱਖ ਸ਼ਖ਼ਸੀਅਤਾਂ, ਜਿਨ੍ਹਾਂ ਦੇ ਮਾਮਲੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚੱਲ ਰਹੇ ਹਨ, ਨੂੰ ਆਪਣਾ ਪੱਖ ਰੱਖਣ ਲਈ ਵੀ ਸੱਦਾ ਦਿੱਤਾ ਤਾਂ ਜੋ ਇੱਕਜੁੱਟਤਾ ਨਾਲ ਪੰਜਾਬ ਅੰਦਰ ਧਰਮ ਪਰਿਵਰਤਨ ਨੂੰ ਠੱਲ੍ਹਣ ਦੇ ਨਾਲ-ਨਾਲ ਸਿੱਖੀ ਦੇ ਪ੍ਰਚਾਰ ਨੂੰ ਪ੍ਰਚੰਡ ਕੀਤਾ ਜਾ ਸਕੇ। ਉਨ੍ਹਾਂ ਸਪਸ਼ਟ ਕੀਤਾ ਕਿ ਜੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ ਹੋਰ ਸਿੱਖ ਸ਼ਖ਼ਸੀਅਤਾਂ ਖ਼ਾਲਸਾ ਪੰਥ ਦੀ ਮੁੱਖ ਧਾਰਾ ਵਿੱਚ ਆ ਕੇ ਪ੍ਰਚਾਰ ਪ੍ਰਸਾਰ ਦਾ ਕਾਰਜ ਕਰਨਾ ਚਾਹੁੰਦੀਆਂ ਹਨ ਤਾਂ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਤੇ ਸਿਧਾਂਤ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ।

# ਗੁਰਮੁਖੀ ਲਿਪੀ ਨੂੰ ਘਰ-ਘਰ ਪਹੁੰਚਾਉਣ ਦੀ ਲੋੜ : ਗਿ: ਰਵਿੰਦਰ ਸਿੰਘ ਆਲਮਗੀਰ

ਚੰਡੀਗੜ੍ਹ/ਏ.ਟੀ.ਨਿਊਜ਼: ਸਿੱਖ ਚਿੰਤਕ ਗਿਆਨੀ ਰਵਿੰਦਰ ਸਿੰਘ ਆਲਮਗੀਰ ਹੋਰਾਂ ਨੇ ਕਿਹਾ ਹੈ ਕਿ ਇਤਿਹਾਸਿਕ ਦਿਹਾੜਿਆਂ ਨੂੰ ਸਮਰਪਿਤ ਹੋ ਕੇ ਸ਼ਬਦ ਸੁਰਤਿ ਸੁਮੇਲ ਪ੍ਰਚਾਰ ਵਹੀਰ ਵੱਲੋਂ ਗੁਰਮੁਖੀ ਲਿਪੀ ਚੇਤਨਾ ਵਹੀਰ ਦੀ ਆਰੰਭਤਾ ਇੱਕ ਚੇਤ ਨਾਨਕਸ਼ਾਹੀ ਸੰਮਤ 557 (14 ਮਾਰਚ 2025) ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਕੀਤੀ ਗਈ ਹੈ, ਜਿਸ ਦਾ ਮਕਸਦ ਹੈ ਗੁਰਮੁਖੀ ਲਿਪੀ ਦੇ ਬੋਧ ਨੂੰ ਘਰ-ਘਰ ਪਹੁੰਚਾਉਣਾ। ਉਹਨਾਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰਬਾਣੀ ਦੀ ਲਿਖਣ ਲਿਪੀ ਗੁਰਮੁਖੀ ਹੈ ਇਸ ਲਈ ਜੇ ਗੁਰ-ਉਪਦੇਸ ਅਨੁਸਾਰ ਜੀਵਨ ਜਿਊਣ ਦੀ ਜੁਗਤ ਨੂੰ ਅਪਣਾਉਣਾ ਹੈ ਤੇ ਗੁਰਮੁਖੀ ਲਿਪੀ ਦਾ ਬੋਧ ਅਤਿਅੰਤ ਜਰੂਰੀ ਹੈ। ਇਸ ਭਾਵਨਾ ਅਨੁਸਾਰ ਸੰਸਥਾ ਵੱਲੋਂ ਇੰਟਰਨੈੱਟ ਗੁਰਮੁਖੀ ਲਿਪੀ ਬੋਧ ਸਕੂਲ ਦੀ



ਸ਼ੁਰੂਆਤ ਕੀਤੀ ਜਾ ਰਹੀ ਹੈ। ਮਨੁੱਖਤਾ ਦੀ ਚਾਦਰ ਸਾਹਿਬ ਸ੍ਰੀ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਦਿਵਸ ਨੂੰ ਸਮਰਪਿਤ ਗੁਰਮਤਿ ਪ੍ਰਚਾਰ ਹਿੱਤ ਸੰਸਥਾ ਦੇ ਸੰਸਥਾਪਕ ਭਾਈ ਰਵਿੰਦਰ ਸਿੰਘ ਆਲਮਗੀਰ ਜਰਮਨੀ, ਕਨਵੀਨਰ ਭਾਈ ਸਕੱਤਰ ਸਿੰਘ ਚੱਕ ਸ਼ਕੂਰ ਅਤੇ ਭਾਈ ਹਰਭਾਗ ਸਿੰਘ ਅਨੰਦਪੁਰ ਸਾਹਿਬ ਵਾਲੇ ਕਨਵੀਨਰ ਪ੍ਰਚਾਰ ਵਹੀਰ ਜਰਮਨੀ ਵੱਲੋਂ ਵਿਦੇਸ਼ ਵਿੱਚ ਪ੍ਰਚਾਰ ਪ੍ਰਸਾਰ ਪ੍ਰੋਗਰਾਮ ਉਲੀਕਿਆ ਗਿਆ ਹੈ ਜੋ ਵੱਖ- ਵੱਖ ਦੇਸ਼ਾਂ ਵਿੱਚ ਸਤੰਬਰ ਮਹੀਨੇ ਤੱਕ ਗੁਰਮਤਿ ਪ੍ਰਚਾਰ ਕਰਨਗੇ ਉਪਰੰਤ ਪੰਜਾਬ ਵਿੱਚ ਗੁਰਮਤਿ ਚੇਤਨਾ ਸਮਾਗਮ ਕੀਤੇ ਜਾਣਗੇ। 11 ਮੱਘਰ 24 ਨਵੰਬਰ 2025 ਈ. 350 ਸਾਲਾ ਸ਼ਹੀਦੀ ਦਿਵਸ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਮਰਪਿਤ ਗੜ੍ਹਸ਼ੰਕਰ ਤਹਿਸੀਲ ਵਿੱਚ ਗੁਰਮਤਿ ਚੇਤਨਾ ਸਮਾਗਮ ਹੋਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਮਹੱਤਵਪੂਰਨ ਹੈ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਦਾ ਭਾਰਤ ਦੌਰਾ

ਜਿਸ ਸਮੇਂ ਪੂਰੇ ਵਿਸ਼ਵ ਵਿੱਚ ਹੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੈਰਿਫ਼ ਨੀਤੀ ਨੇ ਵੱਡੀ ਹਲਚਲ ਮਚਾਈ ਹੋਈ ਹੈ, ਉਸ ਸਮੇਂ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ.ਵੈਂਸ ਅਤੇ ਉਨ੍ਹਾਂ ਦੀ ਭਾਰਤੀ ਮੂਲ ਦੀ ਪਤਨੀ ਊਸ਼ਾ ਦੀ ਭਾਰਤ ਫ਼ੇਰੀ ਨੂੰ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਟਰੰਪ ਦੀ ਟੈਰਿਫ਼ ਨੀਤੀ ਭਾਰਤ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ, ਜਿਸ ਕਰਕੇ ਵੈਂਸ ਦੇ ਭਾਰਤ ਦੌਰੇ ਦੀ ਅਹਿਮੀਅਤ ਹੋਰ ਵੀ ਵੱਧ ਗਈ ਹੈ। ਪਿਛਲੇ 13 ਸਾਲਾਂ ਵਿੱਚ ਕਿਸੇ ਅਮਰੀਕੀ ਉਪ ਰਾਸ਼ਟਰਪਤੀ ਦਾ ਇਹ ਪਹਿਲਾ ਭਾਰਤ ਦੌਰਾ ਹੈ। ਇਸ ਤੋਂ ਪਹਿਲਾਂ ਜੋਅ ਬਾਇਡੇਨ ਸਾਲ 2013 ਵਿੱਚ ਅਮਰੀਕਾ ਦੇ ਉਪ ਰਾਸ਼ਟਰਪਤੀ ਵਜੋਂ ਭਾਰਤ ਆਏ ਸਨ।

ਅਮਰੀਕੀ ਉਪ ਰਾਸ਼ਟਰਪਤੀ ਜੇ. ਡੀ. ਵੈਂਸ ਵੱਲੋਂ ਆਪਣੀ ਭਾਰਤ ਫ਼ੇਰੀ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨਾਲ ਵਪਾਰ, ਟੈਰਿਫ਼, ਖੇਤਰੀ ਸੁਰੱਖਿਆ ਅਤੇ ਦੁਵੱਲੇ ਸਬੰਧਾਂ ਨੂੰ ਅੱਗੇ ਵਧਾਉਣ ਦੇ ਤਰੀਕਿਆਂ ਸਮੇਤ ਕਈ ਮੁੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ। ਉਨ੍ਹਾਂ ਦੋਵਾਂ ਮੁਲਕਾਂ ਦੇ ਲੋਕਾਂ ਦੀ ਭਲਾਈ 'ਤੇ ਕੇਂਦਰਿਤ ਅਤੇ ਇੱਕ ਦੂਜੇ ਲਈ ਲਾਭਦਾਇਕ ਭਾਰਤ-ਅਮਰੀਕਾ ਦੁਵੱਲੇ ਵਪਾਰ ਸਮਝੌਤੇ ਲਈ ਗੱਲਬਾਤ ਵਿੱਚ ਮਹੱਤਵਪੂਰਨ ਪ੍ਰਗਤੀ ਦਾ ਸਵਾਗਤ ਕੀਤਾ। ਦੋਵਾਂ ਆਗੂਆਂ ਨੇ ਊਰਜਾ, ਰੱਖਿਆ, ਰਣਨੀਤਕ ਤਕਨਾਲੋਜੀ ਅਤੇ ਹੋਰ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਨਿਰੰਤਰ ਯਤਨਾਂ ਦਾ ਜ਼ਿਕਰ ਕੀਤਾ। ਉਨ੍ਹਾਂ ਪਰਸਪਰ ਹਿੱਤ ਵਾਲੇ ਵੱਖ-ਵੱਖ ਖੇਤਰੀ ਅਤੇ ਵਿਸ਼ਵਵਿਆਪੀ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਅਤੇ ਅੱਗੇ ਵਧਣ ਲਈ ਗੱਲਬਾਤ ਅਤੇ ਕੂਟਨੀਤੀ ਦਾ ਸੱਦਾ ਦਿੱਤਾ। ਇਸ ਤੋਂ ਪਹਿਲਾਂ, ਦੋਵੇਂ ਆਗੂ ਇਸ ਸਾਲ ਪੈਰਿਸ ਵਿੱਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਸੰਮੇਲਨ ਵਿੱਚ ਮਿਲੇ ਸਨ। ਉਸ ਸਮੇਂ ਮੋਦੀ ਵੈਂਸ ਦੇ ਪੁੱਤਰ ਵਿਵੇਕ ਦੇ ਜਨਮਦਿਨ 'ਤੇ ਸ਼ਾਮਲ ਹੋਏ ਸਨ ਅਤੇ ਉਸਨੂੰ ਖਿਡੌਣੇ ਤੋਹਫ਼ੇ ਵਜੋਂ ਦਿੱਤੇ ਸਨ। ਇਹ ਮੋਦੀ ਦੀ ਟਰੰਪ-2 ਸਰਕਾਰ ਦੇ ਕਿਸੇ ਸੀਨੀਅਰ ਅਧਿਕਾਰੀ ਨਾਲ ਪਹਿਲੀ ਮੁਲਾਕਾਤ ਸੀ।

ਭਾਰਤ ਅਤੇ ਅਮਰੀਕਾ ਦੋਵੇਂ ਹੀ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਹਨ। ਦੋਵਾਂ ਦੇਸ਼ਾਂ ਵਿਚਕਾਰ ਰੱਖਿਆ, ਵਪਾਰ, ਤਕਨਾਲੋਜੀ ਅਤੇ ਜਲਵਾਯੂ ਪਰਿਵਰਤਨ ਵਰਗੇ ਮੁੱਦਿਆਂ 'ਤੇ ਸਹਿਯੋਗ ਲਗਾਤਾਰ ਵਧ ਰਿਹਾ ਹੈ। ਅਮਰੀਕਾ ਜੇ ਵਿਸ਼ਵ ਦੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਹੈ ਤਾਂ ਭਾਰਤ ਦੀ ਗਿਣਤੀ ਵੀ ਵਿਸ਼ਵ ਦੀਆਂ ਵੱਡੀਆਂ ਆਰਥਿਕ ਸ਼ਕਤੀਆਂ ਵਿੱਚ ਹੁੰਦੀ ਹੈ। ਆਰਥਿਕ ਮੁਹਾਜ਼ 'ਤੇ ਪਿਛਲੇ ਸਾਲਾਂ ਦੌਰਾਨ ਬਹੁਤ ਤਰੱਕੀ ਕਰ ਗਿਆ ਹੈ, ਜਿਸ ਨਾਲ ਭਾਰਤ ਵਿਕਾਸਸ਼ੀਲ ਦੇਸ਼ ਤੋਂ ਵਿਕਸਤ ਦੇਸ਼ ਬਣਦਾ ਜਾ ਰਿਹਾ ਹੈ, ਜੋ ਕਿ ਭਾਰਤ ਦੀ ਤਰੱਕੀ ਦਾ ਸੂਚਕ ਹੈ। ਇਸ ਕਰਕੇ ਦੋਵਾਂ ਦੇਸ਼ਾਂ ਵਿਚਾਲੇ ਹੋਣ ਵਾਲੇ ਸਮਝੌਤੇ ਦੁਨੀਆਂ ਵਿੱਚ ਕਾਫ਼ੀ ਮਹੱਤਤਾ ਰੱਖਦੇ ਹਨ। ਇਸੇ ਕਾਰਨ ਅਮਰੀਕਾ ਦੇ ਉਪ ਰਾਸ਼ਟਰਪਤੀ ਦੇ ਭਾਰਤ ਦੌਰੇ 'ਤੇ ਪੂਰੀ ਦੁਨੀਆਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ।

ਅਮਰੀਕਾ ਭਾਰਤ ਲਈ ਇੱਕ ਵੱਡਾ ਬਾਜ਼ਾਰ ਹੈ ਅਤੇ ਭਾਰਤ ਅਮਰੀਕਾ ਲਈ ਇੱਕ ਰਣਨੀਤਕ ਭਾਈਵਾਲ ਹੈ। ਅਜਿਹੀ ਸਥਿਤੀ ਵਿੱਚ, ਉਪ ਰਾਸ਼ਟਰਪਤੀ ਵੈਂਸ ਦੇ ਦੌਰੇ ਨੂੰ ਇੱਕ ਬਹੁਤ ਮਹੱਤਵਪੂਰਨ ਕੂਟਨੀਤਕ ਮਿਸ਼ਨ ਵਜੋਂ ਵੀ ਦੇਖਿਆ ਜਾ ਰਿਹਾ ਹੈ। ਟਰੰਪ ਦੇ ਟੈਰਿਫ਼ ਯੁੱਧ ਤੋਂ ਬਾਅਦ ਭਾਰਤ ਅਮਰੀਕਾ ਨਾਲ ਇੱਕ ਦੁਵੱਲੇ ਵਪਾਰ ਸਮਝੌਤੇ ਨੂੰ ਆਕਾਰ ਦੇਣ ਵਿੱਚ ਰੁੱਝਿਆ ਹੋਇਆ ਹੈ ਤਾਂ ਜੋ ਦੋਵਾਂ ਦੇਸ਼ਾਂ ਦੇ ਹਿੱਤਾਂ ਦੀ ਪੂਰਤੀ ਕਰਦੇ ਹੋਏ ਵਪਾਰ ਨੂੰ ਵਿਵਹਾਰਕ ਬਣਾਇਆ ਜਾ ਸਕੇ।

ਜੇ. ਡੀ. ਵੈਂਸ ਦੀ ਇਸ ਫ਼ੇਰੀ ਨੂੰ ਭਾਰਤ ਅਤੇ ਅਮਰੀਕਾ ਵਿਚਕਾਰ ਤਕਨੀਕੀ ਅਤੇ ਰਣਨੀਤਕ ਸਹਿਯੋਗ ਨੂੰ ਨਵੀਂ ਦਿਸ਼ਾ ਦੇਣ ਦੇ ਲਿਹਾਜ਼ ਨਾਲ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਭਾਰਤ ਦੀ ਸੈਮੀਕੰਡਕਟਰ ਨੀਤੀ, ਡਿਜੀਟਲ ਇੰਡੀਆ ਮੁਹਿੰਮ ਅਤੇ ਗਲੋਬਲ ਨਿਰਮਾਣ ਵਿੱਚ ਵਧਦੀ ਹਿੱਸੇਦਾਰੀ ਅਜਿਹੇ ਖੇਤਰ ਹਨ ਜਿੱਥੇ ਦੋਵਾਂ ਦੇਸ਼ਾਂ ਵਿਚਕਾਰ ਮਜ਼ਬੂਤ ਸਮਝੌਤੇ ਕੀਤੇ ਜਾ ਸਕਦੇ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਹ ਦੌਰਾ ਤਕਨੀਕੀ ਨਿਵੇਸ਼, ਖੋਜ ਸਹਿਯੋਗ ਅਤੇ ਸਪਲਾਈ ਲੜੀ ਵਿਭਿੰਨਤਾ ਵਰਗੇ ਮੁੱਦਿਆਂ 'ਤੇ ਪ੍ਰਗਤੀ ਵੱਲ ਲੈ ਜਾਂਦਾ ਹੈ, ਤਾਂ ਇਹ ਭਾਰਤ ਨੂੰ ਇਲੈਕਟ੍ਰਾਨਿਕਸ ਅਤੇ ਤਕਨੀਕੀ ਨਵੀਨਤਾ ਦਾ ਵਿਸ਼ਵਵਿਆਪੀ ਕੇਂਦਰ ਬਣਾਉਣ ਵੱਲ ਇੱਕ ਵੱਡਾ ਕਦਮ ਹੋਵੇਗਾ।

ਭਾਰਤ ਫ਼ੇਰੀ ਦੌਰਾਨ ਅਮਰੀਕਾ ਦੇ ਉਪ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਅਤੇ ਮਹੱਤਵਪੂਰਨ ਗੱਲਬਾਤ ਕਰਨ ਤੋਂ ਬਾਅਦ ਭਾਰਤ ਦੇ ਵੱਖ ਵੱਖ ਸਥਾਨਾਂ ਦੀ ਸੈਰ ਕੀਤੀ, ਜਿਸ ਤੋਂ ਉਹਨਾਂ ਦੇ ਭਾਰਤ ਪ੍ਰਤੀ ਪ੍ਰੇਮ ਦਾ ਪਤਾ ਚੱਲ ਜਾਂਦਾ ਹੈ। ਜੇ. ਡੀ. ਵੈਂਸ ਦੀ ਭਾਰਤ ਫ਼ੇਰੀ ਭਾਰਤ ਦੇ ਲੋਕਾਂ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਉਨ੍ਹਾਂ ਦੀ ਪਤਨੀ ਊਸ਼ਾ ਚਿਲਕੁਰੀ ਦਾ ਜੱਦੀ ਇਲਾਕਾ ਆਂਧਰਾ ਪ੍ਰਦੇਸ਼ ਵਿੱਚ ਹੈ। ਉਸਦੀ ਪਤਨੀ ਊਸ਼ਾ ਦੇ ਮਾਤਾ-ਪਿਤਾ ਅਮਰੀਕਾ ਗਏ ਹੋਏ ਸਨ, ਊਸ਼ਾ ਦਾ ਜਨਮ ਉੱਥੇ ਹੋਇਆ ਸੀ ਅਤੇ ਉਹ ਪਹਿਲੀ ਵਾਰ ਭਾਰਤ ਆਈ ਹੈ। ਪਿਛਲੇ ਸਾਲ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ, ਉਪ ਰਾਸ਼ਟਰਪਤੀ ਉਮੀਦਵਾਰ ਦੀ ਪਤਨੀ ਭਾਰਤੀ ਮੂਲ ਦੀ ਹੋਣ ਕਰਕੇ ਮੀਡੀਆ ਵਿੱਚ ਸੁਰਖੀਆਂ ਬਟੋਰੀਆਂ ਸਨ। ਇਹ ਮੰਨਿਆ ਜਾ ਰਿਹਾ ਹੈ ਕਿ ਵੈਂਸ ਦੀ ਭਾਰਤ ਫ਼ੇਰੀ ਅਮਰੀਕਾ ਅਤੇ ਭਾਰਤ ਵਿਚਕਾਰ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰੇਗੀ। ਉਹਨਾਂ ਦਾ ਭਾਰਤ ਦੌਰਾ ਪੂਰੀ ਦੁਨੀਆਂ ਵਿੱਚ ਹੀ ਮੀਡੀਆ ਦੀਆਂ ਸੁਰਖ਼ੀਆਂ ਬਣਿਆ ਹੋਇਆ ਹੈ। ਦੁਵੱਲੇ ਵਪਾਰ ਸਮਝੌਤੇ ਨੂੰ ਲੈ ਕੇ ਦੋਵਾਂ ਮੁਲਕਾਂ ਦਰਮਿਆਨ ਚੱਲ ਰਹੇ ਸੰਵਾਦ ਦੇ ਪਿਛੋਕੜ ਵਿੱਚ ਮੋਦੀ-ਵੈਂਸ ਗੱਲਬਾਤ ਬਹੁਤ ਅਹਿਮ ਹੈ।

# ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਨਵੀਂ ਸੋਚ ਤੇ ਆਗੂਆਂ ਦੀ ਲੋੜ



ਇਕਬਾਲ ਸਿੰਘ ਲਾਲਪੁਰਾ
ਚੇਅਰਮੈਨ ਨੈਸ਼ਨਲ ਮੈਨੋਰਿਟੀ ਕਮਿਸ਼ਨ

ਕੌਮ ਦੀ ਤਰੱਕੀ ਤੇ ਖੁਸ਼ਹਾਲੀ ਲਈ ਦੂਰ ਅੰਦੇਸ਼ ਤੇ ਸਮਰਪਿਤ ਆਗੂ ਹੋਣਾ ਜ਼ਰੂਰੀ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਨੰਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਪੰਜਾਬ ਵੱਲ ਭੇਜਿਆ ਅਤੇ ਉਸ ਨਾਲ ਜ਼ਿੰਮੇਵਾਰ ਸਿੰਘ ਵੀ ਸਹਾਇਕ ਤੇ ਸਲਾਹਕਾਰ ਵਜੋਂ ਭੇਜੇ ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਤ ਸਮੇਂ ਹੀ ਮੁਗਲ ਸਰਕਾਰ ਸਰਕਾਰ ਫ਼ੁੱਟ ਪਾਉਣ ਵਿੱਚ ਸਫ਼ਲ ਰਹੀ , ਨਤੀਜਾ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੀ ਗੜ੍ਹੀ ਵਿੱਚੋਂ, ਅੱਠ ਮਹੀਨੇ ਬਾਹਰੋਂ ਸਹਾਇਤਾ ਦੀ ਆਸ ਕਰਦਾ ਹੀ ਗ੍ਰਿਫ਼ਤਾਰ ਹੋ 1716 ਈ ਵਿੱਚ ਤਸੀਹੇ ਦੇ ਕੇ ਸਤ ਸੌ ਸਾਥੀਆਂ ਸਮੇਤ ਦਿੱਲੀ ਵਿਖੇ ਸ਼ਹੀਦ ਹੋ ਗਿਆ। ਜਿਸ ਸਿੰਘ ਨੇ, ਗੁਰੂ ਦੇ ਭਾਣੇ ਵਿੱਚ ਜ਼ਾਲਮਾ ਤੇ ਗੁਰੂ ਦੋਖੀਆਂ ਨੂੰ ਸਜ਼ਾ ਦਿੱਤੀ ਅਤੇ ਹਲੇਮੀ ਰਾਜ ਦਾ ਸੰਕਲਪ ਪ੍ਰਗਟ ਕਰਕੇ ਸ਼ਹੀਦੀ ਦਿਤੀ , ਨੂੰ ਸਿੱਖਾਂ ਦੇ ਇੱਕ ਧੜੇ ਨੇ ਕੌਮੀ ਗਦਾਰ ਵਜੋਂ ਪ੍ਰਚਾਰ ਦਿੱਤਾ। ਬੰਦਈ ਸਿੱਖਾਂ ਤੇ ਤੱਤ ਖਾਲਸਾ ਦੋ ਧੜੇ ਬਣਾ ਦਿੱਤੇ ਗਏ। ਪੱਲੇ ਤੱਤ ਖ਼ਾਲਸਾ ਦੇ ਵੀ ਕੁੱਝ ਨਹੀਂ ਪਿਆ ।

ਹੁਣ ਵਾਰੀ ਭਾਈ ਮਨੀ ਸਿੰਘ ਸਰਦਾਰ ਦਰਬਾਰਾ ਸਿੰਘ ਦੀ ਸੀ। ਭਾਈ ਮਨੀ ਸਿੰਘ ਨੂੰ ਵੀ ਸ਼ਹਾਦਤ ਦੇਣੀ ਪਈ। ਗੱਲ ਖ਼ਾਲਸਾ ਦੇ ਜੱਥੇ ਬਣ ਅੱਗੇ ਤੁਰੀ , ਜਿਨ੍ਹਾਂ ਦੇ ਕੁਲ ਮੈਂਬਰਾਂ ਦੀ ਗਿਣਤੀ ਪੰਜ ਹਜ਼ਾਰ ਤੋਂ ਵੀ ਘੱਟ ਸੀ ਪਰ ਨਿਸ਼ਾਨਾ ਸਪਸ਼ਟ ਸੀ, ਖ਼ਾਲਸਾ ਇਕੱਠੇ ਬੈਠ ਕੇ, ਗੁਰਮਤਾ ਜਾਂ ਫ਼ੈਸਲਾ ਕਰ, ਗੁਰੂ ਚਰਨਾਂ ਵਿੱਚ ਉਸਦੀ ਪੂਰਤੀ ਲਈ ਅਰਦਾਸ ਕਰਕੇ ਅੱਗੇ ਵਧਦਾ ਸੀ ਕਿ ਨਿਆਂ ਦਾ ਰਾਜ ਕਾਇਮ ਕਰਨਾ ਤੇ ਮੁਗਲ ਰਾਜ ਦੀ ਜੜ੍ਹ ਪੁਟਨੀ। ਨਵਾਬ ਕਪੂਰ ਸਿੰਘ ਦੀ ਨਿਯੁਕਤੀ ਤੋਂ ਬਾਅਦ, ਇੱਕ ਆਗੂ ਹੇਠ, ਸਾਂਝੇ ਫ਼ੈਸਲੇ ਨੂੰ ਅੱਗੇ ਵਧਦਾ ਸੀ, ਇਸ ਲਈ ਕੁਰਬਾਨੀਆਂ ਦੇਣ ਸਮੇਂ, ਕੋਈ ਵੀ ਪਿੱਛੇ ਨਹੀਂ ਰਿਹਾ। ਫ਼ੈਸਲੇ ਗੁਰੂ ਦੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਹੁੰਦੇ ਸਨ,ਪਰ ਆਗੂ ਇੱਕ ਹੀ ਹੁੰਦਾ ਸੀ। ਗਿਆਰਾਂ ਮਿਸਲਾਂ ਨੇ ਵੀ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ ਉਲ ਕੌਮ ਥਾਪ ਉਨ੍ਹਾਂ ਦੀ ਅਗਵਾਈ ਹੇਠ ਲਾਹੌਰ , ਸਰਹਿੰਦ ਤੇ ਦਿੱਲੀ ਦੇ ਤਖ਼ਤ ਤੇ ਕਬਜ਼ਾ ਕੀਤਾ।

ਆਪਸੀ ਫ਼ੁੱਟ ਤੋਂ ਬਚਣ ਲਈ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ 1783 ਈ ਵਿੱਚ ਦਿੱਲੀ ਦਾ ਤਖ਼ਤ ਜਿੱਤ ਕੇ ਵੀ, ਟੈਕਸ ਲਾ ਕੇ ਬਾਦਸ਼ਾਹ ਸ਼ਾਹ ਆਲਮ ਨੂੰ ਵਾਪਸ ਕਰ ਦਿੱਤਾ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਤੋਂ ਬਾਅਦ ਮਿਸਲਾਂ ਵੀ ਆਪਸ ਵਿੱਚ ਟਕਰਾਉਣ ਲੱਗ ਪਈਆਂ, ਸਾਂਝਾਂ ਤੇ ਸਰਬ ਪਰਵਾਨਿਤ ਆਗੂ ਕੋਈ ਨਾ ਬਣ ਸਕਿਆ। ਕਾਨਪੁਰ, ਤਰਾਈ ਤੇ ਰਾਜਸਥਾਨ ਤੱਕ ਸਰਦਾਰੀ ਕਰਦਾ,ਖ਼ਾਲਸਾ ਇੱਕ ਆਗੂ ਨਾ ਹੋਣ ਕਾਰਨ ਪੰਜਾਬ ਤੱਕ ਹੀ ਸੀਮਤ ਹੋ ਗਿਆ।

ਹੁਣ ਵਾਰੀ ਸ਼ੁਕਰਚਕੀਆ ਸਰਦਾਰ ਚੜਤ ਸਿੰਘ ਦੇ ਪੋਤਰੇ ਰਣਜੀਤ ਸਿੰਘ ਦੀ ਸੀ , ਜਿਸ ਨੇ ਸਰਦਾਰਨੀ ਸਦਾ ਕੌਰ ਨਾਲ ਮਿਲਕੇ, ਮੁੜ ਖ਼ਾਲਸਾ ਸ਼ਕਤੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਆਪੇ ਬਣੀ ਬਾਹਰਵੀਂ ਮਿਸਲ ਤੇ ਕੁਝ ਹੋਰ ਸਿੱਖ ਅੰਗਰੇਜ਼ਾਂ ਦੇ ਸਾਥੀ ਬਣ ਗਏ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਉਸ ਸਮੇਂ ਦਰ੍ਹਾ ਖੈਬਰ ਤੋਂ ਰੋਪੜ ਤੱਕ ਵੱਡਾ ਰਾਜ ਕਾਇਮ ਕਰ ਲਿਆ, ਜਿਸਦੀਆਂ ਸਰਹੱਦਾਂ ਚੀਨ ਤੇ ਸਿੰਧ ਨਾਲ ਲੱਗਦੀਆਂ ਸਨ ,ਪਰ ਕੌਮ ਵਿੱਚ,ਇੱਕ ਅੰਗਰੇਜ਼ ਸਰਕਾਰ ਦਾ ਵਫ਼ਾਦਾਰ ਧੜਾ ਵੀ ਪੈਦਾ ਹੋ ਗਿਆ। ਮਹਾਰਾਜਾ ਨੂੰ ਦਿੱਲੀ ਵੱਲ ਵਧਣ ਦੀ ਮਨਾਹੀ ਹੀ ਨਹੀਂ ਹੋਈ,ਬਲਕਿ ਜਿੱਤੇ ਹੋਏ ਕੁਝ ਇਲਾਕੇ ਵੀ ਖਾਲੀ ਕਰਨੇ ਪਏ । ਜੇਕਰ ਕੌਮ ਵਿੱਚ ਏਕਤਾ ਹੁੰਦੀ ਤਾਂ 1783 ਈ ਵਾਂਗ ਦਿੱਲੀ ਦੇ ਤਖ਼ਤ 'ਤੇ ਦੁਬਾਰਾ ਕਬਜ਼ਾ ਕਰਨਾ ਮਾਮੂਲੀ ਗੱਲ ਸੀ।

1839 ਈ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਹੀ , ਲਾਹੌਰ ਦਰਬਾਰ ਅੰਦਿਰ,ਅੰਗਰੇਜ਼ਾਂ ਦੇ ਸੂਹੀਏ ਤੇ ਸਾਥੀਆਂ ਨੇ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਅਗਲੇ ਛੇ ਸਾਲਾਂ ਵਿੱਚ ਤਿੰਨ ਬਾਦਸ਼ਾਹ ਮਾਰੇ ਗਏ ਤੇ 1945-1946 ਈ. ਦੀ ਪਹਿਲੀ ਅੰਗਰੇਜ਼- ਖ਼ਾਲਸਾ



ਜੰਗ ਤੋਂ ਬਾਅਦ, ਅੰਗਰੇਜ਼ੀ ਹਕੂਮਤ ਲਾਹੌਰ 'ਤੇ ਕਾਬਜ ਹੋ ਗਈ।

ਫ਼ੇਰੂ ਸ਼ਹਿਰ ਦੀ ਜੰਗ ਸਮੇਂ,ਖ਼ਾਲਸਾ ਦੀ ਹਾਰ ਦਾ ਕਾਰਨ ਬਿਆਨ ਕਰਦਾ, ਸ਼ਾਹ ਮੁਹੰਮਦ ਲਿਖਦਾ ਹੈ -

ਪਹਾੜਾ ਸਿੰਘ ਸੀ ਯਾਰ ਫ਼ਰੰਗੀਆ ਦਾ
ਸਿੰਘਾਂ ਨਾਲ ਸੀ ਉਸ ਸੀ ਗੈਰਸਾਲੀ
ਉਸ ਨੇ ਜਾ ਫ਼ਰੰਗੀ ਨੂੰ ਖਬਰ ਦਿੱਤੀ
ਗੱਲ ਦੱਸ ਦਿੱਤੀ ਸਾਰੀ ਭੇਦ ਵਾਲੀ
ਏਥੋ ਹੋ ਗਿਆ ਹਰਨ ਹੈ ਖਾਲਸਾ ਜੀ
ਚੌਦਾ ਹੱਥ ਦੀ ਮਾਰ ਕੇ ਮਿਰਗਛਾਲੀ
ਸਾਹ ਮੁਹੰਮਦਾ ਸਾਂਭ ਲਓ ਤੋਪਖਾਨੇ
ਛੱਡ ਗਏ ਨੇ ਸਿੰਘ ਮੈਦਾਨ ਖਾਲੀ

ਪਹਾੜਾ ਸਿੰਘ ਖਾਲਸਾ ਫ਼ੌਜ ਦਾ ਸਾਥੀ ਤੇ ਰਹਿਬਰ ਨਹੀਂ ਬਣਿਆ ।

ਗੱਲ ਆਪਸੀ ਫ਼ੁੱਟ, ਕੌਮੀ ਰੂਪ ਵਿੱਚ ਇਕੱਠੇ ਹੋਣ ਦੀ ਥਾਂ, ਵਿਰੋਧੀਆਂ ਤੋਂ ਰਾਜਾ ਦਾ ਖਿਤਾਬ ਤੇ ਕੁਝ ਜ਼ਮੀਨ ਲੈ ਕੇ ਕੌਮੀ ਗਦਾਰੀ ਤੱਕ ਹੀ ਸੀਮਤ ਹੋ ਗਈ।

1849 ਈ ਵਿੱਚ ਲਾਹੌਰ ਦਰਬਾਰ 'ਤੇ ਕਬਜ਼ਾ ਤਾਂ ਇੱਕ ਛਲਾਵਾ ਸੀ ਅਸਲ ਕਬਜ਼ਾ ਤਾਂ ਪਹਿਲਾਂ ਹੀ ਹੋ ਗਿਆ ਸੀ, ਜਦੋਂ ਮਹਾਰਾਣੀ ਜਿੰਦਾਂ ਨੂੰ ਆਪਣੇ ਰਾਜ ਵਿੱਚ ਕੈਦ ਕਰ ਲਿਆ ਗਿਆ ਸੀ।

1849 ਈ ਤੋਂ ਬਾਅਦ ਅੰਗਰੇਜ਼ੀ ਹਕੂਮਤ ਨੇ , ਖ਼ਾਲਸਾ ਦੀ ਧਾਰਮਿਕ ਤੇ ਰਾਜਨੀਤਕ ਸ਼ਕਤੀ ਨੂੰ, ਸਿੱਖ ਸਰਦਾਰਾਂ ਰਾਹੀਂ ਹੀ ਬਰਬਾਦ ਕਰਵਾ ਦਿੱਤਾ। ਧਾਰਮਿਕ ਰੂਪ ਵਿੱਚ ਗੁਰੂ ਘਰਾਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ। ਸਰਬਰਾਹ ਜਾਂ ਮੈਨੇਜਰ ਸਰਕਾਰ ਨਿਯੁਕਤ ਕਰਨ ਲੱਗ ਪਈ। ਕੁੱਝ ਰਾਜੇ ਤੇ ਰਾਜ ਪਰਿਵਾਰ ਇਸਾਈ ਬਣ ਗਏ। ਬਾਕੀਆਂ ਨੇ ਅੰਗਰੇਜ਼ੀ ਜੀਵਨ ਸ਼ੈਲੀ ਅਪਣਾ ਲਈ। ਨਿਰਮਲ ਪੰਥ ਦਾ ਪ੍ਰਚਾਰ ਪ੍ਰਸਾਰ ਬੰਦ ਕਰਵਾ ਦਿੱਤਾ, ਕੁਝ ਫ਼ੌਜੀ ਬਾਬੇ ਬਣ ਵੱਖਰੇ ਡੇਰੇਦਾਰ ਤੇ ਟਕਸਾਲੀ ਬਣ ਗਏ ।

ਦੂਜੇ ਧਰਮਾਂ ਵਿਚੋਂ ਸਿੱਖ ਧਰਮ ਵਿੱਚ ਆਏ ਪਰਿਵਾਰਾਂ ਨੂੰ ਮੁੜ ਪਿਛਲੇ ਧਰਮ ਵੱਲ ਮੋੜਨ ਲਈ ਮੁਹਿੰਮਾਂ ਚੱਲ ਪਈਆਂ।

ਪੰਜਾਬੀ ਸਮਾਜ, ਜਿਸ ਵਿੱਚ ਸਿੱਖ ਪੈਦਾ ਹੁੰਦੇ ਸਨ, ਨੂੰ ਵੰਡਣ ਦਾ ਕੰਮ ਵੀ ਨੀਤੀ ਨਾਲ ਹੋਇਆ। ਅੰਗਰੇਜ਼ ਹਕੂਮਤ ਨੇ ਲੇਖਕਾਂ ਨੂੰ ਵੀ ਫ਼ੁੱਟ ਪਾਉਣ ਦਾ ਕੰਮ ਸੌਂਪਿਆ ਤੇ ਉਸ ਵਿੱਚ ਉਹ ਕਾਮਯਾਬ ਵੀ ਹੋਏ। ਕੰਨਿਘਮ ਕੇ ਮੈਕਾਲਿਫ਼, ਲੈਪਲ ਅੱਜ ਵੀ ਪ੍ਰਵਾਨਿਤ ਇਤਿਹਾਸਕਾਰ ਮੰਨੇ ਜਾਂਦੇ ਹਨ। ਗੁਰੂ ਕਾਲ ਤੋਂ ਬਾਅਦ ਕੋਈ ਉਪਰਾਲਾ ਸੰਸਥਾ ਦੇ ਰੂਪ ਵਿੱਚ ਸਿੱਖ ਧਰਮ ਤੇ ਇਤਿਹਾਸ ਵਾਰੇ ਖੋਜ ਕਰਨ ਤੇ ਆਮ ਆਦਮੀ ਤੱਕ ਪਹੁੰਚਾਉਣ ਦਾ ਨਹੀਂ ਹੋਇਆ। ਸੋਹਨ ਲਾਲ ਸੂਰੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਲਿਖਿਆ ਇਤਿਹਾਸ ਵੀ ਹੋਰ ਖੋਜ ਲਈ ਨਾ ਤਾਂ ਪੜ੍ਹਾਇਆ ਜਾ ਰਿਹਾ ਹੈ ਅਤੇ ਨਾ ਹੀ ਆਮ ਆਦਮੀ ਤੱਕ ਪੁੱਜਿਆ ਹੀ ਹੈ ।

ਸ਼੍ਰੀ ਦਰਬਾਰ ਸਾਹਿਬ ਨੇੜੇ , ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ,ਖ਼ਾਲਸਾ ਸਰਦਾਰ ਇਕੱਠੇ ਹੋ ,ਅਗਲੀਆਂ ਕਾਰਵਾਈਆਂ ਲਈ,ਅਠਾਰਵੀਂ ਸਦੀ ਵਿੱਚ ਗੁਰਮਤੇ ਕਰਕੇ ਉਨ੍ਹਾਂ ਦੀ ਸਫ਼ਲਤਾ ਲਈ ਅਰਦਾਸ ਕਰਕੇ ਕਾਰਜ ਆਰੰਭ ਕਰਦੇ ਸਨ। ਵੱਡੀਆਂ ਸਫ਼ਲਤਾਵਾਂ ਤੇ ਕੌਮੀ ਫ਼ੈਸਲੇ ਇਸ ਤਰ੍ਹਾਂ ਹੀ ਹੁੰਦੇ ਸਨ। ਕੋਈ ਵੀ ਹੁਕਮਨਾਮਾ ਗੁਰੂ ਘਰਾਂ ਦੇ ਪੁਜਾਰੀ ਜਾਂ ਪ੍ਰਬੰਧਕ ਜਾਰੀ ਨਹੀਂ ਕਰਦੇ ਸਨ।

ਇਤਿਹਾਸਕਾਰਾਂ ਅਨੁਸਾਰ 1864 ਤੋਂ ਬਾਅਦ ਹੁਕਮਨਾਮੇ ਪੁਜਾਰੀਆਂ ਵੱਲੋਂ ਜਾਰੀ ਕੀਤੇ ਜਾਣੇ ਆਰੰਭ ਹੋਏ, ਪਰ ਕੌਮੀ ਏਕਤਾ, ਧਰਮ ਦਾ ਪ੍ਰਚਾਰ ਪ੍ਰਸਾਰ , ਵਿੱਦਿਆ ਜਾਂ ਰਾਜਨੀਤਕ ਸ਼ਕਤੀ ਮੁੜ ਪ੍ਰਪਾਤ ਕਰਨਾ ਕਦੇ ਵੀ ਇਨ੍ਹਾਂ ਆਦੇਸ਼ਾਂ ਦਾ ਵਿਸ਼ਾ ਨਹੀਂ ਰਿਹਾ।

1849 ਈ. ਤੇ ਬਾਅਦ ਕੋਈ ਮਜ਼ਬੂਤ ਸਿੱਖ ਆਗੂ ਜਾਂ ਜਥੇਬੰਦੀ, ਅੰਗਰੇਜ਼ ਵਿਰੁੱਧ ਸਿੱਖ ਭਾਈਚਾਰੇ ਵਿਚੋਂ,ਖੜੀ ਨਹੀਂ ਹੋ ਸਕੀ। ਕੂਕਾ ਲਹਿਰ, ਸਿੰਘ ਸਭਾ ਲਹਿਰ ਅੰਗਰੇਜ਼ ਨੇ, ਫ਼ੁੱਟ ਪਾ ਕੇ ਜਾ ਸਖ਼ਤੀ ਨਾਲ ਦਬਾ ਦਿਤੀ। ਸਿੱਖ ਹਮਾਇਤੀ ਬਨਣ ਲਈ, ਚੀਫ਼ ਖ਼ਾਲਸਾ ਦੀਵਾਨ ਬਣਾ ਕੇ, ਅੰਗਰੇਜ਼ ਪ੍ਰਸਤ ਸਿੱਖਾਂ ਲੀਡਰਾਂ ਨੇ, ਵਿੱਦਿਆ ਲਈ ਕੰਮ ਆਰੰਭ ਕੀਤਾ, ਪਰ ਇਹ ਵੱਡੇ ਸਰਦਾਰ ਆਮ ਆਦਮੀ ਤੋਂ ਦੂਰ ਸਨ।

1920 ਈ ਵਿੱਚ ਕੌਮ ਨੂੰ ਦੁਬਾਰਾ ਗੁਰਦੁਆਰਾ ਸੁਧਾਰ ਲਹਿਰ ਨੇ ਜਾਗ੍ਰਿਤ ਕੀਤਾ, ਕੁਰਬਾਨੀਆਂ ਦੇ ਕੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ, ਸਿੱਖ ਗੁਰਦੁਆਰਾ ਪ੍ਰਬੰਧਕ ਐਕਟ 1925 ਈ ਰਾਹੀਂ ਪ੍ਰਾਪਤ ਕਰ ਲਿਆ । ਇਹ ਸਮਾਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰਨ ਦਾ ਸੀ । ਪਰ ਮਹਾਤਮਾ ਗਾਂਧੀ ਜੀ ਦੀ ਤਾਰ, ਕਿ ਸਿੱਖਾਂ ਨੇ ਅਜ਼ਾਦੀ ਦੀ ਪਹਿਲੀ ਜੰਗ ਜਿੱਤ ਲਈ ਹੈ, ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਲਈ, ਅੱਗੇ ਹੋਏ ਆਗੂਆਂ ਨੂੰ , ਸਰਗਰਮ ਰਾਜਨੀਤੀ ਵੱਲ ਲੈ ਗਈ।

ਸਿੱਖ ਧਰਮ ਅਤੇ ਰਾਜਨੀਤੀ ਦੇ ਸੁਮੇਲ ਦੇ ਚਰਚੇ, ਇਥੋਂ ਹੀ ਸ਼ੁਰੂ ਹੋਏ। ਇਸ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸ਼ਕਤੀ ਹੋਣ 'ਤੇ ਵੀ ,ਦੂਜੇ ਭਰਾਵਾਂ ਵਿਰੁੱਧ ਕੋਈ ਹੁਕਮਨਾਮਾ ਜਾਰੀ ਨਹੀਂ ਕੀਤਾ ਅਤੇ ਨਾ ਹੀ ਗੁਰੂ ਘਰਾਂ ਰਾਹੀਂ ਰਾਜ ਨੀਤੀ ਕੀਤੀ ।

ਰਾਜਨੀਤੀ ਵਿੱਚ ਲੱਗੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੂੰ, 1936 ਵਿੱਚ ਧਰਮ ਦੇ ਪਸਾਰ ਤੇ ਪ੍ਰਚਾਰ ਦੀ ਵਿਉਂਤਵੰਦੀ ਕਰਨ ਦਾ ਮੌਕਾ ਮਿਲਿਆ ,ਜਦੋਂ ਡਾਕਟਰ ਅੰਬੇਦਕਰ ਦਾ ਰੁਝਾਨ ਸਿੱਖ ਧਰਮ ਅਪਨਾਉਣ ਵੱਲ ਹੋਇਆ ਅਤੇ ਦੱਖਣ, ਪੱਛਮ ਤੇ ਮੱਧ ਭਾਰਤ ਵਿੱਚ ਪ੍ਰਚਾਰ ਕੇਂਦਰ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਗਿਆ। ਚੀਫ਼ ਖਾਲਸਾ ਦੀਵਾਨ ਵਾਲੇ ਵੀ ਨਾਲ ਜੁੜੇ ,ਪਰ ਇਸ ਵਾਰ ਵੀ ਅੰਬੇਦਕਰ ਦੇ ਪਿੱਛੇ ਹਟਣ ਦੇ ਨਾਲ ਹੀ, ਸਿੱਖ ਆਗੂ ਮੁੜ ਘਰ ਬੈਠ ਗਏ।

ਆਜ਼ਾਦੀ ਤੋਂ ਬਾਅਦ, ਪਹਿਲਾਂ ਗੁਰਦੁਆਰਾ ਧੰਨ ਨਾਲ ਵਿਦੇਸ਼ਾਂ ਤੇ ਹੋਰ ਜਗ੍ਹਾ ,ਵਿੱਦਿਆ ਲੈ ਕੇ ਬਣੇ ਅਕਾਲੀ ਰਾਜਸੀ ਆਗੂਆਂ ਨੂੰ, ਬਾਅਦ ਵਿੱਚ ਕਾਂਗਰਸ ਪਾਰਟੀ ਨਾਲ ਮਿਲਕੇ, ਪੰਜਾਬੀ ਭਾਸ਼ਾ ਤੇ ਸੂਬੇ ਦਾ ਵਿਰੋਧ ਕਰਨਾ, ਲਾਹੇਵੰਦ ਲੱਗਾ ਤੇ ਉਹ ਪੱਕੇ ਕਾਂਗਰਸੀ ਬਣ ਗਏ। ਦੂਜਿਆਂ ਨੇ ਲੋਕਤੰਤਰ ਵਿੱਚ ਕੁਰਸੀ ਹਾਸਲ ਕਰਨ ਲਈ ਗੁਰੂ ਘਰਾਂ ਤੋਂ ਮੋਰਚੇ ਆਰੰਭ ਕਰ ਦਿੱਤੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਹਿਲਾਂ ਤੋਂ ਹੀ ਸਰਗਰਮ ਰਾਜਸੀ ਆਗੂ ਬਣਦੇ ਰਹੇ ਸਨ। ਹੁਣ ਪੱਕੇ ਤੌਰ 'ਤੇ ਧਰਮ ਤੇ ਸਿੱਖ ਰਾਜਨੀਤੀ ਭਾਰੀ ਹੋ ਗਈ।

ਅੰਗਰੇਜ਼ ਰਾਜ ਵੇਲੇ ਸਰਬੱਤ ਖਾਲਸਾ ਜਾਂ ਪੰਜ ਪਿਆਰਿਆਂ ਦੀ ਥਾਂ , ਕੌਮ ਨੂੰ ਆਦੇਸ਼,ਉਪਦੇਸ਼ ਕਰਨ ਦੀ ਸ਼ਕਤੀ ਤਖ਼ਤ ਸਾਹਿਬਾਨ ਦੇ ਪੁਜਾਰੀਆਂ ਕੋਲ ਆ ਗਈ ਸੀ ਜੋ ਇਹ ਪ੍ਰਥਾ ਅੱਜ ਵੀ ਚਾਲੂ ਹੈ। ਫ਼ਰਕ ਕੇਵਲ ਇਹ ਹੈ ਕਿ ਐਕਟ ਵਿੱਚ ਪੁਜਾਰੀ ਵਜੋਂ ਦਰਜ ਸੰਸਥਾ,ਜਥੇਦਾਰ ਅਖਵਾਉਣ ਲੱਗ ਪਈ ਹੈ।

ਕਰਮਚਾਰੀ ਹੋਣ ਕਾਰਨ,ਜੇਕਰ ਹੁਕਮਨਾਮਾ ਹਾਕਮ ਦੀ ਮਰਜ਼ੀ ਦਾ ਹੋਵੇ ਤਾਂ ਠੀਕ ਹੈ ,ਨਹੀਂ ਤਾਂ ਨੌਕਰੀ ਜਾਣ ਦਾ ਡਰ ਬਣਿਆ ਰਹਿੰਦਾ ਹੈ।

ਅਜਿਹੀ ਸਥਿਤੀ ਵਿੱਚ ਧਰਮ ਦਾ ਪ੍ਰਚਾਰ ਕਦੇ ਏਜੰਡੇ 'ਤੇ ਨਹੀਂ ਰਿਹਾ, ਇਹ ਨਵਾਂ ਵਿਸ਼ਵ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਹੋਣਾ ਚਾਹੀਦਾ ਸੀ। ਭਾਰਤ ਤੇ ਵਿਦੇਸ਼ਾਂ ਦੀ ਹਰ ਭਾਸ਼ਾ ਵਿੱਚ, ਸਿੱਖ ਫ਼ਲਸਫ਼ਾ ਤੇ ਇਤਿਹਾਸ ਦੁਨੀਆਂ ਦੇ ਸਾਹਮਣੇ ਹੋਣਾ ਚਾਹੀਦਾ ਸੀ।

ਅਠਾਰ੍ਹਵੀਂ ਸਦੀ ਵਿੱਚ ਸਿੰਘ ਆਪਣੇ ਬਚਾਅ ਲਈ, ਫ਼ੇਰ ਰਾਜ ਕਾਇਮ ਕਰਨ ਲਈ ਅਤੇ ਪਿਛਲੇ ਦੋ ਸੌ ਸਾਲ ਤੋਂ ਇੱਕ ਦੂਜੇ ਨੂੰ ਨੀਵਾਂ ਵਿਖਾਉਣ ਲਈ ਲੱਗੇ ਰਹੇ ਹਨ।

ਇੱਕ ਸੌ ਪੰਜ ਸਾਲ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਵਲ, ਇੱਕ ਸੌ ਹੀ ਸਿੱਖਿਆ ਸੰਸਥਾਵਾਂ ਬਣਾਈਆਂ ਹਨ। ਚੀਫ਼ ਖ਼ਾਲਸਾ ਦੀਵਾਨ ਨੇ 123 ਸਾਲ ਵਿੱਚ ਪੰਜਾਹ ਤੋਂ ਵੀ ਘੱਟ ਵਿੱਦਿਅਕ ਸੰਸਥਾਵਾਂ ਖੋਲ੍ਹੀਆਂ ਹਨ। ਸਾਧਨਾਂ ਦੀ ਕੰਮੀ ਨਹੀਂ ਸਿੱਖ ਦਾਨ ਦੇਣ ਵਾਲੇ ਹਨ, ਨੀਅਤ ਤੇ ਨੀਤੀ ਦੀ ਘਾਟ ਹੈ।

ਇਸ ਤਰ੍ਹਾਂ ਰਾਜ ਨੀਤੀ ਤੇ ਸਿੱਖ ਧਰਮ ਵਿੱਚ ਕੀਤੇ ਗਏ ਮਿਲ ਗੋਬੇ ਨੇ, (**ਬਾਕੀ ਸਫ਼ਾ 31 'ਤੇ**)

# ਸੁਖਬੀਰ ਸਿੰਘ ਬਾਦਲ ਦੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਦੁਬਾਰਾ ਨਿਯੁਕਤੀ



ਕੁੱਕੀ ਗਿੱਲ

ਸਿੰਘ ਸਾਹਿਬਾਨਾਂ ਵੱਲੋਂ ਧਾਰਮਿਕ ਸਜ਼ਾ ਭੁਗਤਣ ਤੋਂ ਚਾਰ ਮਹੀਨੇ ਬਾਅਦ, ਸੁਖਬੀਰ ਸਿੰਘ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦੇ ਪ੍ਰਧਾਨ ਵਜੋਂ ਦੁਬਾਰਾ ਚੁਣੇ ਜਾਣ 'ਤੇ ਕੋਈ ਵੀ ਹੈਰਾਨ ਨਹੀਂ ਹੋਇਆ ਹੋਵੇਗਾ। ਨਤੀਜਾ ਪਹਿਲਾਂ ਹੀ ਤੈਅ ਸੀ ਕਿਉਂਕਿ ਉਹ ਚੋਣ ਮੈਦਾਨ ਵਿੱਚ ਇਕੱਲੇ ਉਮੀਦਵਾਰ ਸਨ। ਸ਼ਨੀਵਾਰ ਨੂੰ ਆਪਣੇ ਸਾਲੇ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਨਾਲ ਪਾਰਟੀ ਡੈਲੀਗੇਟਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ, ਸੁਖਬੀਰ ਨੇ ਦੁਹਰਾਇਆ ਕਿ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਇਕਲੌਤੀ ਆਵਾਜ਼ ਹੈ ਅਤੇ ਇਕਲੌਤੀ ਰਾਜਨੀਤਿਕ ਪਾਰਟੀ ਹੈ ਜੋ ਸੱਚਮੁੱਚ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੀ ਹੈ।

ਉਨ੍ਹਾਂ ਦਾ ਤਰਕ ਸੀ ਕਿ ਅਕਾਲੀਆਂ ਨੇ ਹਮੇਸ਼ਾ ਪੰਜਾਬ ਦੇ ਲੋਕਾਂ ਦੇ ਹੱਕਾਂ ਅਤੇ ਭਲਾਈ ਲਈ ਲੜਾਈ ਲੜੀ ਹੈ, ਜਦੋਂ ਕਿ ਕਾਂਗਰਸ, ਭਾਜਪਾ ਅਤੇ ਝਾੜੂ ਵਾਲੇ (ਆਪ) ਵਰਗੇ ਹੋਰਾਂ ਨੇ ਆਪਣੇ ਲਾਭ ਲਈ ਦਿੱਲੀ ਤੋਂ ਰਾਜ ਕੀਤਾ। ਸੁਖਬੀਰ ਨੇ ਭਾਜਪਾ ਅਤੇ ਆਰ.ਐਸ.ਐਸ. 'ਤੇ ਸਿੱਖ ਮਾਮਲਿਆਂ ਵਿੱਚ ਦਖਲ ਦੇਣ ਦਾ ਵੀ ਦੋਸ਼ ਲਗਾਇਆ, ਦੋਸ਼ ਲਗਾਇਆ ਕਿ ਉਨ੍ਹਾਂ ਨੇ ਪਹਿਲਾਂ ਹੀ ਮਹਾਰਾਸ਼ਟਰ, ਦਿੱਲੀ ਅਤੇ ਹਰਿਆਣਾ ਵਰਗੇ ਰਾਜਾਂ ਵਿੱਚ ਸਿੱਖ ਸੰਸਥਾਵਾਂ ਦਾ ਕੰਟਰੋਲ ਆਪਣੇ ਹੱਥ ਵਿੱਚ ਲੈ ਲਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਉਹ ਹੁਣ ਸ਼੍ਰੋਮਣੀ ਕਮੇਟੀ 'ਤੇ ਕੰਟਰੋਲ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਭਾਵੇਂ ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ ਸੀ ਜਿੱਥੋਂ ਸ਼੍ਰੋਮਣੀ ਕਮੇਟੀ ਕੰਮ ਕਰਦੀ ਹੈ, ਪਰ ਪਾਰਟੀ ਆਗੂਆਂ ਨੇ ਇਹ ਦਾਅਵਾ ਨਹੀਂ ਕੀਤਾ ਕਿ ਉਹ ਸਿਰਫ਼ ਸਿੱਖਾਂ ਲਈ ਬੋਲ ਰਹੇ ਹਨ। ਸਿੱਖਾਂ 'ਤੇ ਹਮਲੇ ਘੱਟ ਗਿਣਤੀਆਂ ਵਿਰੁੱਧ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਸਨ, ਉਨ੍ਹਾਂ ਜ਼ੋਰ ਦੇ ਕੇ ਕਿਹਾ।

ਮਜੀਠੀਆ ਨੇ ਵਕਫ਼ (ਸੋਧ) ਐਕਟ ਦਾ ਹਵਾਲਾ ਦਿੱਤਾ ਅਤੇ ਆਪਣੀ ਭੈਣ ਹਰਸਿਮਰਤ ਕੌਰ ਬਾਦਲ ਦੀ ਲੋਕ ਸਭਾ ਵਿੱਚ ਇਸ ਦੇ ਵਿਰੁੱਧ ਜੋਸ਼ ਨਾਲ ਬਹਿਸ ਕਰਨ ਲਈ ਪ੍ਰਸ਼ੰਸਾ ਕੀਤੀ। ਉਨ੍ਹਾਂ ਮਾਣ ਨਾਲ ਕਿਹਾ ਕਿ ਉਨ੍ਹਾਂ ਦਾ ਭਾਸ਼ਣ ਸੰਸਦ ਵਿੱਚ ਇਸ ਵਿਸ਼ੇ 'ਤੇ ਬੋਲਣ ਵਾਲੇ ਕਿਸੇ ਵੀ ਹੋਰ ਸੰਸਦ ਮੈਂਬਰ ਨਾਲੋਂ ਵਧੇਰੇ ਜ਼ੋਰਦਾਰ ਸੀ। ਇਸਦਾ ਉਦੇਸ਼ ਇਹ ਦਰਸਾਉਣਾ ਵੀ ਸੀ ਕਿ ਅਕਾਲੀ ਦਲ ਇੱਕ ਸੰਪਰਦਾਇਕ ਪਾਰਟੀ ਨਹੀਂ ਹੈ – ਇਹ ਸਪੱਸ਼ਟ ਤੌਰ 'ਤੇ ਕੌਮੀ ਏਕਤਾ ਅਤੇ ਕੌਮੀ ਭਾਈਚਾਰਾ (ਸੰਪਰਦਾਇਕ ਏਕਤਾ ਅਤੇ ਭਾਈਚਾਰਾ) ਵਿੱਚ ਵਿਸ਼ਵਾਸ ਰੱਖਦਾ ਹੈ।

ਆਗੂਆਂ ਨੇ ਸੰਸਦ ਵਿੱਚ ਸੀਟਾਂ ਦੀ ਹੱਦਬੰਦੀ 'ਤੇ ਚੱਲ ਰਹੀ ਚਰਚਾ ਦਾ ਵੀ ਹਵਾਲਾ ਦਿੱਤਾ ਅਤੇ ਇਹ ਅਭਿਆਸ ਲੋਕ ਸਭਾ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਨੂੰ ਕਿਵੇਂ ਘਟਾ ਸਕਦਾ ਹੈ। ਸੁਖਬੀਰ ਨੇ ਆਪਣਾ ਭਾਸ਼ਣ ਪਾਰਟੀ ਵਰਕਰਾਂ ਨੂੰ ਸੱਤਾ ਵਿੱਚ ਵਾਪਸੀ ਦੇ ਟੀਚੇ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀ ਸ਼ੁਰੂ ਕਰਨ ਲਈ ਕਹਿ ਕੇ ਸਮਾਪਤ ਕੀਤਾ। ਉਨ੍ਹਾਂ ਨੌਜਵਾਨਾਂ ਨੂੰ ਚੜ੍ਹਦੀ ਕਲਾ ਦੀ ਭਾਵਨਾ ਨਾਲ ਪਾਰਟੀ ਦੇ ਮਾਮਲਿਆਂ ਵਿੱਚ ਵਧੇਰੇ ਸਰਗਰਮੀ ਨਾਲ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਦਾ ਤਰਕ: ਇਹ ਸਿਰਫ਼ ਉਦੋਂ ਹੀ ਹੁੰਦਾ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਸੱਤਾ ਵਿੱਚ ਹੁੰਦਾ ਹੈ ਕਿ ਪੰਜਾਬ ਸਰਵਪੱਖੀ ਵਿਕਾਸ ਦਾ ਗਵਾਹ ਬਣਦਾ ਹੈ।

ਇਹ ਅਜਿਹੇ ਮੌਕੇ ਲਈ ਇੱਕ ਮਿਆਰੀ ਬਿਰਤਾਂਤ ਜਾਪਦਾ ਹੈ। ਹਾਲਾਂਕਿ, ਇਸ ਮੀਟਿੰਗ ਦੀ ਅਸਲ ਮਹੱਤਤਾ ਨੂੰ 2 ਦਸੰਬਰ, 2024 ਦੀਆਂ ਘਟਨਾਵਾਂ ਦੇ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ, ਜਦੋਂ ਸੁਖਬੀਰ ਦੀ ਅਗਵਾਈ ਵਿੱਚ ਸਮੁੱਚੀ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਆਪਣੇ ਕੀਤੇ ਕੰਮਾਂ ਲਈ ਮੁਆਫ਼ੀ ਮੰਗਣ ਲਈ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਈ ਸੀ। ਉਨ੍ਹਾਂ ਨੂੰ ਇੱਕ ਨਿਸ਼ਚਿਤ ਸਮੇਂ ਲਈ ਸੇਵਾ ਕਰਨ ਲਈ ਕਹਿਣ ਤੋਂ ਇਲਾਵਾ, ਅਕਾਲ ਤਖ਼ਤ ਸਾਹਿਬ ਨੇ ਸਾਰੇ ਅਕਾਲੀ ਧੜਿਆਂ ਨੂੰ ਆਪਣੀਆਂ ਜਥੇਬੰਦੀਆਂ ਭੰਗ ਕਰਨ ਦੇ ਨਿਰਦੇਸ਼ ਦਿੱਤੇ ਅਤੇ ਇੱਕ ਨਵੀਂ ਮੈਂਬਰਸ਼ਿਪ ਮੁਹਿੰਮ ਦੀ ਨਿਗਰਾਨੀ ਲਈ ਇੱਕ ਸੱਤ ਮੈਂਬਰੀ ਕਮੇਟੀ ਨਿਯੁਕਤ ਕੀਤੀ ਜੋ ਸੰਯੁਕਤ ਅਕਾਲੀ ਦਲ ਦੇ ਗਠਨ ਤੋਂ ਬਾਅਦ ਕੀਤੀ ਜਾਵੇਗੀ।


ਜਥੇਦਾਰਾਂ ਦੇ ਫੈਸਲਿਆਂ ਦਾ ਪੰਜਾਬ ਦੇ ਸਿੱਖਾਂ ਅਤੇ ਦੁਨੀਆਂ ਭਰ ਵਿੱਚ ਰਹਿੰਦੇ ਲੋਕਾਂ ਦੁਆਰਾ ਵਿਆਪਕ ਤੌਰ 'ਤੇ ਸਵਾਗਤ ਕੀਤਾ ਗਿਆ। ਉਨ੍ਹਾਂ ਨੂੰ ਇਹ ਜਾਪਦਾ ਸੀ ਕਿ ਸੁਝਾਏ ਗਏ ਕਦਮਾਂ ਵਿੱਚ ਉਸ ਰਾਜਨੀਤਿਕ ਪਾਰਟੀ ਨੂੰ ਮੁੜ ਊਰਜਾਵਾਨ ਕਰਨ ਦੀ ਸਮਰੱਥਾ ਹੈ ਜੋ ਸਿੱਖਾਂ ਲਈ ਬੋਲ ਸਕਦੀ ਹੈ ਅਤੇ ਰਾਸ਼ਟਰੀ ਰਾਜਨੀਤੀ ਵਿੱਚ ਉਨ੍ਹਾਂ ਦੀ ਆਵਾਜ਼ ਦੀ ਨੁਮਾਇੰਦਗੀ ਕਰ ਸਕਦੀ ਹੈ। ਹਾਲਾਂਕਿ, ਬਾਦਲਾਂ ਦੀ ਅਗਵਾਈ ਵਾਲੇ ਅਕਾਲੀ ਦਲ ਲਈ, ਇਹ ਨਿਰਦੇਸ਼ ਨਿਰਾਸ਼ਾਜਨਕ ਸਨ। ਜਦੋਂ ਕਿ ਉਹ ਆਪਣੀ ਜਾਇਜ਼ਤਾ ਮੁੜ ਪ੍ਰਾਪਤ ਕਰਨ ਲਈ ਕੁਝ ਦਿਨਾਂ ਲਈ ਨਾਮਾਤਰ ਸੇਵਾ ਕਰਨ ਲਈ ਤਿਆਰ ਸਨ, ਪਾਰਟੀ ਨੂੰ ਭੰਗ ਕਰਨ ਦਾ ਮਤਲਬ ਇਸ 'ਤੇ ਪੂਰੀ ਤਰ੍ਹਾਂ ਕੰਟਰੋਲ ਗੁਆਉਣਾ ਸੀ।

ਅਕਾਲੀ ਦਲ ਦੀ ਲੀਡਰਸ਼ਿਪ ਤਖ਼ਤ ਜਥੇਦਾਰਾਂ ਤੋਂ ਵੀ ਨਾਰਾਜ਼ ਸੀ, ਜਿਨ੍ਹਾਂ ਨੂੰ ਉਹ ਵੱਡੇ ਪੱਧਰ 'ਤੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਮੰਨਦੇ ਸਨ। ਹਾਲਾਂਕਿ ਅਕਾਲੀ ਦਲ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਆਪਣੇ ਰਾਜਨੀਤਿਕ ਵਿੰਗ ਵਜੋਂ ਕੰਮ ਕਰਨ ਲਈ ਬਣਾਇਆ ਗਿਆ ਸੀ, ਪਰ ਸਮੇਂ ਦੇ ਨਾਲ ਉਨ੍ਹਾਂ ਦੇ ਰਿਸ਼ਤੇ ਬਦਲ ਗਏ ਹਨ। ਅਕਾਲੀ ਦਲ ਦੇ ਮੁੱਖ ਧਾਰਾ ਦੀ ਚੋਣ ਰਾਜਨੀਤੀ ਵਿੱਚ ਦਾਖਲ ਹੋਣ ਅਤੇ ਰਾਜਨੀਤਿਕ ਸੱਤਾ ਵਿੱਚ ਆਉਣ ਦੇ ਨਾਲ, ਇਸਦੀ ਲੀਡਰਸ਼ਿਪ ਸ਼੍ਰੋਮਣੀ ਕਮੇਟੀ ਅਤੇ ਤਖ਼ਤ ਜਥੇਦਾਰਾਂ ਦੀ ਨਿਯੁਕਤੀ ਨੂੰ ਵੀ ਕੰਟਰੋਲ ਕਰਨ ਲੱਗ ਪਈ। ਪਿਛਲੀਆਂ ਚੋਣਾਂ ਵਿੱਚ ਸ਼੍ਰੋਮਣੀ ਕਮੇਟੀ ਲਈ ਚੁਣੇ ਗਏ ਜ਼ਿਆਦਾਤਰ ਲੋਕ ਸਿੱਧੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਸਨ।

ਇਸ ਤਰ੍ਹਾਂ, ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਜਥੇਦਾਰਾਂ ਦੇ ਹੁਕਮਾਂ ਦੁਆਰਾ ਖੜ੍ਹੀਆਂ ਚੁਣੌਤੀਆਂ ਦਾ ਪ੍ਰਬੰਧਨ ਕਰਨ ਦਾ ਆਪਣਾ ਤਰੀਕਾ ਚੁਣਿਆ। ਪਹਿਲਾਂ, ਇਸਨੇ ਪਾਰਟੀ ਨੂੰ ਭੰਗ ਕਰਨ ਤੋਂ ਇਨਕਾਰ ਕਰ ਦਿੱਤਾ। ਫਿਰ, ਸ਼੍ਰੋਮਣੀ ਕਮੇਟੀ 'ਤੇ ਆਪਣੇ ਪ੍ਰਭਾਵ ਦੀ ਵਰਤੋਂ ਕਰਦੇ ਹੋਏ, ਇਹ ਤਿੰਨ ਜਥੇਦਾਰਾਂ ਨੂੰ ਬਾਹਰ ਕੱਢਣ ਅਤੇ ਆਪਣੇ ਵਿਸ਼ਵਾਸਪਾਤਰਾਂ ਨੂੰ ਉਨ੍ਹਾਂ ਦੀ ਜਗ੍ਹਾ 'ਤੇ ਰੱਖਣ ਵਿੱਚ ਕਾਮਯਾਬ ਹੋ ਗਈ। ਇਹ ਤਖ਼ਤ ਵੱਲੋਂ ਨਿਯੁਕਤ ਕਮੇਟੀ ਦੇ ਦੋ ਮੈਂਬਰਾਂ ਨੂੰ ਪ੍ਰਭਾਵਿਤ ਕਰਨ ਵਿੱਚ ਵੀ ਕਾਮਯਾਬ ਰਿਹਾ, ਜਿਸ ਨਾਲ ਪੈਨਲ ਦੀ ਜਥੇਦਾਰਾਂ ਦੁਆਰਾ ਸੌਂਪੇ ਗਏ ਕੰਮ ਨੂੰ ਕਰਨ ਦੀ ਜਾਇਜ਼ਤਾ ਕਮਜ਼ੋਰ ਹੋ ਗਈ। ਚਾਰ ਮਹੀਨਿਆਂ ਤੋਂ ਵੱਧ ਰਾਜਨੀਤਿਕ ਨਾਟਕਾਂ ਤੋਂ ਬਾਅਦ, ਅਕਾਲੀ ਰਾਜਨੀਤੀ ਇੱਕ ਵਰਗ 'ਤੇ ਵਾਪਸ ਆ ਗਈ ਹੈ। ਸੱਪਾਂ ਅਤੇ ਪੌੜੀਆਂ ਦੀ ਸਮਾਨਤਾ ਤੋਂ ਪਰੇ, ਕਿਸੇ ਭਾਈਚਾਰੇ ਜਾਂ ਰਾਜ ਦੇ ਰਾਜਨੀਤਿਕ ਜੀਵਨ ਵਿੱਚ ਅਜਿਹੇ ਪਲਾਂ ਦੇ ਲੰਬੇ ਸਮੇਂ ਦੇ ਮਹੱਤਵਪੂਰਨ ਪ੍ਰਭਾਵ ਹੋ ਸਕਦੇ ਹਨ। ਇਹ ਘਟਨਾਵਾਂ ਸਿੱਖ ਭਾਈਚਾਰੇ ਨੂੰ ਦਰਪੇਸ਼ ਕੁਝ ਬੁਨਿਆਦੀ ਮੁੱਦਿਆਂ ਅਤੇ ਸੁਧਾਰਾਂ ਦੀ ਪ੍ਰਕਿਰਤੀ ਨੂੰ ਤੇਜ਼ੀ ਨਾਲ ਉਜਾਗਰ ਕਰਨ ਵਿੱਚ ਕਾਮਯਾਬ ਰਹੀਆਂ ਹਨ ਜਿਨ੍ਹਾਂ ਦੀ ਤੁਰੰਤ ਲੋੜ ਹੈ। ਬਦਲਦੇ ਸਮੇਂ ਅਤੇ ਭਾਈਚਾਰੇ ਦੀ ਵਧਦੀ ਵਿਭਿੰਨਤਾ ਦੇ ਨਾਲ, ਵਿਆਪਕ ਸੁਧਾਰ ਜ਼ਰੂਰੀ ਹਨ। ਸ਼੍ਰੋਮਣੀ ਅਕਾਲੀ ਦਲ ਦੇ ਨਜ਼ਰੀਏ ਤੋਂ ਦੇਖੀਏ ਤਾਂ, ਸੁਖਬੀਰ ਦੀ ਦੁਬਾਰਾ ਚੋਣ ਪਾਰਟੀ ਅਤੇ ਸਿੱਖ ਸੰਗਤ, ਇਸਦੇ ਮੁੱਖ ਵੋਟਰਾਂ, ਵਿਚਕਾਰ ਪਾੜਾ ਵਧਾ ਸਕਦੀ ਹੈ, ਜਿਸਦੀ ਉਮੀਦ ਇਸਨੇ ਪਿਛਲੇ ਸਾਲ ਅਕਾਲ ਤਖ਼ਤ ਸਾਹਿਬ 'ਤੇ ਆਪਣੀ ਲੀਡਰਸ਼ਿਪ ਦੇ ਪੇਸ਼ ਹੋਣ 'ਤੇ ਕੀਤੀ ਸੀ।




# ਬਹੁ-ਪੱਖੀ ਤੇ ਬਹੁ-ਪਰਤੀ ਸੰਕਟ ਵਿੱਚ ਘਿਰਿਆ ਪੰਜਾਬ



ਮੋਹਨ ਸ਼ਰਮਾ

ਇਸ ਵੇਲੇ ਬਹੁ-ਪੱਖੀ ਤੇ ਬਹੁ-ਪਰਤੀ ਸੰਕਟ ਵਿੱਚ ਘਿਰਿਆ ਪੰਜਾਬ ਇੰਝ ਲੱਗਦਾ ਹੈ ਜਿਵੇਂ ਗੁਬਾਰਾ ਅਣਗਿਣਤ ਸੂਈਆਂ ਦੀ ਨੋਕ 'ਤੇ ਖੜ੍ਹਾ ਹੋਵੇ। ਕਿਸੇ ਪਾਸਿਓਂ ਸੁੱਖ ਦੀ ਖ਼ਬਰ ਨਹੀਂ ਆ ਰਹੀ। ਇੱਕ ਪਾਸੇ ਨਸ਼ਿਆਂ ਦੀ ਮਾਰ ਹੇਠ ਜਵਾਨੀ ਸਿਵਿਆਂ ਦੇ ਰਾਹ ਪਈ ਹੋਈ ਹੈ, ਦੂਜੇ ਪਾਸੇ ਜ਼ਮੀਨ ਗਹਿਣੇ ਰੱਖ ਕੇ, ਘਰ ਦਾ ਗਹਿਣਾ-ਗੱਟਾ ਵੇਚ ਕੇ ਅਤੇ ਮਾਪਿਆਂ ਨੂੰ ਹਰ ਪਾਸਿਓਂ ਨਪੀੜ ਕੇ ਅਮਰੀਕਾ ਵਿੱਚ ਡਾਲਰ ਕਮਾਉਣ ਵਾਲੇ ਨੌਜਵਾਨ ਮੌਤ ਨਾਲ ਖਹਿਣ ਉਪਰੰਤ ਹੱਥਕੜੀਆਂ ਵਿੱਚ ਜਕੜੇ ਵਤਨ ਵਾਪਸ ਪਰਤ ਰਹੇ ਹਨ। ਮਾਪਿਆਂ ਦੇ ਵੈਣ ਅਤੇ ਨੌਜਵਾਨਾਂ ਦੇ ਚਿਹਰਿਆਂ 'ਤੇ ਛਾਈ ਘੋਰ ਉਦਾਸੀ ਮਨ ਨੂੰ ਵਲੂੰਧਰਦੀ ਹੈ। ਲੁੱਟਾਂ-ਖੋਹਾਂ, ਕਤਲੋਗਾਰਤ ਅਤੇ ਫਿਰੌਤੀਆਂ ਨੇ ਪੰਜਾਬ ਦੇ ਲੋਕਾਂ ਨੂੰ ਕੰਬਣੀ ਛੇੜੀ ਹੋਈ ਹੈ। ਕਿਸੇ ਪਾਸਿਓਂ ਵੀ ਸੁੱਖ ਦਾ ਬੁੱਲਾ ਨਹੀਂ ਆ ਰਿਹਾ। ਆੜ੍ਹਤੀ, ਰਸੂਖ਼ਦਾਰ ਵਿਅਕਤੀ ਅਤੇ ਖਾਂਦੇ-ਪੀਂਦੇ ਘਰਾਂ ਦੇ ਮਾਲਕਾਂ ਨੂੰ ਵਿਦੇਸ਼ੀ ਨੰਬਰਾਂ ਤੋਂ ਫਿਰੌਤੀ ਲਈ ਫੋਨ ਕਾਲਾਂ ਆਉਂਦੀਆਂ ਹਨ। ਕੁਝ ਦਿਨਾਂ ਬਾਅਦ ਮਕਾਨ 'ਤੇ ਫਾਇਰਿੰਗ ਕਰ ਕੇ ਵਾਰਨਿੰਗ ਦਿੱਤੀ ਜਾਂਦੀ ਹੈ। ਕਈ ਥਾਵਾਂ 'ਤੇ ਮੰਗ ਦੀ ਪੂਰਤੀ ਲਈ ਬੱਚੇ ਵੀ ਅਗਵਾ ਕਰ ਲਏ ਜਾਂਦੇ ਹਨ। ਬਹੁਤ ਸਾਰੇ ਕੇਸਾਂ ਵਿੱਚ ਜਾਨ-ਮਾਲ ਦੀ ਰਾਖੀ ਅਤੇ ਭਵਿੱਖ ਦੇ ਗੰਭੀਰ ਖ਼ਤਰਿਆਂ ਨੂੰ ਭਾਂਪਦਿਆਂ ਲੋਕ ਅੰਦਰਖਾਤੇ ਗੈਂਗਸਟਰਾਂ ਨਾਲ ਸਮਝੌਤਾ ਕਰ ਕੇ ਉਨ੍ਹਾਂ ਦੀ ਮੰਗ ਪੂਰੀ ਵੀ ਕਰਦੇ ਹਨ। ਕਈ ਕੇਸਾਂ ਵਿੱਚ ਗੈਂਗਸਟਰਾਂ ਦੀਆਂ ਧਮਕੀਆਂ ਤੋਂ ਡਰਦਿਆਂ ਪੁਲਿਸ ਕੋਲ ਗੁਹਾਰ ਲਾਉਣ ਉਪਰੰਤ ਸਕਿਉਰਿਟੀ ਲਈ ਜਾਂਦੀ ਹੈ ਪਰ ਸਕਿਉਰਿਟੀ ਦੇ ਹੁੰਦਿਆਂ ਵੀ ਉਹ ਆਪਣੀ ਜਾਨ ਨਹੀਂ ਬਚਾ ਸਕੇ। ਅਜਿਹੇ ਕਿੰਨੇ ਹੀ ਮਾਮਲੇ ਤਰਨਤਾਰਨ, ਅੰਮ੍ਰਿਤਸਰ, ਲੁਧਿਆਣਾ, ਬਠਿੰਡਾ, ਫਰੀਦਕੋਟ ਤੇ ਕਪੂਰਥਲਾ ਦੇ ਇਲਾਕਿਆਂ ਵਿੱਚ ਸਾਹਮਣੇ ਆ ਚੁੱਕੇ ਹਨ। ਇਹ ਗੱਲ ਪ੍ਰਤੱਖ ਰੂਪ ਵਿੱਚ ਸਾਹਮਣੇ ਆਈ ਹੈ ਕਿ ਨਸ਼ੇ ਘਟੇ ਨਹੀਂ, ਸਗੋਂ ਨਸ਼ਿਆਂ ਦੇ ਰੇਟ ਵਧ ਗਏ ਹਨ। ਇਸ ਵੇਲੇ ਨਸ਼ਿਆਂ ਕਾਰਨ ਗੰਭੀਰ ਸਥਿਤੀ ਇਸ ਤਰ੍ਹਾਂ ਦੀ ਬਣੀ ਹੋਈ ਹੈ ਕਿ ਪੰਜਾਬ ਦੇ ਬਹੁਤ ਸਾਰੇ ਪੀੜਤ ਮਾਪੇ ਆਪਣੇ ਨਸ਼ੇੜੀ ਪੁੱਤਾਂ ਦੇ ਹੱਥੋਂ ਜਾਨ ਗੁਆ ਚੁੱਕੇ ਹਨ। ਬਹੁਤ ਸਾਰੇ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਤਸਕਰਾਂ ਦੀਆਂ ਗੋਲ਼ੀਆਂ ਦਾ ਸ਼ਿਕਾਰ ਹੋ ਰਹੇ ਹਨ। ਇਹ ਆਮ ਚਰਚਾ ਵੀ ਹੈ ਕਿ ਇੱਕ ਪਾਸੇ ਦੇਸ਼ ਦੀ ਆਜ਼ਾਦੀ ਲਈ ਲੋਕ ਸ਼ਹੀਦ ਹੋਏ ਅਤੇ ਹੁਣ 'ਚਿੱਟੇ' ਦੀ ਰੋਕਥਾਮ ਲਈ ਸ਼ਹੀਦ ਹੋ ਰਹੇ ਹਨ। ਭੂਤਰੇ ਹੋਏ ਨਸ਼ਾ ਤਸਕਰਾਂ ਨੇ ਤਾਂ ਬਹੁਤੀਆਂ ਥਾਵਾਂ 'ਤੇ ਪੁਲਿਸ ਵਾਲਿਆਂ ਨਾਲ ਮੁਕਾਬਲਾ ਕਰ ਕੇ ਕਈ ਪੁਲਿਸ ਕਰਮਚਾਰੀਆਂ ਨੂੰ ਬੰਦੀ ਵੀ ਬਣਾਇਆ। ਕਈ ਥਾਣਿਆਂ 'ਤੇ ਗ੍ਰਨੇਡਾਂ ਨਾਲ ਹਮਲੇ ਕੀਤੇ ਅਤੇ ਕਈ ਥਾਵਾਂ 'ਤੇ ਤਸਕਰਾਂ ਦੇ ਪੁਲਿਸ 'ਤੇ ਜਾਨਲੇਵਾ ਹਮਲੇ ਲੋਕਾਂ ਅਤੇ ਪੁਲਿਸ ਦਾ ਮਨੋਬਲ ਤੋੜਨ ਦੀ ਡੂੰਘੀ ਸਾਜ਼ਿਸ਼ ਭਾਸਦੀ ਹੈ।



ਰਾਹ ਜਾਂਦੀ ਔਰਤ ਦਾ ਪਰਸ ਖੋਹ ਲੈਣਾ, ਕੰਨਾਂ ਦੀਆਂ ਵਾਲੀਆਂ ਝਪਟ ਲੈਣੀਆਂ, ਦਿਨ-ਦਿਹਾੜੇ ਘਰਾਂ ਵਿੱਚ ਲੁੱਟ-ਖੋਹ, ਰੌਲਾ ਪਾਉਣ 'ਤੇ ਮੌਤ ਦੇ ਘਾਟ ਉਤਾਰ ਦੇਣਾ, ਏਟੀਐੱਮਜ਼ ਦੀ ਭੰਨਤੋੜ, ਬੈਂਕ ਡਕੈਤੀਆਂ, ਮਾਰ-ਧਾੜ ਕਾਰਨ ਸਮਾਜਿਕ ਸਥਿਤੀ ਵਿੱਚ ਤਣਾਅ ਅਤੇ ਅਸੰਤੁਲਨ ਵਧਦਾ ਹੈ। ਭਲਾ ਅਜਿਹੀ ਡਾਵਾਂਡੋਲ ਸਥਿਤੀ ਵਿੱਚ ਮਾਨਸਿਕ, ਸਰੀਰਕ, ਬੌਧਿਕ ਅਤੇ ਆਰਥਿਕ ਵਿਕਾਸ ਕੀ ਹੋਵੇਗਾ? ਬਠਿੰਡਾ ਵਿੱਚ ਇੱਕ ਅੱਠ ਸਾਲ ਦਾ ਬੱਚਾ ਨਸ਼ੇ ਦੀ ਹਾਲਤ ਵਿੱਚ ਮਿਲਿਆ। ਇਸ ਤਰ੍ਹਾਂ ਹੀ ਪਟਿਆਲਾ ਵਿੱਚ 10 ਸਾਲਾਂ ਦੇ ਨਸ਼ੇੜੀ ਮੁੰਡੇ ਨੂੰ ਮਾਪਿਆਂ ਨੇ ਸੰਗਲ ਲਾ ਕੇ ਰੱਖਿਆ ਹੋਇਆ ਸੀ। ਜਿੱਥੇ ਮਾਸੂਮ ਬਚਪਨ ਨਸ਼ਿਆਂ ਦੀ ਦਲਦਲ ਵਿੱਚ ਧਸ ਜਾਵੇ, ਜਵਾਨੀ ਨਸ਼ਿਆਂ ਦੇ ਵੱਸ ਪੈ ਕੇ ਨਸ਼ਿਆਂ ਦੀ ਪੂਰਤੀ ਲਈ ਹਿੰਸਕ ਵਾਰਦਾਤਾਂ ਕਰੇ, ਉਸ ਸੂਬੇ ਦਾ ਭਵਿੱਖ ਕੀ ਹੋਵੇਗਾ? ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਦੀ ਰਿਪੋਰਟ ਸਾਨੂੰ ਸਭ ਨੂੰ ਝੰਜੋੜਨ ਵਾਲੀ ਹੈ।

ਪਿਛਲੇ ਕੁਝ ਸਮੇਂ ਅੰਦਰ ਨਸ਼ੇ ਦੀ ਓਵਰਡੋਜ਼ ਨਾਲ ਮਰਨ ਵਾਲਿਆਂ ਦੀ ਗਿਣਤੀ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ। ਇਹ ਅੰਕੜਾ ਪੰਜਾਬ ਦੀ ਆਬਾਦੀ ਦਾ 2.21% ਹੈ ਪਰ ਨਸ਼ਿਆਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਸਮੁੱਚੇ ਭਾਰਤ ਦਾ 21% ਹੈ ਜੋ ਸਭ ਸੂਬਿਆਂ ਨਾਲੋਂ ਵੱਧ ਹੈ। ਗੁਪਤ ਰਿਪੋਰਟਾਂ ਤੋਂ ਪ੍ਰਗਟਾਵਾ ਹੋਇਆ ਹੈ ਕਿ ਨਸ਼ਾ ਤਸਕਰ ਹਵਾਲਾ ਮਨੀ (ਮਨੀ ਲਾਂਡਰਿੰਗ) ਰਾਹੀਂ ਹਰ ਰੋਜ਼ 2 ਕਰੋੜ ਰੁਪਏ ਨਸ਼ਾ ਖ਼ਰੀਦਣ ਲਈ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਤਸਕਰਾਂ ਨੂੰ ਭੇਜਦੇ ਹਨ। ਪੰਜਾਬ ਵਿੱਚ ਹੀ ਤਿਆਰ ਹੋ ਰਿਹਾ ਸਿੰਥੈਟਿਕ ਡਰੱਗਜ਼ ਇਸ ਤੋਂ ਵੱਖਰਾ ਹੈ।

ਦੁਖਾਂਤਕ ਪੱਖ ਇਹ ਵੀ ਹੈ ਕਿ ਤਸਕਰਾਂ ਨੇ ਸਰਹੱਦ 'ਤੇ ਨੌਜਵਾਨਾਂ, ਪੜ੍ਹੇ-ਲਿਖੇ ਬੇਰੁਜ਼ਗਾਰਾਂ, ਨਸ਼ੇੜੀਆਂ, ਸਕੂਲੀ ਵਿਦਿਆਰਥੀਆਂ ਅਤੇ ਬਹੁਤ ਸਾਰੇ ਹੋਰ ਲੋਕਾਂ ਦੀ ਇਕ ਫ਼ੌਜ ਖੜ੍ਹੀ ਕਰ ਲਈ ਹੈ ਜਿਸ ਨੂੰ ਨਸ਼ੇ ਦੀ ਸਪਲਾਈ ਲਈ ਵਰਤਿਆ ਜਾ ਰਿਹਾ ਹੈ। ਵੱਡੀ ਗਿਣਤੀ ਵਿਚ ਤਸਕਰਾਂ ਦੇ ਹੱਥੀਂ ਚੜ੍ਹੇ ਇਹ ਨੌਜਵਾਨ ਕਿਸੇ ਸਮੇਂ ਵੀ ਅਮਨ-ਕਾਨੂੰਨ ਦੀ ਸਥਿਤੀ ਲਈ ਖ਼ਤਰਾ ਪੈਦਾ ਕਰ ਸਕਦੇ ਹਨ। ਦੁਖਾਂਤਕ ਪੱਖ ਇਹ ਵੀ ਹੈ ਕਿ ਪੰਜਾਬ ਦੇ ਬਹੁਤ ਸਾਰੇ ਥਾਵਾਂ 'ਤੇ ਪੁਲਿਸ, ਜੇਲ੍ਹ ਅਧਿਕਾਰੀਆਂ, ਉੱਚ ਅਫ਼ਸਰਾਂ ਅਤੇ ਸਿਆਸਤਦਾਨਾਂ ਦੀ ਨਸ਼ਿਆਂ ਸਬੰਧੀ ਮਿਲੀਭੁਗਤ ਵੀ ਸਾਹਮਣੇ ਆਈ ਹੈ। ਇਹ ਸੱਚਾਈ ਹੈ ਕਿ ਜਦੋਂ ਦਰਬਾਨ ਦੀ ਅੱਖ ਚੋਰ ਨਾਲ ਮਿਲ ਜਾਵੇ, ਮਾਲੀ ਦਗਾਬਾਜ਼ ਹੋ ਜਾਣ, ਜਾਨ-ਮਾਲ ਦੀ ਰਾਖੀ ਕਰਨ ਵਾਲੇ ਵੀ ਹਤਿਆਰਿਆਂ ਨਾਲ ਮਿਲ ਜਾਣ, ਫਿਰ ਦੇਸ਼ ਜਾਂ ਪ੍ਰਾਂਤ ਦੀ ਖ਼ੁਸ਼ਹਾਲੀ 'ਤੇ ਪ੍ਰਸ਼ਨ ਚਿੰਨ੍ਹ ਲੱਗਣਾ ਹੀ ਹੈ। ਭਲਾ, ਜਦੋਂ ਥਾਣਿਆਂ ਵਿੱਚੋਂ ਗੈਂਗਸਟਰਾਂ ਦੀ ਇੰਟਰਵਿਊ ਹੋਵੇ, ਫਿਰ ਅਮਨ-ਕਾਨੂੰਨ ਦੀ ਸਥਿਤੀ ਤਾਂ ਡਾਵਾਂਡੋਲ ਹੋਵੇਗੀ ਹੀ।

ਪੰਜਾਬ ਦੇ ਡੀ.ਜੀ.ਪੀ. ਨੇ ਹਾਈ ਕੋਰਟ ਵਿੱਚ ਹਲਫ਼ਨਾਮਾ ਦਾਖ਼ਲ ਕਰਦਿਆਂ ਕਿਹਾ ਕਿ ਲਾਰੈਂਸ ਬਿਸ਼ਨੋਈ ਦੀ ਖਰੜ ਥਾਣੇ ਵਿੱਚ ਇੰਟਰਵਿਊ ਤੋਂ ਬਾਅਦ ਪੰਜਾਬ ਦੀਆਂ ਜੇਲ੍ਹਾਂ 'ਚੋਂ ਧਮਕੀਆਂ ਅਤੇ ਫਿਰੌਤੀਆਂ ਮੰਗਣ ਦੇ ਕੇਸ ਵਧੇ ਹਨ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਹਲਫ਼ਨਾਮੇ ਵਿੱਚ ਇਹ ਵੀ ਪ੍ਰਗਟਾਵਾ ਕੀਤਾ ਗਿਆ ਕਿ ਇੰਟਰਵਿਊ ਤੋਂ ਪਹਿਲਾਂ 9 ਮਹੀਨਿਆਂ ਵਿਚ ਧਮਕਾਉਣ, ਫਿਰੌਤੀਆਂ ਅਤੇ ਅਗਵਾ ਦੇ 300 ਕੇਸ ਸਾਹਮਣੇ ਆਏ ਸਨ।

ਇੰਟਰਵਿਊ ਤੋਂ ਅਗਲੇ 9 ਮਹੀਨਿਆਂ ਵਿੱਚ ਇਹ ਗਿਣਤੀ ਵਧ ਕੇ 324 ਹੋ ਗਈ। ਅਜਿਹੀਆਂ ਦਿਲ ਕੰਬਾਊ ਘਟਨਾਵਾਂ ਵਿੱਚ ਵਾਧੇ ਲਈ ਕਿਸ ਨੂੰ ਕਸੂਰਵਾਰ ਠਹਿਰਾਇਆ ਜਾਵੇ? ਸੁਖਾਂਤਕ ਪਹਿਲੂ ਇਹ ਹੈ ਕਿ ਹਾਈ ਕੋਰਟ ਅਮਨ-ਕਾਨੂੰਨ ਦੀ ਸਥਿਤੀ ਪ੍ਰਤੀ ਬਹੁਤ ਗੰਭੀਰ ਹੈ ਅਤੇ ਇਸ ਸਬੰਧੀ ਉਸ ਵੱਲੋਂ ਪੁਲਿਸ ਅਧਿਕਾਰੀਆਂ ਅਤੇ ਸਰਕਾਰ ਨੂੰ ਕਈ ਵਾਰ ਕਟਹਿਰੇ ਵਿੱਚ ਖੜ੍ਹਾ ਕਰ ਕੇ ਚੇਤਾਵਨੀਆਂ ਵੀ ਦਿੱਤੀਆਂ ਗਈਆਂ ਹਨ। ਸੁਪਰੀਮ ਕੋਰਟ ਨੇ ਪੁਲਿਸ ਦੇ ਬਰਖ਼ਾਸਤ ਏਆਈਜੀ ਦੀ ਅੰਤਰਿਮ ਜ਼ਮਾਨਤ ਰੱਦ ਕਰਦਿਆਂ ਜਸਟਿਸ ਬੀ.ਆਰ. ਗਵਈ ਅਤੇ ਪੀ.ਕੇ. ਮਿਸ਼ਰਾ ਦੀ ਸਖ਼ਤ ਟਿੱਪਣੀ ਪੁਲਿਸ ਵਿਭਾਗ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਵਾਲੀ ਹੈ, ਨਸ਼ਾ ਤਸਕਰੀ ਵਿੱਚ ਪੁਲਿਸ ਦੀ ਮਿਲੀਭੁਗਤ ਸ਼ਰਮਨਾਕ ਕਾਰਾ ਹੈ। ਇਸੇ ਤਰ੍ਹਾਂ ਹੀ ਜਸਟਿਸ ਮੰਜਰੀ ਨਹਿਰੂ ਕੌਲ ਅਤੇ ਜਸਟਿਸ ਸ਼ੇਖਾਵਤ ਦੀਆਂ ਸਖ਼ਤ ਟਿੱਪਣੀਆਂ ਵੀ ਸਰਕਾਰ ਤੇ ਪੁਲਿਸ ਵਿਭਾਗ ਨੂੰ ਝੰਜੋੜਨ ਵਾਲੀਆਂ ਹਨ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡਰੱਗ ਤਸਕਰੀ ਨੂੰ ਕਿਸੇ ਦੀ ਹੱਤਿਆ ਕਰਨ ਨਾਲੋਂ ਵੀ ਵੱਡਾ ਅਪਰਾਧ ਮੰਨਿਆ ਹੈ। ਇਹ ਵੀ ਕਿਹਾ ਕਿ ਆਵਾਜ਼ ਚੁੱਕਣ ਵਾਲਿਆਂ ਨੂੰ ਵੀ ਕਈ ਵਾਰ ਜਾਨ ਤੋਂ ਹੱਥ ਧੋਣੇ ਪੈਂਦੇ ਹਨ। ਅਦਾਲਤ ਨੇ ਇਹ ਵੀ ਕਿਹਾ ਕਿ ਅੱਕੇ ਹੋਏ ਲੋਕ ਹੁਣ ਆਪਣਾ ਬਚਾਅ ਆਪ ਕਰ ਰਹੇ ਹਨ। (ਬਾਕੀ ਸਫ਼ਾ 31 'ਤੇ)

# ਪੰਥ ਤੇ ਪੰਜਾਬ ਨੂੰ ਬਦਨਾਮ ਕਰਨ ਦੀਆਂ ਹਰਕਤਾਂ ਦਾ ਵਿਰੋਧ ਕਰੋ



ਸਤਨਾਮ ਮਾਣਕ
ਸੀਨੀਅਰ ਪੱਤਰਕਾਰ

ਪਿਛਲੇ ਦਿਨੀਂ ਵਿਦੇਸ਼ਾਂ ਵਿੱਚ ਬੈਠੇ ਇਕ ਅਖੌਤੀ ਆਗੂ ਵੱਲੋਂ ਸਿੱਖਾਂ ਨੂੰ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤਾਂ ਦੀ ਤੌਹੀਨ ਕਰਨ ਜਾਂ ਉਨ੍ਹਾਂ ਦੇ ਬੁੱਤਾਂ ਦੇ ਨੇੜੇ ਭੜਕਾਊ ਨਾਅਰੇ ਲਿਖਣ ਲਈ ਉਕਸਾਇਆ ਗਿਆ ਹੈ। ਇਸ ਅਖੌਤੀ ਆਗੂ ਨੇ ਜੋ ਸੋਸ਼ਲ ਮੀਡੀਆ ’ਤੇ ਇਸ ਸੰਬੰਧੀ ਵੀਡੀਓ ਪਾਈ ਹੈ ਉਸ ਵਿੱਚ ਇਹ ਕਿਹਾ ਗਿਆ ਹੈ ਕਿ ਡਾ. ਅੰਬੇਡਕਰ ਦੇ ਕਾਰਨ ਹੀ ਸੰਵਿਧਾਨ ਵਿੱਚ ਸਿੱਖਾਂ ਨੂੰ ਵੱਖਰੀ ਪਛਾਣ ਨਹੀਂ ਮਿਲ ਸਕੀ। ਇਸ ਕਰਕੇ ਦੇਸ਼ ਵਿੱਚ ਡਾ. ਅੰਬੇਡਕਰ ਦੇ ਬੁੱਤਾਂ ਦੀ ਤੌਹੀਨ ਕੀਤੀ ਜਾਣੀ ਚਾਹੀਦੀ ਹੈ। ਇਹ ਬਿਲਕੁਲ ਮੂਰਖਤਾ ਪੂਰਨ ਵਿਚਾਰ ਹੈ। ਜੇਕਰ ਸੰਵਿਧਾਨ ਵਿੱਚ ਸਿੱਖ ਧਰਮ ਨੂੰ ਇਕ ਵੱਖਰਾ ਧਰਮ ਮੰਨਦਿਆਂ ਉਸ ਦੀ ਵੱਖਰੀ ਪਹਿਚਾਣ ਦਰਜ ਨਹੀਂ ਕੀਤੀ ਗਈ ਤਾਂ ਇਸ ਲਈ ਡਾ. ਅੰਬੇਡਕਰ ਇਕੱਲੇ ਤੌਰ ’ਤੇ ਜ਼ਿੰਮੇਵਾਰ ਨਹੀਂ ਹਨ।

ਸੰਵਿਧਾਨ ਬਣਾਉਣ ਦੀ ਪ੍ਰਕਿਰਿਆ ਸਮੇਂ ਸਿੱਖ ਨੁਮਾਇੰਦਿਆਂ ਨੇ ਆਜ਼ਾਦੀ ਤੋਂ ਪਹਿਲਾਂ ਸਿੱਖ ਭਾਈਚਾਰੇ ਨਾਲ ਵੱਡੇ ਕਾਂਗਰਸੀ ਆਗੂਆਂ ਵੱਲੋਂ ਕੀਤੇ ਗਏ ਵਾਅਦਿਆਂ ਦੇ ਮੁਤਾਬਕ ਉੱਤਰੀ ਭਾਰਤ ਵਿੱਚ ਇੱਕ ਖ਼ੁਦਮੁਖਤਿਆਰ ਖਿੱਤਾ ਦੇਣ, ਜਿਸ ਵਿੱਚ ਸਿੱਖ ਭਾਈਚਾਰਾ ਵੀ ਆਜ਼ਾਦੀ ਦਾ ਨਿੱਘ ਮਾਣ ਸਕੇ ਅਤੇ ਸੰਵਿਧਾਨ ਵਿੱਚ ਸਿੱਖ ਧਰਮ ਦੀ ਵੱਖਰੀ ਪਹਿਚਾਣ ਨਿਸਚਿਤ ਕਰਨ ਆਦਿ ਦੀਆਂ ਮੰਗਾਂ ਰੱਖੀਆਂ ਸਨ। ਅਜਿਹੀਆ ਮੰਗਾਂ ਨਾ ਮੰਨੇ ਜਾਣ ਕਾਰਨ ਹੀ ਸੰਵਿਧਾਨ ਘੜਨੀ ਦੇ ਸਿੱਖ ਮੈਂਬਰ ਸ. ਹੁਕਮ ਸਿੰਘ ਤੇ ਸ. ਭੁਪਿੰਦਰ ਸਿੰਘ ਮਾਨ ਨੇ ਸੰਵਿਧਾਨ ਮੁਕੰਮਲ ਹੋਣ ’ਤੇ ਆਪਣੇ ਵੱਲੋਂ ਉਸ ’ਤੇ ਦਸਤਖ਼ਤ ਨਹੀਂ ਕੀਤੇ ਸਨ। ਇਹ ਸਾਰੇ ਤੱਥ ਹੁਣ ਇਤਿਹਾਸ ਦਾ ਹਿੱਸਾ ਹਨ। ਪਰ ਇਸ ਸਭ ਕੁਝ ਲਈ ਡਾ. ਅੰਬੇਡਕਰ ਨੂੰ ਕਿਸੇ ਵੀ ਰੂਪ ਵਿੱਚ ਇਕੱਲਿਆਂ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਡਾ. ਅੰਬੇਡਕਰ ਬਿਨਾਂ ਸ਼ੱਕ ਸੰਵਿਧਾਨ ਬਣਾਉਣ ਵਾਲੀ ਖਰੜਾ ਕਮੇਟੀ ਦੇ ਚੇਅਰਮੈਨ ਸਨ, ਪਰ ਸੰਵਿਧਾਨ ਵਿੱਚ ਕੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਜਾਂ ਕੀ ਸ਼ਾਮਿਲ ਨਹੀਂ ਕੀਤਾ ਜਾਣਾ ਚਾਹੀਦਾ, ਇਸ ਸੰਬੰਧੀ ਸੰਵਿਧਾਨ ਦੀ ਇੱਕ-ਇੱਕ ਧਾਰਾ ’ਤੇ ਸੰਵਿਧਾਨ ਘੜਨੀ ਸਭਾ ਵਿੱਚ ਲੰਮੀ ਵਿਚਾਰ-ਚਰਚਾ ਹੁੰਦੀ ਰਹੀ ਹੈ। ਜਿਸ ਵਿੱਚ ਸੰਵਿਧਾਨ ਘੜਨੀ ਸਭਾ ਦੇ ਸਾਰੇ 299 ਮੈਂਬਰ ਸ਼ਿਰਕਤ ਕਰਦੇ ਰਹੇ ਹਨ। ਇਸ ਕਰਕੇ ਜੇਕਰ ਸੰਵਿਧਾਨ ਸੰਬੰਧੀ ਸਿੱਖ ਭਾਈਚਾਰੇ ਦੀਆਂ ਉਸ ਸਮੇਂ ਕੁਝ ਸ਼ਿਕਾਇਤਾਂ ਸਨ ਜਾਂ ਅੱਜ ਵੀ ਸ਼ਿਕਾਇਤਾਂ ਹਨ ਤਾਂ ਇਸ ਲਈ ਸਿਰਫ਼ ਡਾ. ਅੰਬੇਡਕਰ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।




ਡਾ. ਅੰਬੇਡਕਰ ਇਕ ਬਹੁਤ ਵੱਡੀ ਸ਼ਖ਼ਸੀਅਤ ਦੇ ਮਾਲਕ ਸਨ। ਭਾਵੇਂ ਕੋਈ ਵੀ ਵਿਅਕਤੀ ਉਨ੍ਹਾਂ ਦੇ ਸਾਰੇ ਵਿਚਾਰਾਂ ਨਾਲ ਸਹਿਮਤ ਨਾ ਹੋਵੇ ਪਰ ਫਿਰ ਵੀ ਉਨ੍ਹਾਂ ਨੇ ਦਲਿਤ ਅਤੇ ਦੱਬੇ-ਕੁਚਲੇ ਸਮਾਜ ਲਈ ਜੋ ਸੰਘਰਸ਼ ਕੀਤਾ ਹੈ, ਉਹ ਬੇਮਿਸਾਲ ਹੈ। ਆਪਣੇ ਇਸ ਸੰਘਰਸ਼ ਲਈ ਉਨ੍ਹਾਂ ਨੂੰ ਗੁਰਮਤਿ ਅਤੇ ਭਗਤੀ ਲਹਿਰ ਦੇ ਸੰਤਾਂ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਮਿਲਦੀ ਰਹੀ ਹੈ। ਉਨ੍ਹਾਂ ਨੇ ਭਾਰਤੀ ਇਤਿਹਾਸ ਅਤੇ ਮਿਥਿਹਾਸ ਦਾ ਗਹਿਰਾ ਅਧਿਐਨ ਕੀਤਾ ਸੀ ਅਤੇ ਹਿੰਦੂ ਧਰਮ ਵਿੱਚ ਪਾਈਆਂ ਜਾ ਰਹੀਆਂ ਜਾਤ-ਪਾਤ ਅਤੇ ਹੋਰ ਬੁਰਾਈਆਂ, ਗੈਰ ਵਿਗਿਆਨਕ ਤੇ ਮਿਥਿਹਾਸਕ ਧਾਰਨਾਵਾਂ ਅਤੇ ਮਨੂੰਵਾਦੀ ਸੋਚ ਦਾ ਤਿੱਖਾ ਵਿਰੋਧ ਕੀਤਾ ਸੀ। ਇਹ ਸਭ ਕੁਝ ਉਨ੍ਹਾਂ ਦੀਆਂ ਪੁਸਤਕਾਂ ਵਿੱਚ ਅੱਜ ਵੀ ਲਿਖਿਆ ਮਿਲਦਾ ਹੈ। ਇਹ ਵੀ ਸਾਰੇ ਜਾਣਦੇ ਹਨ ਕਿ ਇਕ ਸਮੇਂ ਉਨ੍ਹਾਂ ਨੇ ਸਿੱਖ ਧਰਮ ਗ੍ਰਹਿਣ ਕਰਨ ਦਾ ਵੀ ਮਨ ਬਣਾਇਆ ਸੀ। ਸਿੱਖ ਆਗੂਆਂ ਅਤੇ ਸ਼੍ਰੋਮਣੀ ਕਮੇਟੀ ਤੋਂ ਸਹਿਯੋਗ ਲੈ ਕੇ ਉਨ੍ਹਾਂ ਨੇ ਦਲਿਤ ਨੌਜਵਾਨਾਂ ਵਿੱਚ ਸਿੱਖਿਆ ਦਾ ਪ੍ਰਸਾਰ ਕਰਨ ਲਈ ਮੁੰਬਈ ਵਿੱਚ ਇੱਕ ਕਾਲਜ ਵੀ ਬਣਵਾਇਆ ਸੀ, ਜਿਹੜਾ ਕਿ ਅੱਜ ਵੀ ਸਫ਼ਲਤਾ ਨਾਲ ਚੱਲ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਉਸ ਸਮੇਂ ਦੇ ਕੁਝ ਵੱਡੇ ਕਾਂਗਰਸੀ ਆਗੂਆਂ ਦੇ ਵਿਰੋਧ ਕਾਰਨ ਅਤੇ ਕੁਝ ਹੋਰ ਕਾਰਨਾਂ ਕਰਕੇ ਡਾ. ਅੰਬੇਡਕਰ ਸਿੱਖ ਧਰਮ ਵਿੱਚ ਸ਼ਾਮਿਲ ਹੋਣ ਦੀ ਥਾਂ ’ਤੇ ਬੁੱਧ ਧਰਮ ਵਿੱਚ ਸ਼ਾਮਿਲ ਹੋ ਗਏ ਸਨ, ਪਰ ਇਸ ਸਾਰੇ ਘਟਨਾਕ੍ਰਮ ਤੋਂ ਇਸ ਗੱਲ ਦੀ ਪੁਸ਼ਟੀ ਜ਼ਰੂਰ ਹੁੰਦੀ ਹੈ ਕਿ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਪ੍ਰਤੀ ਡਾ. ਅੰਬੇਡਕਰ ਦਾ ਵਿਸ਼ੇਸ਼ ਆਦਰ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤੀ ਲਹਿਰ ਅਤੇ ਸੂਫ਼ੀ ਲਹਿਰ ਨਾਲ ਸੰਬੰਧਿਤ ਮਹਾਂਪੁਰਸ਼ਾਂ ਦੀ ਬਾਣੀ ਸ਼ਾਮਿਲ ਹੋਣ ਕਾਰਨ ਦਲਿਤ ਭਾਈਚਾਰੇ ਦਾ ਇੱਕ ਬਹੁਤ ਵੱਡਾ ਹਿੱਸਾ ਅੱਜ ਵੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਭਾਈਚਾਰੇ ਪ੍ਰਤੀ ਸਤਿਕਾਰ ਅਤੇ ਪਿਆਰ ਦੀ ਭਾਵਨਾ ਰੱਖਦਾ ਹੈ। ਉਹ ਲੋਕ ਜੋ ਡਾ. ਅੰਬੇਡਕਰ ਦੇ ਬੁੱਤਾਂ ਦੀ ਤੌਹੀਨ ਕਰਾਉਣ ਦੀ ਕੋਸ਼ਿਸ਼ ਕਰਦੇ ਹਨ, ਦਾ ਸਖ਼ਤ ਵਿਰੋਧ ਹੋਣਾ ਚਾਹੀਦਾ ਹੈ ।

ਇਸ ਸੰਦਰਭ ਵਿੱਚ ਅਸੀਂ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ, ਧਾਰਮਿਕ ਜਥੇਬੰਦੀਆਂ ਅਤੇ ਜਾਗਰੂਕ ਲੋਕਾਂ ਨੂੰ ਵੀ ਇਹ ਕਹਿਣਾ ਚਾਹੁੰਦੇ ਹਾਂ ਕਿ ਉਹ ਪੰਜਾਬ ਦੇ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਨੂੰ ਸੁਚੇਤ ਤੇ ਜਾਗਰੂਕ ਕਰਨ ਕਿ ਉਹ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ, ਨਸ਼ਾ ਤਸਕਰਾਂ ਜਾਂ ਹੋਰ ਸਮਾਜ ਵਿਰੋਧੀ ਅਨਸਰਾਂ ਦੇ ਬਹਿਕਾਵੇ ਜਾਂ ਉਨ੍ਹਾਂ ਵਲੋਂ ਦਿੱਤੇ ਜਾ ਰਹੇ ਲਾਲਚਾਂ ਵਿੱਚ ਆ ਕੇ ਕੋਈ ਵੀ ਅਜਿਹਾ ਕਦਮ ਨਾ ਚੁੱਕਣ, ਜਿਸ ਨਾਲ ਕਿ ਉਨ੍ਹਾਂ ਦੇ ਆਪਣੇ ਭਵਿੱਖ ਲਈ ਖ਼ਤਰੇ ਖੜ੍ਹੇ ਹੋਣ। ਇਹ ਦੇਖਿਆ ਗਿਆ ਹੈ ਕਿ ਵਿਦੇਸ਼ਾਂ ਵਿੱਚ ਬੈਠੇ ਸ਼ਰਾਰਤੀ ਅਨਸਰ ਪੈਸੇ ਦੇ ਕੇ ਜਾਂ ਕਿਸੇ ਨਾ ਕਿਸੇ ਮੁੱਦੇ ’ਤੇ ਨੌਜਵਾਨਾਂ ਨੂੰ ਭੜਕਾ ਕੇ, ਉਨ੍ਹਾਂ ਤੋਂ ਕੋਈ ਨਾ ਕੋਈ ਪੁੱਠਾ ਸਿੱਧਾ ਕੰਮ ਕਰਵਾ ਦਿੰਦੇ ਹਨ ਅਤੇ ਬਾਅਦ ਵਿੱਚ ਅਲੱੜ ਨੌਜਵਾਨਾਂ ਨੂੰ ਉਨ੍ਹਾਂ ਦੀ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ। ਬੇਰੁਜ਼ਗਾਰ ਨੌਜਵਾਨਾਂ ਨੂੰ ਕਿਸੇ ਥਾਂ ਨਾਅਰੇ ਲਿਖਣ ਜਾਂ ਕਿਸੇ ਥਾਂ ਕੋਈ ਭੰਨਤੋੜ ਕਰਨ ਦਾ ਕੰਮ ਸੌਂਪਿਆ ਜਾਂਦਾ ਹੈ ਅਤੇ ਫਿਰ ਉਸ ਦੀਆਂ ਵੀਡੀਓ ਬਣਾ ਕੇ ਵੀ ਭੇਜਣ ਲਈ ਕਿਹਾ ਜਾਂਦਾ ਹੈ। ਅਜਿਹੇ ਲੋਕਾਂ ਦੇ ਝਾਂਸੇ ਵਿੱਚ ਆ ਕੇ ਕਿੰਨੇ ਹੀ ਨੌਜਵਾਨ ਆਪਣਾ ਭਵਿੱਖ ਖ਼ਰਾਬ ਕਰ ਚੁੱਕੇ ਹਨ, ਪੁਲਿਸ ਵੱਲੋਂ ਫੜੇ ਜਾਣ ਕਾਰਨ ਉਨ੍ਹਾਂ ਨੂੰ ਜੇਲ੍ਹ ਜਾਣਾ ਪੈਂਦਾ ਹੈ। ਮਾਪਿਆਂ ਨੂੰ ਮਹਿੰਗੇ ਵਕੀਲ ਕਰਕੇ ਆਪਣੇ ਬੱਚਿਆਂ ਦੇ ਕੇਸਾਂ ਦੀ ਪੈਰਵੀ ਕਰਨੀ ਪੈਂਦੀ ਹੈ ਤੇ ਪਰਿਵਾਰਾਂ ਦਾ ਨਾਂਅ ਵੱਖਰਾ ਖਰਾਬ ਹੁੰਦਾ ਹੈ। ਅਜਿਹੇ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਕਰਨ ਵਾਲੇ ਕੁਝ ਵਕੀਲ ਵੀ ਚਿੰਤਤ ਹਨ ਕਿ ਵਿਦੇਸ਼ਾਂ ਵਿੱਚ ਬੈਠੇ ਕੁਝ ਲੋਕ ਰਾਜ ਦੇ ਅੱਲੜ੍ਹ ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਖ਼ਰਾਬ ਕਰ ਰਹੇ ਹਨ। ਮਾਪਿਆਂ ਨੂੰ ਵੀ ਇਸ ਸੰਬੰਧ ਵਿੱਚ ਸੁਚੇਤ ਰਹਿਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਦੇਸ਼ ਵਿਰੋਧੀ ਜਾਂ ਪੰਜਾਬ ਵਿਰੋਧੀ ਅਨਸਰ ਗੁੰਮਰਾਹ ਨਾ ਕਰ ਸਕਣ।

ਜੇਕਰ ਪੰਜਾਬ ਸਰਕਾਰ ਦੇ ਨਾਲ-ਨਾਲ ਵਿਰੋਧੀ ਸਿਆਸੀ ਪਾਰਟੀਆਂ ਅਤੇ ਹੋਰ ਸਮਾਜਿਕ ਸੰਗਠਨ ਇਸ ਸੰਬੰਧ ਵਿੱਚ ਮਿਲ ਕੇ ਕੰਮ ਕਰਨ ਲਈ ਅੱਗੇ ਆਉਂਦੇ ਹਨ ਤਾਂ ਜਿਥੇ ਪੰਜਾਬ ਨੂੰ ਬਦਨਾਮ ਹੋਣ ਤੋਂ ਰੋਕਿਆ ਜਾ ਸਕੇਗਾ, ਉਥੇ ਰਾਜ ਦੇ ਨੌਜਵਾਨਾਂ ਨੂੰ ਵੀ ਗੁਮਰਾਹ ਹੋਣ ਤੋਂ ਬਚਾਇਆ ਜਾ ਸਕੇਗਾ। ਖ਼ਾਸ ਕਰਕੇ ਸੁਰੱਖਿਆ ਨਾਲ ਜੁੜੇ ਮੁੱਦਿਆਂ ’ਤੇ ਕਿਸੇ ਵੀ ਧਿਰ ਵੱਲੋਂ ਸੌੜੀ ਰਾਜਨੀਤੀ ਨਹੀਂ ਹੋਣੀ ਚਾਹੀਦੀ। ਅਜਿਹੇ ਮੁੱਦਿਆਂ ’ਤੇ ਜਿਥੋਂ ਤੱਕ ਹੋ ਸਕੇ ਆਮ ਸਹਿਮਤੀ ਬਣਾ ਕੇ ਕੰਮ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਸਰਕਾਰ ਦਾ ਅਤੇ ਪੰਜਾਬ ਦੀਆਂ ਸੁਰੱਖਿਆ ਏਜੰਸੀਆਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਸਮਾਜ ਦੇ ਸਹਿਯੋਗ ਨਾਲ ਅਜਿਹੀਆਂ ਚੁਣੌਤੀਆਂ ਦਾ ਸੁਚੱਜੇ ਢੰਗ ਨਾਲ ਸਾਹਮਣਾ ਕਰਨ ਅਤੇ ਜਿਥੋਂ ਤਕ ਸੰਭਵ ਹੋ ਸਕੇ ਵੱਧ ਤੋਂ ਵੱਧ ਧਿਰਾਂ ਨੂੰ ਇਸ ਸੰਬੰਧੀ ਵਿਸ਼ਵਾਸ ਵਿੱਚ ਲਿਆ ਜਾਵੇ।

# ਕਿਵੇਂ ਮਜ਼ਬੂਤ ਹੋਈ ਚੀਨ ਦੀ ਆਰਥਿਕਤਾ?

ਆਦਿੱਤਿਆ ਸਿਨਹਾ
(ਲੇਖਕ ਲੋਕ-ਨੀਤੀ ਵਿਸ਼ਲੇਸ਼ਕ ਹੈ।)

ਚੀਨ ਦੀ ਹੈਰਾਨ ਕਰਨ ਵਾਲੀ ਤਰੱਕੀ ’ਚ ਉਸ ਦੀ ਦੂਰ-ਦ੍ਰਿਸ਼ਟੀ ਦੀ ਅਹਿਮ ਭੂਮਿਕਾ ਰਹੀ ਹੈ। ਚੀਨ ਨੇ ਖੋਜ ਅਤੇ ਵਿਕਾਸ ਭਾਵ ਆਰ.ਐਂਡ.ਡੀ. ’ਚ ਕਾਫ਼ੀ ਪਹਿਲਾਂ ਤੋਂ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ ਸੀ। ਇੱਕ ਸਮਾਂ ਸੀ ਜਦੋਂ ਚੀਨ ਦੀ ਅਰਥ-ਵਿਵਸਥਾ ਡਾਵਾਂਡੋਲ ਸੀ।

ਮੰਦਹਾਲੀ ’ਚੋਂ ਨਿਕਲਣ ਲਈ ਸਰਕਾਰੀ ਪੱਧਰ ’ਤੇ ਵਿਆਪਕ ਯਤਨ ਕੀਤੇ ਗਏ। ਆਬਾਦੀ ਵਿਸਫੋਟ ਸਭ ਸਮੱਸਿਆਵਾਂ ਦੀ ਜੜ੍ਹ ਸੀ। ਇਸ ਨੂੰ ਨਿਯੰਤਰਨ ਕਰਨ ਲਈ ਵੱਡੇ ਉਪਰਾਲੇ ਕੀਤੇ ਗਏ। ਸੱਤਾਧਾਰੀਆਂ ਨੇ ਮਹਿਸੂਸ ਕੀਤਾ ਕਿ ਸਸਤੀ ਲੇਬਰ ਦਾ ਸਦਉਪਯੋਗ ਕਰ ਕੇ ਸਸਤੇ ਉਤਪਾਦ ਬਣਾਏ ਜਾ ਸਕਦੇ ਹਨ।

ਇਸ ਤੋਂ ਇਲਾਵਾ ਖੋਜ ਤੇ ਵਿਕਾਸ (ਆਰ.ਐਂਡ.ਡੀ.)’ਤੇ ਧਿਆਨ ਕੇਂਦਰਿਤ ਕਰ ਕੇ ਦੁਨੀਆਂ ਤੋਂ ਅੱਗੇ ਲੰਘਿਆ ਜਾ ਸਕਦਾ ਹੈ। ਇਸ ਨਾਲ ਘੱਟ ਲਾਗਤ ’ਚ ਪ੍ਰਤੀਯੋਗੀ ਉਤਪਾਦ ਤਿਆਰ ਕਰਨ ਦੀ ਉਸ ਨੇ ਜੋ ਸਮਰੱਥਾ ਹਾਸਲ ਕੀਤੀ ਉਸ ਨਾਲ ਉਹ ਵਿਸ਼ਵ ਪੱਧਰੀ ਨਿਰਮਾਣ ਬਾਜ਼ਾਰ ਦਾ ਸਿਰਮੌਰ ਬਣ ਗਿਆ।

ਚੀਨ ਨੇ ਸਰਕਾਰੀ ਮਾਲਕੀ ਵਾਲੇ ਉੱਦਮਾਂ ਦੀ ਵਿਵਸਥਾ ਨਾਲ ਨਵੀਨਤਾ ਕੇਂਦਰਿਤ ਅਰਥਚਾਰੇ ਵੱਲ ਕਦਮ ਵਧਾਉਣੇ ਸ਼ੁਰੂ ਕੀਤੇ। ਇਸ ਦਾ ਨਤੀਜਾ ਹੁਆਵੇ, ਅਲੀਬਾਬਾ ਤੇ ਬੀ.ਆਈ.ਡੀ. ਵਰਗੀਆਂ ਦਿੱਗਜ ਕੰਪਨੀਆਂ ਦੇ ਰੂਪ ’ਚ ਸਾਹਮਣੇ ਆਇਆ। ਅਜਿਹੀਆਂ ਕੰਪਨੀਆਂ ਦੀ ਸੂਚੀ ਬਹੁਤ ਵੱਡੀ ਦਿਖਾਈ ਦਿੰਦੀ ਹੈ। ਚੀਨ ਆਪਣੀ ਜੀ.ਡੀ.ਪੀ. ਦਾ 2.6 ਫ਼ੀਸਦੀ ਆਰ.ਐਂਡ.ਡੀ. ’ਤੇ ਖ਼ਰਚ ਕਰਦਾ ਹੈ, ਜੋ ਦਰਸਾਉਂਦਾ ਹੈ ਕਿ ਉਹ ਭਵਿੱਖ ਦੀਆਂ ਆਪਣੀਆਂ ਖ਼ਾਹਿਸ਼ੀ ਯੋਜਨਾਵਾਂ ਨੂੰ ਮੂਰਤ ਰੂਪ ਦੇਣ ਲਈ ਕਿੰਨਾ ਗੰਭੀਰ ਹੈ। ਭਾਰਤ ਨੇ ਵੀ ਬੀਤੇ ਇੱਕ ਦਹਾਕੇ ਦੌਰਾਨ ਇਸ ਮੋਰਚੇ ’ਤੇ ਕਾਫ਼ੀ ਤਰੱਕੀ ਕੀਤੀ ਹੈ, ਪਰ ਨਿਵੇਸ਼ ਅਤੇ ਉਤਪਾਦਨ ਦੇ ਲਿਹਾਜ਼ ਨਾਲ ਵਿਸ਼ਵ ਪੱਧਰੀ ਮੁਕਾਬਲੇਬਾਜ਼ਾਂ ਦੀ ਤੁਲਨਾ ’ਚ ਇਹ ਅਜੇ ਵੀ ਨਾਕਾਫ਼ੀ ਹੈ।

ਭਾਰਤ ਆਪਣੀ ਜੀ.ਡੀ.ਪੀ. ਦਾ ਸਿਰਫ਼ 0.64 ਤੋਂ 0.7 ਫ਼ੀਸਦੀ ਤੱਕ ਆਰ.ਐਂਡ.ਡੀ. ’ਤੇ ਨਿਵੇਸ਼ ਕਰ ਰਿਹਾ ਹੈ। ਚੀਨ ਦਾ ਤਾਂ ਉੱਪਰ ਜ਼ਿਕਰ ਹੈ ਹੀ, ਜਦਕਿ ਅਮਰੀਕਾ ਵੀ ਆਪਣੀ ਜੀ.ਡੀ.ਪੀ. ਦਾ 3.47 ਫ਼ੀਸਦੀ ਆਰ.ਐਂਡ.ਡੀ. ’ਤੇ ਖ਼ਰਚ ਕਰਦਾ ਹੈ। ਇਹ ਦੋਵੇਂ ਹੀ ਅਰਥਚਾਰੇ ਭਾਰਤ ਦੀ ਤੁਲਨਾ ’ਚ ਬਹੁਤ ਵੱਡੇ ਹਨ ਤਾਂ ਕੁੱਲ ਰਕਮ ਕਿੰਨੀ ਵੱਡੀ ਹੋਵੇਗੀ, ਇਸ ਦਾ ਆਸਾਨੀ ਨਾਲ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸਪੱਸ਼ਟ ਹੈ ਕਿ ਇਸ ਮਹੱਤਵਪੂਰਨ ਮਦ ’ਚ ਸੀਮਤ ਨਿਵੇਸ਼ ਭਾਰਤ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਸੀਮਤ ਨਿਵੇਸ਼ ਦੇ ਬਾਵਜੂਦ ਪ੍ਰਦਰਸ਼ਨ ਨੂੰ ਦੇਖਿਆ ਜਾਵੇ ਤਾਂ ਵਿਸ਼ਵ ਪੱਧਰੀ ਨਵੀਨਤਾ ਦ੍ਰਿਸ਼ ’ਤੇ ਭਾਰਤ ਨੇ ਆਪਣੀ ਛਾਪ ਛੱਡੀ ਹੈ। ਗਲੋਬਲ ਇਨੋਵੇਸ਼ਨ ਇੰਡੈਕਸ ਦੀ 133 ਦੇਸ਼ਾਂ ਦੀ ਸੂਚੀ ’ਚ 2015 ’ਚ 81ਵੇਂ ਸਥਾਨ ’ਤੇ ਰਹਿਣ ਵਾਲਾ ਭਾਰਤ 2024 ’ਚ 39ਵੇਂ ਸਥਾਨ ’ਤੇ ਪਹੁੰਚ ਗਿਆ ਹੈ। ਪ੍ਰਦਰਸ਼ਨ ’ਚ ਇਹ ਜ਼ਿਕਰਯੋਗ ਸੁਧਾਰ ਭਾਰਤ ਦੇ ਵਿਸਥਾਰ ਲੈਂਦੇ ਡਿਜੀਟਲ ਇਨਫਰਾਸਟ੍ਰਕਚਰ, ਅਕੈਡਮਿਕ ਜਗਤ ਅਤੇ ਉਦਯੋਗ ਜਗਤ ਵਿਚਾਲੇ ਬਿਹਤਰ ਹੁੰਦੇ ਜੁੜਾਵ ਅਤੇ ਤੇਜ਼ੀ ਨਾਲ ਵਧਦੇ



ਸਟਾਰਟਅਪ ਈਕੋਸਿਸਟਮ ਨੂੰ ਦਰਸਾਉਂਦਾ ਹੈ।

ਹਾਲਾਂਕਿ ਇਸ ਤਰੱਕੀ ’ਚ ਵਿੱਤੀ ਵਚਨਬੱਧਤਾਵਾਂ ਉਮੀਦ ਮੁਤਾਬਕ ਮੇਲ ਨਹੀਂ ਖਾ ਰਹੀਆਂ ਹਨ। ਇਸ ਕਾਰਨ ਨਿੱਜੀ ਖੇਤਰ ਨੂੰ ਨਿਵੇਸ਼ ਵਧਾਉਣਾ ਪਵੇਗਾ। ਕੁੱਲ ਘਰੇਲੂ ਉਤਪਾਦ ਦੇ ਨਜ਼ਰੀਏ ਨਾਲ ਆਰ.ਐਂਡ.ਡੀ. ’ਚ ਅਜੇ ਨਿੱਜੀ ਨਿਵੇਸ਼ ਲਗਪਗ 36.4 ਫ਼ੀਸਦੀ ਦੇ ਨਜ਼ਦੀਕ ਹੈ ਜਦਕਿ ਅਮਰੀਕਾ ਤੇ ਚੀਨ ਵਰਗੇ ਵੱਡੇ ਅਰਥਚਾਰਿਆਂ ’ਚ ਨਿੱਜੀ ਖੇਤਰ ਦਾ ਇਹ ਯੋਗਦਾਨ 75 ਤੋਂ 77 ਫ਼ੀਸਦੀ ਦੇ ਘੇਰੇ ’ਚ ਹੈ। ਇਸ ਕਾਰਨ ਨਿੱਜੀ ਖੇਤਰ ਦੀ ਸਰਗਰਮ ਹਿੱਸੇਦਾਰੀ ਤੋਂ ਬਿਨਾਂ ਉਦਯੋਗਿਕ ਕ੍ਰਾਂਤੀ ਦੇ ਮਾਮਲੇ ’ਚ ਢੁਕਵੇਂ ਨਤੀਜੇ ਹਾਸਲ ਹੋਣੇ ਸੰਭਵ ਨਹੀਂ। ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਬੀਤੇ ਦਿਨੀਂ ਚੀਨ ਨਾਲ ਤੁਲਨਾ ਕਰਦੇ ਹੋਏ ਭਾਰਤੀ ਸਟਾਰਟਅਪ ਈਕੋਸਿਸਟਮ ਨੂੰ ਸਹੀ ਸ਼ੀਸ਼ਾ ਦਿਖਾਇਆ ਹੈ।

ਭਾਰਤੀ ਈਕੋਸਿਸਟਮ ਦੇ ਰੁਖ਼-ਰਵੱਈਏ ’ਤੇ ਉਨ੍ਹਾਂ ਦੀ ਚਿੰਤਾ ਵਾਜਬ ਹੈ। ਭਾਰਤ ’ਚ ਚਾਹੇ ਹੀ ਡੇਢ ਲੱਖ ਤੋਂ ਵੱਧ ਰਜਿਸਟਰਡ ਸਟਾਰਟਅਪ ਹਨ, ਪਰ ਇਨ੍ਹਾਂ ’ਚੋਂ ਜ਼ਿਆਦਾਤਰ ਈ-ਕਾਮਰਸ, ਫੂਡ ਡਲਿਵਰੀ ਤੇ ਗਿਗ ਇਕੋਨਮੀ ਨਾਲ ਜੁੜੇ ਹਨ। ਇ ਸਦੀ ਤੁਲਨਾ ’ਚ ਚੀਨ ਦਾ ਜ਼ੋਰ ਡੀਪ-ਟੈੱਕ, ਏ.ਆਈ. ਤੇ ਹਾਰਡਵੇਅਰ ਇਨੋਵੇਸ਼ਨ ਤੇ ਦੇਸੀ ਟੈੱਕ ਦਿੱਗਜਾਂ ਦੇ ਨਿਰਮਾਣ ’ਤੇ ਹੈ।

ਇਸ ’ਚ ਭਾਰਤ ਦੇ ਮੁਕਾਬਲਤਨ ਰੂਪ ਨਾਲ ਪੱਛੜਣ ਦਾ ਸਬੰਧ ਸਿਰਫ਼ ਉਮੀਦਾਂ ਨਾਲ ਨਾ ਹੋ ਕੇ ਢਾਂਚਾਗਤ ਰੂਪ ਨਾਲ ਜੁੜਿਆ ਹੈ। ਉਦਯੋਗ ਜਗਤ ਨੂੰ ਉਮੀਦਾਂ ਦੇ ਮੁਤਾਬਕ ਮੁਲਾਜ਼ਮਾਂ ਦਾ ਨਾ ਮਿਲਣਾ, ਖੋਜ ਅਤੇ ਵਿਕਾਸ ਲਈ ਸਾਧਨਾਂ ਦੀ ਥੁੜ੍ਹ ਅਤੇ ਸੀਮਤ ਪੇਟੈਂਟ ਪੂੰਜੀ ਨਾਲ ਜੋਖ਼ਮ ਲੈਣ ਦੀ ਉਹ ਸਮਰੱਥਾ ਨਹੀਂ ਪੈਦਾ ਹੋ ਸਕਦੀ ਜੋ ਅਸਲ ਇਨੋਵੇਸ਼ਨ ਤੇ ਲੰਬੇ ਸਮੇਂ ਲਈ ਨਿਵੇਸ਼ ਲਈ ਬਹੁਤ ਜ਼ਰੂਰੀ ਹੈ। ਇਸ ਕਾਰਨ, ‘ਕੀ ਅਸੀਂ ਆਈਸਕ੍ਰੀਮ ਤੇ ਚਿਪਸ ਹੀ ਬਣਾਉਂਦੇ ਰਹਾਂਗੇ’ ਵਾਲੀ ਗੋਇਲ ਦੀ ਟਿੱਪਣੀ ਚਾਹੇ ਹੀ ਕੁਝ ਤਿੱਖੀ ਲੱਗੇ, ਪਰ ਇਸ ’ਚ ਡੂੰਘਾ ਦੁੱਖ ਲੁਕਿਆ ਹੋਇਆ ਹੈ। ਹਾਲਾਤ ਬਦਲਣ ਲਈ ਸਾਨੂੰ ਆਪਣੀ ਤਰਜੀਹ ਤੈਅ ਕਰ ਕੇ ਉਨ੍ਹਾਂ ਨੂੰ ਮੂਰਤ ਰੂਪ ਦੇਣਾ ਪਵੇਗਾ। ਜਨਤਕ ਅਤੇ ਨਿੱਜੀ ਖੇਤਰ ਤੋਂ ਆਰ.ਐਂਡ.ਡੀ. ’ਚ ਨਿਵੇਸ਼ ਵਧਾਉਣਾ ਇਸ ਦੀ ਪਹਿਲੀ ਪੌੜੀ ਹੋਵੇਗੀ। ਸਾਨੂੰ ਯਕੀਨੀ ਕਰਨਾ ਪਵੇਗਾ ਕਿ ਆਰ.ਐਂਡ.ਡੀ. ’ਚ ਨਿਵੇਸ਼ ਲੰਬੇ ਸਮੇਂ ਲਈ ਆਰਥਕ ਵਾਧੇ ਨੂੰ ਰਫ਼ਤਾਰ ਦੇਣ ਵਾਲਾ ਹੋਵੇ।


ਨਵੀਨਤਾ ਵਧੇ, ਨਵੇਂ ਉਦਯੋਗ ਸਾਹਮਣੇ ਆਉਣ ਦਾ ਆਧਾਰ ਬਣੇ, ਉਤਪਾਦਕਤਾ ਵਧੇ ਅਤੇ ਉੱਚ ਪੱਧਰੀ ਰੁਜ਼ਗਾਰ ਦੀ ਸਿਰਜਣਾ ਹੋਵੇ। ਭਾਰਤ ਵਰਗੇ ਅਰਥਚਾਰੇ ’ਚ ਇਹ ਉੱਚੇ ਵਾਧੇ ਲਈ ਪ੍ਰੇਰਕ ਹੋ ਸਕਦਾ ਹੈ। ਵਿਸ਼ਵ ਪੱਧਰੀ ਮੁਕਾਬਲੇ ’ਚ ਸੁਧਾਰ ਲਈ ਵੀ ਆਰ.ਐਂਡ.ਡੀ. ’ਚ ਨਿਵੇਸ਼ ਜ਼ਰੂਰੀ ਹੈ।

ਤਕਨੀਕੀ ਨਵੀਨਤਾ ਦੇ ਆਧਾਰ ’ਤੇ ਭਾਰਤੀ ਕੰਪਨੀਆਂ ਉੱਚੇ ਮੁਨਾਫ਼ੇ ਵਾਲੇ ਅੰਤਰਰਾਸ਼ਟਰੀ ਬਾਜ਼ਾਰ ਦੇ ਫਾਰਮਾ, ਇਲੈਕਟ੍ਰਾਨਿਕਸ, ਊਰਜਾ ਤੇ ਏ.ਆਈ. ਵਰਗੇ ਖੇਤਰਾਂ ’ਚ ਆਪਣੀ ਪੈਠ ਵਧਾ ਸਕਦੀਆਂ ਹਨ। ਇੱਕ ਮਜ਼ਬੂਤ ਆਰ.ਐਂਡ.ਡੀ. ਢਾਂਚੇ ਦੀ ਥੁੜ੍ਹ ’ਚ ਭਾਰਤ ਵਿਦੇਸ਼ੀ ਤਕਨੀਕਾਂ ’ਤੇ ਨਿਰਭਰ ਹੋ ਕੇ ਵਿਸ਼ਵ ਪੱਧਰੀ ਸਪਲਾਈ ਚੇਨ ’ਚ ਪੱਛੜ ਜਾਵੇਗਾ। ਹੈਲਥ ਕੇਅਰ ਤੋਂ ਲੈ ਕੇ ਜਲਵਾਯੂ ਪਰਿਵਰਤਨ ਤੇ ਖ਼ੁਰਾਕ ਸੁਰੱਖਿਆ ਤੋਂ ਲੈ ਕੇ ਸਾਫ਼ ਊਰਜਾ ਵਰਗੀਆਂ ਚੁਣੌਤੀਆਂ ਦੇ ਹੱਲ ’ਚ ਵੀ ਆਰ.ਐਂਡ.ਡੀ. ਨਿਵੇਸ਼ ਦੀ ਉਪਯੋਗਿਤਾ ਕਿਸੇ ਤੋਂ ਲੁਕੀ ਨਹੀਂ ਹੈ। ਇਸ ’ਚ ਜਿੱਥੇ ਸਰਕਾਰੀ ਨਿਵੇਸ਼ ਜਨਤਕ ਪ੍ਰਣਾਲੀ ਤੇ ਰਾਸ਼ਟਰੀ ਮਿਸ਼ਨਾਂ ’ਚ ਉਪਯੋਗੀ ਹੋਵੇਗਾ ਉਥੇ ਨਿੱਜੀ ਖੇਤਰ ਦਾ ਨਿਵੇਸ਼ ਕਿਫ਼ਾਇਤੀ ਅਤੇ ਘੇਰਾ ਵਧਾਉਣ ਵਾਲੀ ਨਵੀਨਤਾ ’ਚ ਲਾਭਕਾਰੀ ਹੋਵੇਗਾ। (**ਬਾਕੀ ਸਫ਼ਾ 31 ’ਤੇ**)


# ਟਰੰਪ ਦੀ ਟੈਰਿਫ਼ ਸਿਆਸਤ ਕਾਰਨ ਤੇਜ਼ ਹੋਈ ਵਿਸ਼ਵ ਵਪਾਰਕ ਜੰਗ

## ਅਮਰੀਕੀ ਸਾਮਰਾਜ ਵੱਲੋਂ ਵਪਾਰਕ, ਸਿਆਸੀ, ਫ਼ੌਜੀ ਤੇ ਆਰਥਿਕ ਹਿੱਤਾਂ ਦੀ ਰੱਖਿਆ ਲਈ ਵਪਾਰਕ ਤੇ ਕੂਟਨੀਤਕ ਜੰਗ ਸ਼ੁਰੂ

## ਚੀਨ ਅਤੇ ਹੋਰ ਸਾਮਰਾਜੀ ਮੁਲਕਾਂ ਨਾਲ ਮੁਕਾਬਲੇਬਾਜ਼ੀ ਵਿੱਚੋਂ ਪਛੜਨ ਦੇ ਖ਼ੌਫ਼ ਵਿੱਚੋਂ ਪੈਦਾ ਹੋਇਆ ਅਮਰੀਕਾ ਦਾ ਹਮਲਾਵਰ ਰੁਖ



ਮਨਦੀਪ




ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੱਖ-ਵੱਖ ਮੁਲਕਾਂ ਲਈ ਐਲਾਨੇ ਟੈਰਿਫ਼ ਭਾਵੇਂ 90 ਦਿਨ ਲਈ ਰੋਕਣ ਦਾ ਐਲਾਨ ਕਰ ਦਿੱਤਾ ਪਰ ਟੈਰਿਫ਼ ਸਿਆਸਤ ਸੰਸਾਰ ਅਰਥਚਾਰੇ ਉੱਤੇ ਸਿੱਧੀ ਅਸਰਅੰਦਾਜ਼ ਹੋ ਰਹੀ ਹੈ। ਟਰੰਪ ਨੇ 2 ਅਪ੍ਰੈਲ ਨੂੰ ਆਪਣੇ ਦੇਸ਼ ਵਾਸੀਆਂ ਲਈ 'ਮੁਕਤੀ ਦਿਵਸ' ਦਾ ਐਲਾਨ ਕਰਦਿਆਂ ਅਮਰੀਕੀ ਵਪਾਰਕ ਭਾਈਵਾਲਾਂ ਉੱਤੇ 'ਪਰਸਪਰ ਟੈਰਿਫ਼' ਲਾਉਣ ਦਾ ਐਲਾਨ ਕਰ ਕੇ ਆਲਮੀ ਪੱਧਰ 'ਤੇ ਨਵੀਂ ਵਪਾਰਕ ਜੰਗ ਤੇਜ਼ ਕਰ ਦਿੱਤੀ ਸੀ। ਇਹ ਟੈਰਿਫ਼ ਲਾਗੂ ਕਰਨ ਲਈ ਟਰੰਪ ਨੇ 1977 ਦੇ ਕੌਮਾਂਤਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ ਦੀ ਵਰਤੋਂ ਕਰਦਿਆਂ ਲਗਾਤਾਰ ਵਪਾਰ ਘਾਟੇ ਨੂੰ ਕੌਮੀ ਐਮਰਜੈਂਸੀ ਵਜੋਂ ਪੇਸ਼ ਕੀਤਾ। ਇਨ੍ਹਾਂ ਟੈਰਿਫ਼ਾਂ ਖ਼ਿਲਾਫ਼ ਚੀਨ ਨੇ ਜਵਾਬੀ ਕਾਰਵਾਈ ਕੀਤੀ ਹੈ ਜਿਸ ਨਾਲ ਵਿਸ਼ਵ ਵਪਾਰਕ ਜੰਗ ਤੇਜ਼ ਹੋ ਗਈ ਹੈ। ਇਉਂ ਦਿਨਾਂ ਵਿੱਚ ਹੀ ਅਮਰੀਕਾ ਦੀ ਸਟਾਕ ਮਾਰਕਿਟ ਅਤੇ ਵਿਸ਼ਵ ਸਟਾਕ ਮਾਰਕਿਟ ਲੁੜਕ ਗਈ। ਯੂਰੋਪ ਵਿੱਚ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਵਿਸ਼ਾਲ ਰੋਸ ਪ੍ਰਦਰਸ਼ਨ ਹੋਏ। ਟਰੰਪ ਵੱਲੋਂ ਵਿਸ਼ਵਵਿਆਪੀ ਵਿਰੋਧ ਅਤੇ ਮੰਦੀ ਦੇ ਖਤਰਿਆਂ ਨੂੰ ਭਾਂਪਦਿਆਂ ਚੀਨ ਉੱਤੇ ਹੋਰ ਟੈਰਿਫ਼ ਲਾਉਂਦਿਆਂ ਬਾਕੀ 75 ਮੁਲਕਾਂ ਲਈ 90 ਦਿਨ ਦੀ ਅਸਥਾਈ ਰਾਹਤ ਦਾ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ। ਅਮਰੀਕੀ ਸਾਮਰਾਜ ਨੇ ਆਪਣੇ ਵਪਾਰਕ, ਸਿਆਸੀ, ਫ਼ੌਜੀ ਤੇ ਆਰਥਿਕ ਹਿੱਤਾਂ ਦੀ ਰੱਖਿਆ ਅਤੇ ਲਗਾਤਾਰ ਖੁਰ ਰਹੀ ਆਪਣੀ ਸ਼ਕਤੀ ਬਣਾਈ ਰੱਖਣ ਲਈ ਇਹ ਵਪਾਰਕ ਤੇ ਕੂਟਨੀਤਕ ਜੰਗ ਸ਼ੁਰੂ ਕੀਤੀ ਹੈ।

ਟਰੰਪ ਕੋਈ ਅਦਿੱਖ ਅਲੌਕਿਕ ਸ਼ਕਤੀਆਂ ਦਾ ਮਾਲਕ ਨਹੀਂ ਜਿਸ ਦੀ ਵਿਅਕਤੀਗਤ ਇੱਛਾ ਅਮਰੀਕਾ ਨੂੰ ਮੁੜ ਮਹਾਨ ਅਤੇ ਅਮੀਰ ਬਣਾ ਦੇਵੇਗੀ ਬਲਕਿ ਟਰੰਪ ਨੇ ਆਪਣੇ ਵਪਾਰਕ ਸਲਾਹਕਾਰ ਅਤੇ ਸੁਰੱਖਿਆਵਾਦੀ ਨੀਤੀਆਂ ਦੇ ਪੈਰੋਕਾਰ ਪੀਟਰ ਨਵਾਰੋ, ਸਟੀਵ ਬੋਨਨ, ਰਾਬਰਟ ਲਾਈਟਹਾਈਜ਼ਰ ਅਤੇ ਪਟੇ ਬੁਕਾਨਨ, ਜੋ ਮੁਕਤ ਵਪਾਰ ਸਮਝੌਤਿਆਂ ਦੇ ਆਲੋਚਕ, ਚੀਨ ਦੇ ਉਭਾਰ ਨੂੰ ਸਭ ਤੋਂ ਵੱਡੀ ਚੁਣੌਤੀ ਮੰਨਣ ਵਾਲੇ ਅਤੇ ਟੈਰਿਫ਼ ਨੀਤੀਆਂ ਦੀ ਵਕਾਲਤ ਕਰਨ ਵਾਲੇ ਅਮਰੀਕੀ ਅਰਥ ਸ਼ਾਸਤਰੀ ਹਨ, ਅਤੇ ਅਮਰੀਕੀ ਪੂੰਜੀਪਤੀਆਂ ਦੀ ਸਲਾਹ ਨਾਲ ਟੈਰਿਫ਼ ਨੀਤੀ ਲਾਗੂ ਕੀਤੀ ਹੈ। ਉਨ੍ਹਾਂ ਮੁਤਾਬਕ ਦਰਾਮਦੀ ਮਾਲ ਉੱਤੇ ਟੈਕਸ ਦੀ ਇਹ ਨੀਤੀ ਅਮਰੀਕਾ ਨੂੰ ਮੁੜ ਅਮੀਰ ਬਣਾਉਣ, ਘਰੇਲੂ ਨਿਰਮਾਣ ਉਦਯੋਗ ਨੂੰ ਪੁਨਰਗਠਿਤ ਕਰਨ ਅਤੇ ਵਪਾਰ ਘਾਟਾ ਘਟਾਉਣ ਲਈ ਲਿਆਂਦੀ ਜਾ ਰਹੀ ਹੈ। ਇਸ ਤੋਂ ਇਲਾਵਾ ਕਰਜ਼ ਪੂਰਤੀ ਲਈ ਸਰਕਾਰੀ ਖਰਚਿਆਂ 'ਤੇ ਕੱਟ ਲਾਉਣ, ਅਮਰੀਕੀ ਦਬਕਾ ਕਾਇਮ ਰੱਖਣ ਲਈ ਪਨਾਮਾ ਨਹਿਰ, ਗਾਜ਼ਾ ਤੇ ਗ੍ਰੀਨਲੈਂਡ 'ਤੇ ਕਬਜ਼ਾ ਕਰਨ, ਕੈਨੇਡਾ ਨੂੰ 51ਵਾਂ ਸੂਬਾ ਬਣਾਉਣ ਆਦਿ ਵਰਗੇ ਕੌਮੀ ਤ੍ਰਿਸਕਾਰ ਦੇ ਬਿਆਨ ਦੇਣੇ ਅਤੇ ਜੰਗੀ ਵਪਾਰਕ ਉਦੇਸ਼ਾਂ ਲਈ ਮੱਧ ਪੂਰਬ ਏਸ਼ੀਆ ਵਿੱਚ ਦਖਲਅੰਦਾਜ਼ੀ ਅਮਰੀਕੀ ਸਾਮਰਾਜ ਦੀ ਹਮਲਾਵਰ ਨੀਤੀ ਦਾ ਸਿੱਟਾ ਹੈ। ਆਰਥਿਕ ਅਤੇ ਫ਼ੌਜੀ ਮੁਹਾਣ 'ਤੇ ਅਮਰੀਕਾ ਦਾ ਇਹ ਹਮਲਾਵਰ ਰੁਖ ਮੁੱਖ ਤੌਰ 'ਤੇ ਚੀਨ ਅਤੇ ਬਾਕੀ ਸਾਮਰਾਜੀ ਮੁਲਕਾਂ ਨਾਲ ਮੁਕਾਬਲੇਬਾਜ਼ੀ ਵਿੱਚੋਂ ਪਛੜਨ ਦੇ ਖ਼ੌਫ਼ ਵਿੱਚੋਂ ਪੈਦਾ ਹੋਇਆ ਹੈ। ਸੰਸਾਰ ਵਪਾਰ ਵਿੱਚ ਅਮਰੀਕਾ ਦੀ ਪਹਿਲਾਂ ਵਾਲੀ ਸਮਰੱਥਾ, ਕਾਬਲੀਅਤ ਅਤੇ ਪ੍ਰਮੁੱਖਤਾ ਨਹੀਂ ਰਹੀ। ਸੱਤਰਵਿਆਂ ਦੇ ਦਹਾਕੇ ਵਿੱਚ ਸੰਸਾਰ ਵਪਾਰ ਵਿੱਚ ਅਮਰੀਕਾ ਦੀ ਹਿੱਸੇਦਾਰੀ 14% ਅਤੇ ਚੀਨ ਦੀ ਹਿੱਸੇਦਾਰੀ 1% ਤੋਂ ਵੀ ਘੱਟ ਦੀ ਸੀ। ਅੱਜ ਵਿਸ਼ਵ ਵਪਾਰ ਵਿੱਚ ਚੀਨ ਦੀ 14% ਅਤੇ ਅਮਰੀਕਾ ਦੀ 10% ਹਿੱਸੇਦਾਰੀ ਹੈ। ਇਸ ਤੋਂ ਇਲਾਵਾ ਰੂਸ, ਯੂਰੋਪੀਅਨ ਯੂਨੀਅਨ, ਬ੍ਰਿਕਸ ਗੱਠਜੋੜ ਅਤੇ ਗਲੋਬਲ ਸਾਊਥ ਦੇ ਅਨੇਕ ਮੁਲਕਾਂ ਦੇ ਦੁਵੱਲੇ ਵਪਾਰਕ ਸਬੰਧਾਂ ਅਤੇ ਆਰਥਿਕ ਉੱਨਤੀ ਕਾਰਨ ਸੰਸਾਰ ਇੱਕ ਧਰੁਵੀ ਨਿਰਭਰਤਾ ਦੇ ਪੂਰਨ ਦਾਬੇ ਹੇਠ ਨਹੀਂ ਰਿਹਾ। ਇਸ ਸੂਰਤ ਵਿੱਚ ਟਰੰਪ ਦੁਆਰਾ ਮੁਕਤ ਵਪਾਰ ਦੀਆਂ ਨਵਉਦਾਰਵਾਦੀ ਨੀਤੀਆਂ ਨੂੰ ਤਿਲਾਂਜਲੀ ਦੇ ਕੇ ਸੁਰੱਖਿਆਵਾਦੀ ਆਰਥਿਕ ਰਾਸ਼ਟਰਵਾਦ ਨੂੰ ਤਰਜੀਹ ਦੇਣੀ ਬੜਾ ਘਾਤਕ ਸੁਫ਼ਨਾ ਹੈ ਜੋ ਅਮਰੀਕੀ ਸਰਦਾਰੀ ਦੀ ਗਿਰਾਵਟ ਦੀ ਪੁਸ਼ਟੀ ਕਰਦਾ ਹੈ।

ਸਭ ਤੋਂ ਪਹਿਲਾਂ ਤਾਂ ਟਰੰਪ ਦੀ ਟੈਰਿਫ਼ ਗਣਨਾ ਵਿਧੀ ਜੋ ਵਿਸ਼ਵ ਵਪਾਰ ਸੰਸਥਾ ਦੀ ਵੈੱਬਸਾਇਟ 'ਤੇ ਦਿੱਤੀ ਹੋਈ ਹੈ, ਦੋਸ਼ਪੂਰਨ ਹੈ। ਇਹ ਵਿਧੀ ਗੁੰਝਲਦਾਰ ਵਪਾਰਕ ਸਬੰਧਾਂ ਨੂੰ ਸਰਲ ਬਣਾ ਕੇ ਪੇਸ਼ ਕਰਦੀ ਹੈ। ਟੈਰਿਫ਼ ਦੀ ਗਣਨਾ ਵਪਾਰ ਘਾਟੇ ਦੇ ਅਨੁਪਾਤ ਅਨੁਸਾਰ ਕੀਤੀ ਗਈ ਹੈ। ਕਿਸੇ ਇੱਕ ਮੁਲਕ ਨਾਲ ਵਪਾਰ ਘਾਟੇ ਨੂੰ ਉਸ ਦੇਸ਼ ਤੋਂ ਦਰਾਮਦ ਵਸਤੂਆਂ ਦੇ ਕੁੱਲ ਮੁੱਲ ਨਾਲ ਵੰਡ ਕੇ ਅਗਾਂਹ ਉਸ ਨੂੰ 2 ਨਾਲ ਵੰਡ ਕੇ ਟੈਰਿਫ਼ ਦਰ ਤੈਅ ਕੀਤੀ ਗਈ ਹੈ। ਉਦਾਹਰਨ ਵਜੋਂ ਜੇ ਅਮਰੀਕਾ ਦਾ ਕੈਨੇਡਾ ਨਾਲ ਵਪਾਰ ਘਾਟਾ 100 ਅਰਬ ਡਾਲਰ ਦਾ ਹੈ ਤੇ ਉਸ ਦੀ ਕੈਨੇਡਾ ਤੋਂ ਦਰਾਮਦ 200 ਅਰਬ ਡਾਲਰ ਹੈ ਤਾਂ 100/200=0.5/2= 0.25% (25%)। ਸਾਮਰਾਜੀ ਦੌਰ ਅੰਦਰ ਅਸਾਵੇਂ ਵਿਕਾਸ ਕਾਰਨ ਦੁਨੀਆ ਪੱਛੜੇ ਅਤੇ ਵਿਕਸਿਤ ਮੁਲਕਾਂ ਵਿਚਕਾਰ ਵੰਡੀ ਹੋਈ ਹੈ ਜਿਸ ਕਰ ਕੇ ਪੂੰਜੀ, ਤਕਨੀਕ, ਬੁਨਿਆਦੀ ਢਾਂਚੇ, ਮੁਦਰਾ ਦੀ ਕੀਮਤ ਅਤੇ ਉਜਰਤਾਂ ਵਿਚਕਾਰ ਅੰਤਰ ਕਾਰਨ ਸੰਤੁਲਿਤ ਸੰਸਾਰ ਵਪਾਰ ਦਾ ਸੰਕਲਪ ਮੂਲੋਂ ਹੀ ਗ਼ਲਤ ਹੈ। ਦਿੱਲੀ ਅਤੇ ਸ਼ਿਕਾਗੋ ਦੇ ਮਜ਼ਦੂਰਾਂ ਦੀਆਂ ਉਜਰਤਾਂ ਵਿਚਕਾਰ ਜ਼ਮੀਨ ਅਸਮਾਨ ਦਾ ਫ਼ਰਕ ਹੋਣ ਕਰ ਕੇ ਅਤੇ ਅਮਰੀਕੀ ਡਾਲਰ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ ਘੱਟ ਹੋਣ ਕਰ ਕੇ ਅਮਰੀਕੀ ਉਤਪਾਦਕ ਵਸਤਾਂ ਭਾਰਤੀ ਉਤਪਾਦਕ ਵਸਤਾਂ ਮੁਕਾਬਲੇ ਜ਼ਿਆਦਾ ਮਹਿੰਗੀਆਂ ਹੋਣਗੀਆਂ। ਇਸ ਲਈ ਪਰਸਪਰ ਟੈਰਿਫ਼ ਬਰਾਬਰ ਅਰਥਚਾਰਿਆਂ ਵਾਲੇ ਦੇਸ਼ਾਂ ਵਿੱਚ ਹੋਰ ਮਾਇਨੇ ਰੱਖਦੇ ਹਨ ਤੇ ਅਸਾਵੇਂ ਵਿਕਾਸ ਕਾਰਨ ਇਸ ਦੀ ਮਾਰ ਗਰੀਬ ਮੁਲਕਾਂ ਦੇ ਲੋਕਾਂ ਉੱਤੇ ਵੱਧ ਪੈਂਦੀ ਹੈ।

ਦੂਜਾ, ਅਮਰੀਕੀ ਸਾਮਰਾਜ ਟੈਰਿਫ਼ ਨੂੰ ਕੂਟਨੀਤਕ ਹਥਿਆਰ ਵਜੋਂ ਵਰਤਦਾ ਹੈ, ਜਿਸ ਤਹਿਤ ਪੂੰਜੀਪਤੀਆਂ ਦੇ ਹਿੱਤਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਾਮਰਾਜੀ ਪੂੰਜੀਵਾਦੀ ਤਾਕਤਾਂ ਮੰਡੀ ਦੇ ਵਿਸਤਾਰ ਅਤੇ ਪੂੰਜੀ ਦੇ ਇਕੱਤਰੀਕਰਨ ਲਈ ਟੈਰਿਫ਼ ਨੂੰ ਕੌਮੀ ਨੀਤੀ ਵਜੋਂ ਵਰਤਦੇ ਹਨ। ਇਸ ਕੂਟਨੀਤਕ ਹਥਿਆਰ ਤਹਿਤ ਦੰਡਕਾਰੀ ਟੈਰਿਫ਼ ਦੀਆਂ ਧਮਕੀਆਂ ਨਾਲ ਕਿਸੇ ਮੁਲਕ ਵਿੱਚ ਅਮਰੀਕੀ ਵਸਤਾਂ ਦੀ ਦਰਾਮਦ ਉੱਤੇ ਟੈਰਿਫ਼ ਘੱਟ ਕਰਨ ਦਾ ਦਬਾਅ ਪਾਇਆ ਜਾਂਦਾ ਹੈ ਤਾਂ ਜੋ ਅਮਰੀਕੀ ਉਤਪਾਦਾਂ ਲਈ ਮੰਡੀ ਤੇ ਮੁਨਾਫ਼ੇ ਦੇ ਅੜਿੱਕੇ ਦੂਰ ਕੀਤੇ ਜਾ ਸਕਣ। ਉਦਾਹਰਨ ਵਜੋਂ 1994 ਵਿੱਚ ਅਮਰੀਕਾ, ਕੈਨੇਡਾ ਅਤੇ ਮੈਕਸਿਕੋ ਵਿਚਕਾਰ ਮੁਕਤ ਵਪਾਰ ਸਮਝੌਤਾ ਨਾਫ਼ਟਾ (ਉੱਤਰੀ ਅਮਰੀਕੀ ਮੁਕਤ ਵਪਾਰ ਸਮਝੌਤਾ) ਕੀਤਾ ਗਿਆ ਸੀ। ਇਸ ਸਮਝੌਤੇ ਤਹਿਤ ਮੈਕਸਿਕੋ ਵਿੱਚ ਖਪਤ ਕੀਤੇ ਜਾਣ ਵਾਲੇ ਭੋਜਨ ਦਾ ਵੱਡਾ ਹਿੱਸਾ (42%) ਅਮਰੀਕਾ ਤੋਂ ਬਰਾਮਦ ਕੀਤਾ ਗਿਆ, ਜਿਸ ਨਾਲ 13 ਲੱਖ ਕਿਸਾਨ ਖੇਤੀਬਾੜੀ ਵਿਚੋਂ ਬਾਹਰ ਹੋ ਗਏ। ਲੱਖਾਂ ਮੈਕਸਿਕਨ ਭੁੱਖਿਆਂ ਦੀ ਕਤਾਰ ਵਿੱਚ ਸ਼ਾਮਲ ਹੋ ਗਏ ਅਤੇ ਦੇਸ਼ ਦੇ ਕਿਸਾਨ ਪਰਿਵਾਰ ਕੁਪੋਸ਼ਣ ਤੇ ਗਰੀਬੀ ਦਾ ਸ਼ਿਕਾਰ ਹੋ ਗਏ। ਮੈਕਸਿਕੋ 'ਚ ਚੌਲ, ਸੋਇਆਬੀਨ, ਦਾਲਾਂ , ਕਣਕ ਅਤੇ ਮੱਕੀ ਅਮਰੀਕਾ ਤੋਂ ਦਰਾਮਦ ਕੀਤੇ ਜਾਣ ਲੱਗੇ ਜਿਸ ਨਾਲ ਖੇਤੀਬਾੜੀ ਖੇਤਰ ਦਾ ਦੀਵਾਲਾ ਨਿਕਲਣ ਨਾਲ ਲੱਖਾਂ ਕਿਸਾਨ ਖੁਦਕਸ਼ੀਆਂ ਕਰਨ ਲਈ ਮਜਬੂਰ ਹੋਏ। ਖੇਤੀਬਾੜੀ ਖੇਤਰ ਦੇ ਉਜਾੜੇ ਕਾਰਨ ਲੱਖਾਂ ਦੀ ਗਿਣਤੀ ਵਿੱਚ ਵਿਹਲੀ ਹੋਈ ਰਿਜ਼ਰਵ ਆਰਮੀ (ਕਿਸਾਨਾਂ ਦੇ ਨੌਜਵਾਨ ਧੀਆਂ-ਪੁੱਤ) ਕਾਨੂੰਨੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਪਰਵਾਸ ਕਰਨ ਲਈ ਮਜਬੂਰ ਹੋਈ ਜੋ ਅੱਜ ਕੱਲ੍ਹ ਅਮਰੀਕਾ ਵਿੱਚੋਂ ਦੇਸ਼-ਨਿਕਾਲੇ ਦਾ ਸਭ ਤੋਂ ਵੱਧ ਸ਼ਿਕਾਰ ਹੈ। ਨਾਫ਼ਟਾ ਅਧੀਨ ਮੈਕਸਿਕੋ ਦਾ ਡੇਅਰੀ ਅਤੇ ਪੋਲਟਰੀ ਖੇਤਰ ਤਬਾਹ ਹੋ ਗਿਆ। ਸ਼ਹਿਰਾਂ ਵਿੱਚ ਮਜ਼ਦੂਰਾਂ ਦੇ ਹੜ੍ਹ ਕਾਰਨ ਉਦਯੋਗਿਕ ਮਜ਼ਦੂਰੀ ਵਿੱਚ 10 ਪ੍ਰਤੀਸ਼ਤ ਦੀ ਗਿਰਾਵਟ ਆਈ। ਹੁਣ ਨਾਫ਼ਟਾ ਵਰਗੇ ਮੁਕਤ ਵਪਾਰ ਸਮਝੌਤਿਆਂ ਦੀ ਉਲੰਘਣਾ ਕਰਦਿਆਂ ਇਕਪਾਸੜ ਤੌਰ 'ਤੇ ਟੈਰਿਫ਼ ਲਗਾ ਕੇ ਬਚੇ-ਖੁਚੇ ਮੈਕਸਿਕਨ ਉਦਯੋਗਾਂ ਅਤੇ ਖੇਤੀਬਾੜੀ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦੀ ਨੀਤੀ ਅਪਣਾਈ ਜਾ ਰਹੀ ਹੈ।

ਇਹੀ ਹਾਲਤ ਅਮਰੀਕੀ ਖੇਤੀਬਾੜੀ ਉਤਪਾਦਾਂ ਉੱਤੇ ਟੈਰਿਫ਼ ਘਟਾਉਣ ਨਾਲ ਭਾਰਤ ਦੀ ਕਿਸਾਨੀ ਅਤੇ ਆਮ ਲੋਕਾਂ ਦੀ ਹੋਵੇਗੀ। ਭਾਰਤ ਵਿੱਚ ਅਮਰੀਕਾ ਦੇ ਮੁਕਾਬਲੇ ਪ੍ਰਤੀ ਵਿਅਕਤੀ ਆਮਦਨ ਵਿੱਚ ਪਾੜਾ ਹੋਣ ਕਾਰਨ, ਭਾਰਤ 'ਚ ਅਮਰੀਕੀ ਦਰਾਮਦ ਤੇ ਟੈਰਿਫ਼ ਘਟਾਉਣ ਤੇ ਬਰਾਮਦ ਉੱਤੇ ਟੈਰਿਫ਼ ਵਸੂਲਣ, ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ 'ਚ ਅੰਤਰ ਹੋਣ ਕਾਰਨ ਖੇਤੀਬਾੜੀ, ਪੋਲਟਰੀ ਅਤੇ ਡੇਅਰੀ ਖੇਤਰਾਂ ਵਿੱਚ ਉਜਾੜਾ ਹੋਵੇਗਾ। ਭਾਰਤ-ਅਮਰੀਕਾ ਦੁਵੱਲਾ ਵਪਾਰ ਸਮਝੌਤਾ (ਬੀ.ਟੀ.ਏ.) ਭਾਰਤੀ ਖੇਤੀਬਾੜੀ ਅਤੇ ਭੋਜਨ ਸੁਰੱਖਿਆ ਲਈ ਵੱਡਾ ਖਤਰਾ ਖੜ੍ਹਾ ਕਰੇਗਾ ਤੇ ਇਸ ਲਈ ਅਮਰੀਕਾ ਦੇ ਪਰਸਪਰ ਟੈਰਿਫ਼ ਗੈਰ-ਵਾਜਿਬ ਤੇ ਹਮਲਾਵਰ ਹਨ।

ਗਲੋਬਲ ਆਰਥਿਕਤਾ ਉੱਤੇ ਕੰਟਰੋਲ ਲਈ ਨਵਉਦਾਰਵਾਦੀ ਜਨੂੰਨ ਦੇ ਨਾਲ-ਨਾਲ ਟਰੰਪ ਦੀਆਂ ਸੁਰੱਖਿਆਵਾਦੀ ਨੀਤੀਆਂ ਕਈ ਤਰ੍ਹਾਂ ਦੇ ਅੰਤਰ-ਵਿਰੋਧਾਂ ਦਾ ਵੀ ਸ਼ਿਕਾਰ ਹਨ। ਅਮਰੀਕਾ ਦੀ ਆਰਥਿਕ ਮਜ਼ਬੂਤੀ ਸਸਤੀ ਦਰਾਮਦ ਅਤੇ ਮਹਿੰਗੀ ਬਰਾਮਦ ਉੱਤੇ ਟਿਕੀ ਹੋਈ ਹੈ। ਅਮਰੀਕਾ ਦੇ ਮੁਕਾਬਲੇ ਸਸਤੀ ਲੇਬਰ ਅਤੇ ਸਸਤੇ ਕੱਚੇ ਸ੍ਰੋਤਾਂ ਕਾਰਨ ਚੀਨ ਸਮੇਤ ਸੰਸਾਰ ਦੇ ਦੂਰ ਤਟਵਰਤੀ ਖੇਤਰਾਂ ਵਿੱਚ ਉਤਪਾਦਨ ਅਮਰੀਕਾ ਨੂੰ ਸਸਤਾ ਪੈਂਦਾ ਹੈ। ਜੇ ਉਹ ਘਰੇਲੂ ਨਿਵੇਸ਼ ਉੱਤੇ ਜ਼ੋਰ ਦਿੰਦਾ ਹੈ ਤਾਂ ਅਮਰੀਕਾ ਵਿੱਚ ਉੱਚ ਉਜਰਤੀ ਦਰਾਂ ਤੇ ਮਹਿੰਗੀ ਢੋਆ-ਢੁਆਈ ਕਾਰਨ ਉਸ ਨੂੰ ਉਤਪਾਦਨ ਮਹਿੰਗਾ ਪਵੇਗਾ ਜਿਸ ਨਾਲ ਸੰਸਾਰ ਮੰਡੀ ਵਿੱਚ ਉਸ ਦੇ ਉਤਪਾਦ ਮੁਕਾਬਲਾ ਨਹੀਂ ਕਰ ਸਕਣਗੇ। ਵਿਦੇਸ਼ੀ ਦਰਾਮਦਾਂ ਨੂੰ ਸਜ਼ਾ ਦੇ ਕੇ ਅਤੇ ਅਮਰੀਕੀ ਕਾਰਪੋਰੇਸ਼ਨਾਂ ਨੂੰ ਸਥਾਨਕ ਉਤਪਾਦਨ ਲਈ ਮਜਬੂਰ ਕਰ ਕੇ ਅਮਰੀਕੀ ਉਤਪਾਦ ਗਲੋਬਲ ਮੰਡੀ ਦੇ ਕਾਬਲ ਨਹੀਂ ਹੋ ਸਕਦੇ। ਅਮਰੀਕਾ ਅੰਦਰ ਨਿਰਮਾਣ, ਮਹਿੰਗਾਈ, ਰੈਗੂਲੇਟਰੀ ਕਾਨੂੰਨਾਂ ਅਤੇ ਡਾਲਰ ਦੀ ਕੀਮਤ ਵੱਧ ਹੋਣ ਕਰ ਕੇ ਵੀ ਅਮਰੀਕੀ ਵਸਤਾਂ ਨੂੰ ਬਰਾਮਦ ਮੁਕਾਬਲੇ ਵਿੱਚੋਂ ਬਾਹਰ ਕਰਦਾ ਹੈ। ਐਪਲ, ਵਾਲਮਾਰਟ, ਮੈਕਡੋਨਲਡ, ਟੈਸਲਾ ਨੇ ਦੂਰ ਤੱਟਵਰਤੀ ਨਿਰਮਾਣ, ਸਸਤੇ ਕੱਚੇ ਮਾਲ ਅਤੇ ਮਜ਼ਦੂਰਾਂ ਦੀ ਸਸਤੀ ਉਜਰਤ ਲੁੱਟ ਕੇ ਹੀ ਆਪਣੇ ਸਾਮਰਾਜ ਖੜ੍ਹੇ ਕੀਤੇ ਹਨ। ਇਸ ਤੋਂ ਇਲਾਵਾ ਅਮਰੀਕਾ ਅੰਦਰ ਨਿਰਮਾਣ ਲਈ ਬੁਨਿਆਦੀ ਢਾਂਚਾ ਰਾਤੋ-ਰਾਤ ਖੜ੍ਹਾ ਨਹੀਂ ਹੋ ਸਕਦਾ। ਇਸ ਲਈ ਅਮਰੀਕੀ ਹਾਕਮ ਜਾਣਦੇ ਹਨ ਕਿ ਇਨ੍ਹਾਂ ਨੀਤੀਆਂ ਦਾ ਬੋਝ ਆਮ ਲੋਕਾਂ ਉੱਤੇ ਪੈਣ ਵਾਲਾ ਹੈ ਅਤੇ ਲੋਕ ਵਿਰੋਧ ਨੂੰ ਅਗਾਊਂ ਦਬਾਉਣ ਲਈ ਮਜ਼ਦੂਰ ਵਿਰੋਧੀ ਕਾਨੂੰਨਾਂ, ਪੁਲੀਸ ਦਹਿਸ਼ਤ ਤੇ ਪਰਵਾਸੀ ਵਿਰੋਧੀ ਕੌਮੀ ਸ਼ਾਵਨਵਾਦੀ ਭਾਵਨਾ ਨੂੰ ਹਵਾ ਦਿੰਦਿਆਂ ਉਨ੍ਹਾਂ ਨੂੰ ਦੇਸ਼-ਨਿਕਾਲਾ ਦਿੱਤਾ ਜਾ ਰਿਹਾ ਹੈ।

(ਬਾਕੀ ਸਫ਼ਾ 31 'ਤੇ)

# ਦੂਨੀਆਂ ਲਈ ਵੱਡਾ ਖ਼ਤਰਾ ਹੈ ਡੋਨਾਲਡ ਟਰੰਪ ਦੀ ਟਰੇਡ ਵਾਰ

ਹਰਸ਼ ਵੀ. ਪੰਤ
(ਲੇਖਕ ਆਬਜ਼ਰਵਰ ਰਿਸਰਚ ਫ਼ਾਊਂਡੇਸ਼ਨ ਵਿੱਚ ਉਪ ਮੁਖੀ ਹੈ)



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੈਰਿਫ਼ ਨੀਤੀ ਨੇ ਵਿਸ਼ਵ ਦੀ ਆਰਥਿਕਤਾ ਨੂੰ ਹੋਰ ਅਸਥਿਰ ਕਰਨ ਦਾ ਕੰਮ ਕੀਤਾ ਹੈ। ਕਿਉਂਕਿ ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕਤਾ ਅਤੇ ਸਭ ਤੋਂ ਵੱਡਾ ਖ਼ਰੀਦਦਾਰ ਹੈ, ਇਸ ਲਈ ਇਸ ਦੀਆਂ ਵਸਤਾਂ ਦੀ ਖ਼ਰੀਦ ਕਰਨ ਵਾਲੇ ਸਾਰੇ ਦੇਸ਼ਾਂ 'ਤੇ ਇਸ ਦਾ ਪ੍ਰਭਾਵ ਪਵੇਗਾ। ਇਸ ਵਿੱਚ ਅਮਰੀਕਾ ਨੇ ਆਪਣੇ ਕਰੀਬੀ ਸਮਝੇ ਜਾਣ ਵਾਲੇ ਯੂਰਪੀ ਦੇਸ਼ਾਂ ਨੂੰ ਵੀ ਨਹੀਂ ਬਖ਼ਸ਼ਿਆ ਹੈ। ਟਰੰਪ ਨੇ ਚੀਨ 'ਤੇ ਤਾਂ ਭਾਰੀ ਟੈਰਿਫ਼ ਦਾ ਚਾਬੁਕ ਚਲਾਇਆ ਹੈ। ਟਰੰਪ ਦੇ ਇਸ ਕਦਮ ਨੂੰ ਦੂਜੀ ਵਿਸ਼ਵ ਜੰਗ ਦੀ ਸਮਾਪਤੀ ਤੋਂ ਬਾਅਦ ਵਿਸ਼ਵ ਆਰਥਿਕਤਾ ਦੇ ਨਜ਼ਰੀਏ ਨਾਲ ਸਭ ਤੋਂ ਨਾਟਕੀ ਘਟਨਾ ਮੰਨਿਆ ਜਾ ਰਿਹਾ ਹੈ। ਅਮਰੀਕਾ ਆਧੁਨਿਕ ਵਿਸ਼ਵ ਵਪਾਰ ਪ੍ਰਣਾਲੀ ਦਾ ਸੂਤਰਧਾਰ ਰਿਹਾ ਹੈ ਪਰ ਤਾਜ਼ਾ ਪਹਿਲ ਜ਼ਰੀਏ ਉਹ ਇਸ ਪ੍ਰਣਾਲੀ ਨੂੰ ਤਹਿਸ-ਨਹਿਸ ਕਰਨ 'ਤੇ ਉਤਾਰੂ ਹਨ। ਟੈਰਿਫ਼ ਨੀਤੀ ਦੇਖਣ ਵਿਚ ਭਾਵੇਂ ਆਰਥਿਕ ਮਾਮਲਿਆਂ ਨਾਲ ਸਬੰਧਤ ਲੱਗਦੀ ਹੋਵੇ ਪਰ ਇਸ ਦੀਆਂ ਅਸਲ ਜੜ੍ਹਾਂ ਰਾਜਨੀਤੀ ਵਿਚ ਲੱਗੀਆਂ ਹੋਈਆਂ ਹਨ।

ਰਾਸ਼ਟਰਪਤੀ ਦੀ ਚੋਣ ਮੁਹਿੰਮ ਦੌਰਾਨ ਹੀ ਟਰੰਪ ਨੇ ਇਹ ਕਹਿ ਕੇ ਇਸ ਨੂੰ ਮੁੱਦਾ ਬਣਾਇਆ ਸੀ ਕਿ ਵਿਸ਼ਵ ਵਪਾਰ ਪ੍ਰਣਾਲੀ ਅਸੰਤੁਲਿਤ ਹੋ ਗਈ ਹੈ ਜਿਸ ਵਿੱਚ ਪਲੜਾ ਅਮਰੀਕਾ ਨੂੰ ਵਸਤਾਂ ਵੇਚਣ ਵਾਲੇ ਦੇਸ਼ਾਂ ਦੇ ਪੱਖ ਵਿੱਚ ਝੁਕਿਆ ਹੋਇਆ ਹੈ। ਉਨ੍ਹਾਂ ਨੇ ਵਾਰ-ਵਾਰ ਕਿਹਾ ਸੀ ਕਿ ਮੌਜੂਦਾ ਵਪਾਰਕ ਮਾਹੌਲ 'ਚ ਅਮਰੀਕਾ ਤੇ ਅਮਰੀਕੀ ਨਾਗਰਿਕਾਂ ਦਾ ਸ਼ੋਸ਼ਣ ਹੋ ਰਿਹਾ ਹੈ ਅਤੇ ਉਹ ਸੱਤਾ ਵਿੱਚ ਆਉਣ ਮਗਰੋਂ ਇਸ ਪ੍ਰਣਾਲੀ ਨੂੰ ਬਦਲ ਦੇਣਗੇ।

ਟੈਰਿਫ਼ ਨੀਤੀ ਇਸੇ ਏਜੰਡੇ ਦਾ ਹਿੱਸਾ ਹੈ। ਵ੍ਹਾਈਟ ਹਾਊਸ ਵੱਲੋਂ ਯੂਰਪੀ ਯੂਨੀਅਨ ਤੇ ਚੀਨ ਵਰਗੇ ਕਈ ਵਪਾਰਕ ਸਾਥੀਆਂ 'ਤੇ ਅਣਉੱਚਿਤ ਨੀਤੀਆਂ ਅਪਣਾਉਣ ਦਾ ਦੋਸ਼ ਲਗਾਇਆ ਗਿਆ ਹੈ। ਜਦੋਂ ਟਰੰਪ ਦੀ ਟਰੇਡ ਵਾਰ ਕਾਰਨ ਸਾਰੇ ਸੰਸਾਰ ਦੇ ਸ਼ੇਅਰ ਬਾਜ਼ਾਰਾਂ ਵਿਚ ਹਾਹਾਕਾਰ ਮਚ ਗਈ ਤੇ ਅਮਰੀਕੀ ਕੰਪਨੀਆਂ ਤੇ ਕਾਰੋਬਾਰੀਆਂ ਨੂੰ ਵੀ ਨੁਕਸਾਨ ਹੋਣ ਲੱਗਾ ਤਾਂ ਅਮਰੀਕੀ ਰਾਸ਼ਟਰਪਤੀ ਨੂੰ ਆਪਣਾ ਰੌਂਅ ਕੁਝ ਨਰਮ ਕਰਨਾ ਪਿਆ।

ਉਨ੍ਹਾਂ ਨੇ ਟੈਰਿਫ਼ ਵਧਾਉਣ ਦੇ ਫ਼ੈਸਲੇ ਨੂੰ ਫ਼ਿਲਹਾਲ ਮੁਲਤਵੀ ਕਰ ਦਿੱਤਾ ਹੈ ਪਰ ਚੀਨ ਪ੍ਰਤੀ ਕੋਈ ਨਰਮੀ ਨਹੀਂ ਦਿਖਾਈ। ਜਦੋਂ ਚੀਨ ਨੇ ਅਮਰੀਕਾ ਦੀ ਕਾਰਵਾਈ ਦੇ ਜਵਾਬ ਵਿੱਚ ਅਮਰੀਕੀ ਦਰਾਮਦਾਂ 'ਤੇ ਵੀ ਜ਼ਿਆਦਾ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਤਾਂ ਟਰੰਪ ਭੜਕ ਗਏ ਤੇ ਚੀਨੀ ਦਰਾਮਦਾਂ 'ਤੇ ਹੋਰ ਟੈਰਿਫ਼ ਲਗਾ ਦਿੱਤਾ। ਦੁਨੀਆਂ ਦਾ ਸਭ ਤੋਂ ਵੱਡਾ ਨਿਰਯਾਤਕ ਦੇਸ਼ ਹੋਣ ਦੇ ਨਾਤੇ ਟੈਰਿਫ਼ ਨੀਤੀ 'ਤੇ ਚੀਨ ਦੀ ਪਰੇਸ਼ਾਨੀ ਆਸਾਨੀ ਨਾਲ ਸਮਝੀ ਜਾ ਸਕਦੀ ਹੈ। ਚੀਨ ਇਸ ਨਾਲ ਨਿਪਟਣ ਦੇ ਯਤਨ ਵੀ ਸ਼ੁਰੂ ਕਰ ਚੁੱਕਾ ਹੈ। ਇਸੇ ਤਹਿਤ ਕੁਝ ਸਮਾਂ ਪਹਿਲਾਂ ਉਸ ਨੇ ਇਹ ਕਹਿ ਕੇ ਭਾਰਤ 'ਤੇ ਵੀ ਡੋਰੇ ਪਾਉਣ ਦਾ ਯਤਨ ਕੀਤਾ ਸੀ ਕਿ ਦੋਵੇਂ ਦੇਸ਼ ਸਾਂਝੀਆਂ ਕੋਸ਼ਿਸ਼ਾਂ ਨਾਲ ਬਹੁਤ ਕੁਝ ਹਾਸਲ ਕਰ ਸਕਦੇ ਹਨ।






ਵਿਸ਼ਵ ਡਾਇਰੀ
ਜਗਮੋਹਨ ਸਿੰਘ 'ਲੱਕੀ'

ਇੰਦਰ ਲੋਕ ਨੂੰ ਪਰੀਆਂ ਦਾ ਦੇਸ਼ ਸਮਝਿਆ ਜਾਂਦਾ ਹੈ, ਇਸ ਦੇ ਨਾਲ ਹੀ ਕੋਹ ਕਾਫ਼ ਦੀਆਂ ਪਰੀਆਂ, ਜਿੰਨਾਂ, ਦੇਵਾਂ, ਦੈਂਤਾਂ, ਜਿੰਨਾਂ ਵਲੋਂ ਕੈਦ ਕੀਤੀਆਂ ਸ਼ਹਿਜ਼ਾਦੀਆਂ, ਸ਼ਹਿਜ਼ਾਦੀਆਂ ਦੀ ਭਾਲ ਵਿੱਚ ਕੋਹ ਕਾਫ਼ ਇਲਾਕੇ ਵਿੱਚ ਆ ਕੇ ਭਟਕਦੇ ਰਾਜਕੁਮਾਰਾਂ ਅਤੇ ਫਿਰ ਜਿੰਨਾਂ ਨਾਲ ਉਹਨਾਂ ਦੀਆਂ ਜੰਗਾਂ ਅਤੇ ਫਿਰ ਪਰੀਆਂ ਅਤੇ ਰਾਜਕੁਮਾਰੀਆਂ ਨੂੰ ਜਿੰਨਾਂ ਦੀ ਕੈਦ ਤੋਂ ਮੁਕਤ ਕਰਵਾਉਣ ਦੀਆਂ ਬਾਤਾਂ, ਕੋਹ ਕਾਫ਼ ਦੀ ਜੰਗਲੀ ਧਰਤੀ, ਰਹੱਸਮਈ ਪਹਾੜੀ ਗੁਫ਼ਾਵਾਂ ਦੀਆਂ ਕਹਾਣੀਆਂ ਜਗਤ ਪ੍ਰਸਿੱਧ ਹਨ। ਅਕਸਰ ਅਸੀਂ ਕੋਹ ਕਾਫ਼ ਜਾਂ ਕੋਹ ਕਾਫ਼ ਦੀ ਧਰਤੀ ਨੂੰ ਮਿਥਿਹਾਸ ਜਾਂ ਲੇਖਕਾਂ ਦੀ ਕਲਪਣਾ ਦੀ ਉਡਾਰੀ ਸਮਝ ਲੈਂਦੇ ਹਾਂ ਪਰ ਕੋਹ ਕਾਫ਼ ਦੀ ਧਰਤੀ ਇਸ ਦੁਨੀਆਂ ਵਿੱਚ ਸੱਚਮੁੱਚ ਹਕੀਕਤ ਵਿੱਚ ਮੌਜੂਦ ਹੈ। ਜੀ ਹਾਂ! ਅਸੀਂ ਗਲ ਕਰ ਰਹੇ ਹਾਂ, ਸਾਡੇ ਬਚਪਨ ਦੀਆਂ ਬਾਤਾਂ ਵਿੱਚ ਸਾਡੇ ਜਗਿਆਸਾ ਦਾ ਕੇਂਦਰ ਬਿੰਦੂ ਰਹੀ ਕੋਹ ਕਾਫ਼ ਦੀ ਉਸ ਧਰਤੀ ਬਾਰੇ, ਜਿਸ ਧਰਤੀ ਦੀਆਂ ਪਰੀਆਂ ਦੀਆਂ ਕਹਾਣੀਆਂ ਅੱਜ ਵੀ ਸਾਡੇ ਚੇਤਿਆਂ ਵਿੱਚ ਵਸੀਆਂ ਹੋਈਆਂ ਹਨ।

ਕੁਦਰਤ ਦੀ ਸ਼ਾਹਕਾਰ ਰਚਨਾ ਹੈ ਕੋਹ ਕਾਫ਼ ਦੀ ਧਰਤੀ। ਡੂੰਘੇ ਰਹੱਸਾਂ, ਉੱਚੇ ਉੱਚੇ ਅਸਮਾਨ ਛੂੰਹਦੇ ਬਰਫ਼ਾਂ ਲੱਦੇ ਪਹਾੜਾਂ, ਉੱਚੇ ਬਰਫ਼ੀਲੇ ਪਹਾੜਾਂ ਵਿਚੋਂ ਨਿਕਲਦੇ ਅਨੇਕਾਂ ਝਰਨਿਆਂ, ਬਰਫ਼ੀਲੀਆਂ ਨਦੀਆਂ-ਨਾਲਿਆਂ ਅਤੇ ਹਜ਼ਾਰਾਂ ਕਿਸਮਾਂ ਦੇ ਫੁੱਲਾਂ, ਪੌਦਿਆਂ ਅਤੇ ਹਰੇ ਭਰੇ ਰੁੱਖਾਂ ਅਤੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਵਾਦੀਆਂ ਵਾਲੀ ਕੋਹ ਕਾਫ਼ ਦੀ ਧਰਤੀ ਕੁਦਰਤ ਦਾ ਇੱਕ ਬੇਜੋੜ ਨਮੂਨਾ ਹੈ। ਕੋਹ ਕਾਫ਼ ਅਸਲ ਵਿੱਚ ਇੱਕ ਪਹਾੜੀ ਇਲਾਕਾ ਹੈ, ਜਿਸ ਨੂੰ ਕਾਕੇਸ਼ੀਅਨ ਪਰਬਤ ਮਾਲਾ ਵੀ ਕਿਹਾ ਜਾਂਦਾ ਹੈ। ਕਾਕੇਸ਼ੀਅਨ ਦਾ ਅਰਥ ਹੈ- "ਪਹਾੜ ਅਸਮਾਨ ਨੂੰ ਛੂੰਹਦੇ ਹਨ।"

ਕੋਹ ਕਾਫ਼ ਨੂੰ ਕੋਹ-ਏ ਕਾਫ਼ ਵੀ ਕਿਹਾ ਜਾਂਦਾ ਹੈ ਜੋ ਕਿ ਮੂਲ ਰੂਪ ਵਿੱਚ ਇਰਾਨੀ ਭਾਸ਼ਾ ਦਾ ਸ਼ਬਦ ਮੰਨਿਆ ਜਾਂਦਾ ਹੈ, ਜਿਸ ਦਾ ਅਰਥ ਹੁੰਦਾ ਹੈ- ਪਰੀਆਂ ਦਾ ਦੇਸ਼। ਕੋਹ ਕਾਫ਼ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਵੱਖ- ਵੱਖ ਨਾਂਵਾਂ ਨਾਲ ਬੁਲਾਇਆ ਜਾਂਦਾ ਹੈ। ਕੋਹ ਕਾਫ਼ ਨੂੰ ਅੰਗਰੇਜ਼ੀ ਵਿੱਚ 'ਕਾਕਸ' ਜਾਂ 'ਕੌਕਸਸ਼' ਕਿਹਾ ਜਾਂਦਾ ਹੈ। ਇਸੇ ਤਰਾਂ ਫਾਰਸੀ ਭਾਸ਼ਾ ਵਿੱਚ ਕੋਹ ਕਾਫ਼ ਨੂੰ 'ਕਫਕਾਜ' ਕਿਹਾ ਜਾਂਦਾ ਹੈ। ਰੂਸੀ ਭਾਸ਼ਾ ਵਿੱਚ ਕੋਹ ਕਾਫ਼ ਨੂੰ 'ਕਵਕਾਜ ' ਅਤੇ 'ਕਫਕਾਸ਼' ਨਾਂਅ ਨਾਲ ਬੁਲਾਇਆ ਜਾਂਦਾ ਹੈ। ਕੋਹ ਕਾਫ਼ ਅਸਲ ਵਿੱਚ ਯੂਰੋਪ ਅਤੇ ਏਸ਼ੀਆ ਦੀ ਸਰਹੱਦ 'ਤੇ ਸਥਿਤ ਇੱਕ ਅਜਿਹਾ ਭੂਗੋਲਿਕ ਅਤੇ ਰਾਜਨੀਤਕ ਖੇਤਰ ਹੈ, ਜਿਸ ਦੀ ਪ੍ਰਸਿੱਧੀ ਦੁਨੀਆਂ ਭਰ ਵਿੱਚ ਹੈ । ਇਸ ਇਲਾਕੇ ਵਿੱਚ ਕੋਹ ਕਾਫ਼ ਉਰਫ ਕਾਕਸ ਪਰਬਤ ਲੜੀ ਵੀ ਆਉਂਦੀ ਹੈ , ਜਿਸ ਨੂੰ ਕਾਕੇਸ਼ੀਅਨ ਪਹਾੜ ਵੀ ਕਿਹਾ ਜਾਂਦਾ ਹੈ। ਅਸਲ ਵਿੱਚ ਕਾਕਸ਼ੀਅਨ ਪਹਾੜਾਂ ਦੇ ਇਲਾਕੇ ਨੂੰ 'ਕੋਹ ਕਾਫ਼' ਕਿਹਾ ਜਾਂਦਾ ਹੈ। ਯੂਰੋਪ ਦਾ ਸਭ ਤੋਂ ਉੱਚਾ ਪਹਾੜ, ਐਲਬਰੁਸ ਪਹਾੜ ਵੀ ਕੋਹ ਕਾਫ਼ ਵਿੱਚ ਸਥਿਤ ਹੈ । ਕੋਹ ਕਾਫ਼ ਇਲਾਕੇ ਦੇ ਦੋ ਮੁੱਖ ਹਿੱਸੇ ਦਸੇ ਜਾਂਦੇ ਹਨ : ਇੱਕ ਹਿੱਸੇ ਦਾ ਨਾਂਅ ਉੱਤਰੀ ਕੋਹ ਕਾਫ਼ ਅਤੇ ਦੂਜੇ ਹਿੱਸੇ ਦਾ ਨਾਂਅ ਦੱਖਣੀ ਕੋਹ ਕਾਫ਼ ਹੈ । ਉੱਤਰੀ ਕੋਹ ਕਾਫ਼ ਦੇ ਇਲਾਕੇ ਵਿੱਚ ਚੇਚੰਨਿਆ , ਇੰਗੁਸ਼ੇਤੀਆ, ਦਾਗ਼ਿਸਤਾਨ, ਆਦਿਗੇਆ, ਕਾਬਾਰਦੀਨੋ - ਬਲਕਾਰਿਆ, ਕਾਰਾਚਾਏ - ਚਰਕੱਸਿਆ, ਉਤਰ ਓਸੇਤੀਆ, ਕਰਾਸਨੋਦਾਰ ਕਰਾਏ ਅਤੇ ਸਤਾਵਰੋਪੋਲ ਕਰਾਏ ਦੇ ਇਲਾਕੇ ਆਉਂਦੇ ਹਨ। ਦੱਖਣੀ ਕੋਹ ਕਾਫ਼ ਦੇ ਇਲਾਕੇ ਵਿੱਚ ਆਰਮੀਨਿਆ, ਅਜਰਬੈਜਾਨ ਅਤੇ ਜਾਰਜੀਆ ਆਉਂਦੇ ਹਨ, ਇਸ ਇਲਾਕੇ ਵਿੱਚ ਦੱਖਣੀ ਓਸੇਤੀਆ, ਅਬਖਜਿਆ ਅਤੇ ਨਾਗੋਰਨੋ - ਕਾਰਾਬਾਖ ਦੇ ਇਲਾਕੇ ਸ਼ਾਮਿਲ ਹਨ।

ਕੋਹ ਕਾਫ਼ ਦੇ ਇਲਾਕੇ ਵਿੱਚ ਉੱਚੇ ਅਸਮਾਨ ਛੂੰਹਦੇ ਬਰਫ਼ਾਂ ਨਾਲ ਲੱਦੇ ਪਹਾੜ, ਸੰਘਣੇ ਜੰਗਲ, ਉੱਚੇ ਲੰਬੇ ਹਜ਼ਾਰਾਂ ਕਿਸਮਾਂ ਦੇ ਰੁੱਖ, ਅਨੇਕਾਂ



ਕਿਸਮਾਂ ਦੇ ਜੰਗਲੀ ਜਾਨਵਰ ਅਤੇ ਅਨੇਕਾਂ ਕਿਸਮਾਂ ਦੇ ਉਡਾਰੀਆਂ ਮਾਰਦੇ ਪੰਛੀ, ਰਹੱਸਮਈ ਪਹਾੜੀ ਗੁਫ਼ਾਫ਼ਾਂ, ਪਹਾੜੀ ਰਸਤੇ, ਘੁਮਾਵਦਾਰ ਪਹਾੜੀ ਉਲਝਣ ਭਰਪੂਰ ਰਸਤੇ, ਉੱਡੂੰ ਉੱਡੂੰ ਕਰਦੀਆਂ ਕੋਹ ਕਾਫ਼ ਇਲਾਕੇ ਦੀਆਂ ਸੁੰਦਰ ਮੁਟਿਆਰਾਂ ਕੋਹ ਕਾਫ਼ ਦੀ ਧਰਤੀ ਨੂੰ ਇੱਕ ਰਹੱਸਮਈ ਅਤੇ ਗੈਬੀ ਧਰਤੀ ਹੋਣ ਦਾ ਭੁਲੇਖਾ ਪਾਉਂਦੀਆਂ ਹਨ।



ਕੋਹ ਕਾਫ਼ ਵਿੱਚ ਅਨੇਕਾਂ ਹਿਮ ਨਦੀਆਂ ਅਤੇ ਝਰਨੇ ਨਿਕਲਦੇ ਹਨ, ਜੋ ਕਿ ਬਰਫ਼ੀਲੇ ਪਹਾੜਾਂ ਤੋਂ ਆਰੰਭ ਹੋ ਕੇ ਕਲ ਕਲ ਦਾ ਸੰਗੀਤ ਪੈਦਾ ਕਰਦੇ ਹੋਏ ਮੈਦਾਨੀ ਇਲਾਕਿਆਂ ਵੱਲ ਵਹਿੰਦੇ ਰਹਿੰਦੇ ਹਨ। ਇਹਨਾਂ ਨਦੀਆਂ ਅਤੇ ਝਰਨਿਆਂ ਦਾ ਪਾਣੀ ਬਹੁਤ ਠੰਡਾ ਅਤੇ ਬਹੁਤ ਸਾਫ਼ ਹੁੰਦਾ ਹੈ। ਕੋਹ ਕਾਫ਼ ਦੇ ਇਲਾਕੇ ਵਿੱਚ ਨਾਜ਼ਾਨ, ਲਾਜ਼ਾਨਤੁਕੀ ਅਤੇ ਬਰਸੂਮੀ ਝਰਨਿਆਂ ਦੀ ਖੂਬਸੂਰਤੀ ਦੀਆਂ ਗੱਲਾਂ ਦੂਰ ਦੂਰ ਤਕ ਹੁੰਦੀਆਂ ਹਨ।

ਕੋਹ ਕਾਫ਼ ਦੇ ਪਹਾੜੀ ਇਲਾਕੇ ਭਾਵ ਕਾਕੇਸ਼ੀਅਨ ਪਰਬਤ ਮਾਲਾ ਦੀ ਲੰਬਾਈ 1100 ਕਿਲੋਮੀਟਰ ਅਤੇ ਚੌੜਾਈ 180 ਕਿਲੋਮੀਟਰ ਹੈ। ਕੋਹ ਕਾਫ਼ ਦੇ ਸਭ ਤੋਂ ਉੱਚੇ ਪਹਾੜ ਮਾਊਂਟ ਐਲਬ੍ਰਸ ਅਤੇ ਕਜ਼ਬੇਕ ਹਨ। ਕੋਹ ਕਾਫ਼ ਦਾ ਇਲਾਕਾ ਤੁਰਕੀ, ਇਰਾਨ ਅਤੇ ਰੂਸ ਨਾਲ ਘਿਰਿਆ ਹੋਇਆ ਹੈ, ਜਿਸ ਕਰਕੇ ਕੋਹ ਕਾਫ਼ ਦੀ ਸਭਿਅਤਾ ਅਤੇ ਜਨ ਜੀਵਨ 'ਤੇ ਰੂਸ, ਤੁਰਕੀ ਅਤੇ ਇਰਾਨ ਵਿੱਚ ਵਾਪਰਦੀਆਂ ਘਟਨਾਵਾਂ ਦਾ ਅਸਰ ਬੀਤੇ ਸਮੇਂ ਤੋਂ ਪੈਂਦਾ ਆਇਆ ਹੈ। ਕੋਹ ਕਾਫ਼ ਇਲਾਕੇ ਦਾ ਉੱਤਰੀ ਹਿੱਸਾ ਰੂਸ ਦਾ ਹਿੱਸਾ ਹੈ ਅਤੇ ਕੋਹ ਕਾਫ਼ ਇਲਾਕੇ ਦੇ ਉੱਤਰ ਵਾਲੇ ਪਾਸੇ ਹਰ ਪਾਸੇ ਰੂਸ ਦਾ ਸ਼ਾਸਨ ਹੈ। ਕੋਹ ਕਾਫ਼ ਇਲਾਕੇ ਦੇ ਪੱਛਮ ਦੇ ਵੱਲ ਕੋਹ ਕਾਫ਼ ਇਲਾਕੇ ਦੀਆਂ ਸਰਹੱਦਾਂ ਕਾਲਾ ਸਾਗਰ ਅਤੇ ਤੁਰਕੀ ਨੂੰ ਛੂੰਹਦੀਆਂ ਹਨ। ਕੋਹ ਕਾਫ਼ ਦੇ ਪੂਰਬ ਵਿੱਚ ਕੈਸਪਿਅਨ ਸਾਗਰ ਇਸ ਦੀ ਸਰਹੱਦ ਹੈ ਅਤੇ ਦੱਖਣ ਵਿੱਚ ਇਸ ਦੀ ਸਰਹੱਦ ਇਰਾਨ ਨਾਲ ਮਿਲਦੀ ਹੈ । ਕੋਹ ਕਾਫ਼ ਦੇ ਇਲਾਕੇ ਨੂੰ ਕਦੇ ਯੂਰੋਪ , ਕਦੇ ਏਸ਼ੀਆ, ਕਦੇ ਮੱਧ ਯੂਰੋਪ ਅਤੇ ਕਦੇ ਯੂਰੇਸ਼ੀਆ ਦਾ ਹਿੱਸਾ ਮੰਨਿਆ ਜਾਂਦਾ ਹੈ। ਕੋਹ ਕਾਫ਼ ਇਲਾਕੇ ਦਾ ਵੱਡਾ ਹਿੱਸਾ ਪਹਾੜੀ ਖੇਤਰ ਹੈ, ਇਸ ਇਲਾਕੇ ਦੀਆਂ ਵੱਖ - ਵੱਖ ਵਾਦੀਆਂ ਅਤੇ ਹਿੱਸਿਆਂ ਵਿੱਚ ਵੱਖ - ਵੱਖ ਸੰਸਕ੍ਰਿਤੀਆਂ , ਜਾਤੀਆਂ ਅਤੇ ਭਾਸ਼ਾਵਾਂ ਜੁਗਾਂ ਜੁਗਾਂਤਰਾਂ ਤੋਂ ਵਿਕਸਤ ਹੋ ਰਹੀਆਂ ਹਨ ਅਤੇ ਇੱਕ - ਦੂਜੇ ਨਾਲ ਜੂਝ ਰਹੀਆਂ ਹਨ ।

ਕੋਹ ਕਾਫ਼ ਵਿੱਚ ਕੁਝ ਜਾਤੀਆਂ ਦੇ ਲੋਕ ਅਜਿਹੇ ਹਨ, ਜੋ ਕਿ ਬਹੁਤ ਹੀ ਸੁੰਦਰ ਹੁੰਦੇ ਹਨ। ਇਹਨਾਂ ਲੋਕਾਂ ਦਾ ਰੰਗ ਗੋਰਾ, ਅੱਖਾਂ ਨੀਲੀਆਂ ਜਾਂ ਭੂਰੀਆਂ ਹੁੰਦੀਆਂ ਹਨ। ਕੋਹ ਕਾਫ਼ ਵਿੱਚ ਚਰਕਸ ਜਾਤੀ ਦੇ ਲੋਕਾਂ ਨੂੰ ਸਭ ਤੋਂ ਸੁੰਦਰ ਮੰਨਿਆ ਜਾਂਦਾ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਚਰਕਸ ਜਾਤੀ ਦੀਆਂ ਸੁੰਦਰ ਮੁਟਿਆਰਾਂ ਨੂੰ ਹੀ ਕੋਹ ਕਾਫ਼ ਦੀਆਂ ਪਰੀਆਂ ਮੰਨਿਆ ਜਾਂਦਾ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਕੋਹ ਕਾਫ਼ ਦੇ ਇਲਾਕੇ ਦਾ ਪੌਣ ਪਾਣੀ ਅਜਿਹਾ ਹੈ, ਕਿ ਇਸ ਇਲਾਕੇ ਵਿੱਚ ਰਹਿੰਦੇ ਹਰ ਜਾਤੀ ਦੇ ਲੋਕ ਬਹੁਤ ਗੋਰੇ ਰੰਗ ਦੇ ਅਤੇ ਬਹੁਤ ਸੁੰਦਰ ਹੁੰਦੇ ਹਨ, ਫਿਰ ਵੀ ਇਹਨਾਂ ਜਾਤੀਆਂ ਵਿਚੋਂ ਚਰਕਸ ਜਾਤੀ ਦੇ ਲੋਕ ਖਾਸ ਕਰਕੇ ਚਰਕਸ ਜਾਤੀ ਦੀਆਂ ਮੁਟਿਆਰਾਂ ਦੀ ਸੁੰਦਰਤਾ ਸਭ ਦਾ ਮਨ ਮੋਹ ਲੈਂਦੀ ਹੈ। ਕੋਹ ਕਾਫ਼ ਦੇ ਇਲਾਕੇ ਦੀਆਂ ਮੁਟਿਆਰਾਂ ਜ਼ਿਆਦਾਤਰ ਨੀਲੀਆਂ ਅੱਖਾਂ ਜਾਂ ਭੂਰੀਆਂ ਅੱਖਾਂ ਵਾਲੀਆਂ ਅਤੇ ਗੋਰੀਆਂ ਨਿਛੋਹ ਗੁਲਾਬੀ ਭਾਅ ਮਾਰਦੇ ਗੋਰੇ ਰੰਗ ਵਾਲੀਆਂ ਹੁੰਦੀਆਂ ਹਨ, ਉਹਨਾਂ ਦੇ ਦੰਦ ਅਨਾਰ ਦੇ ਦਾਣਿਆਂ ਅਤੇ ਮੋਤੀਆਂ ਵਾਂਗ ਚਮਕਦੇ ਹੁੰਦੇ ਹਨ। ਉਹਨਾਂ ਦੇ ਬੁੱਲ੍ਹਾਂ ਦੀ ਬਣਤਰ ਅਤੇ ਚਿਹਰੇ ਦੀ ਮੁਸਕਾਨ ਹਰ ਕਿਸੇ ਦੇ ਦਿਲ ਨੂੰ ਧੂ ਪਾਉਂਦੀ ਹੈ। ਭਾਵੇਂ ਕਿ ਹੁਣ ਦੇਵਾਂ ਅਤੇ ਪਰੀਆਂ ਦਾ ਜ਼ਮਾਨਾ ਨਹੀਂ ਰਿਹਾ ਪਰ ਫਿਰ ਵੀ ਕੋਹ ਕਾਫ਼ ਦੀਆਂ ਮੁਟਿਆਰਾਂ ਦੀ ਸੁੰਦਰਤਾ ਅਤੇ ਛਾਲਾਂ ਮਾਰਦੀ ਜਵਾਨੀ ਅਤੇ ਭਰਪੂਰ ਜੋਬਨ ਵੇਖ ਕੇ ਇਹਨਾਂ ਮੁਟਿਆਰਾਂ ਨੂੰ ਅਕਸਰ ਪਰੀਆਂ ਕਹਿ ਲਿਆ ਜਾਂਦਾ ਹੈ।

ਇਸ ਤਰਾਂ ਅਸੀਂ ਕਹਿ ਸਕਦੇ ਹਾਂ ਕਿ ਕੋਹ ਕਾਫ਼ ਦੀਆਂ ਪਰੀਆਂ ਕੋਈ ਮਿਥਿਹਾਸ ਜਾਂ ਜਾਦੂਈ ਕਹਾਈਆਂ ਦੀਆਂ ਬਾਤਾਂ ਨਹੀਂ ਸਗੋਂ ਸੱਚਮੁੱਚ ਕੋਹ ਕਾਫ਼ ਦੀ ਧਰਤੀ ਉਪਰ ਵਸਦੀਆਂ ਸੁੰਦਰ ਅਤੇ ਸੋਹਣੀਆਂ ਮੁਟਿਆਰਾਂ ਨੂੰ ਕੋਹ ਕਾਫ਼ ਦੀਆਂ ਪਰੀਆਂ ਕਿਹਾ ਜਾਂਦਾ ਹੈ ਅਤੇ ਪਰੀਆਂ ਵਰਗੀਆਂ ਇਹਨਾਂ ਮੁਟਿਆਰਾਂ ਦੀ ਧਰਤੀ ਕੋਹ ਕਾਫ਼ ਸੱਚਮੁੱਚ ਇਸ ਧਰਤੀ ਉਪਰ ਮੌਜੂਦ ਹੈ। ਕੋਹ ਕਾਫ਼ ਇਲਾਕੇ ਦੀਆਂ ਮੁਟਿਆਰਾਂ ਦੀ ਸੁੰਦਰਤਾ ਵੇਖ ਕੇ ਕੋਹ ਕਾਫ਼ ਦੀ ਇਸ ਰਹੱਸਮਈ ਧਰਤੀ ਨੂੰ 'ਪਰੀਆਂ ਦਾ ਦੇਸ਼' ਜਾਂ 'ਪਰੀਸਤਾਨ' ਹੀ ਕਿਹਾ ਜਾ ਸਕਦਾ ਹੈ। ਭਾਵੇਂ ਕਿ 'ਬਸਰੇ ਦੀ ਹੂਰ' ਅਤੇ 'ਜਰਮਨ ਦੀਆਂ ਹੂਰਾਂ' ਦੀਆਂ ਸੁੰਦਰਤਾ ਦੀਆਂ ਕਹਾਣੀਆਂ ਵੀ ਪ੍ਰਸਿੱਧ ਹਨ ਪਰ ਕੋਹ ਕਾਫ਼ ਦੀਆਂ ਪਰੀਆਂ ਦੀਆਂ ਬਾਤਾਂ ਤਾਂ ਹਰ ਕਿਸੇ ਦੇ ਦਿਲ ਵਿੱਚ ਵਸੀਆਂ ਹੋਈਆਂ ਹਨ।

**ਬੱਚਿਆਂ ਨੂੰ ਉਹਨਾਂ ਦੇ ਦਾਦੇ ਦਾਦੀਆਂ-ਨਾਨੇ ਨਾਨੀਆਂ ਵੱਲੋਂ ਸੁਣਾਏ ਜਾਂਦੇ ਕਿੱਸੇ ਕਹਾਣੀਆਂ ਵਿੱਚ ਕੋਹ ਕਾਫ਼ ਦੀਆਂ ਪਰੀਆਂ ਬਾਰੇ ਵੀ ਦੱਸਿਆ ਜਾਂਦਾ ਹੈ। ਪਰੀਆਂ ਦੀ ਧਰਤੀ ਮੰਨੇ ਜਾਂਦੇ ਕੋਹ ਕਾਫ਼ ਇਲਾਕੇ ਦੀ ਅਸਲੀਅਤ ਬਾਰੇ ਡੂੰਘੀ ਖੋਜ ਤੋਂ ਬਾਅਦ ਇਸ ਧਰਤੀ ਦੇ ਰਹੱਸਾਂ, ਕੁਦਰਤੀ ਸੁੰਦਰਤਾ, ਬਰਫ਼ ਲੱਦੇ ਪਹਾੜਾਂ, ਜਲਵਾਯੂ ਅਤੇ ਪਰੀਆਂ ਵਰਗੀਆਂ ਮੁਟਿਆਰਾਂ ਦੀ ਸੁੰਦਰਤਾ ਬਾਰੇ ਜਾਣਕਾਰੀ ਦੇ ਰਹੇ ਹਨ ਘੁੰਮਣ ਫਿਰਨ ਦੇ ਸ਼ੌਕੀਨ ਲੇਖਕ ਜਗਮੋਹਨ ਸਿੰਘ ਲੱਕੀ**



# ਵਿਕਾਸ ਵੱਲ ਵਧ ਰਿਹਾ ਮੁਲਕ ਗਰੀਬ ਕਿਉਂ?



ਡਾ. ਸ. ਸ. ਛੀਨਾ

ਆਜ਼ਾਦੀ ਪਿੱਛੋਂ ਪੌਣੀ ਸਦੀ ਬੀਤ ਜਾਣ ਦੇ ਬਾਅਦ ਵੀ ਉਹ ਕੁਝ ਪ੍ਰਾਪਤ ਨਾ ਕੀਤਾ ਜਾ ਸਕਿਆ ਜਿਸ ਲਈ ਦੇਸ਼ ਭਰ ਵਿੱਚ ਅਨੇਕ ਲੋਕਾਂ ਨੇ ਬੇਹੱਦ ਤਸ਼ੱਦਦ ਝੱਲਿਆ, ਕੈਦਾਂ ਕੱਟੀਆਂ, ਫਾਂਸੀਆਂ ’ਤੇ ਚੜ੍ਹੇ ਅਤੇ ਕਾਲੇ ਪਾਣੀ ਵਾਲੀ ਕੈਦ ਦੇ ਤਸੀਹੇ ਭੋਗੇ। ਆਜ਼ਾਦੀ ਤੋਂ ਪਹਿਲਾਂ ਲੱਗਦਾ ਸੀ, ਅੰਗਰੇਜ਼ਾਂ ਦਾ ਸਾਮਰਾਜੀ ਰਾਜ ਖ਼ਤਮ ਹੋਣ ਤੋਂ ਬਾਅਦ ਭਾਰਤ ਵੀ ਉਨ੍ਹਾਂ ਯੂਰੋਪੀਅਨ ਦੇਸ਼ਾਂ ਵਾਂਗ ਖ਼ੁਸ਼ਹਾਲ ਦੇਸ਼ ਬਣ ਜਾਵੇਗਾ, ਜਿਸ ਵਿੱਚ ਨਾ ਸਿਰਫ਼ ਆਰਥਿਕ ਤੇ ਸਮਾਜਿਕ ਬਰਾਬਰੀ ਹੋ ਜਾਵੇਗੀ ਸਗੋਂ ਸਮਾਜਿਕ ਸੁਰੱਖਿਆ ਨਾਲ ਹਰ ਸ਼ਖ਼ਸ ਲਈ ਬੇਫ਼ਿਕਰੀ ਵਾਲੀ ਆਮਦਨ ਦਾ ਪ੍ਰਬੰਧ ਹੋਵੇਗਾ ਪਰ ਹਾਲਤ ਵਿੱਚ ਕੋਈ ਫ਼ਰਕ ਨਾ ਪਿਆ। ਹਰ ਚੋਣ ’ਚੋਂ ਪਹਿਲਾਂ ਪੂਰਨ ਰੁਜ਼ਗਾਰ, ਸਮਾਜਿਕ ਸੁਰੱਖਿਆ ਅਤੇ ਸਮਾਜਿਕ ਬੁਰਾਈਆਂ ਦਾ ਅੰਤ ਕਰ ਕੇ, ਸਮਾਜਿਕ ਬਰਾਬਰੀ ਦੇ ਵਾਅਦੇ ਕੀਤੇ ਗਏ। ਪਿਛਲੇ 20 ਸਾਲਾਂ ਤੋਂ ਮੁਫ਼ਤ ਸਹੂਲਤਾਂ ਦੇਣ ਦੇ ਨਵੇਂ ਤੋਂ ਨਵੇਂ ਵਾਅਦੇ ਵੀ ਕੀਤੇ ਪਰ ਇਨ੍ਹਾਂ ਮੁਫ਼ਤ ਸਹੂਲਤਾਂ ਦਾ ਖ਼ਰਚ ਮੁੜ ਲੋਕਾਂ ਉੱਤੇ ਹੀ ਟੈਕਸਾਂ ਦੇ ਰੂਪ ਵਿੱਚ ਪਾਇਆ ਅਤੇ ਸਮਾਜਿਕ ਸੁਰੱਖਿਆ ਦੇ ਪੱਖ ਤੋਂ ਕੱਝ ਵੀ ਨਾ ਹੋ ਸਕਿਆ। ਇਸ ਕਰ ਕੇ ਖ਼ਦਸ਼ਾ ਇਹ ਹੈ ਕਿ ਵਰਤਮਾਨ ਆਰਥਿਕ ਮਾਡਲ ਨਾਲ ਉਹ ਪੱਧਰ ਪ੍ਰਾਪਤ ਵੀ ਕੀਤਾ ਜਾਵੇਗਾ ਜਾਂ ਨਹੀਂ।

ਵਿਕਾਸ ਬਾਰੇ ਸੂਚਨਾ ਵੱਲ ਧਿਆਨ ਮਾਰੀਏ ਤਾਂ ਅੱਜ ਕੱਲ੍ਹ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਇੱਕ ਲੱਖ 70 ਹਜ਼ਾਰ ਰੁਪਏ ਤੋਂ ਵੀ ਉਪਰ ਹੈ ਪਰ ਜੇ ਹਕੀਕਤ ਦੇਖੀਏ ਤਾਂ ਇੰਨੀ ਪ੍ਰਤੀ ਵਿਅਕਤੀ ਆਮਦਨ ਕੁਝ ਕੁ ਲੋਕਾਂ ਨੂੰ ਹੀ ਮਿਲਦੀ ਹੈ। ਜੇ ਸਾਰੀ ਜਨਤਾ ਦੀ ਪ੍ਰਤੀ ਵਿਅਕਤੀ ਆਮਦਨ ਇੰਨੀ ਹੋਵੇ ਤਾਂ ਇੱਕ ਵੀ ਬੰਦਾ ਗਰੀਬੀ ਰੇਖਾ ਤੋਂ ਥੱਲੇ ਨਾ ਹੋਵੇ। ਅੱਜ ਕੱਲ੍ਹ 22 ਫ਼ੀਸਦੀ ਜਾਂ 30 ਕਰੋੜ ਦੇ ਕਰੀਬ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਹਨ, ਭਾਵੇਂ ਗਰੀਬੀ ਦੀ ਰੇਖਾ ਦੀ ਪਰਿਭਾਸ਼ਾ ਵੀ ਦੋਸ਼ ਪੂਰਨ ਹੈ। ਜਿਹੜਾ ਸ਼ਖ਼ਸ ਸ਼ਹਿਰਾਂ ਵਿੱਚ 32 ਰੁਪਏ ਅਤੇ ਪਿੰਡਾਂ ਵਿੱਚ 27 ਰੁਪਏ ਖਰਚਦਾ ਹੈ, ਉਹ ਗਰੀਬੀ ਦੀ ਰੇਖਾ ਤੋਂ ਉਪਰ ਹੈ, ਭਾਵੇਂ ਇੰਨੇ ਪੈਸਿਆਂ ਨਾਲ ਉਹ ਇੱਕ ਵਕਤ ਦਾ ਖਾਣਾ ਵੀ ਨਹੀਂ ਖਾ ਸਕਦਾ, ਫਿਰ ਕੱਪੜੇ, ਮਨੋਰੰਜਨ, ਘਰ, ਬਿਜਲੀ, ਬੱਚਿਆਂ ਦੀ ਪੜ੍ਹਾਈ ਆਦਿ ਦਾ ਖਰਚ ਹੈ। ਇਉਂ ਅੰਕੜਿਆਂ ਦੇ ਹਿਸਾਬ ਨਾਲ ਤਾਂ ਬਹੁਤ ਕੁਝ ਪ੍ਰਾਪਤ ਕਰ ਲਿਆ ਗਿਆ ਹੈ ਪਰ ਹਕੀਕਤ ਵਿੱਚ ਕੁਝ ਵੀ ਨਹੀਂ।

ਆਜ਼ਾਦੀ ਵਕਤ ਦੇਸ਼ ਦੇ ਇੱਕ ਕਰੋੜ ਬੱਚੇ ਬਾਲ ਮਜ਼ਦੂਰੀ ਕਰਦੇ ਸਨ। ਦੇਸ਼ ਦੇ ਵਿਕਾਸ ਨਾਲ ਯੂਰੋਪੀਅਨ ਦੇਸ਼ਾਂ ਵਾਂਗ ਬਾਲ ਮਜ਼ਦੂਰੀ ਖ਼ਤਮ ਹੋਣੀ ਚਾਹੀਦੀ ਸੀ ਪਰ ਇਹ ਹਰ ਸਾਲ ਵਧਦੀ ਗਈ, ਅੱਜ ਕੱਲ੍ਹ 4 ਕਰੋੜ ਤੋਂ ਉੱਪਰ ਬੱਚੇ ਬਾਲ ਮਜ਼ਦੂਰੀ ਕਰ ਰਹੇ ਹਨ। ਇਹ ਗਿਣਤੀ ਇਸ ਕਰਕੇ ਦਰੁਸਤ ਲੱਗਦੀ ਹੈ ਕਿਉਂਕਿ ਦੇਸ਼ ਦੇ 4 ਕਰੋੜ ਤੋਂ ਉਪਰ ਉਹ ਬੱਚੇ ਹਨ ਜਿਹੜੇ 8ਵੀਂ ਜਮਾਤ ਤੋਂ ਪਹਿਲਾਂ ਹੀ ਵਿੱਦਿਆ ਛੱਡ ਜਾਂਦੇ ਹਨ। ਉਂਝ ਵੀ ਸਾਖਰਤਾ (ਪੜ੍ਹਿਆਂ ਲਿਖਿਆਂ ਦੀ ਗਿਣਤੀ) ਭਾਰਤ ਵਿੱਚ 74 ਫ਼ੀਸਦੀ ਹੈ: ਭਾਵ, 100 ਵਿੱਚੋਂ 26 ਬੱਚੇ ਅਨਪੜ੍ਹ ਹਨ। ਬੱਚੇ ਪੜ੍ਹਾਈ ਮੌਜ ਮਸਤੀ ਲਈ ਨਹੀਂ ਛੱਡਦੇ ਸਗੋਂ ਉਨ੍ਹਾਂ ਵਿੱਚੋਂ ਜ਼ਿਆਦਾ ਬਾਲ ਮਜ਼ਦੂਰੀ ਕਰਨ ਲੱਗ ਜਾਂਦੇ ਹਨ।



ਵਿਕਸਿਤ ਦੇਸ਼ਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉੱਥੇ ਬੇਰੁਜ਼ਗਾਰੀ ਨਹੀਂ; ਜੇ ਕਦੀ ਬੇਰੁਜ਼ਗਾਰੀ ਹੁੰਦੀ ਵੀ ਹੈ ਤਾਂ ਉਸ ਸਮੇਂ ਲਈ ਬੇਰੁਜ਼ਗਾਰੀ ਭੱਤਾ ਹੈ। ਭਾਰਤ ਵਿੱਚ ਵੱਡੀ ਪੱਧਰ ’ਤੇ ਬੇਰੁਜ਼ਗਾਰੀ ਹੈ। ਬੇਰੁਜ਼ਗਾਰੀ ਨੂੰ ਸਿਰਫ਼ ਉਦਯੋਗੀਕਰਨ ਦੂਰ ਕਰ ਸਕਦਾ ਹੈ ਪਰ ਭਾਰਤ ਵਿੱਚ ਅਜੇ ਵੀ ਬੇਰੁਜ਼ਗਾਰ ਲੋਕ ਖੇਤੀ ਨੂੰ ਪੇਸ਼ੇ ਵਜੋਂ ਅਪਣਾ ਰਹੇ ਹਨ। ਦੇਸ਼ ਦੀ 60 ਫ਼ੀਸਦੀ ਵਸੋਂ ਖੇਤੀ ਵਿੱਚ ਲੱਗੀ ਹੋਈ ਹੈ ਜਿਹੜੀ ਜਾਂ ਤਾਂ ਬੇਰੁਜ਼ਗਾਰ ਹੈ ਜਾਂ ਅਰਧ ਬੇਰੁਜ਼ਗਾਰ ਹੈ। ਅੱਜ ਕੱਲ੍ਹ ਖੇਤੀ ਖੇਤਰ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਸਿਰਫ਼ 14 ਫ਼ੀਸਦੀ ਦਾ ਹਿੱਸਾ ਪਾਉਂਦਾ ਹੈ। ਇਸ ਦਾ ਅਰਥ ਹੈ- 60 ਫ਼ੀਸਦੀ ਲੋਕਾਂ ਦੀ ਕਮਾਈ ਸਿਰਫ਼ 14 ਫ਼ੀਸਦੀ ਹੈ; ਬਾਕੀ ਦੀ 40 ਫ਼ੀਸਦੀ ਵਸੋਂ ਦੇ ਹਿੱਸੇ 86 ਫ਼ੀਸਦੀ ਆਮਦਨ ਆਉਂਦੀ ਹੈ ਜੋ ਖੇਤੀ ਅਤੇ ਗ਼ੈਰ-ਖੇਤੀ ਆਮਦਨ ਦਾ ਵੱਡਾ ਫ਼ਰਕ ਦਰਸਾਉਂਦੀ ਹੈ। ਜਿਹੜੀ ਵਸੋਂ ਕੰਮ ਨਹੀਂ ਕਰਦੀ, ਉਹ ਨਾ ਉਤਪਾਦਨ ਕਰਦੀ ਹੈ ਅਤੇ ਨਾ ਹੀ ਕੋਈ ਕਮਾਈ।


ਦੇਸ਼ ਦੀ 67 ਫ਼ੀਸਦੀ (75 ਫ਼ੀਸਦੀ ਪੇਂਡੂ ਅਤੇ 50 ਫ਼ੀਸਦੀ ਸ਼ਹਿਰੀ) ਵਸੋਂ ਨੂੰ ਸਸਤੇ ਅਨਾਜ ਦੀ ਸਹੂਲਤ ਦਿੱਤੀ ਗਈ ਹੈ ਜੋ ਸਾਬਤ ਕਰਦੀ ਹੈ ਕਿ 75 ਫ਼ੀਸਦੀ ਵਸੋਂ ਲਈ ਅਨਾਜ ਖਰੀਦਣਾ ਵੀ ਮੁਸ਼ਕਿਲ ਹੈ। ਪਿੱਛੇ ਜਿਹੇ ਆਈ ਇੱਕ ਰਿਪੋਰਟ ਵਿੱਚ ਦਰਜ ਸੀ ਕਿ ਉਚੇਰੀ ਵਿੱਦਿਆ ਦੀਆਂ ਸੰਸਥਾਵਾਂ ਵਿੱਚ ਪਿੰਡਾਂ ਦੇ ਸਿਰਫ਼ 4 ਫ਼ੀਸਦੀ ਬੱਚੇ ਹੀ ਦਾਖ਼ਲ ਹੁੰਦੇ ਹਨ। ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਜ਼ਿਆਦਾਤਰ ਲੋਕ ਪਿੰਡਾਂ ਨਾਲ ਸਬੰਧਿਤ ਹਨ। ਪਿੰਡਾਂ ਵਿੱਚ ਰੁਜ਼ਗਾਰ ਮੌਕੇ ਨਾ ਹੋਣ ਕਰ ਕੇ ਪਿੰਡਾਂ ਦੇ ਬੱਚਿਆਂ ਨੂੰ ਸ਼ਹਿਰਾਂ ਵਿੱਚ ਰੁਜ਼ਗਾਰ ਲਈ ਜਾਣਾ ਪੈਂਦਾ ਹੈ ਜਿਸ ਕਰ ਕੇ ਪਿੰਡਾਂ ਵਿੱਚ ਵਿਕਾਸ ਨਹੀਂ ਹੋਇਆ, ਇੱਥੋਂ ਤੱਕ ਕਿ ਪਿੰਡਾਂ ਵਿੱਚੋਂ ਕੱਚਾ ਮਾਲ ਮਿਲਣ ਵਾਲੀਆਂ ਉਦਯੋਗਕ ਇਕਾਈਆਂ ਵੀ ਸ਼ਹਿਰਾਂ ਵਿੱਚ ਲੱਗੀਆਂ ਹਨ, ਭਾਵੇਂ ਪਿੰਡਾਂ ਵਿੱਚ ਰਹਿਣ ਵਾਲੀ ਵਸੋਂ 75 ਫ਼ੀਸਦੀ ਹੈ। ਖੇਤੀ ਵਾਲੀ ਵਸੋਂ ਉਦਯੋਗਾਂ ਅਤੇ ਸੇਵਾਵਾਂ ਵਿੱਚ ਇਸ ਕਰ ਕੇ ਨਹੀਂ ਬਦਲੀ ਕਿਉਂ ਜੋ ਉਦਯੋਗ ਵਿਕਸਿਤ ਨਹੀਂ ਹੋਏ ਜਿਹੜੇ ਖੇਤੀ ਤੋਂ ਵਿਹਲੀ ਹੋਈ ਵਸੋਂ ਨੂੰ ਰੁਜ਼ਗਾਰ ਦੇ ਸਕਦੇ।

ਆਜ਼ਾਦੀ ਸਮੇਂ ਭਾਰਤ ਦੀ ਲੀਡਰਸ਼ਿਪ ਸੋਵੀਅਤ ਯੂਨੀਅਨ ਦੇ ਵਿਕਾਸ ਤੋਂ ਪ੍ਰਭਾਵਿਤ ਸੀ। ਵੱਖ-ਵੱਖ ਦੇਸ਼ ਵੀ ਸਮਾਜਵਾਦੀ ਢਾਂਚਾ ਅਪਣਾ ਰਹੇ ਸਨ। 1970 ਤੱਕ ਦੁਨੀਆਂ ਦੇ ਕੋਈ 57 ਦੇਸ਼ਾਂ ਨੇ ਸਮਾਜਵਾਦ ਅਪਣਾ ਲਿਆ ਸੀ। ਚੀਨ ਸਮੇਤ ਦੁਨੀਆਂ ਦੀ ਬਹੁਗਿਣਤੀ ਨੇ ਸਮਾਜਵਾਦੀ ਢਾਂਚਾ ਅਪਣਾਇਆ ਹੋਇਆ ਸੀ। ਭਾਰਤ ਨੇ ਆਪਣੇ ਸੰਵਿਧਾਨ ਵਿੱਚ ਸਮਾਜਵਾਦੀ ਸਮਾਜ ਜੋੜਿਆ। ਰਾਜਾਂ ਅਤੇ ਕੇਂਦਰ ਦੇ ਬਹੁਤ ਸਾਰੇ ਕਾਰੋਬਾਰ ਸਰਕਾਰ ਦੀ ਮਾਲਕੀ ਅਧੀਨ ਚਲਾਏ ਅਤੇ ਸਫਲ ਵੀ ਹੋਏ। ਪ੍ਰਾਈਵੇਟ ਅਦਾਰਿਆਂ ਨੂੰ ਵੀ ਸਮਾਜਿਕ ਸੁਰੱਖਿਆ ਮੁਹੱਈਆ ਕਰਨ ਦੀ ਹਦਾਇਤ ਕੀਤੀ। ਜਗੀਰਦਾਰ ਪ੍ਰਣਾਲੀ ਖ਼ਤਮ ਕਰ ਕੇ ਭੂਮੀ ਦੀ ਉਪਰਲੀ ਸੀਮਾ ਮਿਥੀ ਗਈ। ਇਸ ਦੇ ਚੰਗੇ ਪ੍ਰਭਾਵ ਵੀ ਪਏ। 1940 ਵਿੱਚ ਉਪਰਲੀ ਆਮਦਨ ਵਾਲੇ 10 ਫ਼ੀਸਦੀ ਲੋਕਾਂ ਕੋਲ ਦੇਸ਼ ਦੀ 50 ਫ਼ੀਸਦੀ ਆਮਦਨ ਸੀ ਜਿਹੜੀ 1980 ਵਿੱਚ ਘਟ ਕੇ ਉਨ੍ਹਾਂ ਉਪਰਲੇ 10 ਫ਼ੀਸਦੀ ਕੋਲ ਸਿਰਫ਼ 30 ਫ਼ੀਸਦੀ ਰਹਿ ਗਈ। ਇਹ ਚੰਗੀ ਰੁਚੀ ਸੀ। ਹੇਠਾਂ ਵਾਲੇ 20 ਫ਼ੀਸਦੀ ਕੋਲ ਇਸ ਹੀ ਸਮੇਂ ਵਿੱਚ ਆਮਦਨ 20 ਤੋਂ ਵਧ ਕੇ 30 ਫ਼ੀਸਦੀ ਹੋ ਗਈ।

1980 ਤੋਂ ਬਾਅਦ, ਖ਼ਾਸ ਕਰ ਕੇ 1991 ਤੋਂ ਬਾਅਦ ਸਮਾਜਵਾਦ ਨੂੰ ਢਾਹ ਲੱਗਣ ਮਗਰੋਂ ਇਸ ਆਮਦਨ ਦੀ ਨਾ-ਬਰਾਬਰੀ ਵਿੱਚ ਛਾਲਾਂ ਮਾਰਦਾ ਵਾਧਾ ਹੋਇਆ। ਹੁਣ ਉਪਰਲੇ 10 ਫ਼ੀਸਦੀ ਕੋਲ ਆਮਦਨ ਵਧ ਕੇ 57 ਫ਼ੀਸਦੀ ਹੋ ਗਈ ਹੈ ਅਤੇ ਹੋਰ ਤੇਜ਼ੀ ਨਾਲ ਵਧ ਰਹੀ ਹੈ, ਹੇਠਲੇ 50 ਫ਼ੀਸਦੀ ਕੋਲ ਇਹ ਘਟ ਕੇ ਸਿਰਫ਼ 13 ਫ਼ੀਸਦੀ ਰਹਿ ਗਈ ਹੈ। ਇੱਥੋਂ ਤੱਕ ਕਿ ਉਪਰਲੀ ਆਮਦਨ ਵਾਲੇ 1 ਫ਼ੀਸਦੀ ਕੋਲ ਇਹ ਆਮਦਨ ਵਧ ਕੇ 22 ਫ਼ੀਸਦੀ ਹੋ ਗਈ ਹੈ।

ਪਿਛਲੇ 10 ਸਾਲਾਂ ਵਿੱਚ ਇਸ ਨਾ-ਬਰਾਬਰੀ ਵਿੱਚ ਹੋਰ ਵਾਧਾ ਹੋਇਆ ਹੈ। 2011 ਤੋਂ 2021 ਵਿੱਚ ਹੇਠਲੀ ਆਮਦਨ ਵਾਲੇ 50 ਫ਼ੀਸਦੀ ਲੋਕਾਂ ਦੀ ਦੌਲਤ ਸਿਰਫ਼ 6.12 ਫ਼ੀਸਦੀ ਜੋ 2022 ਵਿੱਚ ਹੋਰ ਘਟ ਕੇ ਸਿਰਫ਼ 3 ਫ਼ੀਸਦੀ ਰਹਿ ਗਈ।

(ਬਾਕੀ ਸਫ਼ਾ 31 ’ਤੇ)



ਡੇਜ਼ੀ ਵਾਲੀਆ

# ਆਓ ! ਮਸ਼ਾਲਾਂ ਬਾਲ ਕੇ ਮਿਸਾਲਾਂ ਬਣੀਏ

ਸਰਕਾਰਾਂ ਵੱਲੋਂ ਸਰਬਪੱਖੀ ਵਿਕਾਸ ਦੇ ਦਾਅਵੇ ਕੀਤੇ ਜਾ ਰਹੇ ਹਨ। ਆਜ਼ਾਦੀ ਤੋਂ ਅੱਜ ਤੱਕ ਦੇਸ਼ ਦਾ ਮੂੰਹ-ਮੁਹਾਂਦਰਾ ਜ਼ਰੂਰ ਬਦਲਿਆ ਹੈ। ਚਲੋ ਪਹਿਲਾਂ ਸੜਕਾਂ ਤੋਂ ਸ਼ੁਰੂ ਕਰ ਲੈਂਦੇ ਹਾਂ। ਵਾਕਿਆ ਹੀ ਤਰੱਕੀ ਤਾਂ ਹੋ ਰਹੀ ਹੈ। ਨਵੇਂ-ਨਵੇਂ ਹਾਈਵੇ, ਫਲਾਈਓਵਰ ਬਣਾਏ ਜਾ ਰਹੇ ਹਨ ਪਰ ਨਾਲ ਹੀ ਜੋ ਸਲਿੱਪ ਰੋਡ ਜਾਂ ਕਹਿ ਲਵੋ ਪੁਲ ਦੇ ਥੱਲਿਓਂ ਨਿਕਲਦੀਆਂ ਸੜਕਾਂ ਹਨ, ਉਨ੍ਹਾਂ ਦਾ ਸੁਧਾਰ ਕੌਣ ਕਰੇਗਾ ? ਉਸਾਰੀ ਅਧੀਨ ਫਲਾਈਓਵਰਾਂ ’ਤੇ ਸੈਂਕੜੇ ਕਰੋੜ ਰੁਪਏ ਖ਼ਰਚੇ ਜਾ ਰਹੇ ਹਨ ਪਰ ਸਰਵਿਸ ਲੇਨਜ਼ ਦਾ ਬੇਹੱਦ ਬੁਰਾ ਹਾਲ ਹੈ।

ਜਿੰਨੇ ਵੀ ਹਾਈਵੇ ਹਨ, ਸਭ ’ਤੇ ਬੱਸਾਂ ਤੇ ਟਰੱਕਾਂ ਨੂੰ ਥਰਡ ਲੇਨ ਵਿੱਚ ਚੱਲਣ ਵਾਸਤੇ ਪਾਬੰਦ ਕੌਣ ਕਰੇਗਾ ? ਸਖ਼ਤੀ ਕਦੋਂ ਕੀਤੀ ਜਾਵੇਗੀ ? ਇਨ੍ਹਾਂ ਰਾਜਮਾਰਗਾਂ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾਵੇਗੀ ? ਇਹ ਸੜਕਾਂ ਬਾਰੇ ਕੀਤੀ ਜਾ ਰਹੀ ਤਰੱਕੀ ’ਤੇ ਵੱਡਾ ਸਵਾਲੀਆ ਨਿਸ਼ਾਨ ਹੈ। ਇਸ ਤੋਂ ਇਲਾਵਾ ਖੇਤਾਂ ਦੀ ਹਰਿਆਲੀ ਖ਼ਤਮ ਕਰ ਕੇ ਸੜਕਾਂ ਦਾ ਨਿਰਮਾਣ ਕੀਤਾ ਜਾਂਦਾ ਹੈ। ਸੜਕਾਂ ਨੂੰ ਚੌੜਾ ਕਰਨ ਵਲੇ ਪੁਰਾਣੇ ਰੁੱਖਾਂ ’ਤੇ ਆਰਾ ਫੇਰਿਆ ਜਾ ਰਿਹਾ ਹੈ। ਚੰਗਾ ਹੋਵੇ ਜੇ ਇਕ ਰੁੱਖ ਕੱਟਣ ਪਿੱਛੋਂ ਘੱਟੋ-ਘੱਟ ਦੋ ਨਵੇਂ ਪੌਦੇ ਲਗਾਏ ਜਾਣ।

ਇਹ ਚੰਗੀ ਗੱਲ ਹੈ ਕਿ ਹਰ ਸ਼ਹਿਰ ਵਿੱਚ ਅੱਜ-ਕੱਲ੍ਹ ਵੱਡੇ-ਵੱਡੇ ਟਾਵਰ ਤੇ ਸ਼ਾਪਿੰਗ ਮਾਲ ਹੋਂਦ ’ਚ ਆ ਰਹੇ ਹਨ। ਬੜੀ ਤਰੱਕੀ ਹੋ ਰਹੀ ਹੈ। ਸ਼ਹਿਰ ਫੈਲਦੇ ਹੀ ਜਾ ਰਹੇ ਹਨ। ਖੇਤਾਂ ਦੀ ਹਰਿਆਲੀ ਖ਼ਤਮ ਹੋ ਰਹੀ ਹੈ। ਕੀ ਇਹ ਜ਼ਰੂਰੀ ਨਹੀਂ ਕਿ ਜਿੰਨੀ ਹਰਿਆਲੀ ਖ਼ਤਮ ਕੀਤੀ ਜਾਵੇ, ਹਰ ਬਿਲਡਰ ਨੂੰ ਓਨੀ ਹਰਿਆਲੀ ਆਪਣੇ ਕੰਪਲੈਕਸ ਵਿੱਚ ਪੌਦੇ ਲਗਾ ਕੇ ਪੂਰੀ ਕਰਨ ਦੀ ਹਦਾਇਤ ਕੀਤੀ ਜਾਵੇ। ਇਹ ਉਸਾਰੀਆਂ ਬਿਨਾਂ ਮਾਸਟਰ ਪਲਾਨ ਦੇ ਕਾਹਲੀ ਵਿੱਚ ਕੀਤੀਆਂ ਜਾ ਰਹੀਆਂ ਹਨ। ਸਮਝ ਨਹੀਂ ਆਉਂਦਾ ਕਿ ਇਹ ਯੋਜਨਾਵਾਂ ਪਾਸ ਕਿਵੇਂ ਹੋ ਰਹੀਆਂ ਹਨ ? ਇੰਨੇ ਟਾਵਰਾਂ ਵਿੱਚ ਪਾਣੀ ਕਿੱਥੋਂ ਆਵੇਗਾ ? ਦੂਰ ਤਾਂ ਕੀ ਜਾਣਾ, ਸਿਟੀ ਬਿਊਟੀਫੁਲ’ ਵਜੋਂ ਜਾਣੇ ਜਾਂਦੇ ਚੰਡੀਗੜ੍ਹ ਸ਼ਹਿਰ ਨਾਲ ਵਸਿਆ ਨਵਾਂਗਾਓਂ ਬੇਤਰਤੀਬੇ ਢੰਗ ਨਾਲ ਉਸਰਿਆ ਹੈ। ਖ਼ੂਬਸੂਰਤ ਸ਼ਹਿਰ ਨੂੰ ਲੱਗੇ ਗ੍ਰਹਿਣ ਵਾਂਗ।

ਉੱਥੋਂ ਦੀਆਂ ਉਸਰੀਆਂ ਸੜਕਾਂ ਇੰਨੀਆਂ ਛੋਟੀਆਂ ਤੇ ਟੁੱਟੀਆਂ-ਭੱਜੀਆਂ ਹਨ ਕਿਸੇ ਆਫ਼ਤ ਵੇਲੇ ਫਾਇਰ ਬ੍ਰਿਗੇਡ ਵੀ ਨਾ ਪਹੁੰਚ ਸਕੇ। ਕੀ ਇਹ ਸਭ ਸਰਕਾਰ ਦੀ ਨਜ਼ਰ ਵਿੱਚ ਨਹੀਂ ਹੈ ? ਦੇਸ਼ ਨੂੰ ਆਜ਼ਾਦ ਹੋਏ ਨੂੰ ਪੌਣੀ ਸਦੀ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਵਕਤ ਨਾਲ ਤਰੱਕੀ ਵੀ ਬਹੁਤ ਹੋ ਗਈ ਪਰ ਸਾਡੇ ਦੇਸ਼ ਵਿੱਚ ਚੰਡੀਗੜ੍ਹ ਵਰਗਾ ਇੱਕ ਵੀ ਹੋਰ ਯੋਜਨਾਬੱਧ ਸਿਟੀ ਨਹੀਂ ਬਣ ਸਕਿਆ। ਕੀ ਸਾਡੇ ਕੋਲ ਲੀ ਕਾਰਬੂਜ਼ਰ ਵਰਗਾ ਕੋਈ ਆਰਕੀਟੈਕਟ ਹੈ ਹੀ ਨਹੀਂ ? ਚੰਡੀਗੜ੍ਹ ਦੀਆਂ ਚਾਹੇ ਬਿਲਡਿੰਗਾਂ ਦੀਆਂ ਉਸਾਰੀਆਂ ਵਿੱਚ ਕਾਫ਼ੀ ਕਮੀਆਂ ਹਨ ਪਰ ਸ਼ਹਿਰ ਦੀ ਨਕਸ਼ਾ-ਨਵੀਸੀ ਬਹੁਤ ਜ਼ਬਰਦਸਤ ਹੈ। ਇਸ ਵਰਗਾ ਪੂਰੇ ਹਿੰਦੁਸਤਾਨ ਵਿੱਚ ਕੋਈ ਸ਼ਹਿਰ ਨਹੀਂ ਬਣ ਸਕਿਆ ਹੁਣ ਤੱਕ।

ਹੁਣ ਗੱਲ ਕਰੀਏ ਭ੍ਰਿਸ਼ਟਾਚਾਰ ਦੀ। ਜਿਸ ਪਾਰਟੀ ਦੀ ਵੀ ਸਰਕਾਰ ਬਣੇ, ਚੋਣਾਂ ਤੋਂ ਪਹਿਲਾਂ ਹਰ ਸਿਆਸੀ ਪਾਰਟੀ ਦਾਅਵਾ ਕਰਦੀ ਹੈ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦਾ। ਸੱਤਾ ਵਿੱਚ ਆਉਣ ਤੋਂ ਬਾਅਦ ਬਹੁਤੇ ਵਾਅਦੇ ਵਫ਼ਾ ਨਹੀਂ ਹੁੰਦੇ। ਚੋਣ ਮਨੋਰਥ ਪੱਤਰਾਂ ’ਤੇ ਧੂੜ ਦੀ ਮੋਟੀ ਪਰਤ ਚੜ੍ਹ ਜਾਂਦੀ ਹੈ। ਹਾਲ ਇਹ ਹੈ ਕਿ ਭ੍ਰਿਸ਼ਟਾਚਾਰ ਤੋਂ ਬਿਨਾਂ ਤਾਂ ਪੱਤਾ ਵੀ ਨਹੀਂ ਹਿੱਲਦਾ। ਹਾਲ ਤਰੱਕੀ ਦਾ ਇਹ ਹੋ ਗਿਆ ਹੈ ਕਿ ਨਿਆਂ ਕਰਨ ਵਾਲਿਆਂ ਦੇ ਘਰੋਂ ਬੋਰੀਆਂ ਭਰ ਕੇ ਪੈਸਾ ਮਿਲਦਾ ਹੈ। ਵੱਡੀਆਂ ਪਦਵੀਆਂ ’ਤੇ ਬੈਠੇ ਅਫ਼ਸਰ ਕੁਝ ਫ਼ੈਸਲੇ ਇਸ ਤਰ੍ਹਾਂ ਦੇ ਲੈਂਦੇ ਹਨ ਜੋ ਸਮੇਂ ਦੀ ਸਰਕਾਰ ਦੇ ਹੱਕ ਵਿੱਚ ਹੁੰਦੇ ਹਨ। ਇਨ੍ਹਾਂ ਅਫ਼ਸਰਾਂ ਨੂੰ ਰਿਟਾਇਰਡ ਹੋਣ ਤੋਂ ਬਾਅਦ ਵੱਡੇ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਹੈ। ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਇਹ ਵੀ ਹੈ ਕਿ ਘਰ ਦੀਆਂ ਔਰਤਾਂ ਨੇ ਆਪਣੇ ਬੰਦਿਆਂ ਤੋਂ ਵਾਧੂ ਕਮਾਈ ਵਾਸਤੇ ਪੁੱਛਣਾ ਛੱਡ ਦਿੱਤਾ ਹੈ। ਕੀ ਇਹ ਭ੍ਰਿਸ਼ਟਾਚਾਰ ਨਹੀਂ ਹੈ ? ਕੀ ਇਹ ਦੇਸ਼ ਦੀ ਤਰੱਕੀ ਹੈ ? ਹੁਣ ਗੱਲ ਕਰੀਏ ਪ੍ਰਦੂਸ਼ਣ ਦੀ। ਜਿਨ੍ਹਾਂ ਮਹੀਨਿਆਂ ਵਿੱਚ ਪ੍ਰਦੂਸ਼ਣ ਕਾਰਨ ਸਭ ਤੋਂ ਜ਼ਿਆਦਾ ਮੁਸ਼ਕਲਾਂ ਆਉਂਦੀਆਂ ਹਨ, ਕੀ ਉਨ੍ਹਾਂ ਦਾ ਵਕਤ ਤੋਂ ਪਹਿਲਾਂ ਹੱਲ ਕਰਨ ਦਾ ਉਪਰਾਲਾ ਨਹੀਂ ਕਰਨਾ ਚਾਹੀਦਾ ? ਦਿੱਲੀ ਦਾ ਬੁਰਾ ਹਾਲ ਹੋ ਜਾਂਦਾ ਹੈ ਉਨ੍ਹਾਂ ਮਹੀਨਿਆਂ ਵਿੱਚ।



ਹੁਣ ਨਵੀਂ ਸਰਕਾਰ ਦੇਖੋ ਕੀ ਕਰਦੀ ਹੈ। ਹਰ ਸਰਕਾਰ ਦੂਜੇ ਸੂਬਿਆਂ ’ਤੇ ਹੀ ਇਲਜ਼ਾਮ ਲਗਾਉਂਦੀ ਹੈ। ਹਾਲੇ ਤੱਕ ਤਾਂ ਪਰਾਲੀ ਸਾੜਨ ਦਾ ਮਸਲਾ ਹੀ ਸੁਲਝ ਨਹੀਂ ਪਾਇਆ। ਪਰਾਲੀ ਸਾੜਨ ’ਤੇ ਰੋਕਥਾਮ ਲਈ ਸਾਰੀਆਂ ਸਰਕਾਰਾਂ ਅਸਫਲ ਰਹਿ ਜਾਂਦੀਆਂ ਹਨ। ਸਭ ਤੋਂ ਬੁਰਾ ਹਾਲ ਦੇਸ਼ ਦੀ ਰਾਜਧਾਨੀ ਦਾ ਹੈ।

ਕਿੰਨੀ ਸ਼ਰਮਿੰਦਗੀ ਵਾਲੀ ਗੱਲ ਹੈ ਕਿ ਉਸ ਨੂੰ ਅਸੀਂ ਪ੍ਰਦੂਸ਼ਣ ਮੁਕਤ ਨਹੀਂ ਬਣਾ ਸਕੇ। ਬਾਕੀ ਦੇਸ਼ ਦੀ ਗੱਲ ਤਾਂ ਛੱਡ ਹੀ ਦੇਈਏ ? ਕੀ ਇਹ ਦੇਸ਼ ਦੀ ਤਰੱਕੀ ਵਿੱਚ ਸ਼ਾਮਲ ਨਹੀਂ ?ਹੁਣ ਜੁਰਮ ਕਰਨ ਵਾਲਿਆਂ ਦੀ ਗੱਲ ਕਰ ਲਈਏ। ਸਾਡੇ ਦੇਸ਼ ਵਿੱਚ ਇਹ ਕਿਤੇ ਵੀ ਤਰੱਦਦ ਨਹੀਂ ਕੀਤਾ ਜਾਂਦਾ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣ। ਚਾਹੇ ਰੇਪ ਦਾ ਮਾਮਲਾ ਹੋਵੇ, ਕਿਸੀ ਹੋਰ ਅੱਤਿਆਚਾਰ ਦਾ ਜਾਂ ਖ਼ੂਨ ਕਰਨ ਦਾ ਮਾਮਲਾ ਹੋਵੇ, ਕਿਸੇ ਵਿੱਚ ਵੀ ਸਖ਼ਤ ਸਜ਼ਾ ਨਹੀਂ ਮਿਲਦੀ ਹੈ। ਜੇ ਦੋਸ਼ੀ ਆਪ ਵੀ ਆਪਣਾ ਜੁਰਮ ਮੰਨ ਲਵੇ ਤਦ ਵੀ ਸਜ਼ਾ ਮਿਲੇਗੀ ਜਾਂ ਨਹੀਂ, ਪਤਾ ਨਹੀਂ। ਕੋਈ ਦੋਸ਼ੀ ਫੜਿਆ ਜਾਵੇ ਤਾਂ ਜ਼ਰੂਰ ਖ਼ਬਰ ਬਣ ਜਾਂਦੀ ਹੈ, ਫੋਟੋ ਵੀ ਆ ਜਾਂਦੀ ਹੈ ਕਿ ਅਸੀਂ ਦੋਸ਼ੀ ਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਹੈ।

ਪਰ ਉਸ ਤੋਂ ਬਾਅਦ ਕੀ ? ਉਸ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ, ਫਿਰ ਕੇਸ ਚੱਲੇਗਾ, ਕਦੋਂ ਫ਼ੈਸਲਾ ਹੋਵੇਗਾ, ਕੋਈ ਪਤਾ ਨਹੀਂ। ਜੇ ਕੋਈ ਪੈਸੇ ਵਾਲਾ ਜਾਂ ਧਨਾਢ ਵਿਅਕਤੀ ਫੜਿਆ ਜਾਵੇ, ਉਸ ਦੀ ਜ਼ਮਾਨਤ ਹੋ ਜਾਂਦੀ ਹੈ।

ਕਦ ਕੇਸ ਦਾ ਫ਼ੈਸਲਾ ਹੋਵੇਗਾ, ਪਤਾ ਨਹੀਂ। ਜੇਲ੍ਹਾਂ ਭਰੀਆਂ ਪਈਆਂ ਹਨ, ਪਰ ਫ਼ੈਸਲਿਆਂ ਦਾ ਕੋਈ ਅਤਾ-ਪਤਾ ਨਹੀਂ। ਕਿਸੇ ਜ਼ਮਾਨੇ ਵਿੱਚ ਜੇਲ੍ਹ ਜਾਣਾ ਇੱਕ ਬਹੁਤ ਵੱਡਾ ਧੱਬਾ ਮੰਨਿਆ ਜਾਂਦਾ ਸੀ ਪਰ ਅੱਜ ਕੋਈ ਜੇਲ੍ਹ ਵੀ ਜਾ ਕੇ ਬਾਹਰ ਆਉਂਦਾ ਹੈ, ਉਸ ਨੂੰ ਕੋਈ ਸ਼ਰਮ ਨਹੀਂ ਆਉਂਦੀ। ਕਿਸੇ ’ਤੇ ਕੋਈ ਵੀ ਕੇਸ ਹੋਵੇ, ਸਿਆਸੀ ਪਾਰਟੀਆਂ ਉਨ੍ਹਾਂ ਨੂੰ ਟਿਕਟ ਦੇਣ ਤੋਂ ਬਾਜ਼ ਨਹੀਂ ਆਉਂਦੀਆਂ। ਜੇਲ੍ਹਾਂ ਵਿਚ ਬੈਠੇ ਕਈ ਅਪਰਾਧੀ ਆਪਣੇ ਗੈਂਗ ਚਲਾ ਰਹੇ ਹਨ ਅਤੇ ਉਹ ਅੰਦਰ ਬੈਠੇ ਕਬੂਲ ਵੀ ਕਰ ਲੈਂਦੇ ਹਨ ਪਰ ਸਰਕਾਰਾਂ ਉਨ੍ਹਾਂ ’ਤੇ ਕੋਈ ਕਾਰਵਾਈ ਨਹੀਂ ਕਰਦੀਆਂ, ਕਿਉਂ ? ਜਦੋਂ ਦੋਸ਼ੀ ਭੱਜਿਆ ਹੋਇਆ ਹੁੰਦਾ ਹੈ ਤਾਂ ਉਸ ਨੂੰ ਫੜਨ ਲਈ ਖ਼ਬਰਾਂ ਬਣਾਉਂਦੇ ਰਹਿੰਦੇ ਨੇ, ਜਦ ਫੜ ਲੈਂਦੇ ਹਨ ਤਾਂ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ। ਕੀ ਇਸੇ ਦਾ ਨਾਂ ਤਰੱਕੀ ਹੈ ? ਦੋਸ਼ ਤਾਂ ਸਾਬਿਤ ਹੁੰਦੇ ਹੀ ਨਹੀਂ। ਜਦ ਤੱਕ ਸਾਬਿਤ ਹੁੰਦੇ ਹਨ ਤਦ ਤੱਕ ਜ਼ਿੰਦਗੀਆਂ ਨਿਕਲ ਜਾਂਦੀਆਂ ਹਨ। ਤਦ ਤੱਕ ਪੈਸੇ ਵਾਲੇ ਜਾਂ ਤਾਕਤਵਰ ਗੁਨਾਹਗਾਰਾਂ ਨੂੰ ਪੈਰੋਲ ਮਿਲਦੀ ਰਹਿੰਦੀ ਹੈ ਤੇ ਉਹ ਆਪਣੇ ਕੰਮ ਕਰਦੇ ਰਹਿੰਦੇ ਨੇ। ਜੇਲ੍ਹ ਜਾਣਾ ਕੋਈ ਬੇਇੱਜ਼ਤੀ ਵਾਲੀ ਗੱਲ ਹੀ ਨਹੀਂ ਰਹੀ। ਸ਼ਾਇਦ ਇਹ ਸਾਡੀ ਤਰੱਕੀ ਹੋਈ ਹੈ।

ਹੁਣ ਨਸ਼ਿਆਂ ਦੀ ਗੱਲ ਕਰੀਏ। ਪੰਜਾਬ ਦਾ ਨੌਜਵਾਨ ਵਰਗ ਤਾਂ ਖ਼ਤਮ ਹੋਇਆ ਹੀ ਹੈ। ਹੁਣ ਹਰਿਆਣਾ ਤੇ ਹਿਮਾਚਲ ਵਿਚ ਵੀ ਪੰਜਾਬ ਵਰਗਾ ਹੀ ਹਾਲ ਲੱਗਦਾ ਹੈ। ਹੁਣ ਜਦ ਨਸ਼ਾ ਤਸਕਰਾਂ ਨੂੰ ਫੜਿਆ ਜਾਂਦਾ ਹੈ ਤਾਂ ਇਸ ਸਬੰਧੀ ਅੱਜ-ਕੱਲ੍ਹ ਬੁਲਡੋਜ਼ਰ ਚਲਾਉਣ ਦਾ ਇੱਕ ਨਵਾਂ ਸਿਲਸਿਲਾ ਵੀ ਸ਼ੁਰੂ ਕੀਤਾ ਹੈ। ਕੀ ਲੱਗਦਾ ਹੈ ਕਿ ਇੰਜ ਕਰਨ ਨਾਲ ਨਸ਼ਾ ਖ਼ਤਮ ਹੋ ਜਾਵੇਗਾ ?

ਕੀ ਤਸਕਰਾਂ, ਸਿਆਸਤਦਾਨਾਂ ਤੇ ਪੁਲਿਸ ਦਾ ਨੈਕਸਸ ਤੋੜਿਆ ਜਾ ਸਕੇਗਾ ? ਕੀ ਇਨ੍ਹਾਂ ਸਾਰਿਆਂ ਦੇ ਘਰਾਂ ’ਤੇ ਵੀ ਬੁਲਡੋਜ਼ਰ ਚੱਲੂਗਾ ? ਜਦ ਤੱਕ ਕੋਈ ਵੀ ਕਾਨੂੰਨ ਸਖ਼ਤ ਤੇ ਜਲਦੀ ਫ਼ੈਸਲੇ ਨਹੀਂ ਦੇਵੇਗਾ, ਕਿਸੇ ਬੁਰਾਈ ਨੂੰ ਜੜ੍ਹੋਂ ਖ਼ਤਮ ਕਰਨਾ ਔਖਾ ਹੈ। ਇਸ ਸਭ ਦੇ ਬਾਵਜੂਦ ਆਸ ਦੀ ਕਿਰਨ ਜ਼ਰੂਰ ਦਿਖਾਈ ਦਿੰਦੀ ਹੈ। ਆਸ ਕਰਨੀ ਚਾਹੀਦੀ ਹੈ ਕਿ ਕਦੇ ਨਾ ਕਦੇ ਭਲੇ ਦਿਨ ਜ਼ਰੂਰ ਆਉਣਗੇ।

ਦੇਸ਼ ਤੇ ਸੂਬਿਆਂ ਦੀ ਵਾਗਡੋਰ ਤਰੱਕੀ-ਪਸੰਦ ਨੇਤਾਵਾਂ ਦੇ ਹੱਥ ਆਈ ਤਾਂ ਹੀ ਭਾਰਤ ਮੁੜ ਤੋਂ ਸੋਨੇ ਦੀ ਚਿੜੀ ਅਖਵਾਏਗਾ ਜਿਸ ਦੇ ਖੰਭ ਬਰਤਾਨਵੀ ਸਾਮਰਾਜ ਨੇ ਨੋਚ ਸੁੱਟੇ ਸਨ। ਗੋਰੇ ਹਾਕਮਾਂ ਦਾ ਬਿਸਤਰਾ ਗੋਲ ਕਰ ਕੇ ਦੇਸ਼ ਦੀ ਵਾਗਡੋਰ ਆਜ਼ਾਦੀ ਸੰਗਰਾਮੀਆਂ ਤੇ ਉਨ੍ਹਾਂ ਦੇ ਵਾਰਸਾਂ ਦੇ ਹੱਥ ਆਈ ਸੀ। ਦੇਸ਼ ਨੂੰ ਆਜ਼ਾਦ ਕਰਵਾਉਣ ਖ਼ਾਤਰ ਉਨ੍ਹਾਂ ਨੇ ਲਾਸਾਨੀ ਕੁਰਬਾਨੀਆਂ ਕੀਤੀਆਂ ਸਨ।

ਮਸ਼ਾਲਾਂ ਬਾਲ ਕੇ ਕਈ ਮਿਸਾਲਾਂ ਪੈਦਾ ਕੀਤੀਆਂ ਸਨ। ਆਜ਼ਾਦੀ ਤੋਂ ਬਾਅਦ ਦੇਸ਼ ਵਿਚ ਫੈਲੇ ਭ੍ਰਿਸ਼ਟਾਚਾਰ ਦੇ ਕੈਂਸਰ ਕਾਰਨ ਉਨ੍ਹਾਂ ਦੀਆਂ ਰੂਹਾਂ ਜ਼ਰੂਰ ਕੁਰਲਾਅ ਰਹੀਆਂ ਹੋਣਗੀਆਂ। ਦੇਸ਼ ਵਾਸੀਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਮਸ਼ਾਲਾਂ ਬਾਲ ਕੇ ਹਨੇਰੇ ਰਾਹਾਂ ਨੂੰ ਰੋਸ਼ਨ ਕਰਨ।

# ਕਿਸਾਨੀ ਦੇ ਆਰਥਿਕ ਸੰਕਟ ਲਈ ਖਪਤ ਸੱਭਿਆਚਾਰ ਜ਼ਿੰਮੇਵਾਰ

ਭਗਵਾਨ ਦਾਸ

ਅੱਜ ਵੀ ਪੰਜਾਬ ਦਾ ਕਿਸਾਨ ਭਾਰਤ ਦਾ ਅੰਨਦਾਤਾ ਹੈ, ਕਿਉਂਕਿ ਹੁਣ ਵੀ ਸੂਬਾ ਕੇਂਦਰੀ ਅੰਨ ਭੰਡਾਰ 'ਚ 40 ਪ੍ਰਤੀਸ਼ਤ ਤੋਂ ਜ਼ਿਆਦਾ ਕਣਕ ਦਾ ਅਤੇ 20 ਪ੍ਰਤੀਸ਼ਤ ਤੋਂ ਜ਼ਿਆਦਾ ਚੌਲਾਂ ਦਾ ਹਿੱਸਾ ਪਾ ਰਿਹਾ ਹੈ। ਪੰਜਾਬ ਦੀ ਖੇਤੀ ਇੱਕ ਖ਼ੁਸ਼ਹਾਲ ਖੇਤੀ ਸੀ, ਜਿਸ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸੂਬਾ ਲੰਮੇ ਸਮੇਂ ਤੱਕ ਪ੍ਰਤੀ ਵਿਅਕਤੀ ਆਮਦਨ 'ਚ ਦੇਸ਼ 'ਚ ਮੋਹਰੀ ਰਿਹਾ ਹੈ, ਪਰ ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਦੀ ਖੇਤੀ ਅਤੇ ਕਿਸਾਨ ਇੱਕ ਗਹਿਰੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ ਅਤੇ ਇਸ ਸੰਕਟ ਕਾਰਨ ਸੂਬੇ 'ਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦਾ ਵਰਤਾਰਾ ਸਾਹਮਣੇ ਆਇਆ ਹੈ। ਇਸ ਵਰਤਾਰੇ ਨੇ ਪੰਜਾਬ ਦੀ ਖੇਤੀ ਖ਼ੁਸ਼ਹਾਲ ਹੋਣ ਦੇ ਬਾਵਜੂਦ, ਛੋਟੇ ਅਤੇ ਦਰਮਿਆਨੇ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਨੇ ਇੱਕ ਵਿਰੋਧਾਭਾਸ ਉਭਾਰ ਕੇ ਸਾਹਮਣੇ ਲਿਆਂਦਾ ਹੈ। ਇਸ ਵਰਤਾਰੇ ਨੇ ਖੇਤੀ ਮਾਹਿਰਾਂ ਅਤੇ ਹੋਰ ਬੁੱਧੀਜੀਵੀਆਂ ਨੂੰ ਵੀ ਹਲੂਣ ਕੇ ਰੱਖ ਦਿੱਤਾ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਮੌਜੂਦਾ ਕਿਸਾਨੀ ਦੇ ਆਰਥਿਕ ਸੰਕਟ ਲਈ ਜ਼ਿੰਮੇਵਾਰ ਕਾਰਨਾਂ ਅਤੇ ਧਿਰਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ।

ਸਭ ਤੋਂ ਪਹਿਲਾਂ ਜੇਕਰ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਤੋਂ ਬਾਅਦ ਸਾਹਮਣੇ ਆਏ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਵਰਤਾਰੇ ਦੀ ਗੱਲ ਕਰੀਏ ਤਾਂ ਕੁਝ ਧਿਰਾਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਇਹ ਖ਼ੁਦਕੁਸ਼ੀਆਂ ਦੇ ਕਾਰਨ ਘਰੇਲੂ ਜਾਂ ਸਮਾਜਿਕ ਝਗੜੇ ਜਾਂ ਇਸ ਕਿਸਮ ਦੀਆਂ ਹੋਰ ਸਮੱਸਿਆਵਾਂ ਹਨ, ਪਰ ਜਦੋਂ ਇਸ ਸੰਬੰਧੀ ਹੋਈਆਂ ਖੋਜਾਂ ਜਾਂ ਸਰਵੇਖਣਾਂ ਉੱਤੇ ਨਜ਼ਰ ਮਾਰਦੇ ਹਾਂ ਤਾਂ ਸਪੱਸ਼ਟ ਪਤਾ ਲੱਗਦਾ ਹੈ ਕਿ ਇਨ੍ਹਾਂ ਖ਼ੁਦਕੁਸ਼ੀਆਂ ਦਾ ਸਭ ਤੋਂ ਵੱਡਾ ਕਾਰਨ ਛੋਟੀ ਅਤੇ ਦਰਮਿਆਨੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦਾ ਖੇਤੀ ਦੇ ਸੰਕਟ ਕਾਰਨ, ਗਹਿਰਾ ਹੋ ਰਿਹਾ ਆਰਥਿਕ ਸੰਕਟ ਹੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ ਦੇ ਅੰਕੜਿਆਂ ਮੁਤਾਬਿਕ ਪਿਛਲੇ ਸਾਲਾਂ 'ਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ 'ਚ ਵਾਧਾ ਵੀ ਹੋਇਆ ਹੈ ਅਤੇ ਇਹ ਦਰ ਪੂਰੀ ਆਬਾਦੀ ਦੀਆਂ ਖ਼ੁਦਕੁਸ਼ੀਆਂ ਦੀ ਦਰ ਤੋਂ ਵੱਧ ਹੋ ਗਈ ਹੈ। ਕਿਸਾਨੀ ਦੇ ਇਸ ਆਰਥਿਕ ਸੰਕਟ ਲਈ ਮੁੱਖ ਤੌਰ 'ਤੇ ਸਰਕਾਰ ਅਤੇ ਸਰਕਾਰੀ ਅਦਾਰਿਆਂ/ਏਜੰਸੀਆਂ ਦੀਆਂ ਖੇਤੀ ਅਤੇ ਕਿਸਾਨਾਂ ਨਾਲ ਸੰਬੰਧਿਤ ਨੀਤੀਆਂ, ਪੰਜਾਬ ਪੇਂਡੂ ਸਮਾਜ ਦਾ ਸਮਾਜਿਕ ਤਾਣਾ-ਬਾਣਾ ਅਤੇ ਕਿਸਾਨਾਂ 'ਚ ਪ੍ਰਚਲਿਤ ਕਦਰਾਂ-ਕੀਮਤਾਂ ਅਤੇ ਰੀਤੀ-ਰਿਵਾਜ ਜ਼ਿੰਮੇਵਾਰ ਹਨ। ਹਰੇ ਇਨਕਲਾਬ ਨਾਲ ਪੰਜਾਬ ਦੇ ਖੇਤੀ ਉਤਪਾਦਨ ਅਤੇ ਉਤਪਾਦਕਤਾ 'ਚ ਹੈਰਾਨੀਜਨਕ ਵਾਧੇ ਨਾਲ ਕਿਸਾਨਾਂ, ਖ਼ਾਸ ਕਰਕੇ ਵੱਡੀ ਅਤੇ ਧਨੀ ਕਿਸਾਨੀ ਦੀ ਆਮਦਨ 'ਚ ਭਾਰੀ ਵਾਧਾ ਹੋਇਆ ਹੈ। ਇਸ ਸਮੇਂ ਦੌਰਾਨ ਸਰਕਾਰ ਦਾ ਮੁੱਖ ਮੰਤਵ ਖੇਤੀ ਪੈਦਾਵਾਰ ਨੂੰ ਵਧਾ ਕੇ ਦੇਸ਼ 'ਚ ਅਨਾਜ ਦੇ ਸੰਕਟ ਨੂੰ ਦੂਰ ਕਰਨਾ ਸੀ। ਖੇਤੀ ਦੀਆਂ ਨਵੀਆਂ ਤਕਨੀਕਾਂ ਮਹਿੰਗੀਆਂ ਹੋਣ ਕਾਰਨ ਸ਼ੁਰੂ 'ਚ ਇਨ੍ਹਾਂ ਨੂੰ ਵੱਡੀ ਅਤੇ ਧਨੀ ਕਿਸਾਨੀ ਨੇ ਹੀ ਅਪਣਾਇਆ, ਪਰ ਸਰਕਾਰ ਅਤੇ ਸਰਕਾਰੀ ਖੇਤੀ ਏਜੰਸੀਆਂ ਵਲੋਂ ਅਪਣਾਈਆਂ ਨੀਤੀਆਂ, ਜਿਸ ਅਧੀਨ ਟਰੈਕਟਰਾਂ, ਥਰੈਸ਼ਰਾਂ, ਟਿਊਬਵੈੱਲਾਂ, ਇੱਥੋਂ ਤੱਕ ਕਿ ਖਾਦਾਂ 'ਤੇ ਬੀਜਾਂ ਲਈ ਵੀ ਕਰਜ਼ੇ ਦੇਣ ਕਾਰਨ ਛੋਟੀ ਅਤੇ ਦਰਮਿਆਨੀ ਕਿਸਾਨੀ ਨੂੰ ਵੀ ਹਰੇ ਇਨਕਲਾਬ ਭਾਵ ਨਵੀਂ ਖੇਤੀ



ਤਕਨੀਕ ਦੇ ਘੇਰੇ 'ਚ ਲਿਆਂਦਾ ਗਿਆ। ਇਸ ਤਕਨੀਕ ਅਧੀਨ ਸਾਰੇ ਦਾ ਸਾਰਾ ਧਿਆਨ ਵੱਧ ਤੋਂ ਵੱਧ ਖਾਦਾਂ, ਮਹਿੰਗੇ ਤੇ ਚੰਗੇ ਬੀਜ ਵਰਤ ਕੇ ਅਤੇ ਖੇਤੀ ਮਸ਼ੀਨਾਂ ਦੀ ਜ਼ਿਆਦਾ ਵਰਤੋਂ ਕਰਕੇ, ਖੇਤੀ ਉਤਪਾਦਨ ਅਤੇ ਉਤਪਾਦਕਤਾ ਵਧਾਉਣ ਵੱਲ ਲਗਾ ਦਿੱਤਾ ਤਾਂ ਕਿ ਦੇਸ਼ ਨੂੰ ਲੋੜੀਂਦੀ ਅੰਨ ਸੁਰੱਖਿਆ ਪ੍ਰਦਾਨ ਕਰਵਾਈ ਜਾ ਸਕੇ, ਪਰ ਸਰਕਾਰ ਅਤੇ ਹੋਰ ਸੰਬੰਧਿਤ ਅਦਾਰਿਆਂ ਨੇ ਖੇਤੀ ਉਤਪਾਦਨ ਦੀਆਂ ਲਾਗਤਾਂ ਨੂੰ ਸੀਮਤ ਰੱਖਣ, ਸਥਿਰ ਰੱਖਣ ਜਾਂ ਘਟਾਉਣ ਬਾਰੇ ਨਹੀਂ ਸੋਚਿਆ। ਇਸ ਦੇ ਨਾਲ ਹੀ ਵਾਤਾਵਰਨ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਵੀ ਕੁਝ ਨਹੀਂ ਕੀਤਾ ਗਿਆ। ਨਤੀਜੇ ਵਜੋਂ ਹੁਣ ਪੰਜਾਬ ਦਾ ਖੇਤੀ ਸੈਕਟਰ ਅਤੇ ਕਿਸਾਨੀ ਬਹੁਤ ਗਹਿਰੇ ਆਰਥਿਕ ਸੰਕਟ 'ਚ ਫਸ ਗਏ ਹਨ।

ਪ੍ਰਚੱਲਿਤ ਖੇਤੀ ਸੰਕਟ ਦੌਰਾਨ ਇਹ ਵੇਖਣ 'ਚ ਆਇਆ ਹੈ ਕਿ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਬਹੁਤੀਆਂ ਖ਼ੁਦਕੁਸ਼ੀਆਂ ਛੋਟੇ ਅਤੇ ਦਰਮਿਆਨੇ ਕਿਸਾਨਾਂ ਵਲੋਂ ਹੀ ਕੀਤੀਆਂ ਗਈਆਂ ਹਨ। ਇਨ੍ਹਾਂ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਕਿਸਾਨਾਂ ਦੇ ਇਸ ਵਰਗ ਸਿਰ ਕਰਜ਼ੇ ਦੀ ਭਾਰੀ ਪੰਡ ਦਾ ਹੋਣਾ ਹੀ ਸੀ, ਕਿਉਂਕਿ ਰਿਪੋਰਟਾਂ ਨੇ ਸਾਹਮਣੇ ਲਿਆਂਦਾ ਹੈ ਕਿ ਸੂਬੇ 'ਚ ਕਿਸਾਨਾਂ ਸਿਰ 10-10 ਲੱਖ ਰੁਪਏ ਦਾ ਕਰਜ਼ਾ ਹੈ। ਇੰਨੀ ਵੱਡੀ ਮਾਤਰਾ 'ਚ ਕਰਜ਼ਾ ਵਾਪਸ ਕਰਨਾ ਸੰਭਵ ਹੀ ਨਹੀਂ, ਬਲਕਿ ਨਾਮੁਮਕਿਨ ਹੈ, ਕਿਉਂਕਿ ਕਿਸਾਨਾਂ ਦੀ ਖੇਤੀ ਤੋਂ ਆਮਦਨ ਘੱਟ ਹੁੰਦੀ ਹੈ। ਨਤੀਜੇ ਵਜੋਂ ਕਿਸਾਨੀ ਦੇ ਇਸ ਵਰਗ ਨੂੰ ਖੁਦਕੁਸ਼ੀਆ ਬਾਰੇ ਸੋਚਣਾ ਪਿਆ ਜਾਂ ਕਰਨ ਲਈ ਮਜਬੂਰ ਹੋਣਾ ਪਿਆ, ਜੋ ਕਿ ਮਸਲੇ ਦਾ ਹੱਲ ਨਹੀਂ ਹੈ। ਇਸ ਕਿਸਾਨੀ ਦੇ ਵਰਗ 'ਤੇ ਕਰਜ਼ੇ ਦਾ ਹੱਦੋਂ ਵੱਧ ਜਾਣ ਦਾ ਇਕ ਮੋਟਾ ਤੇ ਮੁੱਖ ਕਾਰਨ ਇਨ੍ਹਾਂ ਦੀਆਂ ਜ਼ਮੀਨ ਦੀਆਂ ਜੋਤਾਂ ਦਾ ਆਕਾਰ ਏਨਾ ਛੋਟਾ ਹੈ ਕਿ ਆਧੁਨਿਕ ਤਰੀਕਿਆਂ ਨਾਲ ਖੇਤੀ ਸੰਭਵ ਹੀ ਨਹੀਂ, ਪਰ ਹਰੇ ਇਨਕਲਾਬ ਦੀ ਹੋੜ 'ਚ ਵੱਡੇ ਤੇ ਧਨੀ ਕਿਸਾਨਾਂ ਦੀ ਰੀਸੋ-ਰੀਸ ਇਨ੍ਹਾਂ ਕਿਸਾਨਾਂ ਨੇ ਵੀ ਖੇਤੀ ਪੂਰੇ ਮਸ਼ੀਨੀਕਰਨ ਤੇ ਆਧੁਨਿਕ ਢੰਗਾਂ ਨਾਲ ਸ਼ੁਰੂ ਕਰ ਦਿੱਤੀ, ਜਿਹੜੀ ਕਿ ਇਨ੍ਹਾਂ ਕਿਸਾਨਾਂ ਨੂੰ ਬਹੁਤ ਮਹਿੰਗੀ ਪਈ ਅਤੇ ਪੈ ਰਹੀ ਹੈ, ਕਿਉਂਕਿ ਛੋਟੀ ਤੇ ਦਰਮਿਆਨੀ ਕਿਸਾਨੀ ਵਲੋਂ ਸਾਰੀ ਮਸ਼ੀਨਰੀ, ਉਪਕਰਨ, ਖਾਦਾਂ ਅਤੇ ਬੀਜ ਕਰਜ਼ਾ ਲੈ ਕੇ ਹੀ ਖ਼ਰੀਦੇ ਜਾ ਰਹੇ ਹਨ, ਪਰ ਜੋਤਾਂ ਛੋਟੀਆਂ ਹੋਣ ਕਾਰਨ ਇਨ੍ਹਾਂ ਦੀ ਪੂਰੀ ਵਰਤੋਂ ਨਾ ਹੋਣ ਕਾਰਨ ਅਤੇ ਖੇਤੀ ਤੋਂ ਆਮਦਨ ਘੱਟ ਹੋਣ ਕਾਰਨ, ਖੇਤੀ ਇਸ ਵਰਗ ਲਈ ਘਾਟੇਵੰਦਾ ਧੰਦਾ ਬਣ ਚੁੱਕੀ ਹੈ।

ਕਿਸਾਨੀ ਦੇ ਆਰਥਿਕ ਸੰਕਟ ਦੇ ਡੂੰਘੇ ਹੋਣ ਦਾ ਇਕ ਮਹੱਤਵਪੂਰਨ ਕਾਰਨ ਖੇਤੀ ਜਿਣਸਾਂ ਦੇ ਘਾਟੇਵੰਦ ਭਾਅ ਵੀ ਹਨ। ਸਰਕਾਰ ਨੇ ਭਾਵੇਂ ਘੱਟੋ-ਘੱਟ ਸਮਰਥਨ ਮੁੱਲ ਦੀ ਨੀਤੀ ਅਪਣਾਈ ਹੋਈ ਹੈ, ਪਰ ਫ਼ਸਲਾਂ ਦੀ ਮੰਡੀ 'ਚ ਆਮਦ ਵੇਲੇ, ਸੀਜ਼ਨ ਦੌਰਾਨ, ਵਪਾਰੀ ਆਨੇ-ਬਹਾਨੇ ਲਾਗੂ ਘੱਟੋ-ਘੱਟ ਭਾਅ ਤੋਂ ਹੇਠਾਂ ਖ਼ਰੀਦ ਕਰਦੇ ਹਨ ਅਤੇ ਸਰਕਾਰੀ ਏਜੰਸੀਆਂ ਹੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦ ਕਰਦੀਆਂ ਹਨ। ਫ਼ਸਲਾਂ ਦਾ ਸੀਜ਼ਨ ਲੰਘ ਜਾਣ ਤੋਂ ਬਾਅਦ ਇਨ੍ਹਾਂ ਹੀ ਫ਼ਸਲਾਂ ਦੇ ਭਾਅ ਛੜੱਪੇ ਮਾਰ-ਮਾਰ ਵਧ ਜਾਂਦੇ ਹਨ। ਸੂਬੇ 'ਚ ਬਹੁਤੀ ਵੱਡੀ ਗਿਣਤੀ ਛੋਟੇ ਤੇ ਦਰਮਿਆਨੇ ਕਿਸਾਨਾਂ ਦੀ ਹੋਣ ਕਾਰਨ ਉਨ੍ਹਾਂ ਦੀਆਂ ਦੇਣਦਾਰੀਆਂ ਅਤੇ ਕਰਜ਼ੇ ਦੀਆਂ ਮਜਬੂਰੀਆਂ ਕਾਰਨ, ਉਨ੍ਹਾਂ ਨੂੰ ਆਪਣੀਆਂ ਜਿਣਸਾਂ ਘਾਟੇਵੰਦ ਭਾਅ 'ਤੇ ਹੀ ਵੇਚਣੀਆਂ ਪੈਂਦੀਆਂ ਹਨ, ਜਿਸ ਨਾਲ ਉਨ੍ਹਾਂ ਦੇ ਖੇਤੀ ਦੇ ਖਰਚੇ ਹੀ ਪੂਰੇ ਨਹੀਂ ਹੁੰਦੇ, ਲਾਭ ਤਾਂ ਦੂਰ ਦੀ ਗੱਲ ਹੈ। ਸੋ, ਇਸ ਸੰਕਟ ਲਈ ਸਰਕਾਰਾਂ ਅਤੇ ਸਰਕਾਰੀ ਏਜੰਸੀਆਂ ਕਿਸਾਨਾਂ ਨੂੰ ਘਾਟੇਵੰਦ ਭਾਅ ਦਿਵਾਉਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ, ਕਿਉਂਕਿ ਖੇਤੀ ਜਿਣਸਾਂ ਲਈ ਢੁਕਵੀਂ ਅਤੇ ਲਾਹੇਵੰਦ ਕੀਮਤ ਨੀਤੀ ਨਾ ਹੋਣ ਕਾਰਨ ਕਿਸਾਨੀ ਦਾ ਇਹ ਵਰਗ ਲਗਾਤਾਰ ਕਰਜ਼ੇ 'ਚ ਧਸਦਾ ਜਾ ਰਿਹਾ ਹੈ। ਜੇਕਰ ਇਹੀ ਨੀਤੀ ਹੋਰ ਸਮੇਂ ਲਈ ਲਾਗੂ ਰਹਿੰਦੀ ਹੈ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਾਰੀ ਦੀ ਸਾਰੀ ਛੋਟੀ ਅਤੇ ਦਰਮਿਆਨੀ ਕਿਸਾਨੀ ਇਸ ਸੰਕਟ ਦੀ ਲਪੇਟ 'ਚ ਆ ਜਾਵੇਗੀ।

ਪੰਜਾਬ 'ਚ ਪੈਦਾ ਹੋਏ ਅਤੇ ਜਾਰੀ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਰੁਝਾਨ ਲਈ ਕਿਸਾਨਾਂ ਦੁਆਲੇ ਦਾ ਸਮਾਜਿਕ ਤਾਣਾ-ਬਾਣਾ, ਉਨ੍ਹਾਂ 'ਚ ਪ੍ਰਚਲਿਤ ਸਮਾਜਿਕ ਕਦਰਾਂ-ਕੀਮਤਾਂ, ਫ਼ੋਕੀ ਸ਼ੁਹਰਤ ਲਈ ਨਿਭਾਏ ਜਾਂਦੇ ਰੀਤੀ-ਰਿਵਾਜ ਅਤੇ ਕਿਸਾਨਾਂ ਵਲੋਂ ਅਪਣਾਇਆ ਗਿਆ ਖਪਤ ਸੱਭਿਆਚਾਰ ਵੀ ਜ਼ਿੰਮੇਵਾਰ ਹਨ। ਖਪਤ ਦੇ ਇਕ ਸਿਧਾਂਤ ਮੁਤਾਬਿਕ ਵਿਅਕਤੀ ਖਪਤ ਦੇ ਮਾਮਲੇ 'ਚ ਆਪਣੇ ਅਮੀਰ ਗੁਆਂਢੀ ਦੀ ਰੀਸ ਤੇ ਨਕਲ ਕਰਦਾ ਹੈ। ਖਪਤ ਦੇ ਇਕ ਹੋਰ ਸਿਧਾਂਤ ਮੁਤਾਬਿਕ ਖਪਤ ਖ਼ਰਚ ਨੂੰ ਪਹਿਲੋਂ ਵਧਣੋ ਰੋਕਿਆ ਜਾ ਸਕਦਾ ਹੈ, ਪਰ ਵਧੇ ਹੋਏ ਖ਼ਰਚ ਨੂੰ ਘਟਾਉਣਾ ਮੁਸ਼ਕਿਲ ਹੀ ਨਹੀਂ, ਸਗੋਂ ਅਸੰਭਵ ਵੀ ਹੈ। ਖਪਤ ਦੇ ਮਾਮਲੇ @ਚ ਪੰਜਾਬ ਦੇ ਕਿਸਾਨਾਂ ਨੇ ਸਾਰੇ ਹੱਦਾਂ-ਬੰਨੇ ਪਾਰ ਕਰ ਲਏ ਹਨ ਅਤੇ ਕਿਸਾਨ ਏਨੇ ਖ਼ਰਚੀਲੇ ਬਣ ਗਏ ਹਨ ਕਿ ਫਜ਼ੂਲ ਚੀਜ਼ਾਂ ਵੀ ਉਨ੍ਹਾਂ ਨੂੰ ਆਪਣੀਆਂ ਲੋੜਾਂ ਮਹਿਸੂਸ ਹੋਣ ਲੱਗ ਪਈਆਂ ਹਨ। 1991 ਦੇ ਆਰਥਿਕ ਸੁਧਾਰਾਂ ਨੇ ਪਹਿਲਾਂ ਤੋਂ ਹੀ ਕਿਸਾਨਾਂ ਦੀ ਮਾੜੀ ਆਰਥਿਕਤਾ ਨੂੰ ਹੋਰ ਵੀ ਵਿਗਾੜ ਦਿੱਤਾ ਹੈ। ਇੱਥੇ ਹੀ ਬਸ ਨਹੀਂ, ਪੇਂਡੂ ਅਮੀਰ ਵਰਗ ਸਮੇਤ ਵੱਡੀ ਅਤੇ ਧਨੀ ਕਿਸਾਨੀ ਵੱਲੋਂ ਸਥਾਪਿਤ ਅਤੇ ਨਿਭਾਈਆਂ ਜਾਂਦੀਆਂ ਸਮਾਜਿਕ ਰਸਮਾਂ (ਵਿਆਹ, ਮੰਗਣੇ, ਜਨਮ ਦਿਨ, ਮਰਨੇ ਦੇ ਭੋਗ, ਆਦਿ ਆਦਿ) ਨੂੰ ਕਿਸਾਨੀ ਦਾ ਇਹ ਵਰਗ ਜ਼ਮੀਨਾਂ ਗਹਿਣੇ ਰੱਖ ਕੇ ਜਾਂ ਕਰਜ਼ਾ ਲੈ ਕੇ ਵਿਤੋਂ ਬਾਹਰ ਹੋ ਕੇ ਪੂਰੀਆਂ ਕਰ ਰਿਹਾ ਹੈ। ਕਿਸਾਨਾਂ ਨੇ ਘਰਾਂ ਦੇ ਖਪਤ ਖ਼ਰਚ ਵੀ ਬਹੁਤ ਵਧਾ ਲਏ ਹਨ, ਜਿਸ ਦਾ ਮੁੱਖ ਕਾਰਨ ਕਿਸਾਨਾਂ ਦਾ ਵਸਤੂ ਖਪਤ ਸੱਭਿਆਚਾਰ ਦੀ ਲਪੇਟ 'ਚ ਆ ਜਾਣਾ ਹੀ ਹੈ। (ਬਾਕੀ ਸਫ਼ਾ 31 'ਤੇ)



# ਸ਼ੇਰੇ ਪੰਜਾਬ ਦੇ ਇਤਿਹਾਸ ਨਾਲ ਜੁੜਿਆ ਜਸਰੋਟੇ ਦਾ ਕਿਲ੍ਹਾ ਬਣਿਆ ਖੰਡਰ

ਇੰਦਰਜੀਤ ਸਿੰਘ ਹਰਪੁਰਾ





ਜਸਰੋਟਾ ਰਿਆਸਤ ਪੁਰਾਣੀਆਂ ਪਹਾੜੀ ਬਾਈਧਾਰ ਰਿਆਸਤਾਂ 'ਚੋਂ ਇਕ ਰਿਆਸਤ ਸੀ, ਜਿਹੜੀ ਡੂਗਰ ਦੇ ਹਲਕੇ ਵਿੱਚ ਦਰਿਆ ਰਾਵੀ ਦੇ ਪੱਛਮ ਵੱਲ ਉੱਪਰਲੀਆਂ ਸ਼ਿਵਾਲਿਕ ਪਹਾੜੀਆਂ ਵਿੱਚ ਸਥਿਤ ਸੀ। ਇਸ ਰਿਆਸਤ ਦੇ ਦੱਖਣ 'ਚ ਕਰਾਈਧਾਰ ਪਰਬਤੀ-ਲੜੀ ਹੈ, ਜਿਹੜੀ ਜਸਰੋਟਾ ਰਿਆਸਤ ਨੂੰ ਉੱਤਰ ਵੱਲੋਂ ਬਜੋਹਲੀ, ਭਾਦੂ ਅਤੇ ਮਾਨਕੋਟ ਰਿਆਸਤਾਂ ਨਾਲੋਂ ਵੱਖ ਕਰਦੀ ਹੈ । ਇਸ ਦੇ ਪੂਰਬ ਵਿੱਚ ਲਖਣਪੁਰ, ਦੱਖਣ ਵਿੱਚ ਮੈਦਾਨੀ ਇਲਾਕਾ ਅਤੇ ਪੱਛਮ ਵੱਲ ਰਿਆਸਤ ਸਾਂਬਾ ਹੈ। ਜਸਰੋਟ ਰਿਆਸਤ ਦੀ ਰਾਜਧਾਨੀ ਜਸਰੋਟਾ ਸ਼ਹਿਰ ਹੈ, ਜਿਸ ਦੇ ਨਾਂਅ ਉੱਪਰ ਇਸ ਰਿਆਸਤ ਅਤੇ ਇੱਥੋਂ ਦੇ ਰਾਜ-ਘਰਾਣੇ ਦਾ ਨਾਂਅ ਪਿਆ। ਜਸਰੋਟਾ ਸ਼ਹਿਰ ਕਰਾਈਧਾਰ ਪਰਬਤਾਂ ਦੇ ਬਾਹਰ ਦੱਖਣੀ ਪਾਸੇ ਵੱਲ ਵਸਿਆ ਹੋਇਆ ਹੈ। ਰਿਆਸਤ ਜਸਰੋਟਾ ਇਨ੍ਹਾਂ ਰਾਜਿਆਂ ਦੇ ਰਾਜ ਦੌਰਾਨ ਇੱਕ ਖ਼ੁਸ਼ਹਾਲ ਰਿਆਸਤ ਸੀ। ਇਸ ਰਾਜ ਖੇਤਰ ਦੀ ਭੂਮੀ ਮੈਦਾਨੀ ਇਲਾਕੇ ਦੇ ਬਿਲਕੁਲ ਨਾਲ ਲੱਗਦੀ ਹੋਣ ਕਰਕੇ ਕਾਫੀ ਜ਼ਰਖੇਜ਼ ਸੀ ਅਤੇ ਜਸਰੋਟਾ ਦਾ ਸ਼ਕਤੀਸਾਲੀ ਹੋਣਾ ਕੁਦਰਤੀ ਸੀ।

ਜਸਰੋਟਾ ਦਾ ਰਾਜ ਘਰਾਣਾ ਹੋਰ ਰਿਆਸਤੀ ਰਾਜ-ਕੁਲਾਂ ਵਾਂਗ ਹੀ ਮੂਲ ਰੂਪ 'ਚ ਜੰਮੂ ਦੇ ਸ਼ਾਹੀ ਖ਼ਾਨਦਾਨ ਵਿਚੋਂ ਸੀ। 13ਵੀਂ ਸਦੀ ਦੌਰਾਨ ਦੀ ਇਹ ਮੁਢਲੀ ਰਿਆਸਤ ਛੋਟੇ-ਛੋਟੇ ਪਹਾੜੀ ਰਾਜਵਾੜਿਆਂ 'ਚੋਂ ਪੁਰਾਣੀ ਜਾਪਦੀ ਹੈ। ਭੁਜ ਦੇਵ ਅਣਵੰਡੀ ਰਿਆਸਤ ਜੰਮੂ ਦਾ ਅਖੀਰਲਾ ਰਾਜਾ ਸੀ। ਇਸ ਦੇ ਚਾਰ ਪੁੱਤਰ ਸਨ, ਜਿਨ੍ਹਾਂ 'ਚੋਂ ਸਭ ਤੋਂ ਵੱਡਾ ਮਾਨਕੋਟੀਆ ਖ਼ਾਨਦਾਨ ਦਾ ਬਾਨੀ ਹੋਇਆ, ਦੂਜਾ ਜੰਮੂ ਦਾ ਰਾਜਾ ਬਣ ਗਿਆ, ਤੀਜਾ 'ਕਰਨ ਦੇਵ' ਜਿਸ ਲਈ ਜਸਰੋਟਾ ਦਾ ਇਲਾਕਾ ਬਾਕੀ ਰਹਿ ਗਿਆ ਸੀ, ਜਸਰੋਟ ਦੇ ਨਾਲ ਲਗਦੇ ਰਾਜਿਆਂ ਦੇ ਇਲਾਕੇ ਮਿਲਾ ਕੇ ਨਵੀਂ ਰਿਆਸਤ ਦਾ ਰਾਜਾ ਬਣ ਗਿਆ। ਬਾਅਦ ਵਿੱਚ ਜਸਰੋਟਾ ਸ਼ਹਿਰ ਨੂੰ ਰਾਜਧਾਨੀ ਬਣਾਉਣ ਕਾਰਨ ਇਸ ਘਰਾਣੇ ਦਾ ਨਾਂਅ ਜਸਰੋਟੀਆ ਅਤੇ ਰਿਆਸਤ ਦਾ ਨਾਂਅ ਜਸਰੋਟਾ ਚੱਲਿਆ। ਜਸਰੋਟਾ ਨਗਰ ਦੀ ਨੀਂਹ ਕਿਉਂਕਿ ਜਸ-ਦੇਵ ਨੇ ਰੱਖੀ ਸੀ, ਇਸ ਲਈ ਇਸ ਦਾ ਨਾਂਅ ਜਸਰੋਟਾ ਰੱਖਿਆ ਗਿਆ।

ਜਸਰੋਟਾ ਬਾਰੇ ਸੰਸਕ੍ਰਿਤ ਸਾਹਿਤ ਵਿੱਚ ਤਾਂ ਕੁਝ ਨਹੀਂ ਮਿਲਦਾ, ਪਰ ਅਕਬਰ ਦੇ ਸਮੇਂ ਦੇ ਮੁਸਲਿਮ ਇਤਿਹਾਸ 'ਚ ਦੋ ਕੁ ਵਾਰੀ ਇਸ ਦਾ ਜ਼ਿਕਰ ਆਉਂਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਰਿਆਸਤ ਦਾ ਥੋੜ੍ਹਾ-ਬਹੁਤ ਸੰਬੰਧ ਜੰਮੂ ਨਾਲ ਹਮੇਸ਼ਾ ਹੀ ਰਿਹਾ। ਅਕਬਰਨਾਮਾ ਅਤੇ ਮਾਅਸਿਹ-ਉਲ-ਉਸਰ ਪੁਸਤਕਾਂ 'ਚ ਵੀ ਇਹ ਮੁਗ਼ਲ ਸਲਤਨਤ ਦੀਆਂ ਦੋ ਵੱਡੀਆਂ ਵਿਰੋਧੀ ਪਹਾੜੀ ਰਿਆਸਤਾਂ ਵਿਚੋਂ ਰਿਹਾ ਹੈ।

ਇਸ ਰਿਆਸਤ ਦਾ ਮੁੱਢ 13ਵੀਂ ਸਦੀ ਦੌਰਾਨ ਬੱਝਿਆ ਅਤੇ ਸੰਨ 1834 ਤੱਕ ਇਕ ਦੂਜੇ ਤੋਂ ਬਾਅਦ ਇਸ ਦੇ ਕੁੱਲ ਸਤਾਈ ਰਾਜੇ ਹੋਏ। ਇਸ ਰਿਆਸਤ ਦੇ ਮੁੱਢਲੇ ਇਤਿਹਾਸ ਬਾਰੇ ਕਿਤੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ। ਕਰਮ ਦੇਵ, ਬੀਰ ਦੇਵ, ਕਾਲੂ-ਦੇਵ, ਅਮੀਲ ਦੇਵ, ਬਲਾਰ ਦੇਵ, ਕਲਸ ਦੇਵ ਅਤੇ ਪ੍ਰਤਾਪ ਦੇਵ ਆਦਿ ਦੇ ਨਾਂਅ ਹੀ ਮੁੱਢਲੇ ਜਸਰੋਟ ਰਾਜਿਆਂ 'ਚੋਂ ਮਿਲਦੇ ਹਨ । ਰਾਜਾ ਪ੍ਰਤਾਪ ਦੇਵ ਅਤੇ ਇਸ ਦੇ ਭਰਾ ਸੰਗਰਾਮ ਦੇਵ ਵਿਚਕਾਰ ਕੁਝ ਮਤਭੇਦ ਹੋ ਜਾਣ ਕਰਕੇ ਰਿਆਸਤ ਜਸਰੋਟਾ ਦਾ ਖੇਤਰ ਦੋ ਹਿੱਸਿਆਂ ਵਿੱਚ ਵੰਡਿਆ ਗਿਆ, ਜਿਸ ਦੇ ਫ਼ਲਸਰੂਪ ਇੱਕ ਨਵੀਂ ਸਟੇਟ ਹੋਂਦ 'ਚ ਆਈ। ਇਸ ਰਿਆਸਤ ਦੀ ਰਾਜਧਾਨੀ 'ਲਖਣਪੁਰ' 'ਚ ਸਥਾਪਿਤ ਕੀਤੀ ਗਈ ਅਤੇ ਇਸ ਕਰਕੇ ਰਿਆਸਤ ਦਾ ਨਾਂਅ ਵੀ ਲਖਣਪੁਰ ਪਿਆ। ਲਖਣਪੁਰ ਦੀ ਪੱਛਮੀ ਹੱਦ ਰਾਵੀ ਦਰਿਆ ਦੀ ਸਹਾਇਕ ਨਦੀ 'ਉੱਝ' ਮੰਨਿਆ ਗਿਆ। ਰਾਜੇ ਦੀ ਰਿਹਾਇਸ਼ ਲਈ ਲਖਣਪੁਰ 'ਚ ਅਤੇ ਥੀਨ ਵਿਖੇ ਇੱਕ ਟਿੱਲੇ ਉੱਪਰ ਕਿਲ੍ਹੇ ਬਣਵਾਏ ਗਏ। ਇਸ ਲਈ ਇਸ ਰਿਆਸਤ ਨੂੰ ਰਾਜਾ ਸੰਗਰਾਮ-ਦੇਵ ਦੇ ਸਮਕਾਲੀ ਇਤਿਹਾਸ ਵਿੱਚ ਕਿਧਰੇ-ਕਿਧਰੇ ਥੀਨ ਰਿਆਸਤ ਵੀ ਕਿਹਾ ਗਿਆ ਹੈ। ਇਨ੍ਹਾਂ ਦੋਹਾਂ ਥਾਵਾਂ 'ਤੇ ਬਣਾਏ ਕਿਲਿਆਂ ਦੇ ਖੰਡਰਾਤ ਅਜੇ ਵੀ ਮੌਜੂਦ ਹਨ।

ਪ੍ਰਤਾਪ ਦੇਵ ਤੋਂ ਬਾਅਦ ਜਤਰ ਦੇਵ, ਅਤਰ ਦੇਵ ਜਾਂ ਅਟਲ ਦੇਵ, ਸੁਲਤਾਨ ਦੇਵ, ਸਗਤ ਦੇਵ, ਦੌਲਤ-ਦੇਵ ਅਤੇ ਭਾਬੂ ਦੇਵ ਰਾਜਿਆਂ ਦੇ ਤੌਰ 'ਤੇ ਗੱਦੀਨਸ਼ੀਨ ਹੋਏ। ਇਨ੍ਹਾਂ ਵਿਚੋਂ ਰਾਜਾ ਭਾਬੂ-ਦੇਵ ਨੂੰ ਅਕਬਰ ਦੇ ਸਮੇਂ ਦਾ ਵਿਰੋਧੀ ਰਾਜਾ ਦੱਸਿਆ ਗਿਆ ਹੈ। ਸੰਨ 1588-89 ਦੌਰਾਨ ਜੰਮੂ ਤੋਂ ਲੈ ਕੇ ਜਸਵਾਨ ਤਕ ਦੀਆਂ ਸਾਰੀਆਂ ਪਹਾੜੀ ਰਿਆਸਤਾਂ ਨੇ ਬਗ਼ਾਵਤ ਕੀਤੀ, ਪਰ ਇਸ ਬਗ਼ਾਵਤ ਨੂੰ ਦਬਾ ਦਿੱਤਾ ਗਿਆ। ਇਸ ਤੋਂ 6 ਕੁ ਸਾਲ ਪਿੱਛੋਂ ਦੁਬਾਰਾ ਫਿਰ ਇਨ੍ਹਾਂ ਹੀ ਰਾਜਿਆਂ ਨੇ ਬਗ਼ਾਵਤ ਕੀਤੀ, ਜਿਸ ਦੀ ਅਗਵਾਈ ਰਾਜਾ ਭਾਬੂ ਨੇ ਕੀਤੀ। ਸ਼ਾਹੀ ਫ਼ੌਜਾਂ ਨੇ ਕਾਫੀ ਜੱਦੋ-ਜਹਿਦ ਉਪਰੰਤ ਜੰਮੂ ਉਪਰ ਕਬਜ਼ਾ ਕਰ ਲਿਆ। ਇਸ ਉਪਰੰਤ ਇਹ ਪੂਰਬ ਵੱਲ ਵਧਿਆ ਅਤੇ ਸਾਂਬਾ ਦੇ ਸਥਾਨ 'ਤੇ ਆ ਕੇ ਲਖਣਪੁਰ ਦੇ ਰਾਜਾ ਬਲਭਦਰ ਅਤੇ ਜਸਰੋਟਾ ਦੇ ਰਾਜਾ ਭਾਬੂ ਨੂੰ ਹਥਿਆਰ ਸੁੱਟਣੇ ਪਏ ਸ਼ਇਸ ਤੋਂ ਪਿੱਛੋਂ ਜਸਰੋਟਾ ਅਤੇ ਕਬਜ਼ਾ ਕਰਨ ਲਈ ਵੀ ਮੁਗ਼ਲ ਫ਼ੌਜਾਂ ਨੂੰ ਰਾਜਾ ਭਾਬੂ ਦੇ ਪੁੱਤਰਾਂ ਅਤੇ ਰਿਸ਼ਤੇਦਾਰਾਂ ਨਾਲ ਚੰਗਾ ਟਾਕਰਾ ਕਰਨਾ ਪਿਆ ਅਤੇ ਘਮਸਾਣ ਦੀ ਲੜਾਈ ਹੋਈ।

ਭਾਬੂ ਦੇਵ ਤੋਂ ਪਿੱਛੋਂ ਭੁਜ ਦੇਵ, ਫ਼ਤਹਿ ਦੇਵ, ਤੇਜ ਦੇਵ, ਸ਼ਿਵ ਦੇਵ, ਜਗਦੇਵ, ਸੁਖਦੇਵ ਅਤੇ ਧਰੁਵ-ਦੇਵ ਕ੍ਰਮਵਾਰ ਹੋਏ। ਇਨ੍ਹਾਂ ਬਾਰੇ ਵੀ ਕੋਈ ਵਿਸ਼ੇਸ਼ ਘਟਨਾ ਦਾ ਪਤਾ ਨਹੀਂ ਹੈ। ਫਿਰ ਕਿਰਾਲ ਦੇਵ ਤੇ ਰਤਨ ਦੇਵ ਹੋਏ। ਰਤਨਦੇਵ ਜੰਮੂ ਦੇ ਰਾਜਾ ਰਣਜੀਤ ਦੇਵ ਦਾ ਸਮਕਾਲੀ (1750 ਈ.) ਸੀ।

ਇਤਿਹਾਸਕਾਰਾਂ ਵਲੋਂ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ 18ਵੀਂ ਸਦੀ ਦੇ ਪਹਿਲੇ ਅੱਧ ਤੱਕ ਮੁਗ਼ਲ ਤਾਕਤ ਦੇ ਘਟਣ ਨਾਲ ਪੰਜਾਬ ਉੱਪਰ ਅਹਿਮਦ ਸ਼ਾਹ ਦੁਰਾਨੀ ਦਾ ਕਬਜ਼ਾ ਹੋ ਗਿਆ ਅਤੇ ਬਸੋਹਲੀ ਵਰਗੀਆਂ ਪਹਾੜੀ ਰਿਆਸਤਾਂ ਵਾਂਗ 'ਜਸਰੋਟਾ' ਵੀ ਕਾਫ਼ੀ ਹੱਦ ਤੱਕ ਜੰਮੂ ਰਾਜ ਅਧਿਕਾਰ ਹੇਠ ਆ ਗਈ ।18ਵੀਂ ਸਦੀ ਦੇ ਪਿਛਲੇ ਅੱਧ ਦੌਰਾਨ ਸਿੱਖਾਂ ਨੇ ਇਸ ਰਿਆਸਤ ਵੱਲ ਵਧਣਾ ਸ਼ੁਰੂ ਕਰ ਦਿੱਤਾ। ਅੱਗੋਂ ਪਹਾੜੀ ਮੁਖੀਆਂ ਨੇ ਵੀ ਇਨ੍ਹਾਂ ਦੀਆਂ ਲੜਾਈਆਂ 'ਚ ਭਾੜੇ ਦੇ ਸਿਪਾਹੀਆਂ ਵਜੋਂ ਲੜਨ ਦੀ ਪੇਸ਼ਕਸ਼ ਕਰ ਦਿੱਤੀ। ਇਸ ਤਰ੍ਹਾਂ ਸਿੱਖਾਂ ਨੇ ਆਪਣੇ ਪੈਰ ਇਨ੍ਹਾਂ ਰਿਆਸਤਾਂ 'ਚ ਵੀ ਟਿਕਾ ਲਏ। ਸੰਨ 1744 ਤੋਂ ਲੈ ਕੇ 1783 ਦੌਰਾਨ ਜਸਰੋਟਾ ਅਤੇ ਚੰਬਾ, ਬਸੋਹਲੀ ਤੇ ਜੰਮੂ ਤੱਕ ਸਿੱਖਾਂ ਵੱਲੋਂ ਹਮਲੇ ਹੋਏ। ਇਤਿਹਾਸਕਾਰਾਂ ਦਾ ਖ਼ਿਆਲ ਹੈ, ਪਠਾਨਕੋਟ ਦੇ ਕਾਬਜ਼ ਹਮਲਾਵਰਾਂ 'ਚੋਂ ਘਨਈਆ ਮਿਸਲ ਦੇ ਸਰਦਾਰਾਂ ਨੇ ਸਭ ਤੋਂ ਪਹਿਲਾਂ ਹੱਲਾ ਕੀਤਾ। ਇਸ ਦੌਰਾਨ (19ਵੀਂ ਸਦੀ ਦੇ ਸ਼ੁਰੂ ਤੱਕ) ਜਸਰੋਟਾ ਰਿਆਸਤ ਦੀ ਗੱਦੀ 'ਤੇ ਭਾਗ ਸਿੰਘ, ਅਜੈਬ ਸਿੰਘ ਤੇ ਲਾਲ ਸਿੰਘ ਬੈਠੇ। ਸੰਨ 1801 ਤੱਕ ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ ਬਣਿਆ ਤੇ ਸੰਨ 1808 'ਚ ਉਹ ਜਸਰੋਟਾ ਵੱਲ ਵਧਿਆ ਤਾਂ ਜਸਰੋਟਾ ਸਰਦਾਰਾਂ ਨੇ ਅੱਗੋਂ ਧੀਰਜ ਭਾਅ ਨਾਲ ਨਜ਼ਰਾਨਾ ਭੇਟ ਕੀਤਾ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਤਾ ਸਵੀਕਾਰ ਕਰ ਲਈ ।ਇਸੇ ਤਰ੍ਹਾਂ ਬਾਕੀ ਦੀਆਂ ਰਿਆਸਤਾਂ ਵੀ ਸਿੱਖ ਤਾਕਤ ਦੇ ਕਬਜ਼ੇ ਹੇਠ ਆ ਗਈਆਂ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਉੱਘੇ ਸਰਦਾਰ ਦੇਸਾ ਸਿੰਘ ਮਜੀਠਾ ਨੂੰ ਪਹਾੜੀ ਖੇਤਰ ਦਾ ਨਾਜ਼ਮ ਥਾਪਿਆ। ਬਸੌਲੀ, ਭਾਦੂ ਤੇ ਮਾਨਕੋਟ ਇਲਾਕੇ ਵੀ ਉਸ ਦੇ ਅਧੀਨ ਹੀ ਆ ਗਏ। ਇਸ ਸਮੇਂ ਜਸਰੋਟਾ ਦਾ ਰਾਜਾ ਰਣਬੀਰ ਸਿੰਘ ਸੀ, ਜਿਸ ਦੀ ਮੌਤ ਪਿੱਛੋਂ ਉਸ ਦੇ ਕੋਈ ਬੇਟਾ ਨਾ ਹੋਣ ਕਰਕੇ ਉਸ ਦਾ ਛੋਟਾ ਭਰਾ ਭੂਰੀ ਸਿੰਘ ਰਾਜਾ ਬਣਿਆ। ਇਹ ਜਸਰੋਟਾ ਖ਼ਾਨਦਾਨ ਦਾ ਆਖਰੀ ਰਾਜਾ ਸੀ ਅਤੇ ਪੂਰੀ ਤਰ੍ਹਾਂ ਸਿੱਖਾਂ ਦੇ ਅਧੀਨ ਰਿਹਾ।

ਸੰਨ 1828 ਵਿੱਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਿੱਖ ਵਜ਼ੀਰ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਰਾਜਾ ਬਣਾ ਕੇ ਇੱਥੇ ਭੇਜਿਆ ਗਿਆ ਅਤੇ ਜਸਰੋਟਾ ਰਿਆਸਤ ਇਸ ਨੂੰ ਜਗੀਰ ਦੇ ਤੌਰ 'ਤੇ ਦੇ ਦਿੱਤੀ ਗਈ। ਹੀਰਾ ਸਿੰਘ ਨੇ ਜਸਰੋਟਾ ਦੀ ਪਹਾੜੀ ਉੱਪਰ ਪੁਰਾਣੇ ਕਿਲ੍ਹੇ ਦਾ ਫਿਰ ਨਿਰਮਾਣ ਕੀਤਾ। ਨਾਨਕਸ਼ਾਹੀ ਇੱਟਾਂ ਨਾਲ ਬਣੇ, ਇਸ ਕਿਲ੍ਹੇ 'ਚੋਂ 18ਵੀਂ ਤੇ 19ਵੀਂ ਸਦੀ ਦੀ ਸਿੱਖ ਭਵਨ ਨਿਰਮਾਣ ਕਲਾ ਦੀ ਖ਼ੂਬਸੂਰਤ ਝਲਕ ਦੇਖੀ ਜਾ ਸਕਦੀ ਹੈ।

ਕਿਲ੍ਹੇ ਦਾ ਇੱਕ ਵੱਡਾ ਦਰਵਾਜ਼ਾ, ਜੋ ਹੁਣ ਲਗਭਗ ਢਹਿ ਚੁੱਕਾ ਹੈ, ਇਸ ਦੀ ਬੁਲੰਦੀ ਨੂੰ ਦਰਸਾਉਂਦਾ ਹੈ। ਉਸ ਤੋਂ ਅੱਗੇ ਚੱਲ ਕੇ ਕਾਫੀ ਖੰਡਰਾਤ ਆਉਂਦੇ ਹਨ ਅਤੇ ਫਿਰ ਇੱਕ ਵੱਡਾ ਤਲਾਬ ਅਤੇ ਉਸ ਦੇ ਕਿਨਾਰੇ ਇੱਕ ਸ਼ਾਹੀ ਮਹਿਲ ਦੇ ਖੰਡਰ ਮੌਜੂਦ ਹਨ ਜੋ ਇਸ ਕਿਲ੍ਹੇ ਦੀ ਖ਼ੂਬਸੂਰਤੀ ਨੂੰ ਅੱਜ ਵੀ ਦਰਸਾਉਂਦੇ ਹਨ।

# ਵਿਰਾਸਤਾਂ ਨੂੰ ਸੰਭਾਲਣ ਦੀ ਲੋੜ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਸੰਸਾਰ ਪ੍ਰਸਿੱਧ ਹਸਤੀ ਸੈਮੂਅਲ ਹਟਿੰਗਟਨ ਨੇ ਕਿਹਾ ਸੀ,"ਜਿਨ੍ਹਾਂ ਲੋਕਾਂ ਨੂੰ ਆਪਣੇ ਇਤਿਹਾਸ, ਸੱਭਿਆਚਾਰ ਤੇ ਵਿਰਸੇ ਦਾ ਪਤਾ ਨਹੀਂ ਹੈ, ਉਹ ਅਜਿਹੇ ਰੁੱਖ ਹਨ ਜਿਨ੍ਹਾਂ ਦੀਆਂ ਜੜ੍ਹਾਂ ਨਹੀਂ ਹਨ।" ਉਸ ਦੇ ਆਖੇ ਇਨ੍ਹਾਂ ਬੋਲਾਂ ਦਾ ਅੱਖਰ-ਅੱਖਰ ਸੱਚ ਹੈ ਤੇ ਵਾਕਿਆ ਹੀ ਇਸ ਸੰਸਾਰ ਵਿੱਚ ਜਿਨ੍ਹਾਂ ਕੌਮਾਂ ਨੇ ਆਪਣਾ ਵਿਰਸਾ ਅਤੇ ਸੱਭਿਆਚਾਰ ਭੁਲਾ ਦਿੱਤਾ ਜਾਂ ਮਲੀਨ ਕਰ ਦਿੱਤਾ ਹੈ, ਉਨ੍ਹਾਂ ਦਾ ਨਾਮੋ-ਨਿਸ਼ਾਨ ਤੱਕ ਮਿਟ ਗਿਆ ਹੈ।

ਇਸ ਦੇ ਬਿਲਕੁਲ ਉਲਟ ਜਿਨ੍ਹਾਂ ਕੌਮਾਂ ਨੇ ਆਪਣੀ ਬੋਲੀ, ਆਪਣਾ ਪਹਿਰਾਵਾ, ਸੰਸਕਾਰ ਅਤੇ ਵਿਰਸਾ ਸੰਭਾਲਿਆ ਹੈ, ਉਹ ਸਦੀਆਂ ਬੀਤ ਜਾਣ 'ਤੇ ਵੀ ਬੜੇ ਫ਼ਖ਼ਰ ਨਾਲ ਸਿਰ ਉੱਚਾ ਕਰ ਕੇ ਇਸ ਦੁਨੀਆਂ ਵਿੱਚ ਵਿਚਰ ਰਹੀਆਂ ਹਨ। ਅੱਜ 'ਵਿਸ਼ਵ ਵਿਰਾਸਤ ਦਿਵਸ' ਹੈ ਤੇ ਇਹ ਦਿਵਸ ਆਪਣੇ ਵਿਰਸੇ ਨੂੰ ਪਛਾਣਨ, ਸੰਭਾਲਣ ਤੇ ਸਦਾ ਚੇਤਿਆਂ ਤੇ ਹਕੀਕੀ ਜੀਵਨ ਵਿਚ ਕਾਇਮ ਰੱਖਣ ਦਾ ਦਿਵਸ ਹੈ।

ਅਜੋਕੀ ਨੌਜਵਾਨ ਪੀੜ੍ਹੀ ਜੋ ਆਪਣੇ ਵਿਰਸੇ ਤੋਂ ਕੋਹਾਂ ਦੂਰ ਜਾ ਚੁੱਕੀ ਹੈ, ਨੂੰ ਆਪਣੇ ਅਮੀਰ ਵਿਰਸੇ ਪ੍ਰਤੀ ਜਾਗਰੂਕ ਕਰਦਿਆਂ ਹੋਇਆਂ ਉਸ ਦੀ ਸੁਚੱਜੀ ਸੰਭਾਲ ਲਈ ਤਿਆਰ ਕਰਨ ਹਿਤ ਅੱਜ ਤੋਂ ਸੁਭਾਗਾ ਦਿਨ ਕੋਈ ਹੋਰ ਨਹੀਂ ਹੋ ਸਕਦਾ। ਇਹ ਦਿਵਸ ਦੁਨੀਆਂ ਦੇ ਹਰੇਕ ਮੁਲਕ ਅਤੇ ਹਰੇਕ ਖਿੱਤੇ 'ਚ ਵਸਦੇ ਲੋਕਾਂ ਨੂੰ ਆਪਣੇ ਇਲਾਕੇ ਦੀਆਂ ਵਿਰਾਸਤੀ ਥਾਵਾਂ, ਇਮਾਰਤਾਂ ਤੇ ਕਦਰਾਂ-ਕੀਮਤਾਂ ਦੀ ਸੰਭਾਲ ਕਰਨ ਲਈ ਅੱਗੇ ਆਉਣ ਦਾ ਸੰਦੇਸ਼ ਦਿੰਦਾ ਹੈ।



ਵਿਰਸਾ ਸੰਭਾਲਣ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਵਿਸ਼ਵ ਦੀ ਵੱਡੀ ਹਸਤੀ ਨੈਲਸਨ ਮੰਡੇਲਾ ਨੇ ਕਿਹਾ ਸੀ, "ਸਾਡੇ ਅਮੀਰ ਤੇ ਵਿਭਿੰਨਤਾ ਪੂਰਨ ਵਿਰਸੇ ਵਿੱਚ ਉਹ ਅਦਭੁਤ ਤਾਕਤ ਹੈ ਜੋ ਸਾਡੇ ਰਾਸ਼ਟਰ ਨਿਰਮਾਣ ਵਿੱਚ ਮਦਦ ਕਰ ਸਕਦੀ ਹੈ।" ਉਨ੍ਹਾਂ ਦੇ ਇਹ ਬੋਲ ਜੇ ਭਾਰਤ 'ਤੇ ਲਾਗੂ ਕਰ ਕੇ ਵੇਖੇ ਜਾਣ ਤਾਂ ਇਹ ਪੂਰੀ ਤਰ੍ਹਾਂ ਸੱਚ ਜਾਪਦੇ ਹਨ ਕਿਉਂਕਿ ਭਾਰਤ ਦੇ ਇਤਿਹਾਸ, ਸੱਭਿਆਚਾਰ ਤੇ ਵਿਰਸੇ ਵਿੱਚ ਉਹ ਕਦਰਾਂ-ਕੀਮਤਾਂ ਤੇ ਰਵਾਇਤਾਂ ਹਨ ਜਿਨ੍ਹਾਂ ਦੀ ਅਜੋਕੇ ਸਮਾਜ ਨੂੰ ਭਾਰੀ ਲੋੜ ਹੈ ਤੇ ਇਨ੍ਹਾਂ ਵਿਰਸੇ ਵਿੱਚ ਮਿਲੀਆਂ ਬੇਸ਼ਕੀਮਤੀ ਦਾਤਾਂ ਵਿੱਚ ਬਜ਼ੁਰਗਾਂ ਦਾ ਸਤਿਕਾਰ, ਮੁਲਕ ਪ੍ਰਤੀ ਵਫ਼ਾਦਾਰੀ, ਸਮਾਜ ਪ੍ਰਤੀ ਉਸਾਰੂ ਰਵੱਈਆ ਤੇ ਸੱਚ ਲਈ ਕੁਰਬਾਨ ਹੋ ਜਾਣਾ ਆਦਿ ਜਿਹੀਆਂ ਪਾਏਦਾਰ ਕਦਰਾਂ-ਕੀਮਤਾਂ ਵੀ ਸ਼ਾਮਲ ਹਨ।

'ਭਾਰਤੀ ਪੁਰਾਤੱਤਵ ਵਿਭਾਗ' ਸਾਡੀਆਂ ਇਤਿਹਾਸਕ ਤੇ ਵਿਰਾਸਤੀ ਮਹੱਤਵ ਵਾਲੀਆਂ ਥਾਵਾਂ ਦੀ ਦੇਖਭਾਲ ਸਬੰਧੀ ਠੋਸ ਕਦਮ ਚੁੱਕਣ ਤੇ ਉਨ੍ਹਾਂ ਦੀ ਪੁਨਰ ਸਿਰਜਣਾ ਲਈ ਜ਼ਿੰਮੇਵਾਰ ਸੰਸਥਾ ਹੈ ਤੇ ਆਪਣੇ ਕਾਰਜ ਪ੍ਰਤੀ ਯਤਨਸ਼ੀਲ ਵੀ ਹੈ ਪਰ ਫੰਡਾਂ ਦੀ ਘਾਟ ਕਰਕੇ ਇਹ ਸੰਸਥਾ ਆਪਣਾ ਫ਼ਰਜ਼ ਪੂਰੀ ਤਰ੍ਹਾਂ ਨਿਭਾ ਨਹੀਂ ਪਾ ਰਹੀ ਹੈ।

ਬਤੌਰ ਇੱਕ ਜ਼ਿੰਮੇਵਾਰ ਨਾਗਰਿਕ ਸਾਡਾ ਵੀ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਆਸਪਾਸ ਦੀਆਂ ਇਤਿਹਾਸਕ ਅਤੇ ਵਿਰਾਸਤੀ ਇਮਾਰਤਾਂ ਅਤੇ ਬਉਲੀਆਂ ਆਦਿ ਦੀ ਅਸਲ ਦਿੱਖ ਬਰਕਰਾਰ ਰੱਖਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਤੇ ਸਾਫ਼-ਸਫ਼ਾਈ ਰੱਖਣ ਵਿਚ ਆਪਣਾ ਭਰਪੂਰ ਯੋਗਦਾਨ ਪਾਈਏ। ਸਾਡੇ ਮੁਲਕ ਦੀਆਂ ਧਾਰਮਿਕ ਜਥੇਬੰਦੀਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਵੀ ਵਿਰਾਸਤੀ ਮਹੱਤਵ ਵਾਲੇ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੀ ਸੰਭਾਲ ਤੇ ਪੁਨਰ ਨਿਰਮਾਣ ਸਮੇਂ ਸੰਗਮਰਮਰ ਅਤੇ ਸੋਨਾ ਲਗਾਉਣ ਦੀ ਥਾਂ ਆਧੁਨਿਕ ਤਕਨੀਕ ਅਤੇ ਸਾਧਨਾਂ ਦੀ ਵਰਤੋਂ ਕਰਦਿਆਂ ਹੋਇਆਂ ਉਨ੍ਹਾਂ ਦਾ ਵਿਰਾਸਤੀ ਰੂਪ ਅਤੇ ਅਸਲ ਦਿੱਖ ਬਰਕਰਾਰ ਰੱਖਣ ਲਈ ਹਰੇਕ ਹੀਲਾ ਕਰਨ।

ਦੁਨੀਆਂ ਭਰ ਵਿੱਚ ਮਸ਼ਹੂਰ ਕੁਝ ਵਿਰਾਸਤੀ ਇਮਾਰਤਾਂ ਤੇ ਸਥਾਨਾਂ ਦਾ ਜੇ ਜ਼ਿਕਰ ਕੀਤਾ ਜਾਵੇ ਤਾਂ ਉਨ੍ਹਾਂ ਵਿੱਚ ਸ਼ੁਮਾਰ ਹਨ 'ਸ੍ਰੀ ਹਰਿਮੰਦਰ ਸਾਹਿਬ, ਲਾਲ ਕਿਲਾ, ਤਾਜ ਮਹੱਲ, ਹੁਮਾਯੂੰ ਦਾ ਮਕਬਰਾ, ਕੁਤੁਬ ਮੀਨਾਰ, ਕੋਣਾਰਕ ਮੰਦਰ, ਚੀਨ ਦੀ ਦੀਵਾਰ, ਪੀਸਾ ਦੀ ਮੀਨਾਰ, ਅਜੰਤਾ-ਏਲੋਰਾ ਦੀਆਂ ਗੁਫ਼ਾਵਾਂ, ਵੈਟੀਕਨ ਸਿਟੀ, ਮਾਊਂਟ ਸੇਂਟ ਮਾਈਕਲ, ਸਟੈਚੂ ਆਫ ਲਿਬਰਟੀ, ਮਿਸਰ ਦੇ ਪਿਰਾਮਿਡ' ਆਦਿ ਜੋ ਅੱਜ ਵੀ ਹਰੇਕ ਨੂੰ ਆਪਣੇ ਅਮੀਰ ਵਿਰਸੇ ਨੂੰ ਨੇੜਿਓਂ ਤੱਕਣ, ਪਛਾਣਨ, ਸੰਭਾਲਣ ਅਤੇ ਉਸ ਤੋਂ ਕੁਝ ਸਿੱਖਣ ਦਾ ਸੰਦੇਸ਼ ਦੇ ਰਹੇ ਹਨ।

# ਸ਼ਰਧਾ ਨਾਲ ਧੰਨ-ਧੰਨ ਕਰਵਾਉਣ ਵਾਲੇ ਭਗਤ ਧੰਨਾ ਜੀ

ਬਹਾਦਰ ਸਿੰਘ ਗੋਸਲ



ਜਿਹੜੇ 15 ਭਗਤ ਸਾਹਿਬਾਨ ਭਗਤੀ ਲਹਿਰ ਦੀ ਮਾਲਾ ਦੇ ਅਮੁੱਲ ਮੋਤੀ ਬਣੇ ਤੇ ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸੁਸ਼ੋਭਿਤ ਕੀਤਾ, ਉਨ੍ਹਾਂ 'ਚੋਂ ਇੱਕ ਹਨ ਸਾਦਗੀ ਤੇ ਸ਼ਰਧਾ ਦੇ ਪ੍ਰਤੀਕ ਭਗਤ ਧੰਨਾ ਜੀ। ਉਨ੍ਹਾਂ ਦਾ ਜਨਮ 1416 ਈਸਵੀ ਨੂੰ ਰਾਜਪੂਤਾਨੇ ਦੇ ਪਿੰਡ ਧੁਆਨ ਵਿਖੇ ਜੱਟ ਪਰਿਵਾਰ 'ਚ ਹੋਇਆ। ਇਹ ਪਿੰਡ ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਟਾਂਕ ਦੇ ਇਲਾਕੇ 'ਚ ਦੇਉਲੀ ਤੋਂ 20 ਮੀਲ ਦੂਰ ਹੈ। ਉਨ੍ਹਾਂ ਨੇ ਬਚਪਨ 'ਚ ਹੀ ਆਪਣੇ ਪਿਤਾ-ਪੁਰਖੀ ਧੰਦੇ ਕਿਰਸਾਨੀ ਤੇ ਪਸ਼ੂ ਚਾਰਨ ਨੂੰ ਆਪਣੇ ਕਿੱਤੇ ਵਜੋਂ ਅਪਣਾਇਆ। ਉਹ ਬਚਪਨ ਤੋਂ ਹੀ ਧਾਰਮਿਕ ਰੁਚੀਆਂ 'ਚ ਵਿਸ਼ਵਾਸ ਰੱਖਦੇ ਸਨ ਤੇ ਇਹੀ ਕਾਰਨ ਸੀ ਕਿ ਵੱਡੇ ਹੋ ਕੇ ਉਹ ਇੱਕ ਮਹਾਨ ਭਗਤ ਬਣੇ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ 53 ਸਾਲ ਪਹਿਲਾਂ, ਭਗਤ ਪੀਪਾ ਜੀ ਤੋਂ 10 ਸਾਲ ਪਹਿਲਾਂ ਤੇ ਭਗਤ ਕਬੀਰ ਜੀ ਤੋਂ 18 ਸਾਲ ਬਾਅਦ ਪੈਦਾ ਹੋਏ ਸਨ। ਇਸ ਤਰ੍ਹਾਂ ਉਨ੍ਹਾਂ ਨੂੰ ਭਗਤ ਕਬੀਰ ਤੇ ਭਗਤ ਪੀਪਾ ਜੀ ਦਾ ਸਮਕਾਲੀ ਵੀ ਕਿਹਾ ਜਾ ਸਕਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਆਪ ਜੀ ਨੇ ਭਗਤ ਰਾਮਾਨੰਦ ਜੀ ਨੂੰ ਆਪਣਾ ਗੁਰੂ ਮੰਨਿਆ, ਜਿਨ੍ਹਾਂ ਦਾ ਜੀਵਨ ਕਾਲ 1366 ਈ: ਤੋਂ 1467 ਈ: ਮੰਨਿਆ ਜਾਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਆਪ ਜੀ ਦੇ ਨਗਰ ਦੇ ਰਾਜੇ ਦਾ ਨਾਂ ਭੀਮ ਸੈਨ ਸੀ। ਆਪ ਜੀ ਲਿਖਦੇ ਹਨ :

ਧੰਨਾ ਐਸੇ ਹਮਰਾ ਨਾਉ॥
ਭੀਮ ਸੈਨ ਰਾਜੇ ਕੇ ਗਾਂਉ॥

ਆਪ ਜੀ ਦੇ ਮਾਤਾ-ਪਿਤਾ ਦੇ ਨਾਵਾਂ ਬਾਰੇ ਕੁਝ ਪਤਾ ਨਹੀਂ ਲੱਗਦਾ ਤੇ ਨਾ ਹੀ ਆਪ ਜੀ ਦੇ ਦੂਜੇ ਭੈਣ-ਭਰਾਵਾਂ ਬਾਰੇ ਕੁਝ ਪਤਾ ਲੱਗਦਾ ਹੈ। ਸੁਖਦੇਵ ਸਿੰਘ ਸ਼ਾਂਤ ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਹਵਾਲੇ ਨਾਲ ਲਿਖਦੇ ਹਨ ਕਿ ਆਪ ਜੀ ਦੀ ਜਾਤੀ ਜੱਟ ਜ਼ਿਮੀਂਦਾਰ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਤੇ ਭਾਈ ਗੁਰਦਾਸ ਜੀ ਦੀ ਬਾਣੀ ਤੋਂ ਵੀ ਉਨ੍ਹਾਂ ਦੇ ਜੱਟ ਜ਼ਿਮੀਦਾਰ ਹੋਣ ਦਾ ਪਤਾ ਲੱਗਦਾ ਹੈ :

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥

### ਠਾਕੁਰ ਦੀ ਪੂਜਾ

ਭਗਤ ਧੰਨਾ ਜੀ ਦੇ ਜੀਵਨ ਵਿੱਚ ਉਦੋਂ ਇਕ ਵੱਡਾ ਮੋੜ ਆਇਆ ਜਦੋਂ ਉਹ ਗਊਆਂ ਚਾਰਨ ਲਈ ਨਗਰ ਤੋਂ ਬਾਹਰ ਜਾਂਦੇ ਸਨ ਤੇ ਉੱਥੇ ਆਪ ਜੀ ਨੇ ਇੱਕ ਬ੍ਰਾਹਮਣ ਨੂੰ ਠਾਕੁਰ ਦੀ ਪੂਜਾ ਕਰਦਿਆਂ ਦੇਖਿਆ। ਆਪ ਜੀ ਦੇ ਮਨ 'ਚ ਵੀ ਠਾਕੁਰ ਦੀ ਪੂਜਾ ਕਰਨ ਦੀ ਪ੍ਰਬਲ ਇੱਛਾ ਜਾਗ ਪਈ ਤੇ ਆਪ ਜੀ ਨੇ ਪੰਡਿਤ ਤੋਂ ਇਕ ਠਾਕੁਰ ਦੀ ਮੰਗ ਕੀਤੀ ਤੇ ਵਾਰ- ਵਾਰ ਮੰਗ ਕਰਨ 'ਤੇ ਪੰਡਿਤ ਨੇ ਖਹਿੜਾ ਛੁਡਾਉਣ ਦੇ ਮਨੋਰਥ ਨਾਲ ਇੱਕ ਕਾਲਾ ਪੱਥਰ ਧੰਨੇ ਨੂੰ ਦੇ ਕੇ ਪੂਜਾ ਦੀ ਵਿਧੀ ਦੱਸੀ। ਘਰ ਆ ਕੇ ਧੰਨਾ ਜੀ ਨੇ ਠਾਕੁਰ ਨੂੰ ਇਸ਼ਨਾਨ ਕਰਵਾ ਕੇ ਉਸ ਦੀ ਪੂਜਾ ਸ਼ੁਰੂ ਕਰ ਦਿੱਤੀ ਕਿਉਂਕਿ ਬ੍ਰਾਹਮਣ ਨੇ ਦੱਸਿਆ ਸੀ ਕਿ ਠਾਕੁਰ ਨੂੰ ਭੋਗ ਲਗਵਾ ਕੇ ਫਿਰ ਆਪ ਭੋਜਨ ਖਾਣਾ ਹੈ। ਸੱਚਮੁੱਚ ਹੀ ਧੰਨਾ ਠਾਕੁਰ ਨੂੰ ਭੋਗ ਲਗਵਾਉਣ ਲਈ ਜ਼ਿੱਦ ਕਰਨ ਲੱਗੇ ਤੇ ਪ੍ਰਣ ਕੀਤਾ ਕਿ ਜਦੋਂ ਤਕ ਠਾਕੁਰ ਭੋਗ ਨਹੀਂ ਲਾਵੇਗਾ, ਉਹ ਆਪ ਵੀ ਮੂੰਹ 'ਚ ਅੰਨ ਨਹੀਂ ਪਾਵੇਗਾ। ਇਸ ਤਰ੍ਹਾਂ ਪੂਰੀ ਸ਼ਰਧਾ ਤੇ ਦ੍ਰਿੜ ਵਿਸ਼ਵਾਸ ਨਾਲ ਆਪ ਜੀ ਨੇ ਪ੍ਰਭੂ ਜੀ ਦੇ ਪ੍ਰਤੱਖ ਦਰਸ਼ਨ ਕੀਤੇ ਤੇ ਪ੍ਰਭੂ ਨੂੰ ਬਾਲ-ਹੱਠ ਕਾਰਨ ਰੋਟੀ ਖਾਣ ਤੇ ਲੱਸੀ ਪੀਣ ਲਈ ਮਜਬੂਰ ਕੀਤਾ। ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ 'ਚ ਇਸ ਘਟਨਾ ਨੂੰ ਬਾਖੂਬੀ ਦਰਸਾਇਆ ਹੈ :-

ਬ੍ਰਾਮਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।
ਧੰਨੈ ਡਿਠਾ ਚਲਿਤੁ ਏਹੁ ਪੂਛੈ ਬ੍ਰਾਮ੍ਹਣੁ ਆਖਿ ਸੁਣਾਵੈ।
ਠਾਕਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।
ਧੰਨਾ ਕਰਦਾ ਜੋਦੜੀ ਮੈਂ ਭਿ ਦੇਹ ਇਕ ਜੇ ਤੁਧੁ ਭਾਵੈ।
ਪੱਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।
ਠਾਕਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।
ਹਉ ਭੀ ਮੁਹੁ ਨ ਜੁਠਾਲਸਾ ਤੂ ਰੁਠਾ ਮੈ ਕਿਹੁ ਨ ਸੁਖਾਵੈ।
ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ॥

### ਗੁਰੂ ਗ੍ਰੰਥ ਸਾਹਿਬ 'ਚ ਸ਼ਾਮਲ ਹੋਈ ਰਚਨਾ

ਭਗਤ ਧੰਨਾ ਜੀ ਦੇ ਤਿੰਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਹਨ। ਇਨ੍ਹਾਂ 'ਚੋਂ ਦੋ ਸ਼ਬਦ ਆਸਾ ਰਾਗ 'ਚ ਤੇ ਇੱਕ ਸ਼ਬਦ ਧਨਾਸਰੀ ਰਾਗ 'ਚ ਹੈ। ਆਪਣੀ ਬਾਣੀ 'ਚ ਉਨ੍ਹਾਂ ਨੇ ਪਰਮਾਤਮਾ ਨੂੰ ਕਈ ਨਾਵਾਂ ਨਾਲ ਸੰਬੋਧਿਤ ਕੀਤਾ ਹੈ ਜਿਵੇਂ ਪਰਮ-ਪੁਰਖ, ਅਛਲੀ, ਪ੍ਰਭੂ, ਧਰਣੀਧਰੁ, ਦਯਾਲ, ਕਰਤਾ, ਖਸਮੁ, ਪਰਮਾਨੰਦ, ਗੋਪਾਲ, ਮਨੋਹਰ ਦਮੋਦਰ ਆਦਿ। ਆਪਣੀ ਬਾਣੀ 'ਚ ਉਹ ਸਮਝਾਉਂਦੇ ਹਨ ਕਿ ਸਭ ਜੀਵਾਂ ਦੀ ਰੱਖਿਆ ਕਰਨ ਵਾਲਾ ਤੇ ਪਾਲਣਹਾਰ ਇੱਕ ਪ੍ਰਭੂ ਹੀ ਹੈ, ਜੋ ਹਰ ਥਾਂ 'ਤੇ ਹਰ ਪ੍ਰਾਣੀ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਦਾ ਹੈ। ਇਸ ਸਬੰਧ 'ਚ ਉਹ ਮਾਂ ਦੇ ਪੇਟ 'ਚ ਪਲ ਰਹੇ ਬੱਚੇ ਤੇ ਕੱਛੂ-ਕੁੰਮੀ ਦੇ ਬੱਚਿਆਂ ਦੇ ਪਾਲਣ ਦੀ ਉਦਾਹਰਨ ਦਿੰਦਿਆਂ ਕਹਿੰਦੇ ਹਨ ਕਿ ਕੱਛੂ-ਕੁੰਮੀ ਆਪ ਪਾਣੀ 'ਚ ਰਹਿੰਦੀ ਹੈ ਪਰ ਉਸ ਦੇ ਬੱਚੇ ਬਾਹਰ ਰੇਤ 'ਚ ਪਲਦੇ ਰਹਿੰਦੇ ਹਨ, ਜਿਨ੍ਹਾਂ ਦੀ ਰੱਖਿਆ ਪ੍ਰਭੂ ਹੀ ਕਰਦਾ ਹੈ। ਇਸੇ ਤਰ੍ਹਾਂ ਤੀਜੀ ਉਦਾਹਰਨ ਉਹ ਪੱਥਰ 'ਚ ਪਲ ਰਹੇ ਕੀੜੇ ਦੀ ਦਿੰਦੇ ਹਨ ਜਿਸ ਨੂੰ ਨਿਕਲਣ ਦਾ ਕੋਈ ਰਸਤਾ ਨਹੀਂ ਤੇ ਪਰਮਾਤਮਾ ਪੱਥਰ ਦੇ ਅੰਦਰ ਹੀ ਉਸ ਨੂੰ ਖਾਣਾ ਦੇ ਕੇ ਰੱਖਿਆ ਕਰਦਾ ਹੈ। ਭਗਤ ਧੰਨਾ ਜੀ ਫ਼ੁਰਮਾਉਂਦੇ ਹਨ :-

ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ॥

ਇਸੇ ਤਰ੍ਹਾਂ ਹੀ ਆਪ ਜੀ ਕੂੰਮੀ ਦੇ ਬੱਚਿਆਂ ਦੀ ਪਾਲਣਾ ਬਾਰੇ ਫ਼ੁਰਮਾਨ ਕਰਦੇ ਹਨ :

ਕੁੰਮੀ ਜਲ ਮਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖ ਮਨ ਮਾਹੀ॥

ਭਗਤ ਧੰਨਾ ਜੀ ਸਮਝਾਉਂਦੇ ਹਨ ਕਿ ਪਰਮਾਤਮਾ ਕਰਤਾ ਪੁਰਖ ਹੈ ਤੇ ਸਭ ਕੁਝ ਉਹੀ ਹੁੰਦਾ ਹੈ, ਜੋ ਉਹ ਕਰਦਾ ਹੈ। ਉਹੀ ਆਪਣੇ ਭਗਤਾਂ ਦੇ ਸਾਰੇ ਕਾਰਜ ਸੰਵਾਰਦਾ ਹੈ ਤੇ ਇਸੇ ਲਈ ਉਹ ਪ੍ਰਭੂ ਅੱਗੇ ਪ੍ਰਾਰਥਨਾ ਕਰਦੇ ਹਨ :

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥

### ਸਬਰ ਨਾਲ ਭਰਿਆ ਹੋਇਆ ਜੀਵਨ

ਭਗਤ ਧੰਨਾ ਜੀ ਦਾ ਜੀਵਨ ਸਬਰ-ਸੰਤੋਖ ਨਾਲ ਭਰਿਆ ਹੋਇਆ ਸੀ, ਉਹ ਕੋਈ ਲਾਲਚ ਨਾ ਕਰਦੇ ਹੋਏ ਕੇਵਲ ਲੋੜ ਅਨੁਸਾਰ ਹੀ ਪਰਮਾਤਮਾ ਤੋਂ ਮੰਗ ਕਰਦੇ ਹਨ ਪਰ ਉਹ ਹਰ ਉੱਤਮ ਚੀਜ਼ ਦੀ ਮੰਗ ਕਰਦੇ ਹਨ ਤਾਂ ਕਿ ਇਸ ਜੀਵਨ ਨੂੰ ਉੱਤਮ ਬਣਾਇਆ ਜਾਵੇ। ਜੀਵਨ ਦੀਆਂ ਨਿੱਤ-ਪ੍ਰਤੀ ਦੀਆਂ ਲੋੜਾਂ ਦੀ ਮੰਗ ਕਰਦਿਆਂ ਉਹ ਪ੍ਰਭੂ ਅੱਗੇ ਬੇਨਤੀ ਕਰਦੇ ਹਨ :

ਦਾਲਿ-ਸੀਧਾ ਮਾਗਉ ਘੀਉ॥
ਹਮਰਾ ਖੁਸ਼ੀ ਕਰੈ ਨਿਤ ਜੀਉ॥
ਪਨੀਆ ਛਾਦਨੁ ਨੀਕਾ॥
ਅਨਾਜੁ ਮਾਗਉ ਸਤ ਸੀ ਕਾ॥
ਗਊ ਭੈਸ ਮਗਉ ਲਾਵੇਰੀ॥
ਇਕ ਤਾਜਨਿ ਤੁਰੀ ਚੰਗੇਰੀ॥
ਘਰ ਕੀ ਗੀਹਨਿ ਚੰਗੀ॥
ਜਨ ਧੰਨਾ ਲੇਵੈ ਮੰਗੀ॥

ਭਗਤ ਜੀ ਦਾ ਵਿਚਾਰ ਸੀ ਕਿ ਸਰੀਰ ਨੂੰ ਕਸ਼ਟ ਦੇਣਾ, ਭੁੱਖੇ-ਨੰਗੇ ਰਹਿਣਾ, ਧੁੱਪ-ਮੀਂਹ ਆਦਿ 'ਚ ਕਸ਼ਟ ਦੇਣਾ, ਨੰਗੇ ਪੈਰੀਂ ਫਿਰਨਾ, ਚੁੱਪ ਸਾਧਨਾ ਜਾਂ ਹੋਰ ਕਈ ਤਰ੍ਹਾਂ ਦੇ ਤਨ ਨੂੰ ਕਸ਼ਟ ਦੇਣ ਨਾਲ ਅਸੀਂ ਕਿਸੇ ਨੂੰ ਤਿਆਗੀ ਨਹੀਂ ਕਹਿ ਸਕਦੇ। ਕੇਵਲ ਸਬਰ ਸੰਤੋਖ ਹੀ ਮਨੁੱਖ ਨੂੰ ਵਾਧੂ ਇੱਛਾਵਾਂ ਤੋਂ ਬਚਾ ਸਕਦੇ ਹਨ। ਮਾਇਆ ਦੀ ਤ੍ਰਿਸ਼ਨਾ ਨੂੰ ਭਗਤ ਧੰਨਾ ਜੀ ਨੇ 'ਬਿਖ ਫਲ' ਦਾ ਨਾਂ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਮੂਰਖ ਲੋਕਾਂ ਨੂੰ ਮਾਇਆ ਦਾ ਇਹ 'ਬਿਖ ਫਲ' ਮਿੱਠਾ ਲੱਗਦਾ ਹੈ ਅਤੇ ਇਸ ਤਰ੍ਹਾਂ ਉਸ ਮਨੁੱਖ ਦਾ ਮਨ ਚੰਗੇ ਵਿਚਾਰਾਂ ਤੋਂ ਦੂਰ ਚਲਿਆ ਜਾਂਦਾ ਹੈ। ਉਹ ਫ਼ੁਰਮਾਉਂਦੇ ਹਨ:

ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ॥
ਗੁਣ ਤੇ ਪ੍ਰੀਤਿ ਬਢਿ ਅਨ ਭਾਂਤਿ ਜਨਮ ਮਰਨ ਫਿਰਿ ਤਾਨਿਆ॥

ਇਸ ਤਰ੍ਹਾਂ ਭਗਤ ਧੰਨਾ ਜੀ ਆਪਣੇ ਤਿੰਨ ਸ਼ਬਦਾਂ ਰਾਹੀਂ ਸਾਨੂੰ ਸਮਝਾਉਂਦੇ ਹਨ ਕਿ ਪ੍ਰਭੂ ਭਗਤੀ ਰਾਹੀਂ ਮਨੁੱਖ ਮਾਇਆ ਦੇ ਪ੍ਰਭਾਵ ਤੋਂ ਬਚ ਸਕਦਾ ਹੈ ਤੇ ਮਨੁੱਖ ਜਨਮ-ਮਰਨ ਦੇ ਚੱਕਰਾਂ ਤੋਂ ਰਹਿਤ ਹੋ ਜਾਂਦਾ ਹੈ। ਇਸ ਤਰ੍ਹਾਂ ਭਗਤ ਜੀ ਦੀ ਬਾਣੀ ਬਹੁਤ ਹੀ ਅਧਿਆਤਮਕ ਹੈ। ਉਨ੍ਹਾਂ ਦਾ ਸੰਦੇਸ਼ ਹੈ ਕਿ ਜੀਵਨ ਦੀਆਂ ਲੋੜਾਂ ਨੂੰ ਸੀਮਤ ਰੱਖ ਕੇ ਮਨ ਦੀ ਤ੍ਰਿਪਤੀ ਤੱਕ ਪਹੁੰਚਿਆ ਜਾ ਸਕਦਾ ਹੈ।

### ਵਰਤੀ ਆਮ ਲੋਕਾਂ ਦੀ ਭਾਸ਼ਾ

ਭਗਤ ਧੰਨਾ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਪੰਨਾ 694-95 'ਤੇ ਦਰਜ ਹੈ, ਜੋ ਮਨੁੱਖੀ ਜੀਵਨ ਲਈ ਬਹੁਤ ਹੀ ਸਾਰਥਿਕ ਹੈ। ਸੁਖਦੇਵ ਸਿੰਘ ਸ਼ਾਂਤ ਭਗਤ ਧੰਨਾ ਜੀ ਦੀ ਬਾਣੀ ਦੀ ਕਾਵਿ-ਸ਼ੈਲੀ ਬਾਰੇ ਵਿਚਾਰ ਪੇਸ਼ ਕਰਦਿਆਂ ਲਿਖਦੇ ਹਨ ਕਿ ਭਗਤ ਜੀ ਨੇ ਸਾਧ ਭਾਸ਼ਾ ਦੇ ਨਾਲ ਅਰਬੀ ਤੇ ਸੰਸਕ੍ਰਿਤ ਭਾਸ਼ਾਵਾਂ ਦੀ ਵੀ ਵਰਤੋਂ ਕੀਤੀ ਹੈ ਜਿਸ ਤਰ੍ਹਾਂ ਤਾਜਨਿ ਅਰਬੀ ਭਾਸ਼ਾ ਦਾ ਸ਼ਬਦ ਹੈ ਤੇ ਮਨੋਹਰ ਸੰਸਕ੍ਰਿਤ ਭਾਸ਼ਾ ਤੋਂ ਲਿਆ ਗਿਆ ਸ਼ਬਦ ਹੈ ਪਰ ਆਮ ਤੌਰ 'ਤੇ ਭਗਤ ਜੀ ਦੀ ਬਾਣੀ 'ਚ ਆਮ ਲੋਕਾਂ ਦੀ ਭਾਸ਼ਾ ਵਧੇਰੇ ਵਰਤੀ ਗਈ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਭਗਤ ਧੰਨਾ ਜੀ ਦੀ ਕਾਵਿ-ਸ਼ੈਲੀ ਬਾਕੀ ਭਗਤਾਂ ਦੀ ਕਾਵਿ-ਸ਼ੈਲੀ ਨਾਲ ਮਿਲਦੀ-ਜੁਲਦੀ ਹੈ। ਆਪ ਜੀ ਦੀ ਬਾਣੀ ਬਹੁਤ ਹੀ ਰਸ ਮਈ ਤੇ ਮਿੱਠੀ ਹੋਣ ਕਾਰਨ ਆਮ ਕਰਕੇ ਗੁਰੂ ਘਰਾਂ 'ਚ ਕੀਰਤਨ ਲਈ ਗਾਈ ਜਾਂਦੀ ਹੈ। ਇਸ ਤਰ੍ਹਾਂ ਆਪਣੀ ਬਾਣੀ ਸਦਕਾ ਉਹ ਭਗਤੀ ਲਹਿਰ ਦੀ ਮਾਲਾ ਦੇ ਅਨਮੋਲ ਮੋਤੀ ਬਣ ਗਏ ਤੇ ਉਨ੍ਹਾਂ ਨੂੰ ਵੱਡੇ ਭਾਗਾਂ ਵਾਲਾ ਕਹਿ ਕੇ ਵਡਿਆਈ ਦਿੱਤੀ ਜਾਂਦੀ ਹੈ। ਭਗਤੀ, ਸਾਦਗੀ, ਨਿਮਰਤਾ ਤੇ ਸੰਤੋਖ ਕਾਰਨ ਧੰਨਾ ਜੀ ਸੱਚਮੁੱਚ ਸੰਸਾਰ 'ਚ ਧੰਨ- ਧੰਨ ਹੋ ਗਏ।

### ਨਿਰੰਕਾਰ ਦੀ ਭਗਤੀ 'ਚ ਹੋਏ ਲੀਨ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ "ਧੰਨਾ ਸੇਵਿਆ ਬਾਲ ਬੁਧਿ" ਆਖ ਕੇ ਧੰਨੇ ਦਾ ਪ੍ਰਭੂ-ਮਿਲਾਪ ਦਾ ਜ਼ਿਕਰ ਕੀਤਾ ਹੈ। ਧੰਨਾ ਭਗਤ ਭਾਵੇਂ ਸ਼ੁਰੂ-ਸ਼ੁਰੂ ਵਿੱਚ ਮੂਰਤੀ ਪੂਜਾ ਕਰਦੇ ਸਨ ਪਰ ਬਾਅਦ ਵਿੱਚ ਉਹ ਨਿਰੰਕਾਰ ਦੀ ਭਗਤੀ ਵਿੱਚ ਲੀਨ ਹੋ ਗਏ। ਭਗਤ ਧੰਨਾ ਜੀ ਨੇ ਵੀ ਗੁਰੂ ਧਾਰਨ ਕਰ ਕੇ ਬ੍ਰਹਮ ਗਿਆਨ ਪ੍ਰਾਪਤ ਕਰ ਲਿਆ ਸੀ ਤੇ ਉਹ ਉੱਚੀ ਅਧਿਆਤਮਿਕ ਸ਼ਕਤੀ ਨੂੰ ਪ੍ਰਾਪਤ ਹੋ ਕੇ ਆਮ ਲੋਕਾਂ ਤੋਂ ਬਹੁਤ ਉੱਚੇ ਉੱਠ ਗਏ। ਕਿਹਾ ਜਾਂਦਾ ਹੈ ਕਿ ਜਦੋਂ ਬ੍ਰਾਹਮਣ ਨੇ ਭਗਤ ਧੰਨਾ ਜੀ ਨੂੰ ਪ੍ਰਭੂ ਦੇ ਦਰਸ਼ਨ ਕਰਵਾਉਣ ਲਈ ਕਿਹਾ ਤਾਂ ਬ੍ਰਾਹਮਣ ਦੇ ਵਾਰ-ਵਾਰ ਕਹਿਣ ਤੇ ਧੰਨਾ ਜੀ ਦੇ ਕਹਿਣ 'ਤੇ ਪ੍ਰਭੂ ਨੇ ਬ੍ਰਾਹਮਣ ਨੂੰ ਵੀ ਦਰਸ਼ਨ ਦਿੱਤੇ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਵਸਣੇ ਨੂੰ ਪਾਈਆਂ ਬੈਠਕਾਂ ਨੀ ਤੇਰੇ ਕੱਤਣੇ ਨੂੰ ਵਿਹੜਾ

ਜੋਗਿੰਦਰ ਕੌਰ ਅਗਨੀਹੋਤਰੀ



ਜਿਉਂ ਜਿਉਂ ਮਨੁੱਖ ਨੇ ਵਿਕਾਸ ਕੀਤਾ, ਤਿਉਂ-ਤਿਉਂ ਆਪਣੀਆਂ ਖੋਜਾਂ ਸਦਕਾ, ਉਸਨੇ ਆਪਣੇ ਰਹਿਣ ਸਹਿਣ ਲਈ ਵੱਖ-ਵੱਖ ਤਰ੍ਹਾਂ ਦੀਆਂ ਉਸਾਰੀਆਂ ਕੀਤੀਆਂ। ਕੁੱਲੀਆਂ ਅਤੇ ਛੱਪਰਾਂ ਤੋਂ ਬਾਅਦ ਮਨੁੱਖ ਨੇ ਆਪਣੀ ਹੈਸੀਅਤ ਮੁਤਾਬਿਕ ਕੱਚੇ ਘਰ ਬਣਾਉਣੇ ਸ਼ੁਰੂ ਕਰ ਦਿੱਤੇ। ਪਹਿਲਾਂ ਪਹਿਲ ਉਸ ਨੇ ਕੱਚੀਆਂ ਸੁਭਾਤਾਂ ਪਾਈਆਂ ਅਤੇ ਨਾਲ ਹੀ ਉਸਦੇ ਅੱਗੇ ਕੱਚੇ ਬਰਾਂਡਿਆਂ ਦੀ ਉਸਾਰੀ ਕੀਤੀ। ਰੋਟੀ ਟੁੱਕ ਪਕਾਉਣ ਲਈ, ਚੁੱਲ੍ਹੇ ਨੂੰ ਢੱਕਣ ਲਈ ,ਜੋ ਛੱਪਰ ਪਾਇਆ ਉਸ ਨੂੰ ਝਲਾਨੀ ਦਾ ਨਾਂ ਦਿੱਤਾ। ਝਲਾਨੀ ਸ਼ਬਦ ਚੁਲ੍ਹਿਆਨੀ ਦਾ ਵਿਗੜਿਆ ਹੋਇਆ ਰੂਪ ਹੈ।

ਇਸ ਖੁੱਲ੍ਹੀ ਛੱਤ ਹੇਠ ਡੰਡੇ ਗੱਡ ਕੇ ਭਾਂਡੇ ਸਾਂਭਣ ਵਾਸਤੇ ਅਤੇ ਖਾਣ ਪੀਣ ਦੀਆਂ ਚੀਜ਼ਾਂ ਰੱਖਣ ਵਾਸਤੇ ਕਾਰਨਸ ਬਣਾਏ ਜਾਂਦੇ ਸਨ ਜਿੰਨ੍ਹਾਂ ਨੂੰ ਪੇਂਡੂ ਭਾਸ਼ਾ ਵਿਚ ਟਾਂਡ ਕਿਹਾ ਜਾਂਦਾ ਸੀ। ਸਾਡੇ ਸੱਭਿਆਚਾਰ ਵਿੱਚ ਮਹਿਮਾਨ ਨਿਵਾਜ਼ੀ ਇੱਕ ਮਹੱਤਵਪੂਰਨ ਰਿਵਾਜ ਹੈ, ਜਿਸ ਨੂੰ ਸਾਰੇ ਹੀ ਬੜੇ ਖੁਸ਼ੀ ਨਾਲ ਨਿਭਾਉਂਦੇ ਹਨ। ਘਰ ਵਿੱਚ ਰਿਸ਼ਤੇਦਾਰਾਂ ਤੋਂ ਇਲਾਵਾ ਜਦੋਂ ਕੋਈ ਰਾਹਗੀਰ ਨੂੰ ਰਾਤ ਕੱਟਣ ਦਾ ਮੌਕਾ ਮਿਲਦਾ ਤਾਂ ਉਸ ਦੀ ਵੀ ਪਰਿਵਾਰ ਵੱਲੋਂ ,ਆਪਣੀ ਹੈਸੀਅਤ ਮੁਤਾਬਿਕ ਖ਼ਾਤਰਦਾਰੀ ਕੀਤੀ ਜਾਂਦੀ। ਘਰਾਂ ਵਿੱਚ ਦੁੱਧ ਘਿਓ ਦੀ ਕੋਈ ਤੋਟ ਨਾ ਹੋਣ ਕਾਰਨ, ਘਰ ਆਏ ਹੋਏ ਪ੍ਰਾਹੁਣੇ ਨੂੰ ਦੁੱਧ ਤਾਂ ਪੀਣ ਲਈ ਦਿੱਤਾ ਹੀ ਜਾਂਦਾ ਤੇ ਕਈ ਵਾਰ ਮਿੱਠੀਆਂ ਸੇਵੀਆਂ (ਦੁੱਧ ਵਾਲੀਆਂ) ਵੀ ਖਾਣ ਲਈ ਬਣਾਈਆਂ ਜਾਂਦੀਆਂ ਕਿਉਂਕਿ ਉਸ ਸਮੇਂ ਬਾਜ਼ਾਰ ਦੇ ਚਟਪਟੇ ਖਾਣੇ ਲਿਆਉਣ ਦਾ ਰਿਵਾਜ ਨਹੀਂ ਸੀ। ਅਜਿਹੇ ਹਾਲਾਤ ਵੀ ਬਣ ਜਾਂਦੇ ਹਨ ਜਦੋਂ ਮਨੁੱਖ ਨੂੰ ਆਪਣਾ ਘਰ ਬਾਰ ਛੱਡ ਕੇ ਬਾਹਰ ਦੀ ਨੌਕਰੀ ਵੀ ਕਰਨੀ ਪੈਂਦੀ ਹੈ।

ਦੇਸ਼ ਦੀ ਸੀਮਾ 'ਤੇ ਸੇਵਾ ਕਰਨ ਵਾਲੇ ਫ਼ੌਜੀ ਨੂੰ ਪਤਾ ਨਹੀਂ ਕਿੱਥੇ ਕਿੱਥੇ ਜਾ ਕੇ ਆਪਣੀ ਸੇਵਾ ਨਿਭਾਉਣੀ ਪੈਂਦੀ ਹੈ। ਕਈ ਵਾਰ ਲੰਮਾ ਸਮਾਂ ਵੀ ਬਾਹਰ ਰਹਿਣਾ ਪੈਂਦਾ ਹੈ। ਜਦੋਂ ਵੀ ਕੋਈ ਫ਼ੌਜੀ ਛੁੱਟੀ ਆਉਂਦਾ ਹੈ ਤਾਂ ਉਸਦੀ ਘਰਵਾਲੀ ਦੇ ਅੰਦਰ ਉਮੰਗਾਂ ਹੁਲਾਰੇ ਲੈਂਦੀਆਂ ਹਨ । ਆਪਣੀ ਪਤਨੀ ਦੇ ਸਾਰੇ ਚਾਅ ਪੂਰੇ ਕਰਨ ਲਈ ਉਹ ਚੰਗਾ ਮਕਾਨ ਬਣਾਉਂਦਾ ਹੈ ਪ੍ਰੰਤੂ ਉਸ ਦੀ ਪਤਨੀ ਨੂੰ ਆਪਣੀ ਪਤੀ ਤੋਂ ਬਿਨਾਂ, ਇਹ ਸਭ ਸੁੱਖ ਓਪਰੇ ਲੱਗਦੇ ਹਨ। ਜਿਸ ਦਾ ਲੋਕ ਗੀਤਾਂ ਵਿੱਚ ਇੰਝ ਜ਼ਿਕਰ ਕੀਤਾ ਜਾਂਦਾ ਹੈ।

ਕਾਂਹੇ ਨੂੰ ਪਾਈਆਂ ਬੈਠਕਾਂ,
ਕਾਂਹੇ ਰੱਖਿਆ ਵੇ, ਵਿਹੜਾ ?
ਵੇ ਨੌਕਰਾ, ਕਾਂਹੇ ਰੱਖਿਆ ਵੇ ਵਿਹੜਾ ?

ਫ਼ੌਜੀ ਨੇ ਆਪਣੇ ਘਰ ਦੀ ਸ਼ਾਨ ਬਣਾਉਣ ਲਈ ਬੈਠਕ ਵੀ ਪਾਈ ਪ੍ਰੰਤੂ ਉਸ ਦੀ ਪਤਨੀ ਉਸ ਨੂੰ ਛੁੱਟੀ ਕੱਟ ਕੇ ਜਾਣ ਤੋਂ ਪਹਿਲਾਂ ਨਿਹੋਰਾ ਦਿੰਦੀ ਹੈ ਤਾਂ ਉਹ ਉਸਦੀ ਤਸੱਲੀ ਕਰਵਾਉਣ ਲਈ ਉਸਨੂੰ ਦਿਲਾਸਾ ਦਿੰਦਾ ਇੰਝ ਕਹਿੰਦਾ ਹੈ-

ਵਸਣੇ ਨੂੰ ਪਾਈਆਂ ਬੈਠਕਾਂ
ਨੀ ਤੇਰੇ ਕੱਤਣੇ ਨੂੰ ਵਿਹੜਾ।

ਫ਼ੌਜੀ ਦੇ ਇੰਨਾ ਕਹਿਣ 'ਤੇ ਫੌਜਣ ਦੇ ਦਿਲ ਦਾ ਬੈਰਾਗ ਰੋਹ ਵਿੱਚ ਬਦਲ ਜਾਂਦਾ ਹੈ। ਉਸ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ ਤਾਂ ਉਸਨੂੰ ਕਹਿੰਦੀ ਹੈ ਕਿ ਉਸ ਨੂੰ ਉਸਦੇ ਬਿਨਾਂ ਕਿਸੇ ਸੁੱਖ-ਸੁਵਿਧਾ ਦੀ ਲੋੜ ਨਹੀਂ ਉਸਨੂੰ ਤਾਂ ਸਿਰਫ ਫ਼ੌਜੀ ਦੀ ਹੀ ਲੋੜ ਹੈ-

ਤੂੰ ਤੁਰ ਚੱਲਿਆ ਨੌਕਰੀ
ਇੱਥੇ ਵਸੂਗਾ ਵੇ ਕਿਹੜਾ ?
ਵੇ ਨੌਕਰਾ, ਏਥੇ ਵਸੂਗਾ ਵੇ ਕਿਹੜਾ ?

ਫ਼ੌਜੀ ਨੂੰ ਚਾਵਾਂ ਨਾਲ ਪਾਈ ਹੋਈ ਬੈਠਕ ਵੀ ਨਿਰਾਸ਼ ਕਰਦੀ ਹੈ ਤੇ ਉਹ ਪਤਨੀ ਨੂੰ ਸਮਝਾਉਂਦਾ ਹੈ ਕਿ ਇੱਥੇ ਉਸਦਾ ਬਾਲਕ ਹੈ ਭਾਵ ਪੁੱਤਰ ਹੈ ਅਤੇ ਉਸਦਾ ਛੋਟਾ ਭਰਾ ਹੈ । ਉਹ ,ਉਸ ਕੋਲ ਰਹਿਣਗੇ ਪ੍ਰੰਤੂ ਫੌਜਣ ਨੂੰ ਉਸ ਦੇ ਵਿਚਾਰ ਚੰਗੇ ਨਹੀਂ ਲੱਗਦੇ।

ਫ਼ੌਜੀ ਆਪਣੇ ਮਨ ਦੇ ਭਾਵਾਂ ਨੂੰ ਇਸ ਤਰ੍ਹਾਂ ਪ੍ਰਗਟਾਉਂਦਾ ਹੈ-

ਬਚੜਾ ਮੇਰਾ ਤੇਰੇ ਕੋਲ ਹੈ,
ਨਾਲੇ ਵੀਰ ਨੀ ਮੇਰਾ।

ਪਰ ਫੌਜਣ ਤੇ ਉਸਦੇ ਇਨ੍ਹਾਂ ਸ਼ਬਦਾਂ ਦਾ ਕੋਈ ਅਸਰ ਨਹੀਂ ਹੁੰਦਾ ਸਗੋਂ ਉਹ ਹੋਰ ਵੀ ਗੁੱਸੇ ਵਿਚ ਕਹਿੰਦੀ ਹੈ-

ਵੀਰਨ ਤੇਰਾ ਸ਼ਰੀਕ ਹੈ ਮੇਰਾ,
ਨੌਕਰਾਂ ਵੇ, ਉਹ ਕੀ ਲੱਗਦਾ ਏ ਮੇਰਾ ?

ਫ਼ੌਜੀ ਵਿਚਾਰਾ ਕਿੱਧਰ ਜਾਵੇ। ਚਾਵਾਂ ਨਾਲ ਪਾਈ ਬੈਠਕ, ਉਸਨੂੰ ਆਪਣੇ ਸਾਹਮਣੇ ਢਹਿੰਦੀ ਹੋਈ ਪ੍ਰਤੀਤ ਹੁੰਦੀ ਹੈ। ਉਸ ਦੇ ਮਨ ਦੀ ਖੁਸ਼ੀ, ਨਿਰਾਸ਼ਾ ਵਿੱਚ ਬਦਲ ਜਾਂਦੀ ਹੈ, ਜਦੋਂ ਉਸ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਸਦੀ ਪਤਨੀ ਉਸਦੇ ਜਾਣ ਤੋਂ ਬਾਅਦ ਆਪਣੇ ਪੇਕੇ ਚਲੀ ਜਾਵੇਗੀ ਤਾਂ ਉਸ ਨੂੰ ਪੇਕੇ ਜਾਣ ਤੋਂ ਰੋਕਣ ਲਈ ਕਹਿੰਦਾ ਹੈ ਕਿ ਮੇਰਾ ਬੱਚਾ ਤੇਰੇ ਪੇਕੇ ਜਾ ਕੇ ਰੁਲ ਜਾਵੇਗਾ-

ਜੇ ਤੂੰ ਤੁਰ ਗਈ ਪੇਕੜੇ,
ਬਾਲਕ ਰੁਲ ਜੂਗਾ ਨੀਂ ਮੇਰਾ।
ਨੀ ਗੋਰੀਏ, ਬਾਲਕ ਰੁਲ ਜੂ ਨੀ ਮੇਰਾ ।

ਭਾਵੇਂ ਇਸ ਗੱਲ ਦਾ ਅਹਿਸਾਸ ਫੌਜਣ ਨੂੰ ਹੋ ਜਾਂਦਾ ਹੈ ਪਰ ਫਿਰ ਵੀ ਉਹ ਆਪਣੀ ਹਉਮੈ ਕਾਰਨ ਇਸ ਗੱਲ ਨੂੰ ਮੰਨਣ ਤੋਂ ਇਨਕਾਰ ਕਰਦੀ ਹੈ ਅਤੇ ਕਹਿੰਦੀ ਹੈ-

ਭਤੀਜੇ ਨੂੰ ਚੱਕ ਲੂੰ ਗੋਦੜੀ,
ਉਂਗਲੀ ਲਾ ਲੂੰਗੀ ਵੇ ਤੇਰਾ ।
ਵੇ ਨੌਕਰਾ, ਉਂਗਲੀ ਲਾ ਲੂੰਗੀ ਵੇ ਤੇਰਾ।

ਸੋ ਇਸ ਤਰ੍ਹਾਂ ਦੇ ਲੋਕ ਗੀਤਾਂ ਵਿੱਚ ਸਮਾਜ ਦੇ ਹਾਲਤ ਨੂੰ ਯਥਾਰਥ ਵਿੱਚ ਪੇਸ਼ ਕੀਤਾ ਜਾਂਦਾ ਹੈ ਤੇ ਇਹ ਵੀ ਦੱਸਿਆ ਜਾਂਦਾ ਹੈ ਕਿ ਪਦਾਰਥ ਨਾਲ ਮੋਹ ਭਾਵੇਂ ਜ਼ਰੂਰੀ ਹੈ ਪਰ ਪਦਾਰਥ ਤੋਂ ਉੱਪਰ ਉੱਠ ਕੇ ਅੰਦਰੂਨੀ ਮੁਹੱਬਤ ਵੀ ਬਹੁਤ ਮਾਅਨੇ ਰੱਖਦੀ ਹੈ।

# ਘੜਾ ਵੱਜਦਾ ਘੜੋਲੀ ਵੱਜਦੀ...




ਬਲਜਿੰਦਰ ਮਾਨ

ਘੜਾ ਪੰਜਾਬੀਆਂ ਦਾ ਹਰਮਨ ਪਿਆਰਾ ਬਰਤਨ ਰਿਹਾ ਹੈ ਜੋ ਕੁਝ ਅਰਸਾਂ ਪਹਿਲਾਂ ਹਰ ਘਰ ਦਾ ਸ਼ਿੰਗਾਰ ਹੁੰਦਾ ਸੀ। ਇਸ ਨੂੰ ਗ਼ਰੀਬਾਂ ਦਾ ਫਰਿੱਜ ਵੀ ਆਖਿਆ ਜਾਂਦਾ ਹੈ। ਕੋਰੇ ਘੜੇ ਵਿੱਚ ਪਾਣੀ ਜਿੱਥੇ ਸ਼ੁੱਧ ਰਹਿੰਦਾ ਹੈ ਉੱਥੇ ਠੰਢਾ ਸ਼ੀਤ ਵੀ ਰਹਿੰਦਾ ਹੈ। ਸਮੇਂ ਦੀ ਤੋਰ ਨੇ ਅਤੇ ਵਿਗਿਆਨਕ ਤਰੱਕੀ ਨੇ ਸਾਨੂੰ ਕਿਤੇ ਦੇ ਕਿਤੇ ਪਹੁੰਚਾ ਦਿੱਤਾ ਹੈ। ਹੁਣ ਘਰ-ਘਰ ਲੱਗੀਆਂ ਟੂਟੀਆਂ, ਸਬਮਰਸੀਬਲ ਪੰਪ ਘੜੇ ਵਰਗੇ ਬਰਤਨਾਂ ਦੀ ਯਾਦ ਵੀ ਨਹੀਂ ਆਉਣ ਦਿੰਦੇ। ਕੱਚੇ ਬਰਤਨਾਂ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਨ੍ਹਾਂ ਵਿੱਚ ਕੋਈ ਵੀ ਵਸਤੂ ਜਲਦੀ ਖ਼ਰਾਬ ਨਹੀਂ ਹੁੰਦੀ। ਪੁਰਾਣੇ ਜ਼ਮਾਨੇ ਵਿੱਚ ਕੱਚੇ ਕਟੋਰੇ, ਘੜੇ, ਚਾਟੀਆਂ, ਕੁੱਜੇ, ਘੜੋਲੀਆਂ, ਕਨਾਲੀਆਂ, ਦਧੂਨੇ, ਝੱਜਾ ਆਦਿ ਦੀ ਆਮ ਵਰਤੋਂ ਕੀਤੀ ਜਾਂਦੀ ਸੀ। ਹੁਣ ਇਨ੍ਹਾਂ ਦੇ ਦਰਸ਼ਨ ਅਜਾਇਬ ਘਰਾਂ ਵਿੱਚ ਹੀ ਹੁੰਦੇ ਹਨ। ਅਜੋਕੀ ਪੀੜ੍ਹੀ ਦੀਆਂ ਬਹੁਤੀਆਂ ਮੁਟਿਆਰਾਂ ਅਤੇ ਗੱਭਰੂ ਇਨ੍ਹਾਂ ਦੇ ਨਾਵਾਂ ਤੋਂ ਵੀ ਨਾ ਵਾਕਿਫ ਹਨ। ਸ਼ਾਇਦ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਅਜੂਬੇ ਲੱਗਣ।

ਘੜੇ ਦਾ ਸਿੱਧਾ ਸਬੰਧ ਖੂਹ ਨਾਲ ਜੁੜਦਾ ਹੈ। ਜਦੋਂ ਨਲਕੇ ਅਤੇ ਟੂਟੀਆਂ ਨਹੀਂ ਹੁੰਦੇ ਸਨ ਤਾਂ ਮੁਟਿਆਰਾਂ ਡਾਰਾਂ ਬੰਨ੍ਹ-ਬੰਨ੍ਹ ਖੂਹ ਤੋਂ ਪਾਣੀ ਭਰਨ ਜਾਂਦੀਆਂ ਸਨ। ਉੱਥੇ ਉਨ੍ਹਾਂ ਨੂੰ ਗੱਲਾਂ ਬਾਤਾਂ ਅਤੇ ਹਾਸੇ ਠੱਠੇ ਲਈ ਮੋਕਲਾ ਮਾਹੌਲ ਮਿਲ ਜਾਂਦਾ ਸੀ। ਉਹ ਛੇੜਖਾਨੀ ਵੀ ਕਰਦੀਆਂ ਸਨ। ਕਈ ਜ਼ੋਰ ਵਾਲੀਆਂ ਮੁਟਿਆਰਾਂ ਆਪਣੀ ਸੀਨਾ ਜ਼ੋਰੀ ਦਿਖਾਉਂਦੀਆਂ ਹੋਈਆਂ ਤਿੰਨ ਤਿੰਨ ਘੜੇ ਚੁੱਕ ਕੇ ਮੜ੍ਹਕ ਨਾਲ ਤੁਰਦੀਆਂ ਸਨ। ਖੂਹ 'ਤੇ ਪਿਆ ਡੋਲ ਅਤੇ ਲੱਜ ਸਭ ਤੋਂ ਮਹੱਤਵਪੂਰਨ ਯੰਤਰ ਸਨ ਜਿਨ੍ਹਾਂ ਦੇ ਸਹਾਰੇ ਖੂਹ ਵਿੱਚੋਂ ਪਾਣੀ ਨੂੰ ਬਾਹਰ ਕੱਢਿਆ ਜਾਂਦਾ ਸੀ। ਕਈ ਪਹਾੜੀ ਪਿੰਡਾਂ ਵਿੱਚ ਇਹ ਖੂਹ ਸੱਤਰ ਸੱਤਰ ਫੁੱਟ ਤੱਕ ਵੀ ਡੂੰਘੇ ਹੁੰਦੇ ਸਨ। ਤੁਸੀਂ ਖ਼ੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਉਨ੍ਹਾਂ ਮੁਟਿਆਰਾ ਵਿੱਚ ਕਿੰਨੀ ਸ਼ਕਤੀ, ਸਬਰ ਸੰਤੋਖ ਅਤੇ ਹੌਸਲਾ ਹੁੰਦਾ ਹੋਵੇਗਾ ਜੋ ਸਾਰੇ ਘਰ ਦੀ ਵਰਤੋਂ ਵਾਲਾ ਪਾਣੀ ਲੱਜ ਅਤੇ ਡੋਲ ਨਾਲ ਖੂਹ ਵਿੱਚੋਂ ਕੱਢਦੀਆਂ ਸਨ। ਫਿਰ ਜਾ ਕੇ ਬਾਕੀ ਕਾਰੋਬਾਰ ਚੱਲਦੇ ਸਨ। ਉਸ ਜ਼ਮਾਨੇ ਦਾ ਜੀਵਨ ਬਹੁਤ ਕਠਿਨ ਸੀ। ਸੁਆਣੀਆਂ ਖਾਣ ਵਾਸਤੇ ਆਟਾ ਵੀ ਘਰ ਵਿੱਚ ਹੀ ਚੱਕੀ 'ਤੇ ਪੀਸਦੀਆਂ ਹੁੰਦੀਆਂ ਸਨ। ਲੋਕ ਸਾਹਿਤ ਵਿੱਚ ਇਸ ਜਨ ਜੀਵਨ ਬਾਰੇ ਬਹੁਤ ਸਰਮਾਇਆ ਪਿਆ ਹੈ;

ਘੜਾ ਚੁੱਕੀ ਜਾਣ ਮੁਟਿਆਰਾਂ
ਜਿਉਂ ਹਰਨਾਂ ਦੀਆਂ ਡਾਰਾਂ।

ਜਦੋਂ ਇੱਕ ਮੁਟਿਆਰ ਇਕੱਲੀ ਖੂਹ 'ਤੇ ਰਹਿ ਜਾਂਦੀ ਹੈ ਤਾਂ ਉਸ ਨੂੰ ਲਾਗੇ ਖੜ੍ਹੇ ਕਿਸੇ ਚੋਬਰ ਨੂੰ ਆਵਾਜ਼ ਮਾਰ ਕੇ ਘੜਾ ਚੁਕਾਉਣਾ ਪੈਂਦਾ ਸੀ ਕਿਉਂਕਿ ਮਨਚਲਿਆਂ ਲਈ ਖੂਹ ਇੱਕ ਖਿੱਚ ਦਾ ਕੇਂਦਰ ਹੁੰਦਾ ਸੀ;



ਘੜਾ ਚੁਕਾ ਜਾਈਂ ਵੇ ਚੋਬਰਾ
ਖੜ੍ਹੀ ਆਵਾਜ਼ਾਂ ਮਾਰਾਂ
ਛੱਡ ਕੇ ਮੈਨੂੰ ਤੁਰ ਗਈਆਂ
ਮੇਰੇ ਹਾਣ ਦੀਆਂ ਮੁਟਿਆਰਾਂ।

ਪੁਰਾਣੇ ਜ਼ਮਾਨੇ ਵਿੱਚ ਜਦੋਂ ਲੋਕ ਪੈਦਲ ਹੀ ਸਫ਼ਰ ਕਰਦੇ ਸਨ ਤਾਂ ਅਮੀਰ ਲੋਕਾਂ ਵੱਲੋਂ ਦਸ ਬਾਰ੍ਹਾਂ ਕੋਹ 'ਤੇ ਪਉ ਦਾ ਪ੍ਰਬੰਧ ਕੀਤਾ ਹੁੰਦਾ ਸੀ। ਜਿਸ ਥਾਂ ਰਾਹੀ ਬੈਠ ਕੇ ਆਰਾਮ ਕਰਦੇ ਅਤੇ ਦਰੱਖਤ ਹੇਠਾਂ ਰੱਖੇ ਪਾਣੀ ਦੇ ਘੜੇ ਵਿੱਚੋਂ ਪਾਣੀ ਪੀ ਕੇ ਆਪਣੀ ਪਿਆਸ ਬੁਝਾਉਂਦੇ ਸਨ। ਇਸੇ ਤਰ੍ਹਾਂ ਰਾਹਾਂ ਵਿੱਚ ਅਮੀਰਾਂ, ਦਾਨੀਆਂ, ਰਾਜਿਆਂ ਵੱਲੋਂ ਸਰਾਵਾਂ ਦਾ ਨਿਰਮਾਣ ਵੀ ਕਰਵਾਇਆ ਜਾਂਦਾ ਸੀ। ਸਰਾਵਾਂ ਵਿੱਚ ਰਿਹਾਇਸ਼ ਵਾਸਤੇ ਕਮਰੇ ਅਤੇ ਪਾਣੀ ਪੀਣ ਵਾਸਤੇ ਖੂਹ ਲਗਵਾਏ ਜਾਂਦੇ ਸਨ। ਕਈ ਬਜ਼ੁਰਗ ਆਪਣੇ ਖੇਤਾਂ ਵਿੱਚ ਦਰੱਖਤਾਂ 'ਤੇ ਜੇਠ ਹਾੜ੍ਹ ਦੇ ਮਹੀਨਿਆਂ ਵਿੱਚ ਘੜੇ ਚਾਟੀਆਂ ਦੇ ਟੁੱਟੇ ਹੋਏ ਠੀਕਰਿਆਂ ਵਿੱਚ ਪੰਛੀਆਂ ਅਤੇ ਜਾਨਵਰਾਂ ਵਾਸਤੇ ਪਾਣੀ ਭਰਿਆ ਕਰਦੇ ਸਨ। ਅੱਜ ਵੀ ਅਜਿਹੇ ਕਾਰਜਾਂ ਨੂੰ ਪੁੰਨ ਦਾ ਕਾਰਜ ਮੰਨਿਆ ਜਾਂਦਾ ਹੈ।

ਸਾਡੇ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਵਿੱਚ ਘੜੇ ਦਾ ਨਿਵੇਕਲੇ ਅੰਦਾਜ਼ ਨਾਲ ਬਿਆਨ ਕੀਤਾ ਮਿਲਦਾ ਹੈ। ਦਿਉਰ-ਭਾਬੀ ਦਾ ਰਿਸ਼ਤਾ ਵੀ ਬੜਾ ਨਿੱਘਾ ਤੇ ਪਿਆਰ ਵਾਲਾ ਹੁੰਦਾ ਹੈ। ਇਸੇ ਲਈ ਉਹ ਆਖਦਾ ਹੈ;

ਕੱਚੀਆਂ ਖੂਹੀਆਂ 'ਤੇ ਡੋਲ ਖੜਕਦੇ
ਪਾਣੀ ਦਿਆਂ ਘੜਿਆਂ ਨੂੰ ਕੌਣ ਢੋਊਗਾ।
ਭਾਬੀ ਸਾਗ ਨੂੰ ਨਾ ਜਾਈਂ
ਤੇਰਾ ਮੁੰਡਾ ਰੋਊਗਾ।

ਸੋਹਣੀ ਮਹੀਂਵਾਲ ਦੇ ਪਿਆਰ ਦੀ ਅਮਰ ਕਹਾਣੀ ਵਿੱਚ ਘੜਾ ਵੀ ਇੱਕ ਪਾਤਰ ਵਜੋਂ ਉੱਭਰਿਆ ਹੈ। ਕੱਚੇ ਘੜੇ ਨੇ ਉਸ ਦੀ ਜੀਵਨ ਕਹਾਣੀ ਹੀ ਪਲਟ ਕੇ ਰੱਖ ਦਿੱਤੀ। ਅੱਲ੍ਹੜ ਉਮਰ ਦੀਆਂ ਲੱਗੀਆਂ ਨਿਭਾਉਣ ਲਈ ਜਦੋਂ ਉਹ ਕੱਚਾ ਪੱਕਾ ਦੇਖੇ ਬਗੈਰ ਹੀ ਝਨਾ ਵਿੱਚ ਠਿੱਲ ਪੈਂਦੀ ਹੈ ਤਾਂ ਘੜਾ ਕੱਚਾ ਹੋਣ ਕਰਕੇ ਖੁਰਨ ਲੱਗ ਪੈਂਦਾ ਹੈ ਤਾਂ ਉਹ ਆਖਦੀ ਹੈ;

ਮੈਨੂੰ ਪਾਰ ਲੰਘਾਦੇ ਵੇ
ਘੜਿਆ ਮਿੰਨਤਾਂ ਤੇਰੀਆਂ ਕਰਦੀ।
ਜੇਕਰ ਸੋਹਣੀ ਦਾ ਸਾਥੀ ਘੜਾ ਨਾ ਬਣਦਾ

ਤਾਂ ਸ਼ਾਇਦ ਇਸ ਕਹਾਣੀ ਦਾ ਮੂੰਹ-ਮੱਥਾ ਕਿਸੇ ਹੋਰ ਢੰਗ ਦਾ ਹੁੰਦਾ। ਉਸ ਦੀ ਨਣਦ ਨੇ ਦਗਾ ਕਮਾਇਆ ਤੇ ਪੱਕੇ ਦੀ ਥਾਂ ਕੱਚਾ ਰੱਖ ਦਿੱਤਾ। ਇਸ਼ਕ ਵਿੱਚ ਪਾਗਲ ਹੋਈ ਸੋਹਣੀ ਨੂੰ ਕੁਝ ਵੀ ਦਿਖਾਈ ਨਾ ਦਿੱਤਾ;

ਨਣਦ ਨੇ ਡਾਢਾ ਕਹਿਰ ਕਮਾਇਆ
ਪੱਕਾ ਚੁੱਕ ਕੇ ਕੱਚਾ ਟਿਕਾਇਆ

ਪੰਜਾਬਣਾਂ ਜਦੋਂ ਗਿੱਧੇ ਦੇ ਪਿੜ ਵਿੱਚ ਜਾਂਦੀਆਂ ਹਨ ਤਾਂ ਧਰਤੀ ਦੀ ਹਿੱਕ ਹਿਲਾ ਦਿੰਦੀਆਂ ਹਨ;

ਘੜਾ ਆਰ ਸੋਹਣੀਏ, ਘੜਾ ਪਾਰ ਸੋਹਣੀਏ
ਘੜਾ ਚੁੱਕ ਲੈ ਦੰਦਾਂ ਦੇ ਨਾਲ ਸੋਹਣੀਏ।

ਘੜੇ ਨਾਲ ਸਾਡਾ ਅਧਿਆਤਮਕ ਜੀਵਨ ਵੀ ਜੁੜਿਆ ਹੋਇਆ ਹੈ। ਮਹਾਪੁਰਖਾਂ ਨੇ ਉਸ ਨੂੰ ਦ੍ਰਿਸ਼ਟਾਂਤ ਵਜੋਂ ਵੀ ਵਰਤਿਆ ਹੈ। ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ:

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥

ਇਹ ਗੱਲ ਨਿਸ਼ਚੇ ਨਾਲ ਆਖੀ ਜਾ ਸਕਦੀ ਹੈ ਕਿ ਸਾਡੇ ਸੱਭਿਆਚਾਰਕ ਜੀਵਨ ਦਾ ਘੜੇ ਤੋਂ ਬਗੈਰ ਅਧਿਐਨ ਅਧੂਰਾ ਹੈ। ਮੁਟਿਆਰ ਦੀ ਜੀਵਨ ਕਹਾਣੀ ਨਾਲ ਜੁੜੇ ਘੜੇ ਬਾਰੇ ਕੁਝ ਹੋਰ ਅਮਰ ਸਤਰਾਂ 'ਤੇ ਇੱਕ ਝਾਤ ਮਾਰ ਲੈਂਦੇ ਹਾਂ;

* ਉਸ ਪਾਰ ਮੇਰੇ ਮਾਹੀ ਦਾ ਡੇਰਾ
ਘੜਿਆ ਸਾਥ ਨਿਭਾਈਂ ਮੇਰਾ।
* ਘੜਾ ਆਰ ਨੂੰ ਵੇ ਘੜਾ ਪਾਰ ਨੂੰ ਵੇ
ਘੜਾ ਚੁੱਕਿਆ ਨਾ ਜਾਏ ਮੁਟਿਆਰ ਤੋਂ ਵੇ।
* ਘੜਾ ਵੱਜਦਾ ਘੜੋਲੀ ਵੱਜਦੀ
ਕਿਤੇ ਗਾਗਰ ਵੱਜਦੀ ਸੁਣ ਮੁੰਡਿਆ..

ਅੱਜ ਅਸੀਂ ਆਪਣੀ ਅਮੀਰੀ ਦਾ ਦਿਖਾਵਾ ਕਰਨ ਲਈ ਘੜਿਆਂ ਨੂੰ ਛੱਡ ਫਰਿੱਜਾਂ ਦੇ ਕਾਇਲ ਹੋ ਗਏ ਹਾਂ। ਸਮੇਂ ਦੀ ਤੋਰ ਨਾਲ ਘਰ ਦੇ ਬਰਤਨਾਂ ਵਿੱਚ ਤਬਦੀਲੀ ਆ ਗਈ ਹੈ ਪਰ ਇਹ ਵੀ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਘੜੇ ਦਾ ਪਾਣੀ ਫਿਲਟਰ ਵਾਲੇ ਪਾਣੀ ਨਾਲੋਂ ਕਿਤੇ ਸਿਹਤਮੰਦ ਹੁੰਦਾ ਹੈ। ਇਸੇ ਕਰਕੇ ਘੜੇ ਦੇ ਵੰਨ ਸੁਵੰਨੇ ਮਾਡਲ ਬਾਜ਼ਾਰ ਵਿੱਚ ਉਪਲੱਬਧ ਹੋਣ ਲੱਗ ਪਏ ਹਨ। ਫਰਿੱਜ ਅਤੇ ਕੂਲਰਾਂ ਦੇ ਪਾਣੀ ਨੂੰ ਛੱਡ ਕੇ ਕੁਝ ਲੋਕ ਮੁੜ ਇਸ ਦੀ ਵਰਤੋਂ ਕਰਨ ਲੱਗ ਪਏ ਹਨ। ਇਸ ਤਰ੍ਹਾਂ ਘੜਾ ਪੁਰਾਣੇ ਸਮੇਂ ਤੋਂ ਹੀ ਸਾਡੇ ਜਨ ਜੀਵਨ ਦਾ ਆਧਾਰ ਬਣਿਆ ਹੋਇਆ ਹੈ। ਪਾਠ ਪੂਜਾ ਮੌਕੇ ਵੀ ਕੁੱਜੇ ਜਾਂ ਘੜੇ ਵਿੱਚ ਜਲ ਰੱਖਿਆ ਜਾਂਦਾ ਹੈ ਜਿਸ ਨੂੰ ਅੰਮ੍ਰਿਤ ਕਿਹਾ ਜਾਂਦਾ ਹੈ। ਸ਼ੁਭ ਮੌਕਿਆਂ 'ਤੇ ਮਹੂਰਤ ਵੇਲੇ ਕੁੱਜੇ ਵਿੱਚ ਜਲ ਦਾ ਹੋਣਾ ਲਾਜ਼ਮੀ ਮੰਨਿਆ ਜਾਂਦਾ ਹੈ। ਭਾਵ ਸਾਡਾ ਸਾਰਾ ਜੀਵਨ ਕੁੰਭ ਦੁਆਲੇ ਹੀ ਘੁੰਮਦਾ ਹੈ। ਘੜਾ ਅਤੇ ਪਾਣੀ ਸਾਡੀ ਜੀਵਨ ਕਹਾਣੀ ਨੂੰ ਘੜਨ ਵਾਲੇ ਹਨ। ਅੱਜਕੱਲ੍ਹ ਚਾਟੀ, ਚੁੱਲ੍ਹਾ, ਚੱਕੀ, ਚਰਖਾ ਸਭ ਯੰਤਰ ਅਜਾਇਬ ਘਰਾਂ ਦਾ ਸ਼ਿੰਗਾਰ ਬਣ ਗਏ ਹਨ। ਅਜੋਕੀ ਪੀੜ੍ਹੀ ਦੀਆਂ ਬਹੁਤੀਆਂ ਮੁਟਿਆਰਾਂ ਲਈ ਘੜਾ ਚੁੱਕਣਾ ਤਾਂ ਦੂਰ ਦੀ ਗੱਲ ਰਹੀ, ਉਨ੍ਹਾਂ ਨੂੰ ਤਾਂ ਘੜੇ ਦੀਆਂ ਨਿਹਮਤਾਂ ਦਾ ਵੀ ਗਿਆਨ ਨਹੀਂ ਹੈ। ਕਿਸੇ ਨੇ ਠੀਕ ਹੀ ਇਸ ਨੂੰ ਗ਼ਰੀਬਾਂ ਦੀ ਫਰਿੱਜ ਆਖਿਆ ਹੈ।

# ਸਿੱਖ ਧਰਮ ਵਿੱਚ ਅਖੰਡ ਪਾਠ ਦੀ ਪਰੰਪਰਾ ਕਦੋਂ ਸ਼ੁਰੂ ਹੋਈ?

ਤਲਵਿੰਦਰ ਸਿੰਘ ਬੁਟਰ

ਪੰਚਮ ਪਾਤਸ਼ਾਹ, ਬਾਣੀ ਕੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ, ਆਪਣੇ ਸਮੇਤ ਆਪਣੇ ਤੋਂ ਪੂਰਬਲੇ ਚਾਰ ਗੁਰੂ ਸਾਹਿਬਾਨ ਦੀ ਗੁਰਬਾਣੀ ਦੀਆਂ ਪੋਥੀਆਂ ਇਕੱਤਰ ਕਰਨ ਤੋਂ ਬਾਅਦ 15 ਭਗਤਾਂ, 11 ਭੱਟਾਂ ਅਤੇ 3 (ਕੁਝ ਇਤਿਹਾਸਕਾਰਾਂ ਅਨੁਸਾਰ 4) ਗੁਰਸਿੱਖਾਂ ਦੀ ਬਾਣੀ ਇਕੱਤਰ ਕਰਕੇ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਮਨੁੱਖਤਾ ਦੇ ਸੰਸਾਰੀ ਅਤੇ ਆਤਮਿਕ ਕਲਿਆਣ ਲਈ ਇੱਕ ਬੇਨਜ਼ੀਰ ਪਰਉਪਕਾਰ ਕੀਤਾ ਗਿਆ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਦੋਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਲਾਹੌਰ ’ਚ ਤੱਤੀ ਤਵੀ ’ਤੇ ਬਿਠਾ ਕੇ ਬੇਅੰਤ ਤਸੀਹੇ ਦੇਣ ਤੋਂ ਬਾਅਦ ਸ਼ਹੀਦ ਕਰਵਾਇਆ ਤਾਂ ਆਪ ਜੀ ਦੇ ਸਪੁੱਤਰ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੰਚਮ ਪਾਤਸ਼ਾਹ ਜੀ ਨਮਿਤ ਕੋਠੜੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਕਰਵਾਇਆ। ਛੇਵੇਂ ਪਾਤਸ਼ਾਹ ਨੇ ਬਾਬਾ ਬੁੱਢਾ ਜੀ ਕੋਲੋਂ 13 ਦਿਨਾਂ ’ਚ ਸਹਿਜ ਪਾਠ ਸਰਵਣ ਕੀਤਾ। ਭੋਗ ਸਮੇਂ ਭਾਈ ਗੁਰਦਾਸ ਜੀ ਚੌਰ ਦੀ ਸੇਵਾ ਕਰ ਰਹੇ ਸਨ ਅਤੇ ਅਰਦਾਸ ਤੋਂ ਬਾਅਦ ਮੁਖਵਾਕ ਲੈ ਕੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਛੇਵੇਂ ਪਾਤਸ਼ਾਹ ਨੇ ਬਾਬਾ ਬੁੱਢਾ ਜੀ ਨੂੰ ਪੰਜ ਘੋੜੇ, ਇੱਕ ਹਾਥੀ, ਪੰਜ ਸੌ ਮੋਹਰਾਂ ਅਤੇ ਸੁੰਦਰ ਪੁਸ਼ਾਕੇ ਗ੍ਰੰਥੀ ਸਿੰਘ ਵਜੋਂ ਬਖ਼ਸ਼ਿਸ਼ ਕੀਤੇ। ਇੱਥੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਪਰੰਪਰਾ ਸ਼ੁਰੂ ਹੋਈ। ਇਸ ਤੋਂ ਬਾਅਦ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ, ਮਾਤਾ ਗੰਗਾ ਜੀ ਸੱਚਖੰਡ ਪਿਆਨਾ ਕੀਤੇ ਤਾਂ ਛੇਵੇਂ ਪਾਤਸ਼ਾਹ ਜੀ ਨੇ ਆਪਣੇ ਪੂਜਨੀਕ ਮਾਤਾ ਜੀ ਨਮਿਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭਾਈ ਗੁਰਦਾਸ ਜੀ ਪਾਸੋਂ ਸਹਿਜ ਪਾਠ ਕਰਵਾਇਆ। ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੇ ਅਕਾਲ ਚਲਾਣੇ ਉਪਰੰਤ ਵੀ ਉਨ੍ਹਾਂ ਨਮਿਤ ਸਹਿਜ ਪਾਠ ਕੀਤੇ ਗਏ। ਇਸੇ ਤਰ੍ਹਾਂ ਸਭ ਤੋਂ ਪਹਿਲਾ ਅਖੰਡ ਪਾਠ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪ੍ਰਯਾਗਰਾਜ ਤ੍ਰਿਬੈਣੀ (ਇਲਾਹਾਬਾਦ) ਵਿਖੇ ਗੁਰਮਤਿ ਪ੍ਰਚਾਰ ਦੀ ਫੇਰੀ ਦੌਰਾਨ ਕਰਵਾਇਆ ਸੀ। ਜਿਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੰਸਾਰੀ ਉਮਰ ਲਗਪਗ 45 ਸਾਲ ਹੋ ਗਈ ਤਾਂ ਆਪ ਜੀ ਦੇ ਮਾਤਾ ਜੀ ਪੂਜਨੀਕ ਮਾਤਾ ਨਾਨਕੀ ਜੀ ਕਹਿਣ ਲੱਗੇ, ‘ਆਪ ਦੇ ਪਿਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਚਨ ਕੀਤੇ ਸਨ ਕਿ ਤੁਸੀਂ ਪੋਤਰੇ ਨੂੰ ਖਿਡਾਵੋਗੇ। ਉਹ ਸਮਾਂ ਕਦੋਂ ਆਵੇਗਾ?’ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਫ਼ਰਮਾਉਣ ਲੱਗੇ, ‘ਮਾਤਾ ਜੀ! ਇਹ ਵਾਹਿਗੁਰੂ ਜੀ ਦੇ ਵੱਸ ਹੈ। ਜਦੋਂ ਸੱਚੇ ਪਾਤਸ਼ਾਹ ਜੀ ਨੂੰ ਭਾਇਆ, ਉਹ ਅਵੱਸ਼ ਬਖ਼ਸ਼ਿਸ਼ ਕਰਨਗੇ।’

ਉਸ ਵਕਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤ੍ਰਿਬੈਣੀ (ਹੁਣ ਗੁਰਦੁਆਰਾ ਸਿੱਖ ਸੰਗਤ ਇਲਾਹਾਬਾਦ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਵਾਇਆ। ਇਸ ਦੌਰਾਨ ਪੰਜ ਬ੍ਰਹਮ ਗਿਆਨੀ ਗੁਰਸਿੱਖਾਂ ਨੇ ਅਖੰਡ ਪਾਠ ਸਾਹਿਬ ਕੀਤਾ, ਜਿਨ੍ਹਾਂ ’ਚ ਭਾਈ ਮਤੀ ਦਾਸ ਜੀ, ਭਾਈ ਦਇਆਲਾ ਜੀ, ਭਾਈ ਗੁਰਬਖ਼ਸ਼ ਸਿੰਘ ਜੀ ਮਸੰਦ, ਭਾਈ ਗੁਰਦਿੱਤਾ ਜੀ (ਬਾਬਾ ਬੁੱਢਾ ਜੀ ਦੇ ਵੰਸ਼ਜ) ਅਤੇ ਭਾਈ ਸਤੀ ਰਾਮ ਸ਼ਾਮਿਲ ਸਨ। ਭੋਗ ਦੀ ਅਰਦਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪ ਕੀਤੀ। ਇਸ



ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਬਚਿੱਤ੍ਰ ਨਾਟਕ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪੂੰ ਜ਼ਿਕਰ ਕਰਦੇ ਹਨ:

ਮੁਰ ਪਿਤ ਪੂਰਬ ਕੀਯਸਿ ਪਯਾਨਾ॥ ਭਾਂਤਿ ਭਾਂਤਿ ਕੇ ਤੀਰਥਿ ਨਾਨਾ॥

ਜਬ ਹੀ ਜਾਤ ਤ੍ਰਿਬੇਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥੧॥

ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥ ਗ ॥੨॥

ਦੂਜੀ ਵਾਰ ਅਖੰਡ ਪਾਠ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਿਦਰਾਣੇ ਦੀ ਢਾਬ ’ਤੇ ਅਖੀਰਲੀ ਜੰਗ ਫ਼ਤਹਿ ਕਰਕੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਬਾਣੀ ਦਰਜ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸੰਪੂਰਨ ਕਰਨ ਤੋਂ ਬਾਅਦ ਕਰਵਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਵੱਲ ਰਵਾਨਾ ਹੋਣ ਤੋਂ ਤਿੰਨ ਦਿਨ ਪਹਿਲਾਂ, 23 ਸਾਵਣ, 1762 ਬਿਕਰਮੀ ਨੂੰ ਭਾਈ ਮਨੀ ਸਿੰਘ ਜੀ ਨੂੰ ਆਗਿਆ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੋ। ਉੱਚੀ ਠੇਰੀ ’ਤੇ ਪ੍ਰਕਾਸ਼ ਕੀਤਾ ਗਿਆ। ਇਸੇ ਅਸਥਾਨ ਦਾ ਨਾਂਅ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਰੱਖਿਆ। ਦਸਮ ਪਾਤਸ਼ਾਹ ਜੀ ਨੇ ਸ਼ੁੱਧ ਗੁਰਬਾਣੀ ਪੜ੍ਹਨ ਵਾਲੇ ਪੰਜ ਅਖੰਡ ਪਾਠੀ ਸਿੰਘ ਚੁਣੇ। ਉਨ੍ਹਾਂ ਨੂੰ ਕੇਸਾਂ ਸਹਿਤ ਇਸ਼ਨਾਨ ਕਰਾਇਆ ਤੇ ਸਵੱਛ ਵਸਤਰ ਪਹਿਨਾਏ। ਪੰਜ ਪਹਿਰੇਦਾਰ, ਪੰਜ ਲਾਂਗਰੀ, ਪੰਜ ਵਰਨੀਏ ਲਾਏ। ਇਸ ਤਰ੍ਹਾਂ ਅਖੰਡ ਪਾਠ ਲਈ ਕੁੱਲ 25 ਸਿੰਘ ਨੀਯਤ ਕਰਨ ਤੋਂ ਬਾਅਦ ਨਾਰੀਅਲ, ਦਰਸ਼ਨੀ ਭੇਟਾ ਮਾਇਆ ਰੱਖ ਕੇ, ਕੜਾਹ ਪ੍ਰਸ਼ਾਦ ਤਿਆਰ ਕਰਕੇ ਚੌਂਕੀ ’ਤੇ ਰੱਖਿਆ ਗਿਆ। ਸ਼ਬਦ ਕੀਰਤਨ ਹੋਇਆ। ਫਿਰ ਅਨੰਦ ਸਾਹਿਬ ਦਾ ਪਾਠ ਕਰਕੇ, ਪਿੱਛੋਂ ਅਰਦਾਸ ਕੀਤੀ ਗਈ। ਭਾਈ ਮਨੀ ਸਿੰਘ ਜੀ ਨੇ ਗੁਰੂ ਜੀ ਦੀ ਆਗਿਆ ਲੈ ਕੇ ਅਖੰਡ ਪਾਠ ਪ੍ਰਾਰੰਭ ਕੀਤਾ। ਆਰੰਭ ਦਾ ਵਾਕ ਸੀ:

ਟੋਡੀ ਮਹਲਾ ੫

ਸਤਿਗੁਰ ਆਇਓ ਸਰਣਿ ਤੁਹਾਰੀ॥

ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥੧॥ਰਹਾਉ॥

(ਅੰਗ: ੭੧੩)

ਗੁਰੂ ਜੀ ਅਤੇ ਸੰਗਤ ਨੇ ਰਲ ਕੇ ਸਾਰਾ ਅਖੰਡ ਪਾਠ ਸੁਣਿਆ। ਤੀਜੇ ਦਿਨ ਭੋਗ ਪਿਆ। ਸੰਗਤ ਨੇ ਬੜੀ ਖ਼ੁਸ਼ੀ ਮਨਾਈ।

ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਵੱਲ ਨਾਂਦੇੜ ਪਹੁੰਚਣ ਤੋਂ ਬਾਅਦ ਕੱਤਕ ਵਦੀ ਮੱਸਿਆ, ਸੰਮਤ 1765, ਈਸਵੀ 1708 ਨੂੰ ਤਖ਼ਤ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ ਵਾਲੇ ਅਸਥਾਨ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਵਾਇਆ। ਚੋਜੀ ਪ੍ਰੀਤਮ ਜੀ ਨੇ ਚਿੱਟਾ ਪੁਸ਼ਾਕਾ ਪਹਿਨ ਕੇ ਸਾਰਾ ਪਾਠ ਇਕੋ ਚੌਂਕੜੇ ’ਚ ਬੈਠ ਕੇ ਸੁਣਿਆ। ਕੱਤਕ ਸੁਦੀ ਦੂਜ ਸੰਮਤ 1765 ਬਿਕਰਮੀ ਦੀ ਸਵੇਰ ਨੂੰ ਭੋਗ ਪਿਆ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਗੁਰਬਖ਼ਸ਼ ਸਿੰਘ ਜੀ (ਜਿਨ੍ਹਾਂ ਦਾ ਸ਼ਹੀਦੀ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਹੈ), ਬਾਬਾ ਦੀਪ ਸਿੰਘ ਜੀ ਸ਼ਹੀਦ, ਪਿਆਰੇ ਭਾਈ ਧਰਮ ਸਿੰਘ ਜੀ, ਭਾਈ ਸੇਵਾ ਸਿੰਘ ਜੀ ਸੇਵਾਦਾਰ ਸ੍ਰੀ ਹਜ਼ੂਰ ਸਾਹਿਬ ਅਤੇ ਭਾਈ ਹਰਿ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਖੜ੍ਹੇ ਕਰਕੇ ਪੰਜ ਪੈਸੇ, ਨਾਰੀਅਲ ਰੱਖ ਕੇ ਪੰਜ ਪਰਕਰਮਾ ਕੀਤੀਆਂ ਅਤੇ ਗੁਰਤਾਗੱਦੀ ਦਾ ਤਿਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਾਇਆ। ਫਿਰ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਦੇ ਕੇ ਕੱਤਕ ਸੁਦੀ ਪੰਚਵੀਂ 1765 ਬਿਕਰਮੀ ਨੂੰ ਆਪ ਜੀ ਜੋਤੀ ਜੋਤਿ ਸਮਾ ਗਏ।

ਇਸ ਤਰ੍ਹਾਂ ਗੁਰੂ ਸਾਹਿਬਾਨ ਦੁਆਰਾ ਚਲਾਈ ਅਖੰਡ ਪਾਠ ਦੀ ਮਰਯਾਦਾ ਪੰਥ @ਚ ਚਲੀ ਆ ਰਹੀ ਹੈ ਅਤੇ ਹਰ ਔਖੇ-ਸੌਖੇ ਸਮੇਂ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਰਖਵਾ ਕੇ ਅਕਾਲੀ ਬਾਣੀ ਦਾ ਆਸਰਾ ਤੱਕਦੇ ਆਏ ਹਨ। ਅਠਾਰ੍ਹਵੀਂ ਸਦੀ ’ਚ ਸਿੰਘ ਜੰਗਲਾਂ ’ਚ ਰਹਿੰਦਿਆਂ ਵੀ, ਇਕੱਤਰ ਹੋ ਕੇ ਤਿੰਨ ਦਿਨਾਂ ’ਚ ਅਖੰਡ ਪਾਠ ਪ੍ਰੇਮ ਨਾਲ ਕਰਦੇ, ਸੁਣਦੇ ਅਤੇ ਫਿਰ ਸ਼ਹੀਦੀਆਂ ਪਾਉਣ ਲਈ ਜਾਂਦੇ। ਇਤਿਹਾਸ ’ਚ ਜ਼ਿਕਰ ਮਿਲਦਾ ਹੈ ਕਿ ਕਾਹਨੂੰਵਾਨ ਦੇ ਛੰਭ ’ਚ ਵੀ ਲਾਹੌਰ ਦੇ ਦੀਵਾਨ ਲੱਖਪਤ ਰਾਏ ਨਾਲ ਜੰਗ ਤੋਂ ਬਾਅਦ ਸਿੰਘਾਂ ਨੇ ਛੰਭ ’ਚ ਅਖੰਡ ਪਾਠ ਕੀਤਾ। ਬੀਬੀ ਸੁੰਦਰੀ ਜਦੋਂ ਮੁਗ਼ਲਾਂ ਨਾਲ ਲੜਦਿਆਂ ਜ਼ਖ਼ਮੀ ਹੋ ਗਈ ਤਾਂ ਉਸ ਨੇ ਆਪਣਾ ਪਰਲੋਕ ਗਮਨ ਕਰਨ ਦਾ ਵੇਲਾ ਨੇੜੇ ਜਾਣ ਕੇ ਅਖੰਡ ਪਾਠ ਸੁਣਨ ਦੀ ਇੱਛਾ ਜ਼ਾਹਿਰ ਕੀਤੀ। ਇਸ ਤਰ੍ਹਾਂ 16 ਪਹਿਰ ’ਚ ਅਖੰਡ ਪਾਠ ਕੀਤਾ ਗਿਆ। ਭੋਗ ਤੋਂ ਬਾਅਦ ਇਕੱਤਰ ਹੋਏ ਸਿੰਘਾਂ ਦਾ ਭਾਰੀ ਦੀਵਾਨ ਲਗ ਗਿਆ। ਪਹਿਲਾਂ ਸਾਰਿਆਂ ਨੇ ਭੋਗ ਦੇ ਸ਼ਬਦ ਰਲ ਕੇ ਪੜ੍ਹੇ ਅਤੇ ਫਿਰ ਕੀਰਤਨ ਕੀਤਾ। ਅਨੰਦ ਸਾਹਿਬ ਦਾ ਪਾਠ ਕੀਤਾ ਗਿਆ। ਅਰਦਾਸ ਕਰਕੇ ਮੁਖਵਾਕ ਸੁਣ ਕੇ ਕੜਾਹ ਪ੍ਰਸ਼ਾਦ ਸੰਗਤ ’ਚ ਵਰਤਾਇਆ ਗਿਆ। ਇਸ ਤਰ੍ਹਾਂ ਬੀਬੀ ਸੁੰਦਰੀ ਅਕਾਲ ਪੁਰਖ ਦਾ ਜਸ ਸੁਣਦੀ ਹੋਈ ਸਾਰੇ ਸਿੰਘਾਂ ਨੂੰ ਫ਼ਤਹਿ ਬੁਲਾ ਕੇ ਸੱਚਖੰਡ ਜਾ ਬਿਰਾਜੀ।

ਸਮੇਂ-ਸਮੇਂ ’ਤੇ ਬੜੀਆਂ ਉੱਚੀਆਂ ਸੁਰਤੀਆਂ ਵਾਲੇ ਅਖੰਡ ਪਾਠੀ ਅਤੇ ਸਰੋਤੇ ਹੋਏ ਹਨ, ਜੋ ਇਕੋ ਚੌਂਕੜੇ ’ਚ ਪੂਰਾ ਅਖੰਡ ਪਾਠ ਕਰਦੇ ਅਤੇ ਸੁਣਦੇ ਰਹੇ। ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਨੇ ਬਾਬਾ ਨਾਰਾਇਣ ਸਿੰਘ ਪਿੱਥੋ ਵਾਲਿਆਂ ਕੋਲੋਂ ਇਕੋ ਚੌਂਕੜੇ ’ਚ ਬੈਠ ਕੇ ਪੂਰਾ ਅਖੰਡ ਪਾਠ ਸੁਣਿਆ ਸੀ ਅਤੇ ਭੇਟਾ ਵਜੋਂ ਉਨ੍ਹਾਂ ਨੂੰ ਜਦੋਂ ਜਗੀਰ ਦੇਣ ਦੀ ਪੇਸ਼ਕਸ਼ ਕੀਤੀ ਤਾਂ ਬਾਬਾ ਨਾਰਾਇਣ ਸਿੰਘ ਨੇ ਅੰਗੀਕਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਉਨ੍ਹਾਂ ਦੇ ਸਤਿਕਾਰ ’ਚ ਮਹਾਰਾਜਾ ਹੀਰਾ ਸਿੰਘ ਨੇ ਇੱਕ ਪਾਲਕੀ ਮੰਗਵਾਈ ਅਤੇ ਉਸ ’ਚ ਬਾਬਾ ਨਾਰਾਇਣ ਸਿੰਘ ਨੂੰ ਬਿਠਾ ਕੇ ਮਹਾਰਾਜਾ ਖ਼ੁਦ ਕਹਾਰਾਂ ’ਚ ਸ਼ਾਮਿਲ ਹੋ ਕੇ ਬਾਬਾ ਜੀ ਨੂੰ ਉਨ੍ਹਾਂ ਦੇ ਡੇਰੇ ਛੱਡਣ ਗਏ ਸਨ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਿੱਖ ਕੌਮ ਦਾ ਰਾਜਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਸੰਸਾਰ ਦੇ ਸਿੱਖ ਇਤਿਹਾਸ ਵਿੱਚ ਬੜੇ ਸੂਰਮੇ ਨਾਇਕ ਹੋਏ ਹਨ। ਜਿਨ੍ਹਾਂ ਦੇ ਕਾਰਜ ਅਤੇ ਕੁਰਬਾਨੀ ਨੂੰ ਭੁਲਾਇਆ ਨਹੀਂ ਜਾ ਸਕਦਾ। ਜਿਨ੍ਹਾਂ ਨੇ ਮਨੁੱਖ ਦੀ ਪੂਰਨ ਆਜ਼ਾਦੀ ਲਈ ਸੰਘਰਸ਼ ਕੀਤਾ ਹੈ। ਜ਼ੁਲਮ ਅਤੇ ਅਨਿਆਂਏ ਦਾ ਡੱਟ ਕੇ ਮੁਕਾਬਲਾ ਕੀਤਾ। ਜਿਨ੍ਹਾਂ ਨੇ ਵਿਦੇਸ਼ੀ ਹਮਲਾਵਰਾਂ ਤੋਂ ਸਦੀਆਂ ਦੀ ਗੁਲਾਮੀ ਬਾਅਦ ਆਜ਼ਾਦ ਕਰਵਾਇਆ। ਅਜਿਹੇ ਸੂਰਮੇ ਨਾਇਕਾਂ ਵਿੱਚ ਜਰਨੈਲ ਜੱਸਾ ਸਿੰਘ ਆਹਲੂਵਾਲੀਆ ਦਾ ਇੱਕ ਉੱਘਾ ਨਾਉਂ ਹੈ। ਜਿਨ੍ਹਾਂ ਨੂੰ ਸੁਲਤਾਨ ਉੱਲ ਕੌਮ ਅਰਥਾਤ ਕੌਮ ਦਾ ਰਾਜਾ ਦੀ ਪਦਵੀ ਨਾਲ ਸਨਮਾਨਿਆ ਗਿਆ ਹੈ। ਉਹਨਾਂ ਦੀ ਸ਼ਖਸੀਅਤ ਵਿੱਚ ਉੱਚਾ ਕਦ, ਸੁਡੌਲ ਸਰੀਰ, ਸੁੰਦਰ ਗਹਿਰ ਗੰਭੀਰ , ਹਸਮੁਖ, ਹਰਮਨ ਪਿਆਰੇ, ਨਿਸ਼ਕਾਮ ਸੇਵਕ ਅਤੇ ਦਲੇਰ ਆਗੂ ਸਨ। ਜਿਨ੍ਹਾਂ ਨੇ ਸਿੱਖ ਫ਼ੌਜ ਨੂੰ ਬਕਾਇਦਾ ਸੰਗਠਿਤ ਕੀਤਾ। ਉੱਤਰੀ ਭਾਰਤ ਵਿੱਚ ਅਫ਼ਗਾਨ ਅਤੇ ਮੁਗਲ ਰਾਜ ਨੂੰ ਉਖਾੜ ਦਿੱਤਾ। ਉਹਨਾਂ ਦੀ ਯੋਗ ਅਗਵਾਈ ਅਤੇ ਮਾਰਗ ਦਰਸ਼ਨ ਨਾਲ ਹੀ ਸਿੱਖ ਆਪਣੇ ਸਵੈ ਰਾਜ ਵੱਲ ਵਧੇ। ਉਹਨਾਂ ਨੇ ਪੰਜਾਬ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਆਜ਼ਾਦ ਕਰਵਾਇਆ।

ਆਪ ਜੀ ਦਾ ਜਨਮ 3 ਮਈ 1718 ਨੂੰ ਪਿਤਾ ਭਾਈ ਬਿਦਰ ਸਿੰਘ ਦੇ ਘਰ ਪੰਜਾਬ ਦੇ ਲਾਹੌਰ ਖੇਤਰ ਦੇ ਪਿੰਡ ਆਹਲੂ ਵਿਖੇ ਹੋਇਆ। ਪਿੰਡ ਆਹਲੂ ਉਹਨਾਂ ਦੇ ਪੂਰਵਜਾਂ ਦਾ ਪਿੰਡ ਸੀ। ਇਸ ਲਈ ਆਪ ਜੀ ਨੂੰ ਆਹਲੂਵਾਲੀਆ ਕਿਹਾ ਜਾਂਦਾ ਸੀ। ਸੰਨ 1723 ਵਿੱਚ ਜਦੋਂ ਆਪ ਜੀ ਦੀ ਉਮਰ ਪੰਜ ਕੁ ਸਾਲ ਸੀ ਤਾਂ ਪਿਤਾ ਦਾ ਦੇਹਾਂਤ ਹੋ ਗਿਆ। ਆਪ ਜੀ ਦੀ ਮਾਤਾ ਧਾਰਮਿਕ ਵਿਚਾਰਾਂ ਦੇ ਸਨ। ਆਪ ਜੀ ਨੂੰ ਦਿੱਲੀ ਲੈ ਗਏ। ਆਪ ਜੀ ਨੇ ਗੁਰਬਾਣੀ ਦਾ ਜਾਪ ਅਤੇ ਕੀਰਤਨ ਸਿੱਖ ਲਿਆ ਸੀ। ਆਪ ਨੇ ਉਰਦੂ ਅਤੇ ਫ਼ਾਰਸੀ ਭਾਸ਼ਾ ਵੀ ਸਿੱਖ ਲਈ ਸੀ। ਮਾਤਾ ਸੁੰਦਰੀ ਜੀ ਇਹਨਾਂ ਦੀ ਧਾਰਮਿਕ ਰੁਚੀ ਤੋਂ ਬਹੁਤ ਪ੍ਰਸੰਨ ਸਨ। ਉਹਨਾਂ ਅਸੀਸ ਦਿੱਤੀ ਕਿ ਇਹ ਬੱਚਾ ਵੱਡਾ ਹੋ ਕੇ ਕੌਮ ਦਾ ਸ਼ਾਸਕ ਹੋਵੇਗਾ। ਸੰਨ 1729 ਵਿੱਚ 12 ਸਾਲ ਦੀ ਉਮਰ ਵਿੱਚ ਆਪ ਪੰਜਾਬ ਪਰਤ ਆਏ।

ਦਿੱਲੀ ਵਾਪਸੀ ਤੋਂ ਆਪ ਆਪਣੀ ਮਾਤਾ ਜੀ ਨਾਲ ਇੱਕ ਰਾਤ ਨਵਾਬ ਕਪੂਰ ਸਿੰਘ ਕੋਲ ਕਰਤਾਰਪੁਰ ਠਹਿਰੇ। ਆਪ ਜੀ ਨੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਨਵਾਬ ਆਪ ਜੀ ਦੀ ਧਾਰਮਿਕ ਬਿਰਤੀ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਆਪ ਜੀ ਨੂੰ ਆਪਣੇ ਕੋਲ ਹੀ ਰੱਖ ਲਿਆ। ਆਪ ਜੀ ਨੂੰ ਘੋੜਿਆਂ ਦੀ ਸੰਭਾਲ 'ਤੇ ਰੱਖ ਲਿਆ। ਉਥੇ ਆਪ ਜੀ ਨੇ ਮਾਹਿਰ ਉਸਤਾਦਾਂ ਕੋਲੋਂ ਘੋੜ ਸਵਾਰੀ, ਤਲਵਾਰਬਾਜੀ ਅਤੇ ਤੀਰ-ਅੰਦਾਜ਼ੀ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਜੀ ਨੇ ਜੰਗੀ ਗੁਰ ਵੀ ਸਿੱਖ ਲਏ ਸਨ। ਸੰਨ 1729 ਤੋਂ ਨਵਾਬ ਨੇ ਹਰ ਮੁਹਿੰਮ 'ਤੇ ਆਪ ਜੀ ਨੂੰ ਨਾਲ ਰੱਖਿਆ। ਸੰਨ 1738 ਤੱਕ ਆਪ ਇੱਕ ਉੱਘੇ ਆਗੂ ਬਣ ਗਏ ਸਨ। ਜਨਵਰੀ 1739 ਵਿੱਚ ਇੱਕ ਅਫ਼ਗਾਨ ਨਾਦਿਰ ਸ਼ਾਹ ਨੇ ਲਾਹੌਰ ਉੱਤੇ ਹਮਲਾ ਕੀਤਾ। ਉਹ ਜਕਰੀਆ ਖਾਨ ਨੂੰ ਹਰਾ ਕੇ ਦਿੱਲੀ ਵਾਪਿਸ ਆ ਗਿਆ। ਨਾਦਿਰ ਸ਼ਾਹ ਨੇ ਬਹੁਤ ਸਾਰੀਆਂ ਲੁੱਟਾਂ ਭਾਰਤ ਵਿੱਚ ਕੀਤੀਆਂ। ਬਦਲੇ ਵਿੱਚ ਜਦੋਂ ਉਹ ਪਰਤਦਾ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਿੱਖ ਨਾਦਿਰ ਸ਼ਾਹ ਦੀ ਫ਼ੌਜ ਨੂੰ ਲੁੱਟ ਲੈਂਦੇ। ਜਿਸ ਨਾਲ ਆਪ ਜੀ ਦੀ ਪ੍ਰਸਿੱਧੀ ਹੋ ਗਈ ਸੀ।

1745-46 ਵਿੱਚ ਆਪ ਜੀ ਨੇ ਮੁਗਲਾਂ ਵਿਰੁੱਧ ਲੜਦਿਆਂ ਬਹਾਦਰੀ ਵਿਖਾਈ। ਉਸ ਸਮੇਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਲਾਨੌਰ ਦੇ ਦੋ ਖੱਤਰੀ ਭਰਾ ਜਸਪਤ ਰਾਏ ਤੇ ਲੱਖਪਤ ਰਾਏ ਸਨ। ਜਸਪਤ ਰਾਏ ਏਮਨਾਬਾਦ ਦਾ ਫ਼ੌਜਦਾਰ ਸੀ। ਜਦ ਕਿ ਲਖਪਤ ਰਾਏ ਲਾਹੌਰ ਦਾ ਦੀਵਾਨ ਸੀ। ਉਹਨਾਂ ਦੀ ਝੜਪ ਸਿੱਖਾਂ ਨਾਲ ਜੱਸਾ ਸਿੰਘ ਆਹਲੂਵਾਲੀਆ ਅਤੇ ਸੁੱਖਾ ਸਿੰਘ ਮਾੜੀਮੇਘਾ ਨਾਲ ਹੋ ਗਈ। ਇਸ ਝੜਪ ਵਿੱਚ ਨਿਭਾਉ ਸਿੰਘ ਹੱਥੋਂ ਜਸਪਤ ਰਾਏ ਮਾਰਿਆ ਗਿਆ। ਦੀਵਾਨ ਲਖਪਤ ਰਾਏ ਨੇ ਰਾਜਪਾਲ ਯਹੀਆ ਖਾਨ ਦੀ ਮਦਦ ਨਾਲ 15000 ਸਿੱਖਾਂ ਨੂੰ ਕਾਹਨੂੰਵਾਨ ਵਿੱਚ ਘੇਰ ਕੇ ਮਾਰਿਆ। ਇਸ ਨੂੰ ਛੋਟਾ ਘਲੂਘਾਰਾ ਕਿਹਾ ਜਾਂਦਾ ਹੈ। ਜੱਸਾ ਸਿੰਘ ਆਹਲੂਵਾਲੀਆ ਅਤੇ ਸਾਥੀ ਬੜੀ ਬਹਾਦਰੀ ਨਾਲ ਲੜੇ। ਆਪ ਜੀ ਦੇ ਪੱਟ 'ਤੇ ਭਾਰੀ ਜ਼ਖਮ ਹੋ ਗਿਆ।

ਨਾਦਿਰ ਸ਼ਾਹ ਦੀ ਮੌਤ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਅਫ਼ਗਾਨਿਸਤਾਨ ਦੀ ਗੱਦੀ 'ਤੇ ਬੈਠਾ। ਉਸ ਨੇ 1748 ਵਿੱਚ ਭਾਰਤ ਦੇ ਪਹਿਲੇ ਹਮਲੇ ਦੌਰਾਨ ਸਿੱਖਾਂ ਨਾਲ ਝੜਪ ਲਈ। ਸਿੰਘਾਂ ਨੇ ਉਸ ਦਾ ਸਮਾਨ ਲੁੱਟ ਲਿਆ। ਇਹ ਘਟਨਾ ਪਿੰਡ ਵੈਰੋਵਾਲ ਵਿਖੇ ਵਾਪਰੀ। ਠੀਕ ਦੋ ਮਹੀਨੇ ਬਾਅਦ ਫ਼ਿਰ ਇੱਕ ਖ਼ੂਨੀ ਝੜਪ ਹੋਈ, ਜਿਸ ਵਿੱਚ ਅੰਮ੍ਰਿਤਸਰ ਵਿਖੇ ਸਲਾਬਤ ਖਾਂ ਜੱਸਾ ਸਿੰਘ ਆਹਲੂਵਾਲੀਆ ਹੱਥੋਂ ਮਾਰਿਆ ਗਿਆ।



29 ਮਾਰਚ 1748 ਦੀ ਵਿਸਾਖੀ 'ਤੇ ਸਰਬੱਤ ਖ਼ਾਲਸਾ ਅੰਮ੍ਰਿਤਸਰ ਵਿਖੇ ਇਕੱਠਾ ਹੋਇਆ। ਨਵਾਬ ਕਪੂਰ ਸਿੰਘ ਨੇ ਪੰਥਕ ਏਕਤਾ 'ਤੇ ਜੋਰ ਦਿੱਤਾ। ਸਿੱਖਾਂ ਦੀ ਸਾਰੀ ਸ਼ਕਤੀ ਨੂੰ ਦਲ ਖ਼ਾਲਸਾ ਦਾ ਨਾਉਂ ਦਿੱਤਾ। ਤਦ 65 ਸਿੱਖ ਸਮੂਹਾਂ ਨੂੰ 12 ਮਿਸਲਾਂ ਵਿੱਚ ਵੰਡਿਆ ਗਿਆ। ਜਿਸ ਦੀ ਅਗਵਾਈ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ 1748-1783 ਤੱਕ ਨਿਭਾਈ। ਅਪ੍ਰੈਲ 1748 ਵਿੱਚ ਮੀਰ ਮਨੂੰ ਪੰਜਾਬ ਦਾ ਰਾਜਪਾਲ ਬਣਿਆ। ਉਸ ਨੇ ਸਿੱਖਾਂ ਵਿਰੁੱਧ ਸਖ਼ਤ ਨੀਤੀਆਂ ਬਣਾਈਆਂ। ਜਲੰਧਰ ਦੁਆਬ ਦੇ ਅਦੀਨਾ ਬੇਗ ਨੇ ਮੀਰ ਮਨੂੰ ਦੀ ਅਗਵਾਈ ਹੇਠ ਰਾਮ ਰੌਣੀ ਅੰਮ੍ਰਿਤਸਰ ਨੂੰ ਘੇਰ ਲਿਆ। ਤਦ ਹੀ ਅਬਦਾਲੀ ਨੇ ਪੰਜਾਬ 'ਤੇ ਦੂਜਾ ਹਮਲਾ ਕਰ ਦਿੱਤਾ। ਮੀਰ ਮਨੂੰ ਨੇ ਦੀਵਾਨ ਕੌੜਾ ਮੱਲ ਦੀ ਸਲਾਹ 'ਤੇ 1/4 ਟੈਕਸ ਪੱਟੀ ਇਲਾਕੇ ਦੀ ਰਾਖੀ ਲਈ ਅਦਾ ਕੀਤਾ। ਆਹਲੂਵਾਲੀਆ ਨੇ ਯਕੀਨ ਦਿੱਤਾ ਕਿ ਇਸ ਇਲਾਕੇ ਵਿੱਚ ਸ਼ਾਂਤੀ ਬਣਾਈ ਰੱਖਣਗੇ।

ਆਪ ਨੇ ਦੀਵਾਨ ਕੋੜਾ ਮੱਲ ਦੀ ਮਦਦ ਕੀਤੀ। ਲਾਹੌਰ ਦੇ ਸਾਬਕਾ ਰਾਜਪਾਲ ਨਵਾਜ ਖਾਨ ਨੂੰ ਪਿੰਡ ਦੌਰਾਣਾਂ ਵਿਖੇ ਹੋਏ ਮੁਕਾਬਲੇ ਵਿੱਚ ਹਰਾਇਆ। ਦੀਵਾਨ ਕੋੜਾ ਮੱਲ ਮੁਲਤਾਨ ਦਾ ਹਾਕਮ ਬਣਿਆ। ਉਸ ਨੇ 11000 ਰੁਪਏ ਹਰਿਮੰਦਰ ਸਾਹਿਬ ਦੀ ਮੁਰੰਮਤ ਲਈ ਦਿੱਤੇ। ਜੱਸਾ ਸਿੰਘ ਆਹਲੂਵਾਲੀਆ ਨੇ ਨਨਕਾਣਾ ਸਾਹਿਬ ਵਿਖੇ ਬਾਲ ਲੀਲਾ ਗੁਰਦੁਆਰਾ ਬਣਵਾਇਆ। ਸੰਨ 1753 ਵਿੱਚ ਨਵਾਬ ਕਪੂਰ ਸਿੰਘ ਦੀ ਮੌਤ ਹੋ ਗਈ। ਆਪ ਜੀ ਨੂੰ ਅਗਵਾਈ ਮਿਲ ਗਈ। ਅਪ੍ਰੈਲ 1754 ਵਿੱਚ ਆਪ ਜੀ ਨੂੰ ਫ਼ੌਜਾਂ ਦਾ ਮੁਖੀ ਬਣਾ ਦਿੱਤਾ ਗਿਆ। ਉਹਨਾਂ ਵੱਲੋਂ ਹਰ ਲੜਾਈ ਵਿੱਚ ਅਗਵਾਈ ਕੀਤੀ ਜਾਂਦੀ ਸੀ। ਲਾਹੌਰ ਦੇ ਰਾਜਪਾਲ ਤੈਮੂਰ ਨੇ ਅੰਮ੍ਰਿਤਸਰ ਵੱਲ ਵਧਣਾ ਸ਼ੁਰੂ ਕੀਤਾ। ਆਹਲੂਵਾਲੀਆ ਨੇ ਉਸ ਹਰਾਇਆ। ਤਦ ਅਬਦਾਲੀ ਦੇ ਹਮਲੇ ਸਮੇਂ ਜਲੰਧਰ ਦਾ ਫ਼ੌਜਦਾਰ ਅਦੀਨਾ ਬੇਗ ਭੱਜ ਗਿਆ। ਲਾਹੌਰ ਦੇ ਰਾਜਪਾਲ ਜਹਾਨ ਖਾਨ ਨੇ ਅਦੀਨਾ ਬੇਗ ਨੂੰ ਫ਼ੜਨ ਲਈ ਫ਼ੌਜ ਭੇਜੀ। ਉਸ ਨੇ ਆਹਲੂਵਾਲੀਆ ਤੋਂ ਮਦਦ ਮੰਗੀ। ਦਲ ਖ਼ਾਲਸਾ ਅਦੀਨਾਂ ਬੇਗ ਲਈ ਲੜਿਆ। ਸੰਨ 1757 ਵਿੱਚ ਅਫ਼ਗਾਨ ਫ਼ੌਜ ਨੂੰ ਹਰਾਇਆ। ਮਰਾਠਿਆਂ ਦੀ ਮਦਦ ਨਾਲ 1758 ਵਿੱਚ ਅਦੀਨਾ ਬੇਗ ਨੂੰ ਮੁੜ ਸਥਾਪਿਤ ਕੀਤਾ। ਅਫ਼ਗਾਨ ਸਿਪਾਹੀਆਂ ਕੋਲੋਂ ਸਰੋਵਰ ਦੀ ਸਫ਼ਾਈ ਕਰਵਾਈ, ਜਿਸ ਨੂੰ ਅਦੀਨਾ ਬੇਗ ਵੱਲੋਂ 1757 ਵਿੱਚ ਅਪਮਾਨਿਤ ਕੀਤਾ ਗਿਆ ਸੀ।

ਅਪ੍ਰੈਲ 1761 ਵਿੱਚ ਅਬਦਾਲੀ ਇੱਕ ਲੁੱਟ ਤੋਂ ਪਰਤ ਰਿਹਾ ਸੀ। ਸਤਲੁਜ ਦਰਿਆ ਪਾਰ ਕੀਤਾ ਤਾਂ ਗੋਇੰਦਵਾਲ ਦੀ ਬੇੜੀ 'ਤੇ ਬਿਆਸ ਵਿਖੇ ਸਿੱਖਾਂ ਨੇ ਅਬਦਾਲੀ ਦੁਆਰਾ ਅਗਵਾ ਕੀਤੀਆਂ 2200 ਔਰਤਾਂ ਨੂੰ ਆਜ਼ਾਦ ਕਰਵਾਇਆ ਅਤੇ ਉਹਨਾਂ ਨੂੰ ਇੱਜ਼ਤ ਨਾਲ ਉਹਨਾਂ ਦੇ ਘਰਾਂ ਤੱਕ ਪਹੁੰਚਾਇਆ। ਲਾਹੌਰ ਦੇ ਸਾਬਕਾ ਰਾਜਪਾਲ ਮਿਰਜ਼ਾ ਖਾਨ ਨੂੰ ਹਰਾਉਣ ਤੋਂ ਬਾਅਦ ਸਿੱਖਾਂ ਨੇ ਸਰਹਿੰਦ ਵਿਖੇ ਜਹਾਨ ਖਾਂ ਦੇ ਉਪ ਮੁਖੀ ਨੂੰ ਹਰਾਇਆ ਅਤੇ ਸਰਹਿੰਦ ਸ਼ਹਿਰ ਤਬਾਹ ਕਰ ਦਿੱਤਾ। ਮਾਲੇਰਕੋਟਲਾ 'ਤੇ ਵੀ ਕਬਜ਼ਾ ਕਰ ਲਿਆ। ਹੋਰ ਸਿੱਖ ਸਰਦਾਰਾਂ ਨਾਲ ਮਿਲ ਕੇ ਲਾਹੌਰ ਦੇ ਰਾਜਪਾਲ ਖ਼ਵਾਜਾ ਨੂੰ ਘੇਰਿਆ। ਚੜ੍ਹਤ ਸਿੰਘ ਦੀ ਮਦਦ ਨਾਲ ਉਸ ਦਾ ਪਿੱਛਾ ਕੀਤਾ। ਖ਼ਵਾਜਾ ਭੱਜ ਗਿਆ। ਨਵੰਬਰ 1761 ਨੂੰ ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਤਦ ਖ਼ਵਾਜਾ ਕਿਲੇ ਵਿੱਚ ਬੰਦ ਸੀ। ਸਿੰਘਾਂ ਨੇ ਉਸ ਨੂੰ ਮਾਰ ਮੁਕਾਇਆ। ਲਾਹੌਰ ਦੀ ਫ਼ਤਹਿ ਮੌਕੇ ਜੱਸਾ ਸਿੰਘ ਆ ਹਲੂਵਾਲੀਆ ਨੂੰ ਸੁਲਤਾਨ ਉੱਲ ਕੌਮ ਦਾ ਖਿਤਾਬ ਮਿਲਿਆ। ਲਾਹੌਰ 'ਤੇ ਕਬਜ਼ਾ ਕਰ ਲੈਣਾ ਸਿੱਖਾਂ ਦੀ ਚੜ੍ਹਦੀ ਕਲਾ ਦਾ ਬਿੰਦੂ ਸੀ।

ਤਿੰਨ ਮਹੀਨਿਆਂ ਬਾਅਦ ਅਬਦਾਲੀ ਨੇ 5 ਫ਼ਰਵਰੀ 1762 ਨੂੰ ਪੰਜਾਬ 'ਤੇ ਛੇਵਾਂ ਹਮਲਾ ਕੀਤਾ। ਸਿੱਖ ਬਚਾਅ ਲਈ ਮਾਲਵੇ ਵੱਲ ਵਧੇ। ਕਾਫ਼ਲੇ ਵਿੱਚ ਬੱਚੇ, ਬੁੱਢੇ, ਨੌਜਵਾਨ ਅਤੇ ਔਰਤਾਂ ਸਨ। ਸਿੱਖਾਂ ਦੀ 15000 ਦੀ ਫ਼ੌਜ ਜਦ ਕੁੱਪ ਰਹੀੜਾ ਠਹਿਰੀ ਤਾਂ ਅਬਦਾਲੀ ਨੇ ਭਿਆਨਕ ਹਮਲਾ ਕੀਤਾ। ਸਿੱਖਾਂ ਨੇ ਆਹਲੂਵਾਲੀਆ ਦੀ ਅਗਵਾਈ ਹੇਠ ਬਰਨਾਲੇ ਵੱਲ ਵਧਣਾ ਸ਼ੁਰੂ ਕੀਤਾ। ਚੜ੍ਹਤ ਸਿੰਘ ਸ਼ੁੱਕਰਚੱਕੀਆ ਵੀ ਮੈਦਾਨ ਵਿੱਚ ਸਨ। ਸਿੰਘਾਂ ਨੇ ਅਜਿੱਤ ਬਹਾਦਰੀ ਅਤੇ ਦਲੇਰੀ ਵਿਖਾਈ। ਦੁਸ਼ਮਣਾ ਦੇ ਆਹੂ ਲਾਹ ਸੁੱਟੇ। ਲੜਦਿਆਂ ਪ੍ਰਵਾਰਾਂ ਦੀ ਰੱਖਿਆ ਵੀ ਕੀਤੀ। ਅਫ਼ਗਾਨਾਂ ਨੂੰ ਸਫ਼ਲਤਾ ਮਿਲੀ। ਉਹਨਾਂ ਨੇ ਬੇਰਹਿਮੀ ਨਾਲ ਕਤਲਾਮ ਕੀਤਾ। ਇਸ ਵੱਡੇ ਘੱਲੂਘਾਰੇ ਵਿੱਚ 25000 ਸਿੰਘਾਂ ਦੀਆਂ ਜਾਨਾਂ ਗਈਆਂ। ਜੱਸਾ ਸਿੰਘ ਦੇ ਸਰੀਰ 'ਤੇ ਅਨੇਕਾਂ ਜ਼ਖ਼ਮ ਸਨ।

ਵਾਪਿਸ ਪਰਤਦਿਆਂ ਅਬਦਾਲੀ ਨੇ ਹਰਿਮੰਦਰ ਸਾਹਿਬ ਨੂੰ ਤਬਾਹ ਕਰ ਦਿੱਤਾ। ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਪਲੀਤ ਕੀਤਾ। ਅਗਸਤ 1762 ਵਿੱਚ ਜੱਸਾ ਸਿੰਘ ਆਹਲੂਵਾਲੀਆ ਦੇ ਦਲ ਖ਼ਾਲਸਾ ਨੇ ਜਲੰਧਰ ਦੁਆਬ ਦੇ ਪਿੰਡਾਂ ਨੂੰ ਤਬਾਹ ਕੀਤਾ। ਅਕਤੂਬਰ 1762 ਵਿੱਚ ਦਿਵਾਲੀ ਮੌਕੇ 60,000 ਦੀ ਫ਼ੌਜ ਅੰਮ੍ਰਿਤਸਰ ਵਿਖੇ ਇਕੱਠੀ ਹੋਈ। ਅਕਤੂਬਰ 16, 1762 ਨੂੰ ਅਬਦਾਲੀ ਲਾਹੌਰ ਤੋਂ ਅੰਮ੍ਰਿਤਸਰ ਵੱਲ ਵਧਿਆ। ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਰਾਤ ਦੇ ਹਨੇਰੇ ਵਿੱਚ ਅਬਦਾਲੀ ਦੀ ਫ਼ੌਜ ਭੱਜ ਗਈ। ਅਬਦਾਲੀ ਲਾਹੌਰ ਅਫ਼ਗਾਨਾਂ ਨੂੰ ਦੇ ਗਿਆ।

ਦਲ ਖ਼ਾਲਸਾ ਨੂੰ 1762 ਵਿੱਚ ਦੋ ਹਿੱਸਿਆ ਵਿੱਚ ਵੰਡਿਆ ਗਿਆ। ਬੁੱਢਾ ਦਲ ਅਤੇ ਤਰੁਣਾ ਦਲ । ਆਹਲੂਵਾਲੀਆ ਨੇ ਸਿਆਲਕੋਟ ਦੇ ਨੇੜੇ ਵਜੀਰਾਬਾਦ ਵਿਖੇ ਅਬਦਾਲੀ ਦੇ ਸੈਨਾਪਤੀ ਜਹਾਨ ਖਾਨ ਨੂੰ ਹਰਾਇਆ। ਮਾਲੇਰਕੋਟਲਾ, ਕੁਰਾਲੀ, ਮੋਰਿੰਡਾ ਦੇ ਇਲਾਕਿਆਂ ਨੂੰ ਜਿੱਤ ਲਿਆ। ਦੋਹਾਂ ਦਲਾਂ ਨੇ ਸਰਹਿੰਦ ਦੇ ਰਾਜਪਾਲ ਜਿਹਾਨ ਨੂੰ ਗੋਲੀ ਨਾਲ ਮਾਰ ਦਿੱਤਾ। ਅਫ਼ਵਾਨੀ ਫ਼ੌਜ ਭੱਜ ਗਈ। ਆਹਲੂਵਾਲੀਆ ਨੇ ਜਨਵਰੀ 1764 ਨੂੰ ਸਰਹਿੰਦ 'ਤੇ ਜਿੱਤ ਪ੍ਰਾਪਤ ਕੀਤੀ। ਫ਼ਤਹਿਗੜ੍ਹ ਸਾਹਿਬ ਗੁਰਦੁਆਰਾ ਬਣਵਾਇਆ।

ਸੂਬਾ ਸਰਹਿੰਦ ਦੀ ਜਿੱਤ ਤੋਂ ਬਾਅਦ ਸਰਦਾਰਾਂ ਨੇ ਆਪਣੇ ਇਲਾਕੇ ਵੰਡ ਲਏ। ਕਪੂਰਥਲਾ ਰਿਆਸਤ ਦੇ ਮੋਢੀ ਜੱਸਾ ਸਿੰਘ ਆਹਲੂਵਾਲੀਆ ਨੂੰ ਜਗਰਾਉਂ, ਭਾਰੋਗ, ਨਰਾਇਣਗੜ ਅਤੇ ਫ਼ਤਹਿਗੜ੍ਹ ਸਾਹਿਬ ਦੇ ਇਲਾਕੇ ਮਿਲੇ। ਅੰਮ੍ਰਿਤਸਰ ਦੇ ਨੇੜੇ ਸੁਲਤਾਨਵਿੰਡ ਦਾ ਮਿਰਜ਼ਾ ਸਿੰਘ , ਉਸ ਦਾ ਸੇਵਕ ਸੀ। ਉਸ ਨੇ ਇੱਕ ਇਲਾਕਾ ਕਟੜਾ ਆਹਲੂਵਾਲੀਆ ਬਣਵਾਇਆ ਜੋ ਅੱਜ ਵੀ ਅੰਮ੍ਰਿਤਸਰ ਵਿੱਚ ਮਸ਼ਹੂਰ ਹੈ।

ਮੁਗਲ ਸਾਮਰਾਜ ਦੇ ਨਜੀਬ ਉਦ ਦੋਲਾ ਨੇ 1764 ਵਿੱਚ ਭਰਤਪੁਰ ਦੇ ਰਾਜਾ ਜਵਾਹਰ ਸਿੰਘ ਦੇ ਵਿਸ਼ਾਲ ਖੇਤਰ 'ਤੇ ਕਬਜ਼ਾ ਕਰ ਲਿਆ। ਤਦ ਸਿੱਖ ਯਮਨਾ ਪਾਰ ਗਏ ਤਾਂ ਨਜੀਬ ਨੇ ਅਧੀਨਗੀ ਮੰਨ ਲਈ। ਤਦ ਸਿੱਖ ਹਰਿਆਣਾ ਅਤੇ ਵੱਡੇ ਦੁਆਬ 'ਤੇ ਪੂਰੀ ਤਰ੍ਹਾਂ ਕਾਬਜ਼ ਸਨ।

ਆਹਲੂਵਾਲੀਆ ਦੀ ਅਗਵਾਈ ਹੇਠ ਸਿੱਖ ਕੌਮ ਨੂੰ ਬੜਾ ਉਤਸ਼ਾਹ ਮਿਲਿਆ। ਉਹਨਾਂ ਨੇ ਤਿੱਖੀਆਂ ਸਿੱਧੀਆਂ ਜੰਗਾਂ ਲੜਨ ਦਾ ਫ਼ੈਸਲਾ ਕੀਤਾ। ਜਦ 1765 ਵਿੱਚ ਅਬਦਾਲੀ ਆਪਣੇ ਸੱਤਵੇਂ ਹਮਲੇ ਬਾਅਦ ਦਿੱਲੀ ਪਰਤ ਰਿਹਾ ਸੀ ਤਾਂ ਮਾਛੀਵਾੜੇ ਨੇੜੇ ਸਤਲੁਜ ਦਰਿਆ ਪਾਰ ਦੋਹਾਂ ਦਲਾਂ ਨੇ ਉਸ ਨੂੰ ਘੇਰ ਲਿਆ। ਜ਼ੋਰਦਾਰ ਜੰਗ ਸੱਤ ਦਿਨ ਤੱਕ ਚਲਦੀ ਰਹੀ ਪਰ ਸਿੱਖਾਂ ਨੇ ਵਿਸਾਖੀ ਦਾ ਤਿਉਹਾਰ ਮਨਾਉਣਾ ਸੀ, ਇਸ ਲਈ ਅਬਦਾਲੀ ਨੂੰ ਜਾਣ ਦਿੱਤਾ। 16 ਅਪ੍ਰੈਲ 1765 ਨੂੰ ਅਬਦਾਲੀ ਦੇ ਸੂਬੇਦਾਰ ਕਾਬਲੀ ਮੱਲ ਨੂੰ ਹਰਾ ਕੇ ਲਾਹੌਰ ਫ਼ਤਹਿ ਕਰ ਲਿਆ।

ਸੰਨ 1779 ਵਿੱਚ ਅਬਦੁਲ ਆਹਦ ਖਾਨ ਨੇ ਦਿੱਲੀ ਤੋਂ ਪਟਿਆਲੇ ਦੇ ਸ਼ਾਸਕ ਅਮਰ ਸਿੰਘ 'ਤੇ ਫ਼ੌਜ ਚਾੜ੍ਹੀ। ਆਹਲੂਵਾਲੀਆ ਨੇ ਉਸ ਨੂੰ ਪਿਛਾਂਹ ਧਕੇਲ ਦਿੱਤਾ। ਉਸ ਨੇ ਸਿੱਖਾਂ ਤੋਂ ਜੋ ਰਕਮ ਵਸੂਲੀ ਸੀ, ਵਾਪਿਸ ਕਰ ਦਿੱਤੀ। ਇਸ ਤੋਂ ਇਲਾਵਾ ਉਸ ਨੇ ਰਾਖੀ ਦੀ ਰਕਮ ਦਲ ਖ਼ਾਲਸਾ ਨੂੰ ਅਦਾ ਕੀਤੀ।

ਜਦੋਂ 11 ਮਾਰਚ 1783 ਨੂੰ ਜੱਸਾ ਸਿੰਘ ਆਹਲੂਵਾਲੀਆ ਅਤੇ ਜਰਨੈਲ ਬਘੇਲ ਸਿੰਘ ਦੇ ਅਧੀਨ ਸਿੱਖਾਂ ਨੇ ਲਾਲ ਕਿਲੇ 'ਤੇ ਕਬਜ਼ਾ ਕਰ ਕੇ ਦਿੱਲੀ ਫ਼ਤਹਿ ਕਰ ਲਈ ਤਦ ਸ਼ਾਹ ਆਲਮ ਅਤੇ ਉਸ ਦੇ ਦਰਬਾਰੀ ਭੱਜ ਗਏ। ਸਿੱਖ ਚਾਹੁੰਦੇ ਸਨ ਕਿ ਆਹਲੂਵਾਲੀਆ ਗੱਦੀ 'ਤੇ ਬੈਠੇ ਪਰ ਜੱਸਾ ਸਿੰਘ ਰਾਮਗੜ੍ਹੀਆ ਨੇ ਵਿਰੋਧ ਕੀਤਾ। ਦੋਹਾਂ ਧਿਰਾਂ ਨੇ ਤਲਵਾਰਾਂ ਸੂਤ ਲਈਆਂ ਪਰ ਆਹਲੂਵਾਲੀਆ ਨੇ ਟਕਰਾਓ ਤੋਂ ਬਚਣ ਲਈ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ।

ਆਪਣੇ ਜੀਵਨ ਦੇ ਆਖਰੀ ਸਾਲਾਂ ਵਿੱਚ ਉਸ ਨੇ ਇਬਰਾਹੀਮਪੁਰ ਤੋਂ ਕਪੂਰਥਲਾ ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ 'ਤੇ ਕਬਜ਼ਾ ਕਰ ਲਿਆ। ਅਕਤੂਬਰ 20, 1783 ਨੂੰ ਆਪ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਸਨਮਾਨ ਵਿੱਚ ਗੁਰਦੁਆਰਾ ਬਾਬਾ ਅਟਲ ਸਾਹਿਬ ਵਿਖੇ ਸਮਾਧ ਬਣੀ ਹੈ। ਆਪ ਜੀ ਦੀ ਯਾਦ ਵਿੱਚ ਭਾਰਤ ਸਰਕਾਰ ਵੱਲੋਂ 4 ਅਪ੍ਰੈਲ 1985 ਵਿੱਚ ਡਾਕ ਟਿਕਟ ਜਾਰੀ ਕੀਤੀ ਗਈ। ਸ੍ਰ. ਜੱਸਾ ਸਿੰਘ ਨੂੰ 'ਗੁਰ ਕਾ ਲਾਲ' ਵੀ ਕਿਹਾ ਜਾਂਦਾ ਹੈ। ਆਪ ਜੀ ਤੋਂ ਬਾਅਦ ਅਕਾਲੀ ਨਿਹੰਗ ਬਾਬਾ ਨੈਣਾ ਸਿੰਘ ਜੀ ਨੂੰ ਅਗਲਾ ਜਥੇਦਾਰ ਥਾਪਿਆ ਗਿਆ।






# ਇਨਸਾਨ ਦੀ ਤੰਦਰੁਸਤੀ ਦਾ ਅਸਲ ਰਾਜ਼ ਹੈ ਮੁਸਕਰਾਹਟ

**ਸੰਜੀਵ ਸਿੰਘ ਸੈਣੀ**

ਸਾਨੂੰ ਜ਼ਿੰਦਗੀ ਵਿੱਚ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਹ ਹੁਣ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਜ਼ਿੰਦਗੀ ਨੂੰ ਕਿਸ ਤਰ੍ਹਾਂ ਗੁਜ਼ਾਰਦੇ ਹਾਂ। ਜਿੰਨਾ ਵੀ ਸਾਡੇ ਕੋਲ ਹੈ, ਸਾਨੂੰ ਉਸੇ ਵਿੱਚ ਹੀ ਸਬਰ-ਸੰਤੋਖ ਕਰਨਾ ਚਾਹੀਦਾ ਹੈ ਅਤੇ ਪਰਮਾਤਮਾ ਦਾ ਵੱਧ ਤੋਂ ਵੱਧ ਸ਼ੁਕਰਾਨਾ ਕਰਨਾ ਚਾਹੀਦਾ ਹੈ। ਕਿਸੇ ਕੋਲੋਂ ਵੱਧ ਹੁੰਦਾ ਹੈ, ਕਿਸੇ ਕੋਲ ਘੱਟ ਹੁੰਦਾ ਹੈ। ਕਿਸੇ ਕੋਲ ਬਹੁਤ ਘੱਟ ਸੀਮਤ ਮਾਤਰਾ ਵਿੱਚ ਸਾਧਨ ਹੁੰਦੇ ਹਨ। ਅੱਜ ਦੇ ਜ਼ਮਾਨੇ ਵਿੱਚ ਪੈਸੇ ਦੀ ਹੋੜ ਬਹੁਤ ਹੈ। ਇਨਸਾਨੀਅਤ ਖ਼ਤਮ ਹੋ ਚੁੱਕੀ ਹੈ। ਭਰਾ-ਭਰਾ ਦਾ ਦੁਸ਼ਮਣ ਹੋ ਚੁੱਕਿਆ ਹੈ। ਪੈਸਿਆਂ ਕਾਰਨ ਸਾਰੇ ਹੀ ਅੱਜ-ਕੱਲ੍ਹ ਰਿਸ਼ਤੇ ਟੁੱਟ ਚੁੱਕੇ ਹਨ ।

ਬਸ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਲੱਗੀ ਹੋਈ ਹੈ। ਪੈਸੇ ਨੂੰ ਹੀ ਤਰਜੀਹ ਦਿੱਤੀ ਜਾ ਰਹੀ ਹੈ। ਜਦੋਂ ਅਸੀਂ ਸਵੇਰੇ ਉੱਠਦੇ ਹਨ, ਤਾਂ ਪ੍ਰਣ ਕਰੀਏ ! ਕਿ ਅਸੀਂ, ਸਾਰਾ ਦਿਨ ਖੁਸ਼ ਰਹਿਣਾ ਹੈ। ਛੋਟੀਆਂ ਛੋਟੀਆਂ ਗੱਲਾਂ ਕਰ ਕੇ ਅਸੀਂ ਦੁਖੀ ਨਹੀਂ ਹੋਣਾ ਹੈ। ਹਮੇਸ਼ਾ ਚੰਗਾ ਸੋਚੋ। ਕਦੇ ਵੀ ਕਿਸੇ ਪ੍ਰਤੀ ਨਾਕਰਾਤਮਕ ਵਿਚਾਰ ਨਾ ਰੱਖੋ । ਸਵੇਰੇ ਉਠਦੇ ਸਾਰ ਹੀ ਤੁਹਾਡੇ ਚਿਹਰੇ ’ਤੇ ਖੁਸ਼ੀ ਹੋਣੀ ਚਾਹੀਦੀ ਹੈ। ਮੱਥੇ ’ਤੇ ਪਈ ਤਿਊੜੀ ਨਾਲ ਅਸੀਂ ਆਪ ਵੀ ਦੁਖੀ ਹੁੰਦੇ ਹਨ। ਅਸੀਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਮੁਸੀਬਤ ਵਿੱਚ ਪਾ ਦਿੰਦੇ ਹਨ। ਜੇ ਚਿਹਰੇ ’ਤੇ ਖੁਸ਼ੀ ਰਹੇਗੀ ਤਾਂ ਘਰ ਦਾ ਮਾਹੌਲ ਵੀ ਬਹੁਤ ਵਧੀਆ ਹੋਵੇਗਾ। ਘਰ ਦੇ ਜੀਅ ਇਕ-ਦੂਜੇ ਦੀ ਕਦਰ ਕਰਨਗੇ। ਕਈ ਵਾਰ ਅਸੀਂ ਪਰਮਾਤਮਾ ਨੂੰ ਕੋਸਦੇ ਰਹਿੰਦੇ ਹਨ ਕਿ ਤੂੰ ਮੈਨੂੰ ਇਹ ਨਹੀਂ ਦਿੱਤਾ ਮੈਂ ਇੰਨੀ ਮਿਹਨਤ ਕੀਤੀ। ਤੂੰ ਮੈਨੂੰ ਉਹ ਨਹੀਂ ਦਿੱਤਾ ਜਾਂ ਮੈਨੂੰ ਛੋਟੀ ਕੋਠੀ ਦਿੱਤੀ ਹੈ ਜਾਂ ਛੋਟੀ ਕਾਰ, ਜਾਂ ਮੇਰੇ ਕੋਲ ਕੁੜੀਆਂ ਹਨ, ਮੁੰਡੇ ਦੀ ਦਾਤ ਨਹੀਂ ਬਖ਼ਸ਼ੀ, ਜਾਂ ਮੈਂ ਪ੍ਰਾਈਵੇਟ ਨੌਕਰੀ ਕਰਦਾ ਹਾਂ, ਮੇਰੇ ਕੋਲ ਜ਼ਿਆਦਾ ਜ਼ਮੀਨ ਨਹੀਂ ਹੈ। ਇਹ ਮਨ-ਮੁਟਾਵ ਦੂਜਿਆਂ ਦੀ ਤਰੱਕੀ ਦੇਖ ਕੇ ਸਾਡੇ ਮਨ ਵਿੱਚ ਆਉਂਦੇ ਹਨ।



ਅਸੀਂ ਆਪਣੇ ਦੁੱਖ ਨਾਲੋਂ ਜ਼ਿਆਦਾ ਦੁਖੀ ਨਹੀਂ ਹੁੰਦੇ, ਦੂਜੇ ਦੇ ਸੁੱਖ ਨਾਲ ਜ਼ਿਆਦਾ ਦੁੱਖੀ ਹੋ ਜਾਂਦੇ ਹਨ । ਜਿੰਨਾ ਸਾਨੂੰ ਪਰਮਾਤਮਾ ਨੇ ਦਿੱਤਾ ਹੈ, ਸਾਨੂੰ ਉਸ ਵਿੱਚ ਹੀ ਸਬਰ ਕਰਨਾ ਚਾਹੀਦਾ ਹੈ। ਅਕਸਰ ਸਾਡੇ ਸਮਾਜ ਵਿੱਚ ਅਜਿਹੀਆਂ ਉਦਾਹਰਨਾਂ ਹੁੰਦੀਆਂ ਹਨ ਕਿ ਜੋ ਸਾਨੂੰ ਖ਼ੁਸ਼ ਰਹਿਣ ਲਈ ਪ੍ਰੇਰਿਤ ਕਰਦੀਆਂ ਹਨ। ਕਈ ਵਾਰ ਸਾਡੇ ਸਾਹਮਣੇ ਅਜਿਹੀਆਂ ਉਦਾਹਰਨਾਂ ਹੁੰਦੀਆਂ ਹਨ,ਜਿਨ੍ਹਾਂ ਕੋਲ ਸੀਮਤ ਸਾਧਨ ਹੁੰਦੇ ਹਨ, ਉਹ ਖੁਸ਼ੀ ਨਾਲ ਜ਼ਿੰਦਗੀ ਗੁਜ਼ਾਰਦੇ ਹਨ। ਝੁੱਗੀ ਝੌਂਪੜੀਆਂ ਵਾਲੇ ਹਰ ਰੋਜ਼ ਕਮਾਉਂਦੇ ਹਨ ਅਤੇ ਸ਼ਾਮ ਨੂੰ ਖਾ ਲੈਂਦੇ ਹਨ। ਉਨ੍ਹਾਂ ਨੂੰ ਅਗਲੇ ਦਿਨ ਦੀ ਫ਼ਿਕਰ ਵੀ ਨਹੀਂ ਹੁੰਦੀ ਹੈ। ਫਿਰ ਵੀ ਵਧੀਆ ਜ਼ਿੰਦਗੀ ਗੁਜ਼ਾਰਦੇ ਹਨ। ਗ਼ਰੀਬ ਲੋਕਾਂ ਨੂੰ ਮਕਾਨ ਬਣਾਉਣ ਦੀ ਵੀ ਫ਼ਿਕਰ ਨਹੀਂ ਹੁੰਦੀ। ਉਨ੍ਹਾਂ ਨੂੰ ਇਹ ਹੁੰਦਾ ਹੈ ਕਿ ਅੱਜ ਦਾ ਦਿਨ ਵਧੀਆ ਗੁਜ਼ਰਿਆ ਹੈ।

ਅਜਿਹੇ ਲੋਕ ਆਪਣੀ ਜ਼ਿੰਦਗੀ ਨੂੰ ਵਧੀਆ ਹੱਸ ਖੇਡ ਕੇ ਗੁਜ਼ਾਰਦੇ ਹਨ।ਕਈ ਅਜਿਹੀ ਸ਼ਖ਼ਸੀਅਤਾਂ ਹੁੰਦੀਆਂ ਹਨ, ਜਿਨ੍ਹਾਂ ਕੋਲ ਜ਼ਿੰਦਗੀ ਬਸਰ ਕਰਨ ਲਈ ਬਹੁਤ ਸੀਮਤ ਸਾਧਨ ਹੁੰਦੇ ਹਨ, ਫਿਰ ਵੀ ਉਹ ਜ਼ਿੰਦਗੀ ਦੇ ਹਰ ਪਲ ਨੂੰ ਖੁਸ਼ੀ ਨਾਲ ਗੁਜ਼ਾਰਦੇ ਹਨ। ਅਜਿਹੇ ਲੋਕਾਂ ਦੀ ਜ਼ਿੰਦਗੀ ਵਿਚ ਫਿਰ ਦੁੱਖ ਬਹੁਤ ਘੱਟ ਹੁੰਦੇ ਹਨ। ਕਿਉਂਕਿ ਉਹ ਜ਼ਿੰਦਗੀ ਦਾ ਹਰ ਪਲ ਖ਼ੁਸ਼ੀ ਨਾਲ ਗੁਜ਼ਾਰਦੇ ਹਨ। ਦੂਜਿਆਂ ਦੀ ਤਰੱਕੀ ਨੂੰ ਦੇਖ ਕੇ ਸੜਦੇ ਨਹੀਂ ਹਨ। ਹਮੇਸ਼ਾ ਪਰਮਾਤਮਾ ਦਾ ਸ਼ੁਕਰਗੁਜ਼ਾਰ ਕਰਦੇ ਹਨ। ਅਜਿਹੇ ਲੋਕਾਂ ਨੂੰ ਜ਼ਿੰਦਗੀ ਨਾਲ ਕੋਈ ਵੀ ਸ਼ਿਕਵਾ ਨਹੀਂ ਹੁੰਦਾ। ਅਜਿਹੇ ਲੋਕ ਜਿਨ੍ਹਾਂ ਨੂੰ ਜ਼ਿੰਦਗੀ ਨਾਲ ਗਿਲੇ ਸ਼ਿਕਵੇ ਹੁੰਦੇ ਹਨ, ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ। ਕਈ ਬਿਮਾਰੀਆਂ ਨੂੰ ਸੱਦਾ ਦਿੰਦੇ ਹਨ। ਹੁਣ ਤਾਂ ਵੈਸੇ ਹੀ ਜ਼ਿੰਦਗੀ ਬਹੁਤ ਛੋਟੀ ਹੈ। ਪਤਾ ਹੀ ਨਹੀਂ ਲੱਗਦਾ ਸਮੇਂ ਦਾ ਕਿ ਕਦੋਂ ਮੌਤ ਹੋ ਜਾਂਦੀ ਹੈ। ਫਿਰ ਕਿਉਂ ਅਸੀਂ ਅਜਿਹੇ ਗਿਲੇ ਸ਼ਿਕਵਿਆਂ ਕਾਰਨ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ। ਕਿਉਂ ਅਸੀਂ ਪਰਮਾਤਮਾ ਦਾ ਸ਼ੁਕਰਗੁਜ਼ਾਰ ਨਹੀਂ ਹੁੰਦੇ ? ਕਿਉਂ ਅਸੀਂ ਹਮੇਸ਼ਾ ਖ਼ੁਸ਼ ਰਹਿਣਾ ਨਹੀਂ ਚਾਹੁੰਦੇ। ਜਿੰਨਾ ਵੀ ਹੈ, ਉਸੇ ਵਿਚ ਹੀ ਸਬਰ ਕਰਨਾ ਚਾਹੀਦਾ ਹੈ। ਜੇਕਰ ਅਸੀਂ ਖ਼ੁਸ਼ ਰਹਾਂਗੇ ਤਾਂ ਸਾਨੂੰ ਕੋਈ ਪਰੇਸ਼ਾਨੀ ਨਹੀਂ ਆਵੇਗੀ।



# ਤੰਦਰੁਸਤ ਰਹਿਣ ਲਈ ਚੰਗੀ ਨੀਂਦ ਜ਼ਰੂਰੀ



ਅੱਜ ਕੱਲ੍ਹ ਦੀ ਇਸ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਲੋਕਾਂ ਨੂੰ ਕੁਝ ਪਲਾਂ ਦੀ ਸ਼ਾਂਤੀ ਵੀ ਮਿਲਣੀ ਔਖੀ ਲੱਗਦੀ ਹੈ। ਕੰਮ ਦਾ ਦਬਾਅ ਤੇ ਨਿੱਜੀ ਜ਼ਿੰਦਗੀ ਦੀਆਂ ਹੋਰ ਜ਼ਿੰਮੇਵਾਰੀਆਂ ਲੋਕਾਂ ਦੇ ਮੋਢਿਆਂ ’ਤੇ ਭਾਰੂ ਹੋਣ ਲੱਗੀਆਂ ਹਨ। ਅਜਿਹੇ ’ਚ ਉਨ੍ਹਾਂ ਦੀ ਖਾਣ-ਪੀਣ ਦੀਆਂ ਆਦਤਾਂ ਤੋਂ ਇਲਾਵਾ ਉਨ੍ਹਾਂ ਦੀ ਨੀਂਦ ਵੀ ਕਾਫੀ ਪ੍ਰਭਾਵਿਤ ਹੋਣ ਲੱਗੀ ਹੈ। ਖਾਸ ਤੌਰ ’ਤੇ ਔਰਤਾਂ ਅਕਸਰ ਨੀਂਦ ਦੀ ਕਮੀ ਨਾਲ ਪਰੇਸ਼ਾਨ ਹੁੰਦੀਆਂ ਹਨ। ਘਰ ਦੇ ਕੰਮਾਂ ਅਤੇ ਦਫਤਰੀ ਕੰਮਾਂ ਕਾਰਨ ਅਕਸਰ ਉਨ੍ਹਾਂ ਦੀ ਨੀਂਦ ਦਾ ਪੈਟਰਨ ਖਰਾਬ ਹੋ ਜਾਂਦਾ ਹੈ, ਜਿਸ ਦਾ ਸਿੱਧਾ ਅਸਰ ਉਨ੍ਹਾਂ ਦੀ ਸਿਹਤ ’ਤੇ ਪੈਂਦਾ ਹੈ।

ਨੀਂਦ ਦੀ ਕਮੀ ਕਾਰਨ ਨਾ ਸਿਰਫ਼ ਸਰੀਰਕ ਸਿਹਤ ਹੀ ਪ੍ਰਭਾਵਿਤ ਹੁੰਦੀ ਹੈ, ਸਗੋਂ ਮਾਨਸਿਕ ਸਿਹਤ ਵੀ ਬਹੁਤ ਪ੍ਰਭਾਵਿਤ ਹੁੰਦੀ ਹੈ। ਇਸ ਕਾਰਨ ਔਰਤਾਂ ਇਨਸੌਮਨੀਆ ਅਤੇ ਡਿਪ੍ਰੈਸ਼ਨ ਵਰਗੀਆਂ ਸਮੱਸਿਆਵਾਂ ਦਾ ਸ਼ਿਕਾਰ ਹੋਣ ਲੱਗਦੀਆਂ ਹਨ। ਅਜਿਹੀ ਸਥਿਤੀ ਵਿੱਚ, ਚੰਗੀ ਸਿਹਤ ਬਣਾਈ ਰੱਖਣ ਲਈ ਸੌਣ ਦੇ ਪੈਟਰਨ ਵਿੱਚ ਸੁਧਾਰ ਕਰਨਾ ਬਹੁਤ ਜ਼ਰੂਰੀ ਹੈ। ਆਓ ਜਾਣਦੇ ਹਾਂ ਕੁਝ ਅਜਿਹੇ ਟਿਪਸ ਜਿਨ੍ਹਾਂ ਨਾਲ ਤੁਸੀਂ ਆਪਣੇ ਸੌਣ ਦੇ ਪੈਟਰਨ ਨੂੰ ਬਿਹਤਰ ਬਣਾ ਸਕਦੇ ਹੋ।

ਇਨ੍ਹਾਂ ਤਰੀਕਿਆਂ ਨਾਲ ਸੁਧਾਰੋ ਆਪਣਾ ਸਲੀਪਿੰਗ ਪੈਟਰਨ-

ਸਵੇਰੇ, ਨਾਸ਼ਤੇ ਵਿੱਚ ਘੱਟੋ-ਘੱਟ 30 ਗ੍ਰਾਮ ਪ੍ਰੋਟੀਨ ਦੇ ਨਾਲ ਕਾਰਬੋਹਾਈਡਰੇਟ ਤੇ ਚਰਬੀ ਦੀ ਸੰਤੁਲਿਤ ਮਾਤਰਾ ਦਾ ਸੇਵਨ ਕਰੋ। ਜਦੋਂ ਤੁਸੀਂ ਨੀਂਦ ਤੋਂ ਜਾਗਦੇ ਹੋ ਤਾਂ ਸਵੇਰ ਦੀ ਧੁੱਪ ਲਓ। ਇਹ ਸਰੀਰ ਦੇ ਨੀਂਦ-ਜਾਗਣ ਦੇ ਚੱਕਰ ਨੂੰ ਸੰਤੁਲਿਤ ਕਰਦਾ ਹੈ ਅਤੇ ਸਰਕੇਡੀਅਨ ਰਿਦਮ ਕੁਦਰਤ ਨਾਲ ਜੁੜ ਕੇ ਸੰਤੁਲਿਤ ਰਹਿੰਦਾ ਹੈ।

ਸਵੇਰ ਦੀ ਧੁੱਪ ਮੂਡ ਨੂੰ ਚੰਗਾ ਰੱਖਣ, ਐਕਟਿਵ ਅਤੇ ਅਲਰਟ ਰਹਿਣ ਦੇ ਨਾਲ-ਨਾਲ ਚੰਗੀ ਨੀਂਦ ਲਈ ਵੀ ਜ਼ਰੂਰੀ ਹੈ।

ਸਰੀਰਕ ਤੌਰ ’ਤੇ ਸਰਗਰਮ ਰਹੋ। ਇੱਕ ਦਿਨ ਵਿੱਚ 8000 ਕਦਮ ਚੁੱਕਣ ਦਾ ਟੀਚਾ ਰੱਖੋ ਅਤੇ ਭਾਰ ਕੰਟਰੋਲ ਕਰੋ। ਇਸ ਨਾਲ ਤੇਜ਼ ਅਤੇ ਡੂੰਘੀ ਨੀਂਦ ਆਉਂਦੀ ਹੈ, ਤਣਾਅ ਘੱਟ ਹੁੰਦਾ ਹੈ ਅਤੇ ਇਨਸੌਮਨੀਆ ਦੀ ਸਮੱਸਿਆ ਤੋਂ ਰਾਹਤ ਮਿਲਦੀ ਹੈ।ਰਾਤ ਨੂੰ ਸੌਂਦੇ ਸਮੇਂ ਹਨੇਰੇ ਵਿੱਚ ਮੋਬਾਈਲ ਜਾਂ ਸਕਰੀਨ ਤੋਂ ਬਲੂ ਲਾਈਟ ਦੀ ਵਰਤੋਂ ਕਰਨ ਤੋਂ ਬਚੋ।

ਰਾਤ ਨੂੰ ਹਲਕਾ ਖਾਣਾ ਖਾਓ। ਜ਼ਿਆਦਾ ਭੋਜਨ ਖਾਣ ਨਾਲ ਇਸ ਨੂੰ ਹਜ਼ਮ ਕਰਨ ਲਈ ਵੀ ਜ਼ਿਆਦਾ ਊਰਜਾ ਦੀ ਲੋੜ ਹੁੰਦੀ ਹੈ। ਇਸ ਦਾ ਮਤਲਬ ਹੈ ਕਿ ਸਰਕੇਡੀਅਨ ਚੱਕਰ ਨੂੰ ਜਦੋਂ ਸ਼ੁਰੂ ਹੋਣਾ ਚਾਹੀਦਾ ਸੀ ਤਾਂ ਉਸ ਨੂੰ ਸਖ਼ਤ ਮਿਹਨਤ ਕਰਨੀ ਪਵੇਗੀ, ਜਿਸ ਨਾਲ ਨੀਂਦ ਪ੍ਰਭਾਵਿਤ ਹੋਵੇਗੀ।ਸੌਣ ਤੋਂ ਪਹਿਲਾਂ 5 ਮਿੰਟ ਜਰਨਲਿੰਗ ਅਤੇ ਸਾਹ ਲੈਣ ਦੀ ਕਸਰਤ ਕਰਨ ਨਾਲ ਆਰਾਮਦਾਇਕ ਨੀਂਦ ਲੈਣ ਵਿੱਚ ਮਦਦ ਮਿਲਦੀ ਹੈ।


# ਦਿਲ ਦੀਆਂ ਬਿਮਾਰੀਆਂ ਤੋਂ ਬਚਾਉਂਦੇ ਵਿਟਾਮਿਨ ਡੀ ਸਪਲੀਮੈਂਟ

ਉਮਰ ਵਧਣ ਦੇ ਨਾਲ ਹੀ ਲੋਕਾਂ ’ਚ ਦਿਲ ਦੀਆਂ ਬਿਮਾਰੀਆਂ ਤੇ ਹੋਰਨਾਂ ਬਿਮਾਰੀਆਂ ਹੋਣ ਦਾ ਖਤਰਾ ਵੱਧ ਜਾਂਦਾ ਹੈ। ਇਕ ਖੋਜ ’ਚ ਸਾਹਮਣੇ ਆਇਆ ਹੈ ਕਿ ਵਿਟਾਮਿਨ ਡੀ ਸਪਲੀਮੈਂਟ ਦੀ ਵਰਤੋਂ 60 ਸਾਲ ਤੋਂ ਵੱਧ ਦੀ ਉਮਰ ਦੇ ਲੋਕਾਂ ’ਚ ਦਿਲ ਦੀਆਂ ਬਿਮਾਰੀਆਂ ਖਾਸ ਕਰਕੇ ਹਾਰਟ ਅਟੈਕ ਦੇ ਖਤਰੇ ਨੂੰ ਘੱਟ ਕਰਨ ’ਚ ਸਹਾਇਕ ਹੋ ਸਕਦਾ ਹੈ। ਕਾਰਡੀਓਵੈਸਕੂਲਰ ਰੋਗ (ਸੀਵੀਡੀ) ’ਚ ਹਾਰਟ ਤੇ ਖ਼ੂਨ ਦੀਆਂ ਨਾੜਾਂ ਪ੍ਰਭਾਵਿਤ ਹੁੰਦੀਆਂ ਹਨ। ਇਹ ਵਿਸ਼ਵ ’ਚ ਮੌਤ ਦੇ ਮੁੱਖ ਕਾਰਨਾਂ ’ਚੋਂ ਇਕ ਹੈ।

ਇਸ ਖੋਜ ’ਚ ਸਾਲ 2014 ਤੋਂ 2020 ਵਿਚਾਲੇ ਕਰੀਬ 21315 ਲੋਕ ਸ਼ਾਮਲ ਹੋਏ ਸਨ। ਇਨ੍ਹਾਂ ਦੀ ਉਮਰ 64 ਸਾਲ ਤੋਂ ਲੈ ਕੇ 84 ਸਾਲ ਤਕ ਸੀ। ਵਿਟਾਮਿਨ ਡੀ ਦੀ ਗੋਲੀ ਹਰ ਮਹੀਨੇ ਦੀ ਸ਼ੁਰੂਆਤ ’ਚ ਲਗਪਗ ਪੰਜ ਸਾਲਾਂ ਤਕ ਦਿੱਤੀ ਗਈ। ਇਸ ਵਿੱਚ ਪਾਇਆ ਗਿਆ ਕਿ ਵਿਟਾਮਿਨ ਡੀ ਦੀ ਵਰਤੋਂ ਵਾਲਿਆਂ ’ਚ ਦਿਲ ਸਬੰਧੀ ਆਮ ਸਮੱਸਿਆਵਾਂ ਦੀ ਖਤਰਾ ਨੌਂ ਫੀਸਦੀ ਤਕ ਘੱਟ ਸੀ। ਉਥੇ ਹੀ, ਹਾਰਟ ਅਟੈਕ ਦਾ ਖਤਰਾ 19 ਫੀਸਦੀ ਤਕ ਘੱਟ ਸੀ।



ਆਸਟ੍ਰੇਲੀਆ ਦੇ ਕਵੀਨਸਲੈਂਡ ’ਚ ਕਿਊਆਈਐੱਮਆਰ ਬਰਗੋਫਰ ਮੈਡੀਕਲ ਰਿਸਰਚ ਇੰਸਟੀਚਿਊਟ ਦੇ ਖੋਜੀਆਂ ਨੇ ਕਿਹਾ ਕਿ ਉਨ੍ਹਾਂ ਦੇ ਨਤੀਜੇ ਦੱਸਦੇ ਹਨ ਕਿ ਵਿਟਾਮਿਨ ਡੀ ਸਪਲੀਮੈਂਟ ਮੁੱਖ ਦਿਲ ਸਬੰਧੀ ਬਿਮਾਰੀਆਂ ਦੇ ਜੋਖਮ ਨੂੰ ਘੱਟ ਕਰ ਸਕਦਾ ਹੈ। ਕਿਊਆਈਐੱਮਆਰ ਦੇ ਪ੍ਰੋਫੈਸਰ ਰਾਚੇਲ ਈ ਨੀਲ ਨੇ ਕਿਹਾ ਕਿ ਇਸਦਾ ਫਾਇਦਾ ਸਟੈਟਿਨ ਜਾਂ ਹੋਰਨਾਂ ਦਿਲ ਸਬੰਧੀ ਬਿਮਾਰੀਆਂ ਦੀਆਂ ਦਵਾਈਆਂ ਲੈਣ ਵਾਲਿਆਂ ’ਚ ਵੱਧ ਦੇਖਿਆ ਜਾ ਸਕਦਾ ਹੈ।



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE
QUIKQ wex




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



# ਨਮਸਕਾਰ

## ਕੁਲਵੰਤ ਸਿੰਘ ਵਿਰਕ

ਜਦੋਂ ਦੂਜੀ ਵੱਡੀ ਜੰਗ ਲੱਗੀ ਤਾਂ ਅਸੀਂ ਬਹੁਤ ਸਾਰੇ ਕਾਲਜਾਂ ਵਿੱਚ ਪੜ੍ਹਦੇ ਜਾਂ ਪੜ੍ਹ ਹਟੇ ਮੁੰਡੇ ਫੌਜ ਵਿੱਚ ਭਰਤੀ ਹੋ ਗਏ। ਜਿਸ ਕਿਸੇ ਨੂੰ ਦੋਹਾਂ ਅੱਖਾਂ ਤੋਂ ਦਿਸਦਾ ਸੀ ਤੇ ਦਸ ਜਮਾਤਾਂ ਪਾਸ ਸੀ, ਉਹ ਲਫਟੈਨ ਬਣਨ ਲਈ ਦਰਖਾਸਤ ਦੇ ਸਕਦਾ ਸੀ। ਦਰਖਾਸਤਾਂ ਦੇਣ ਪਿਛੋਂ ਮੁੰਡੇ ਅੰਗਰੇਜ਼ੀ ਬੋਲਣੀ ਸਿਖਦੇ ਕਿਉਂਕਿ ਭਰਤੀ ਲਈ ਮੁਲਾਕਾਤ ਵੇਲੇ ਗੱਲਬਾਤ ਅੰਗਰੇਜ਼ੀ ਵਿੱਚ ਹੀ ਹੁੰਦੀ। ਨਾਲ ਨਾਲ ਬਣਨਾ ਫੱਬਣਾ ਵੀ ਸਿਖਦੇ ਤਾਂ ਜੋ ਉਹ ਵੱਡੇ-ਵੱਡੇ ਖਾਨਦਾਨਾਂ ਰਾਹੀਂ ਹੀ ਇਸ ਦੁਨੀਆਂ ਵਿੱਚ ਆਏ ਦਿਸਣ। ਸਟਾਲਨ ਅਤੇ ਹਿਟਲਰ ਜਿਹੜੇ ਮੋਚੀ ਛੀਂਬੇ ਕਿਸਮ ਦੇ ਆਦਮੀ ਸਨ, ਦੇ ਸੰਸਾਰ ਵਿੱਚ ਪਰਗਟ ਹੋਣ ਤੋਂ ਪਿਛੋਂ ਵੀ ਅਜੇ ਇਹ ਖਿਆਲ ਆਮ ਸੀ ਕਿ ਅੰਗਰੇਜ਼ ਕੇਵਲ ਖਾਂਦੇ-ਪੀਂਦੇ ਹਿੰਦੁਸਤਾਨੀਆਂ ਨੂੰ ਹੀ ਅਫਸਰੀ ਦੇ ਯੋਗ ਸਮਝਦੇ ਹਨ। ਇਸ ਬਿਪਤਾ ਵੇਲੇ ਅੰਗਰੇਜ਼ਾਂ ਨੂੰ ਇਹੋ ਜਿਹੇ ਭੁਲੇਖੇ ਕੱਢਣ ਦੀ ਵਿਹਲ ਨਹੀਂ ਸੀ। ਖਾਸ ਕਰ ਜਦੋਂ ਹਿੰਦੁਸਤਾਨੀਆਂ ਵਿੱਚ ਭਰਤੀ ਵੱਲੋਂ ਉਨ੍ਹਾਂ ਦਾ ਕੰਮ ਠੀਕ ਚੱਲ ਰਿਹਾ ਸੀ। ਜਿਹੜੇ ਹਜ਼ਾਰਾਂ ਹਿੰਦੁਸਤਾਨੀਆਂ ਨੂੰ ਉਨ੍ਹਾਂ ਲਫਟੈਨ ਬਣਾਇਆ, ਉਨ੍ਹਾਂ ਵਿਚੋਂ ਮੈਂ ਵੀ ਸਾਂ। ਇਹ ਕੋਈ ਉਚੇਚੀ ਗੱਲ ਨਹੀਂ ਜਾਪਦੀ ਸੀ ਕਿਉਂਕਿ ਸੱਜੇ ਖੱਬੇ ਸਭ ਮੁੰਡੇ ਲਫਟੈਨ ਬਣ ਰਹੇ ਸਨ। ਪਿੰਡ-ਪਿੰਡ ਵਿਚੋਂ ਲਫਟੈਨ ਗਏ ਲਗਦੇ ਸਨ। ਸਿਖਲਾਈ ਵਾਲੀ ਥਾਂ (ਜਿਸ ਨੂੰ ਆਫੀਸਰ ਟਰੇਨਿੰਗ ਸਕੂਲ ਆਖਦੇ ਸਨ) ਜਾ ਕੇ ਤੇ ਇਸ ਤਰ੍ਹਾਂ ਲੱਗਾ ਜਿਵੇਂ ਸਾਰੀ ਫੌਜ ਲਫਟੈਨਾਂ ਦੀ ਹੀ ਹੋਵੇਗੀ, ਸਿਪਾਹੀ ਕੋਈ ਨਹੀਂ ਹੋਣਗੇ।

ਪਰ ਸਿਖਲਾਈ ਪਿਛੋਂ ਯੂਨਿਟਾਂ ਵਿੱਚ ਜਾ ਕੇ ਪਤਾ ਲੱਗਾ ਕਿ ਹਿੰਦੁਸਤਾਨੀ ਫੌਜ ਵਿੱਚ ਵੀ ਹਿੰਦੁਸਤਾਨੀ ਅਫਸਰ ਆਟੇ ਵਿੱਚ ਲੂਣ ਬਰਾਬਰ ਹੀ ਹਨ। ਆਮ ਯੂਨਿਟਾਂ ਵਿੱਚ ਤੀਹ ਪੈਂਤੀ ਅਫਸਰਾਂ ਵਿਚੋਂ ਦੋ ਤਿੰਨ ਹੀ ਹਿੰਦੁਸਤਾਨੀ ਹੁੰਦੇ ਤੇ ਬਾਕੀ ਅੰਗਰੇਜ਼। ਵੱਡਾ ਅਫਸਰ ਤੇ ਕੋਈ ਹਿੰਦੁਸਤਾਨੀ ਹੈ ਈ ਨਹੀਂ ਸੀ। ਭਾਵੇਂ ਸਾਡੀਆਂ ਤਨਖਾਹਾਂ, ਅਖਤਿਆਰਾਂ ਤੇ ਸਰਦਾਰੀ ਵਿੱਚ ਕੋਈ ਫਰਕ ਨਹੀਂ, ਖਾਣ ਪੀਣ ਤੇ ਸੌਣਾ ਬਹਿਣਾ ਵੀ ਇਕੱਠਾ ਹੀ ਸੀ, ਫਿਰ ਵੀ ਨਾ ਅੰਗਰੇਜ਼ ਸਾਨੂੰ ਆਪਣੇ ਬਰਾਬਰ ਦਾ ਸਮਝਦੇ ਸਨ ਤੇ ਨਾ ਅਸੀਂ ਆਪਣੇ-ਆਪ ਨੂੰ ਉਨ੍ਹਾਂ ਦੇ ਬਰਾਬਰ ਦਾ। ਕਿਸੇ ਗੋਰੇ ਸਿਪਾਹੀ ਦਾ ਨਿਮਰਤਾ ਨਾਲ ਸਲਾਮ ਕਰਨਾ ਜਾਂ ਕਿਸੇ ਅੰਗਰੇਜ਼ ਨਰਸ ਦਾ ਪਿਆਰ ਨਾਲ ਗੱਲ ਕਰਨਾ ਸਾਡੇ ਲਈ ਸੁਰਗ ਦਾ ਝੂਟਾ ਸੀ। ਇਸ ਨਾ-ਬਰਾਬਰੀ ਦੀ ਹਾਲਤ ਲਈ ਨਾ ਉਹ ਪੂਰੇ ਕਸੂਰਵਾਰ ਸਨ ਤੇ ਨਾ ਅਸੀਂ। ਸੌ ਡੇਢ ਸੌ ਸਾਲ ਤੋਂ ਹਾਲਾਤ ਹੀ ਐਸੇ ਸਨ। ਇਸ ਕੁਦਰਤੀ ਫਰਕ ਦਾ ਉਸ ਵੇਲੇ ਇਕ ਸੰਕੇਤ ਇਹ ਸੀ ਕਿ ਅਸੀਂ ਤੇ ਆਪਣੀ ਫੌਜ ਨੌਕਰੀ ਨੂੰ ਪਰਮਾਤਮਾ ਤੇ ਸਰਕਾਰ ਦੀ ਵੱਡੀ ਬਖਸ਼ਿਸ਼ ਸਮਝਦੇ ਸਾਂ ਤੇ ਇਸ ਦਾ ਕਿਸੇ ਤਰ੍ਹਾਂ ਪੱਕੀ ਹੋ ਜਾਣਾ ਸਾਡਾ ਸੁੰਦਰ ਸੁਫਨਾ ਸੀ, ਪਰ ਅੰਗਰੇਜ਼ ਜਬਰੀ ਭਰਤੀ ਹੇਠ ਆਏ ਹੋਏ ਸਨ ਤੇ ਉਡੀਕਦੇ ਸਨ ਕਿ ਜਦੋਂ ਲੜਾਈ ਖਤਮ ਹੋਵੇ ਤੇ ਕਦੋਂ ਫੌਜੀ ਨੌਕਰੀ ਤੋਂ ਖਲਾਸੀ ਮਿਲੇ। ਭਾਵੇਂ ਉਨ੍ਹਾਂ ਵਿਚੋਂ ਕਈ ਬਹੁਤ ਚੰਗੇ ਆਦਮੀ ਸਨ, ਪਰ ਸਾਡੀ ਤੇ ਉਨ੍ਹਾਂ ਦੀ ਕੋਈ ਦਿਲੀ ਸਾਂਝ ਨਾ ਬਣਦੀ। ਅਸੀਂ ਇਕੱਠੇ ਸ਼ਰਾਬ ਪੀਂਦੇ, ਜ਼ਨਾਨੀਆਂ ਦੀਆਂ, ਆਪਣੇ ਦੇਸ ਦੇ ਰਵਾਜਾਂ ਦੀਆਂ, ਧਰਮਾਂ ਦੀਆਂ ਅਤੇ ਬੋਲੀ ਦੀਆਂ ਝੂਠੀਆਂ ਸੱਚੀਆਂ ਗੱਲਾਂ ਕਰਦੇ ਤੇ ਫਿਰ ਹੱਸਦੇ-ਹੱਸਦੇ ਆ ਕੇ ਸੌਂ ਜਾਂਦੇ। ਕਦੀ ਕਿਸੇ ਅੰਗਰੇਜ਼ ਨੇ ਇਹ ਨਹੀਂ ਕਿਹਾ ਸੀ ਕਿ ਜੇ ਤੂੰ ਛੁੱਟੀ ਚੱਲਿਆ ਹੈਂ ਤਾਂ ਮੈਂ ਵੀ ਛੁੱਟੀ ਲੈ ਕੇ ਤੇਰੇ ਨਾਲ ਪਿੰਡ ਚਲਦਾ ਹਾਂ।

ਹਾਂ, ਇਕ ਅੰਗਰੇਜ਼ ਅਫਸਰ ਸੀ ਜਿਹੜਾ ਸਾਡੇ ਵਿੱਚ ਦੂਜਿਆਂ ਨਾਲੋਂ ਬਹੁਤਾ ਭਿੱਜਦਾ ਸੀ। ਉਸ ਦਾ ਨਾਂ ਮਲਿੰਗਟਨ ਸੀ।

ਮਲਿੰਗਟਨ ਕੈਂਬਰਿਜ ਯੂਨੀਵਰਸਿਟੀ ਵਿੱਚ ਪੜ੍ਹਦਾ ਆਇਆ ਸੀ। ਧਰਮ ਤੇ ਦਰਸ਼ਨ ਦਾ ਵਿਦਿਆਰਥੀ ਸੀ। ਬੜਾ ਮਲੂਕ ਜਿਹਾ ਦਿਸਦਾ ਸੀ। ਉਸ ਦੀਆਂ ਅੱਖਾਂ ਵਿੱਚ ਸਦਾ ਪਿਆਰ, ਤਰਲਾ ਜਿਹਾ ਹੁੰਦਾ ਸੀ ਜਿਸ ਕਰ ਕੇ ਉਸ ਦੇ ਕੋਲ ਬੈਠਣ ਨੂੰ ਬੜਾ ਜੀਅ ਕਰਦਾ ਸੀ। ਅੰਗਰੇਜ਼ ਅਫਸਰਾਂ ਵਿਚੋਂ ਉਹ ਬਹੁਤਾ ਸਿਰ ਕੱਢਵਾਂ ਨਹੀਂ ਗਿਣਿਆ ਜਾਂਦਾ ਸੀ। ਮੈਸ ਵਿੱਚ ਬਹੁਤਾ ਬੋਲਦਾ ਨਹੀਂ ਸੀ। ਪਰੇਡ ਤੇ ਬਹੁਤੀ ਚੁਸਤੀ ਦਾ ਪ੍ਰਭਾਵ ਨਹੀਂ ਸੀ ਦਿੰਦਾ, ਪਰ ਉਸ ਨੂੰ ਘਟੀਆ ਵੀ ਨਹੀਂ ਗਿਣਿਆ ਜਾਂਦਾ ਸੀ। ਅਸਲ ਵਿੱਚ ਜਿਹੜਾ ਅੰਗਰੇਜ਼ ਅਫਸਰ ਸਵੇਰੇ ਵਕਤ ਸਿਰ ਉਠ ਕੇ ਦਾੜ੍ਹੀ ਮੁੰਨ ਕੇ ਪਰੇਡ 'ਤੇ ਆ ਜਾਵੇ ਤੇ ਔਖਾ-ਸੌਖਾ ਡੰਗ ਸਾਰ ਲਵੇ, ਉਸ ਨੂੰ ਘਟੀਆ ਨਹੀਂ ਗਿਣਿਆ ਜਾਂਦਾ ਸੀ, ਪਰ ਹੋਰ ਅੰਗਰੇਜ਼ ਅਫਸਰ ਇਸ ਤਰ੍ਹਾਂ ਟੁਰਦੇ-ਫਿਰਦੇ ਸਨ ਜਿਵੇਂ ਸੌ-ਸੌ ਮੀਲ ਤਕ ਉਨ੍ਹਾਂ ਦੇ ਮੇਚ ਦਾ ਬੰਦਾ ਨਾ ਹੋਵੇ।

ਡਿਊਟੀ ਤੋਂ ਵਿਹਲਾ ਹੋ ਕੇ ਉਹ ਹਿੰਦੁਸਤਾਨੀ ਕੱਪੜੇ ਪਾ ਲੈਂਦਾ। ਪਠਾਣਾਂ ਵਾਲੀ ਸਲਵਾਰ-ਕਮੀਜ਼ ਤੇ ਸਿਰ ਉਤੇ ਕੁੱਲੇ ਵਾਲੀ ਪੱਗ। ਆਪਣੇ ਬੈਰੇ ਨਾਲ ਹਿੰਦੁਸਤਾਨੀ ਵਿੱਚ ਗੱਲਬਾਤ ਕਰਦਾ, ਉਸ ਨੂੰ ਅੰਗਰੇਜ਼ੀ ਸਿਖਾਣ ਦੀ ਥਾਂ ਆਪ ਉਸ ਕੋਲੋਂ ਹਿੰਦੁਸਤਾਨੀ ਸਿਖਦਾ ਰਹਿੰਦਾ। ਭਾਰਤੀ ਸਭਿਅਤਾ ਉਤੇ ਉਸ ਕਈ ਕਿਤਾਬਾਂ ਰੱਖੀਆਂ ਹੋਈਆਂ ਸਨ। ਮੈਂ ਉਸ ਨੂੰ ਕਦੀ ਕੋਈ ਨਵੀਂ ਗੱਲ ਨਾ ਦਸ ਸਕਦਾ। ਉਸ ਨੂੰ ਪਹਿਲਾਂ ਹੀ ਪਤਾ ਹੁੰਦਾ। ਮੇਰੇ ਮੂੰਹੋਂ ਗੱਲਾਂ ਸੁਣਨ ਦੀ ਥਾਂ ਉਹ ਮੇਰਾ ਅੰਦਰ ਟੋਂਹਦਾ ਰਹਿੰਦਾ। ਅਸੀਂ ਬਗੈਰ ਗੱਲ ਕਰਨ ਦੇ ਹੀ ਕਿੰਨਾ-ਕਿੰਨਾ ਚਿਰ ਬੈਠੇ ਰਹਿੰਦੇ। ਛੁੱਟੀ ਵਾਲੇ ਦਿਨ ਸ਼ਿਕਾਰ ਖੇਡਣ ਦੇ ਪੱਜ ਅਸੀਂ ਪਿੰਡਾਂ ਵਿੱਚ ਜਾ ਵੜਦੇ ਤੇ ਉਹ ਮੇਰੇ ਰਾਹੀਂ ਲੋਕਾਂ ਨਾਲ ਗੱਲਾਂ ਕਰਦਾ ਰਹਿੰਦਾ ਤੇ ਉਨ੍ਹਾਂ ਦੇ ਘਰ-ਘਾਟ ਵੇਖਦਾ ਫਿਰਦਾ। ਆਮ ਕੱਪੜੇ ਪਾ ਕੇ ਅਸੀਂ ਸ਼ਾਹਜਹਾਨਪੁਰ ਦੇ ਬਜ਼ਾਰਾਂ ਵਿੱਚ ਘੁੰਮਦੇ ਫਿਰਦੇ। ਲਖਨਊ ਦੀਆਂ ਕੰਜਰੀਆਂ ਤੋਂ ਗੌਣ ਸੁਣਦੇ ਤੇ ਉਨ੍ਹਾਂ ਦੇ ਨਾਚ ਵੇਖਦੇ ਰਹਿੰਦੇ। ਜਿਸ ਤਰ੍ਹਾਂ ਫੌਜੀ ਅਫਸਰਾਂ ਦੀਆਂ ਕੋਠੀਆਂ ਉਸ ਦੀ ਦੁਨੀਆਂ ਸੀ ਤੇ ਮੈਂ ਕੇਵਲ ਇਕ ਸੱਦਿਆ ਹੋਇਆ ਜਾਂ ਅਣਸੱਦਿਆ ਪ੍ਰਾਹੁਣਾ ਸਾਂ, ਇਸ ਤਰ੍ਹਾਂ ਇਹ ਬਾਜ਼ਾਰ ਮੇਰੀ ਦੁਨੀਆਂ ਸਨ, ਪਰ ਇੱਥੇ ਵੀ ਉਹ ਮੇਰੇ ਤੋਂ ਬਹੁਤਾ ਸਵਾਦ ਲੈ ਸਕਦਾ ਸੀ। ਉਸ ਨੂੰ ਹਿੰਦੁਸਤਾਨੀ ਨਾਚ ਤੇ ਗੌਣ ਦੀ ਚੋਖੀ ਸਮਝ ਆ ਗਈ ਹੋਈ ਸੀ ਤੇ ਐਲਾਨ ਹੋਣ ਤੋਂ ਬਿਨਾਂ ਇਹ ਵੀ ਦੱਸ ਸਕਦਾ ਕਿ ਠੁਮਰੀ ਗਾਵੀਂ ਜਾ ਰਹੀ ਏ ਜਾਂ ਦਾਦਰਾ। ਬਰੇਲੀ ਵਿੱਚ ਅਸੀਂ 'ਪ੍ਰਾਈਵੇਟ' ਕੰਜਰੀਆਂ ਦੇ ਘਰਾਂ ਵਿੱਚ ਜਾਂਦੇ। ਉਨ੍ਹਾਂ ਦੇ ਬਿਸਤਰਿਆਂ ਉਤੇ ਬਹਿ ਕੇ ਉਹ ਬੱਚੇ ਵਾਂਗ ਉਨ੍ਹਾਂ ਨਾਲ ਗੱਲਾਂ ਕਰਦਾ ਰਹਿੰਦਾ। ਉਠ ਕੇ ਆ ਕੇ ਉਹ ਉਨ੍ਹਾਂ ਦੇ ਘਰਾਂ ਦੇ ਬਾਹਰ ਬੈਠਾ ਜਾਂ ਟਹਿਲਦਾ ਰਹਿੰਦਾ, ਵੇਖਣ ਲਈ ਕਿ ਹੋਰ ਕੌਣ ਲੋਕ ਆਉਂਦੇ ਹਨ ? ਕੀ ਗੱਲਾਂ ਕਰਦੇ ਹਨ ?

ਇਸ ਤਰ੍ਹਾਂ ਲਗਦਾ ਸੀ ਜਿਵੇਂ ਅੰਗਰੇਜ਼ੀ ਰਾਜ ਲਈ ਇਸ ਦੇਸ਼ ਨੂੰ ਬਚਾਣ ਆਏ ਨੂੰ ਉਸ ਨੂੰ ਇਸ ਨਾਲ ਸਨੇਹ ਹੋ ਗਿਆ ਹੋਵੇ। ਆਪਣੀ ਨੌਕਰੀ ਵਜਾਣ ਦੀ ਥਾਂ ਉਹ ਬਹੁਤਾ ਭਾਰਤ ਦੀ ਆਤਮਾ ਦੀ ਟੋਹ ਵਿੱਚ ਸੀ। ਇਕ ਵਾਰ ਮੋਟਰ ਵਿੱਚ ਅਲਮੋੜੇ ਜਾਂਦਿਆਂ ਰਾਹ ਵਿੱਚ ਬਹੁਤ ਸੁੰਦਰ ਪਹਾੜੀ ਦ੍ਰਿਸ਼ ਆਏ। ਉਹ ਮਸਤ ਹੋਇਆ ਵੇਖਦਾ ਰਿਹਾ ਤੇ ਫਿਰ ਉਸ ਹੱਥ ਜੋੜ ਕੇ ਮੱਥਾ ਟੇਕ ਦਿੱਤਾ।

ਤੂੰ ਕਿਸ ਨੂੰ ਨਮਸਕਾਰ ਕਰ ਰਿਹਾ ਏਂ? ਮੈਂ ਪੁੱਛਿਆ।

ਪਤਾ ਨਹੀਂ ਕਿਸ ਨੂੰ; ਪਰ ਮੇਰਾ ਜੀ ਕੀਤਾ ਸੀ। ਉਸ ਨੇ ਕਿਹਾ।

ਉਸੇ ਯੂਨਿਟ ਵਿਚੋਂ ਹੀ ਮੈਨੂੰ ਫੌਜ ਤੋਂ ਛੁੱਟੀ ਹੋ ਗਈ।

ਜਦੋਂ ਮੈਂ ਨੌਕਰੀ ਛੱਡ ਕੇ ਆਉਣ ਲੱਗਾ ਤਾਂ ਮਲਿੰਗਟਨ ਤੋਂ ਵੀ ਵਿਦਾ ਹੋਣਾ ਸੀ।

ਏਥੋਂ ਵਿਹਲਾ ਹੋ ਕੇ ਮੈਂ ਆਪਣੇ ਦੇਸ ਮੁੜ ਜਾਵਾਂਗਾ, ਉਸ ਨੇ ਕਿਹਾ, ਜੇ ਤੂੰ ਕਦੀ ਉਧਰ ਆਇਓਂ ਤਾਂ ਮੈਨੂੰ ਚਿੱਠੀ ਲਿਖੀਂ। ਮੈਂ ਤੈਨੂੰ ਮਿਲਾਂਗਾ। ਮੇਰਾ ਹਮੇਸ਼ਾ ਵਾਸਤੇ ਦਾ ਪਤਾ ਗਰਿੰਡਲੇ ਬੈਂਕ, ਲੰਡਨ ਹੈ। ਮੇਰਾ ਉਨ੍ਹਾਂ ਨਾਲ ਹਿਸਾਬ ਹੈ। ਮੈਂ ਜਿਥੇ ਵੀ ਹੋਵਾਂ, ਉਨ੍ਹਾਂ ਨੂੰ ਪਤਾ ਹੁੰਦਾ ਹੈ, ਹਰ ਚਿੱਠੀ ਉਹ ਮੈਨੂੰ ਉਥੇ ਭੇਜ ਦਿੰਦੇ ਨੇ। ਇਹ ਬੜਾ ਸਿੱਧਾ ਤੇ ਸੌਖਾ ਪਤਾ ਹੈ। ਹੁਣ ਤੇਰੇ ਕੋਲ ਮੈਨੂੰ ਪਤਾ ਨਾ ਦੇਣ ਦਾ ਕੋਈ ਬਹਾਨਾ ਨਹੀਂ ਹੋ ਸਕਦਾ!

ਮੈਨੂੰ ਅਗਲੇ ਕੁਝ ਸਾਲਾਂ ਵਿੱਚ ਇੰਗਲੈਂਡ ਜਾ ਸਕਣ ਦੀ ਉਮੀਦ ਨਹੀਂ। ਮੈਂ ਦੱਸਿਆ। ਉਸ ਤੋਂ ਮਗਰੋਂ ਸ਼ਾਇਦ ਮੇਰਾ ਕਦੀ ਜਾਣ ਨੂੰ ਜੀ ਨਾ ਕਰੇ। ਇਸ ਲਈ ਇਸ ਪਤੇ ਦੀ ਕੋਈ ਵਰਤੋਂ ਨਹੀਂ ਕਰ ਸਕਾਂਗਾ। ਇਸ ਮੁਲਾਕਾਤ ਨੂੰ ਤੂੰ ਆਖਰੀ ਹੀ ਸਮਝ।

ਨਹੀਂ ਨਹੀਂ। ਖਬਰੇ, ਆਖਰੀ ਨਾ ਹੋਵੇ। ਦੁਨੀਆਂ ਬਹੁਤ ਛੋਟੀ ਹੋ ਰਹੀ ਏ। ਸ਼ਾਇਦ ਮੈਂ ਹੀ ਕਦੀ ਫਿਰ ਏਧਰ ਆ ਜਾਵਾਂ। ਤੂੰ ਮੈਨੂੰ ਆਪਣਾ ਹਮੇਸ਼ ਵਾਸਤੇ ਦਾ ਪਤਾ ਲਿਖ ਦੇ।

ਇਕ ਕਾਗਜ਼ ਉਤੇ ਮੈਂ ਆਪਣਾ ਨਾਂ, ਪਿੰਡ, ਡਾਕਖਾਨਾ ਤੇ ਜ਼ਿਲ੍ਹਾ ਲਿਖ ਕੇ ਉਸ ਦੇ ਹੱਥ ਫੜਾ ਦਿੱਤਾ।

ਉਸ ਨੇ ਉਹ ਸਿਰਨਾਵਾਂ ਪੜ੍ਹ ਕੇ ਵੇਖਿਆ, ਇਹ ਪੱਕ ਕਰਨ ਲਈ ਕਿ ਉਹ ਸਾਰੇ ਅੱਖਰ ਉਠਾਲ ਸਕਦਾ ਹੈ।

ਇਹ ਤੇਰਾ ਸਦਾ ਵਾਸਤੇ ਦਾ ਪਤਾ ਹੈ? ਉਸ ਨੇ ਪੁੱਛਿਆ। ਉਹ ਮੇਰੇ ਪਿੰਡ ਨੂੰ ਇੰਗਲੈਂਡ ਦੇ ਇਕ ਵੱਡੇ ਬੈਂਕ ਨਾਲੋਂ ਘਟ ਸਥਿਰ ਸਮਝਦਾ ਸੀ।

ਹਾਂ, ਅਣਗਿਣਤ ਸਦੀਆਂ ਤੋਂ ਮੇਰੇ ਵਡਿਕਿਆਂ ਦਾ ਇਹੋ ਪਤਾ ਰਿਹਾ ਹੈ, ਤੇਰੀ ਉਮਰ ਤੇ ਅਜੇ ਭੁਗਤਾ ਹੀ ਜਾਏਗਾ। ਮੈਂ ਮਾਣ ਨਾਲ ਕਿਹਾ।

ਉਸ ਨੇ ਮੇਰੀ ਗੱਲ ਸੁਣੀ ਤੇ ਖਲੋਤੇ-ਖਲੋਤੇ ਨੇ ਮੱਥਾ ਟੇਕਿਆ।

ਤੂੰ ਕਿਸ ਨੂੰ ਨਮਸਕਾਰ ਕੀਤੀ ਹੈ?

ਪਤਾ ਨਹੀਂ, ਮੇਰਾ ਜੀ ਕੀਤਾ ਸੀ।

ਨਹੀਂ, ਤੈਨੂੰ ਪਤਾ ਹੈ। ਤੂੰ ਮੈਨੂੰ ਨਮਸਕਾਰ ਕੀਤੀ ਹੈ।

ਨਹੀਂ ਬਿਲਕੁਲ ਨਹੀਂ। ਮੈਂ ਪ੍ਰਾਣੀਆਂ ਨੂੰ ਇਹੋ ਜਿਹੀ ਨਮਸਕਾਰ ਨਹੀਂ ਕਰਦਾ। ਤੈਨੂੰ ਮੈਂ ਜਾਣ ਲੱਗੇ ਨੂੰ ਵੱਡੇ ਅਫਸਰ ਦਾ ਸੈਲੂਟ ਕਰਾਂਗਾ। ਮੈਂ ਉਸ ਤੋਂ ਕੁਝ ਚਿਰ ਪਹਿਲਾਂ ਭਰਤੀ ਹੋਇਆ ਸਾਂ।

ਇਸ ਦੇ ਕੁਝ ਚਿਰ ਪਿਛੋਂ ਅੰਗਰੇਜ਼ੀ ਰਾਜ ਖਤਮ ਹੋ ਗਿਆ। ਹਿੰਦੁਸਤਾਨ ਆਜ਼ਾਦ ਹੋ ਗਿਆ। ਬਦੇਸਾਂ ਵਿੱਚ ਭਾਂਤ-ਭਾਂਤ ਦੀਆਂ ਗੱਲਾਂ ਹੋਈਆਂ। ਕਿਸੇ ਨੇ ਕਿਹਾ ਡੁੱਬ ਜਾਏਗਾ, ਟੋਟੇ ਹੋ ਕੇ ਖਤਮ ਹੋ ਜਾਏਗਾ। ਕਿਸੇ ਹੋਰ ਨੇ ਕਿਹਾ ਅਜੇ ਆਜ਼ਾਦ ਹੋਇਆ ਹੀ ਨਹੀਂ ਭੁਲੇਖਾ ਹੈ, ਛਲ ਹੈ। ਕਈ ਕਹਿੰਦੇ ਗੱਲ ਇਸ ਦੇ ਕੁਝ ਵਿਚਕਾਰ-ਵਿਚਕਾਰ ਹੈ। ਨਵਾਂ ਜੰਮਿਆ ਭਾਰਤ ਹੌਲੀ ਹੌਲੀ ਰਿੜ੍ਹਨ ਲੱਗ ਪਿਆ ਹੈ। ਇਹ ਆਸ ਬਣਨ ਲੱਗੀ ਹੈ ਕਿ ਕਿਸੇ ਦਿਨ ਇਹ ਉਠ ਕੇ ਖਲੋ ਜਾਏਗਾ ਤੇ ਫਿਰ ਟੁਰ ਕੇ ਜਾਂ ਭੱਜ ਕੇ ਦੂਜੇ ਵੱਡੇ ਦੇਸਾਂ ਦੇ ਨਾਲ ਜਾ ਰਲੇਗਾ। ਕਿਵੇਂ ਕੰਮ ਹੋ ਰਿਹਾ ਹੈ ? ਐਨੀ ਕਰੋੜਾਂ ਦੀ ਵਸੋਂ ਨਾਲ ਕਿਵੇਂ ਬੀਤ ਰਹੀ ਏ ? ਇਹ ਕੁਝ ਵੇਖਣ ਲਈ ਕਈ ਲੋਕ ਬਦੇਸ਼ਾਂ ਤੋਂ ਆਉਂਦੇ। ਕੁਝ ਇਹ ਵੇਖਣ ਆਉਂਦੇ ਕਿ ਦੁਨੀਆਂ ਦੇ ਦੋ ਵੱਡੇ ਧੜਿਆਂ ਵਿਚੋਂ ਇਹ ਕਿਸ ਨਾਲ ਰਲੇਗਾ ਜਿਵੇਂ ਜੱਟਾਂ ਦੇ ਦੋ ਧੜੇ ਕਿਸੇ ਜ਼ਨਾਨੀ ਤੋਂ ਬਿਆਨ ਕਰਵਾਣ ਲਈ ਕਿਰਪਾਨਾਂ ਖਿੱਚੀ ਕਚਹਿਰੀ ਦੇ ਬਾਹਰ ਫਿਰਦੇ ਰਹਿੰਦੇ ਹਨ।

ਕੁਝ ਵਰ੍ਹੇ ਹੋਰ ਲੰਘ ਗਏ। ਇਕ ਦਿਨ ਮੇਰੀ ਮਾਂ ਨੇ ਕਿਹਾ, ਇਹ ਓਪਰੀ ਜਿਹੀ ਟਿਕਟ ਵਾਲੀ ਚਿੱਠੀ ਆਈ ਹੈ। ਮੈਂ ਚਿੱਠੀ ਵੇਖੀ, ਉਤੇ ਅੰਗਰੇਜ਼ਾਂ ਦੀ ਮਲਿਕਾ ਦੀ ਮੂਰਤ ਸੀ। ਟਿਕਟ ਉਤੇ ਇਸ ਦੇ ਪਿਓ ਦੀ ਮੂਰਤ ਨੂੰ ਮੇਰੀ ਮਾਂ ਓਪਰੀ ਨਹੀਂ ਸਮਝਦੀ ਸੀ, ਪਰ ਇਸ ਦੀ ਮੂਰਤ ਉਸ ਨੂੰ ਓਪਰੀ ਲੱਗੀ। ਚਲੋ ਕੁਝ ਤੇ ਫਰਕ ਹੈ ਨਾ, ਮੈਂ ਸੋਚਿਆ। ਚਿੱਠੀ ਖੋਲ੍ਹੀ। ਮਲਿੰਗਟਨ ਦੀ ਸੀ। ਉਹ ਭਾਰਤ ਆ ਰਿਹਾ ਸੀ। ਉਥੇ ਬੈਠੇ ਬਿਠਾਏ ਨੇ ਦਿੱਲੀ ਦੇ ਹੋਟਲ ਵਿੱਚ ਕਮਰਾ ਲੈ ਲਿਆ ਸੀ, ਤੇ ਮੈਨੂੰ ਉਸ ਹੋਟਲ ਵਿੱਚ ਮਿਲਣ ਲਈ ਲਿਖਿਆ ਸੀ। ਮੈਂ ਦਿੱਲੀ ਗਿਆ। ਮਲਿੰਗਟਨ ਨੂੰ ਪਛਾਣਨਾ ਬਹੁਤ ਔਖਾ ਨਹੀਂ ਸੀ। ਉਸ ਨੇ ਪਹਿਲੇ ਵਾਂਗ ਹੀ ਛੋਟੀਆਂ ਛੋਟੀਆਂ ਮੁੱਛਾਂ ਰੱਖੀਆਂ ਸਨ, ਜਿਹੜੀਆਂ ਉਸੇ ਤਰ੍ਹਾਂ ਹੀ ਭੂਰੀਆਂ ਸਨ।

ਚੱਲ ਤੇਰੇ ਪੰਜਾਬ ਚੱਲੀਏ, ਉਸ ਨੇ ਕਿਹਾ।

ਕਿਉਂ ਦਿੱਲੀ ਪਸੰਦ ਨਹੀਂ ਆਈ। ਮੈਂ ਪੁੱਛਿਆ।

ਪਸੰਦ ਨ-ਪਸੰਦ ਦਾ ਸਵਾਲ ਨਹੀਂ। ਇਹ ਮੇਰੀ ਪਕੜ ਵਿੱਚ ਹੀ ਨਹੀਂ ਆ ਰਹੀ। ਕੋਈ ਦਾਣਾ ਹੱਥ ਵਿੱਚ ਨਹੀਂ ਆਉਂਦਾ ਜਿਸ ਨੂੰ ਵੇਖ ਕੇ ਏਸ ਦਾਲ ਦਾ ਪਤਾ ਲੱਗੇ। ਮੈਂ ਨਵੇਂ ਭਾਰਤ ਦੀ ਨਬਜ਼ ਵੇਖਣੀ ਚਾਹੁੰਦਾ ਹਾਂ। ਉਸ ਨੇ ਅਖਬਾਰੀ ਬੋਲੀ ਵਿੱਚ ਕਿਹਾ।

ਪੰਜਾਬ ਵਿੱਚ ਦੋ ਥਾਵਾਂ ਹੀ ਬਹੁਤੀਆਂ ਨਵੀਆਂ ਗਿਣਦੇ ਨੇ, ਇਕ ਭਾਖੜਾ ਨੰਗਲ ਤੇ ਦੂਜੀ ਚੰਡੀਗੜ੍ਹ। ਮੈਂ ਟੂਰਿਸਟ ਗਾਈਡ ਵਾਂਗ ਬੋਲਿਆ।

ਇਨ੍ਹਾਂ ਦੋਹਾਂ ਬਾਰੇ ਮੈਂ ਸੁਣਿਆ ਹੈ, ਪਰ ਮੈਂ ਇਹ ਵੇਖਣ ਏਥੇ ਨਹੀਂ ਆਇਆ। ਇਹ ਤੇ ਉਸ ਤਰ੍ਹਾਂ ਵੀ ਬਣ ਸਕਦੇ ਸਨ।

ਫਿਰ ਮੈਂ ਤੈਨੂੰ ਵਿਖਾਵਾਂ ਕੀ ?

ਬੱਸ ਤੂੰ ਮੈਨੂੰ ਭੰਵਾਈਂ ਫਿਰ, ਸ਼ਾਇਦ ਮੇਰੇ ਪੱਲੇ ਕੁਝ ਪੈ ਜਾਏ।

ਮੈਂ ਉਸ ਨੂੰ ਪੰਜਾਬ ਲੈ ਆਇਆ ਤੇ ਅਸੀਂ ਥਾਂ-ਥਾਂ ਫਿਰਨ ਲੱਗੇ।

ਇਕ ਦਿਨ ਜਰਨੈਲੀ ਸੜਕ ਉਤੇ ਟੁਰਦੇ ਆ ਰਹੇ ਸਾਂ। ਦੋ ਸੜਕਾਂ ਦੇ ਮਧਾਨੀ-ਜੁਟ ਵਿੱਚ ਬਣੇ ਚੱਕਰ ਉਤੇ ਇਹ ਇਕੱਲੀ ਖਲੋਤੀ ਸੀ। ਜੇ ਕਿਸੇ ਨੇ ਕਦੀ ਕੋਈ ਸ਼ਹਿਜ਼ਾਦੀ ਚੌਕ ਵਿੱਚ ਖਲੋਤੀ ਵੇਖੀ ਹੈ, ਉਹ ਇਸ ਤਰ੍ਹਾਂ ਦੀ ਲਗਦੀ ਹੋਵੇਗੀ। ਜੇ ਸ਼ਹਿਜ਼ਾਦੀ ਏਨੀ ਸੁੰਦਰ ਤੇ ਲੰਮੀ ਨਾ ਹੋਵੇਗੀ ਤਾਂ ਹੋਰ ਕੌਣ ਹੋਵੇਗੀ ? ਉਸ ਨੇ ਬੜੇ ਫੱਬਵੇਂ ਕੱਪੜੇ ਪਾਏ ਹੋਏ ਸਨ। ਸ਼ੋਖ ਵੀ ਆਖੇ ਜਾ ਸਕਦੇ ਸਨ। ਹਰ ਲੰਘਦੇ ਆਉਂਦੇ ਦਾ ਧਿਆਨ ਉਹ ਖਿੱਚ ਰਹੀ ਸੀ, ਪਰ ਉਸ ਦਾ ਆਪਣਾ ਧਿਆਨ ਇਸ ਗੱਲ ਵਲ ਨਹੀਂ ਸੀ। ਉਹ ਬੜੇ ਗਹੁ ਨਾਲ ਸੜਕ ਉਤੇ ਆਉਂਦੇ ਕਿਸੇ ਨੂੰ ਲੱਭ ਰਹੀ ਸੀ। ਇਸ ਤਰ੍ਹਾਂ ਲਗਦਾ ਸੀ ਜਿਵੇਂ ਅੱਖਾਂ ਰਾਹੀਂ ਹੀ ਸਾਹ ਲੈ ਰਹੀ ਹੋਵੇ। ਜਦੋਂ ਅਸੀਂ ਉਸ ਦੀ ਨਜ਼ਰ ਦੀ ਮਾਰ ਹੇਠ ਆਏ, ਤਾਂ ਮੈਨੂੰ ਪਛਾਣ ਕੇ ਉਹ ਮੁਸਕਰਾਈ। ਮੇਰਾ ਖਿਆਲ ਹੈ ਮਲਿੰਗਟਨ ਵੀ ਮੇਰੇ ਵਾਂਗ ਪਹਿਲਾਂ ਹੀ ਉਸ ਵੱਲ ਵੇਖ ਰਿਹਾ ਸੀ, ਭਾਵੇਂ ਅਸਾਂ ਅਜੇ ਉਸ ਬਾਰੇ ਕੋਈ ਗੱਲ ਨਹੀਂ ਕੀਤੀ ਸੀ।

ਤੂੰ ਇਸ ਨੂੰ ਜਾਣਨਾ ਏਂ? ਮਲਿੰਗਟਨ ਨੇ ਇਕ ਦਮ ਕੰਨ ਚੁੱਕ ਕੇ ਕਿਹਾ।

ਹਾਂ, ਇਹ ਤੇ ਦਿਸਦਾ ਈ ਪਿਐ।

ਕੌਣ ਏ?

ਡਾਕਟਰ ਏ। ਇਸ ਨੇ ਮੇਰੇ ਬੱਚੇ ਦਾ ਇਲਾਜ ਕੀਤਾ ਸੀ। ਉਦੋਂ ਦੀ ਵਾਕਿਫ ਏ।

ਮੈਂ ਇਸ ਨਾਲ ਗੱਲਾਂ ਕਰਨੀਆਂ ਚਾਹੁਨਾਂ।

ਮੈਂ ਵੀ। ਕਿਉਂਕਿ ਜਦੋਂ ਮੈਂ ਪਹਿਲਾਂ ਵੇਖੀ ਸੀ, ਉਦੋਂ ਨਾਲੋਂ ਹੁਣ ਉਸ ਦੇ ਮੂੰਹ ਉਤੇ ਬੜੀ ਰੌਣਕ ਏ ਜਾਂ ਸ਼ੋਖੀ ਏ।

ਉਸ ਦੇ ਕੋਲ ਅਪੜ ਕੇ ਅਸੀਂ ਦੋਵੇਂ ਵੀ ਚੱਕਰ ਉਤੇ ਚੜ੍ਹ ਗਏ। ਆਲੇ-ਦੁਆਲੇ ਟਰੈਫਿਕ ਘੁੰਮ ਰਿਹਾ ਸੀ, ਲੋਕ ਆ-ਜਾ ਰਹੇ ਸਨ। ਮਲਿੰਗਟਨ ਨਾਲ ਵਾਕਫੀਅਤ ਕਰਾਣ ਪਿਛੋਂ ਮੈਂ ਪੁੱਛਿਆ, ਏਥੇ ਕੀ ਕਰਦੀ ਏਂ ?

ਕੁਝ ਖਾਸ ਨਹੀਂ। ਕਿਸੇ ਨੂੰ ਆਉਂਦਾ ਵੇਖ ਰਹੀ ਸਾਂ, ਪਰ ਹੁਣ ਉਹ ਨਹੀਂ ਆਉਂਦਾ ਲਗਦਾ।

ਚੱਲ ਫਿਰ ਕਾਫੀ ਪੀਏ।

ਚਲੋ।

ਅਸੀਂ ਇਕ ਹੋਟਲ ਅੰਦਰ ਚਲੇ ਗਏ।

ਸੁਣਾ ਤੇਰੀ ਡਾਕਟਰੀ ਦਾ ਕੀ ਹਾਲ ਏ? ਮੈਂ ਮਲਿੰਗਟਨ ਵੱਲੋਂ ਉਸ ਨੂੰ ਅੰਗਰੇਜ਼ੀ ਵਿੱਚ ਖਰੋਚਣਾ ਸ਼ੁਰੂ ਕੀਤਾ।

ਡਾਕਟਰੀ ? ਠੀਕ ਏ, ਪਰ ਇਕ ਗੱਲ ਹੋਈ ਏ। ਸ਼ਹਿਰ ਛੱਡ ਕੇ ਇਹ ਪਿੰਡਾਂ ਵਿੱਚ ਜਾ ਵੜੀ ਏ। ਫਿਰ ਉਸ ਨੇ ਸਪਸ਼ਟ ਕੀਤਾ। ਮੈਂ ਹੁਣ ਬੱਸ ਆਪਣੇ ਇਲਾਕੇ ਵਿੱਚ ਹੀ ਫਿਰਦੀ ਹਾਂ ਜਿਨ੍ਹਾਂ ਦੀ ਮੈਂ ਧੀ ਹਾਂ।

ਕਿਉਂ ? ਸ਼ਹਿਰ ਨੂੰ ਕਿਉਂ ਮੰਦਾ ਜਾਨਣ ਲਗ ਪਈ ?

ਏਥੇ ਕੁਝ ਮਸ਼ੀਨੀ ਜਿਹਾ ਕੰਮ ਲਗਦਾ ਸੀ। ਡਾਕਟਰ ਬੱਸ ਰੋਗ ਹਟਾਣ ਦੀ ਇਕ ਮਸ਼ੀਨ ਹੈ। ਪੈਸੇ ਦਿਓ, ਰੋਗ ਹਟਵਾ ਲਵੋ। ਫਰਕ ਸਮਝਦੇ ਹੋ ਨਾ ? ਐਵੇਂ ਬਰੀਕ ਜਿਹਾ ਏ। ਇਸ ਤਰ੍ਹਾਂ ਲਗਦਾ ਸੀ ਕਿਸੇ ਦਾ ਮੇਰੇ ਆਪਣੇ ਨਾਲ ਵਾਹ ਨਹੀਂ ਪੈਂਦਾ, ਮੇਰੇ ਕਸਬ ਨਾਲ ਹੀ ਪੈਂਦਾ ਏ।

ਪਰ ਬਿਮਾਰ ਨੂੰ ਤੇ ਡਾਕਟਰ ਦੀ ਲੋੜ ਹੈ, ਤੇਰੀ ਨਹੀਂ।

ਮੰਨ ਲਿਆ, ਪਰ ਓਥੇ ਗੱਲ ਹੋਰ ਈ ਏ। ਫਿਰ ਉਸ ਨੇ ਕੁਝ ਨਿਮਰਤਾ ਨਾਲ ਤੇ ਕੁਝ ਮਖੌਲ ਨਾਲ ਮਲਿੰਗਟਨ ਨੂੰ ਕਿਹਾ, ਮੈਂ ਇਕ ਫੜ੍ਹ ਮਾਰ ਲਵਾਂ ?

ਮਲਿੰਗਟਨ ਪਿਆਰ ਨਾਲ ਉਸ ਵੱਲ ਵੇਖ ਕੇ ਮੁਸਕਰਾਇਆ, ਜਿਵੇਂ ਕਹਿ ਰਿਹਾ ਹੋਵੇ ਤੂੰ ਜੋ ਕੁਝ ਕਹੇਂਗੀ, ਤੋਲ ਕੇ ਹੀ ਕਹੇਂਗੀ, ਫੜ੍ਹ ਨਹੀਂ ਮਾਰੇਂਗੀ।

ਕਦੀ ਕਦੀ ਤਾਂ ਮੈਨੂੰ ਇਸ ਤਰ੍ਹਾਂ ਲਗਦਾ ਏ ਜਿਵੇਂ ਮੈਂ ਆਪਣੇ ਪਿੰਡਾਂ ਵਿੱਚ ਆਪਣੇ ਤਰੀਕੇ ਨਾਲ ਫਿਰ ਕੇ ਉਥੋਂ ਦੀਆਂ ਔਰਤਾਂ ਵਿੱਚ ਜਾਨ ਪਾ ਰਹੀ ਹੋਵਾਂ। ਜਿਵੇਂ ਉਨ੍ਹਾਂ ਲਈ ਜਿਉਣ ਦਾ ਰਾਹ ਖੋਲ੍ਹ ਰਹੀ ਹੋਵਾਂ।

ਮੈਨੂੰ ਉਸ ਦੀ ਗੱਲ ਧੁੰਦਲੀ ਜਿਹੀ ਲੱਗੀ। ਉਹ ਆਪਣੀ ਹਸਤੀ ਨਾਲ ਹੀ ਔਰਤਾਂ ਨੂੰ ਆਜ਼ਾਦੀ ਦੁਆਂਦੀ ਅਨੁਭਵ ਕਰ ਰਹੀ ਸੀ। ਇਹ ਭੁਲੇਖਾ ਹਟਾਣ ਲਈ ਮੈਂ ਕਿਹਾ, ਪਤਾ ਨਹੀਂ ਮੈਂ ਤੇਰੇ ਵਾਲੇ ਪਹੇ 'ਤੇ ਪਿਆ ਹੋਇਆ ਹਾਂ ਕਿ ਨਹੀਂ, ਪਰ ਜੇ ਸਿਆਲਾਂ ਦੀ ਧੀ ਹੀਰ ਆਪਣਾ ਕਿੱਸਾ ਲਿਖਵਾ ਕੇ ਤੇ ਬੰਦੇ ਬੰਦੇ ਦੇ ਮੂੰਹੋਂ ਗਵਾ ਕੇ ਔਰਤਾਂ ਦਾ ਰਾਹ ਨਾ ਖੋਲ੍ਹ ਸਕੀ ਤਾਂ ਤੂੰ ਫਿਰ ਟੁਰ ਕੇ ਹੀ ਕਿਵੇਂ ਖੋਲ੍ਹ ਦੇਵੇਂਗੀ।

ਨਹੀਂ ਉਹ ਗੱਲ ਹੋਰ ਏ, ਉਸ ਨੇ ਝਟਪਟ ਘੁੰਡੀ ਫੜ ਕੇ ਕਿਹਾ। ਆਦਰ ਮਰੀ ਹੋਈ ਹੀਰ ਦਾ ਹੀ ਹੋਇਆ ਹੈ। ਜਿਊਂਦੀ ਹੀਰ ਦਾ ਕਿਧਰੇ ਕੋਈ ਆਦਰ ਨਹੀਂ ਸੀ। ਮਰਨ ਪਿਛੋਂ ਆਦਰ ਮਿਲਣ ਕਰ ਕੇ, ਕਿਸੇ ਜਿਊਂਦੀ ਇਸਤਰੀ ਦਾ ਕੋਈ ਆਦਰ ਨਹੀਂ ਹੋ ਸਕਦਾ। ਮੇਰੀ ਪਦਵੀ ਕਰ ਕੇ ਤੇ ਮੇਰੇ ਕਸਬ ਤੋਂ ਲਾਭ ਹੋਣ ਕਰ ਕੇ ਮੇਰਾ ਜਿਊਂਦੀ ਦਾ ਆਦਰ ਹੈ। ਹੋਰ ਇਸਤਰੀਆਂ ਜਿਊਂਦੀਆਂ ਹੀ ਇਸ ਵਿੱਚ ਹਿੱਸੇਦਾਰ ਹੋ ਸਕਦੀਆਂ ਨੇ।

ਪਰ ਸਾਰੀਆਂ ਤੇ ਡਾਕਟਰ ਨਹੀਂ। ਉਹ ਕਿਸ ਤਰ੍ਹਾਂ ਹਿੱਸੇਦਾਰ ਹੋ ਸਕਦੀਆਂ ਨੇ ? ਮਲਿੰਗਟਨ ਨੇ ਦਲੀਲ ਦਾ ਇਕ ਸਿਰਾ ਆਪਣੇ ਹੱਥ ਵਿਚ ਫੜ ਲਿਆ।

ਤੁਹਾਡੇ ਅੰਗਰੇਜ਼ਾਂ ਲਈ ਇਹ ਗੱਲ ਅਚਰਜ ਹੋਵੇਗੀ, ਪਰ ਏਥੇ ਸਹੀ ਏ। ਜਦੋਂ ਇਕ ਇਸਤਰੀ ਜਿਥੇ ਚਾਹੇ ਫਿਰਦੀ ਹੈ, ਜਿਸ ਤਰ੍ਹਾਂ ਦੇ ਚਾਹੇ ਕੱਪੜੇ ਪਾਂਦੀ ਹੈ, ਜੋ ਕੁਝ ਚਾਹੇ ਕਰਦੀ ਹੈ ਤੇ ਫਿਰ ਆਦਰਯੋਗ ਰਹਿੰਦੀ ਹੈ ਤਾਂ ਇਹ ਗੱਲ ਲੋਕਾਂ ਦੇ ਮਨ ਵਿੱਚ ਬਹਿ ਜਾਂਦੀ ਹੈ। ਉਨ੍ਹਾਂ ਦੀ ਇਕ ਧੀ ਕੋਲ ਉਚੀ ਵਿੱਦਿਆ ਹੈ, ਜਿਸ ਨੂੰ ਲੈ ਕੇ ਉਹ ਉਨ੍ਹਾਂ ਦੇ ਭਲੇ ਲਈ ਪਿੰਡ ਪਿੰਡ ਫਿਰ ਰਹੀ ਹੈ ਤਾਂ ਫਿਰ ਉਸ ਨਾਲੋਂ ਵਧ ਸਤਿਕਾਰਯੋਗ ਕੌਣ ਹੈ ? ਮੇਰੀ ਸ਼ਕਲ ਇਲਾਕੇ ਦੇ ਹਰ ਬੰਦੇ ਤੇ ਹਰ ਜ਼ਨਾਨੀ ਦੇ ਸਾਹਮਣੇ ਹੈ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ



## ਗ਼ਰੀਬੀ ਕਿਸਮਤ ਨਹੀਂ
ਪ੍ਰੋ. ਜਸਵੰਤ ਸਿੰਘ

ਗ਼ਰੀਬੀ ਕਿਸਮਤ ਨਹੀਂ,
ਨਾ ਹੀ ਸਰਾਪ ਨਸੀਬਾਂ ਦਾ।
ਉੱਦਮ ਨਾਲ ਬਦਲ ਸਕਦਾ ਏ,
ਹਾਲ ਗ਼ਰੀਬਾਂ ਦਾ।
ਲੋਕਾਂ ਨੂੰ ਪਾਏ ਭੁਲੇਖੇ ਨੇ,
ਇਹ ਧਰਮ ਚੜ੍ਹਾਏ ਠੇਕੇ ਨੇ।
ਜਾਤਾਂ ਦੇ ਝਗੜੇ ਝੇੜੇ ਨੇ
ਕਿਤੇ ਦੰਗਿਆਂ ਵਾਲੇ ਸੇਕੇ ਨੇ।
ਕੁਰਬਾਨੀ ਨਾਲ ਲਾਲ ਹੋਇਆ,
ਇੱਥੇ ਰੰਗ ਸਲੀਬਾਂ ਦਾ।
ਉੱਦਮ ਨਾਲ ਬਦਲ ਸਕਦਾ ਏ,
ਹਾਲ ਗ਼ਰੀਬਾਂ ਦਾ।
ਤਖ਼ਤਾਂ ਦੀ ਬੇਈਮਾਨੀ ਏ,
ਤਾਹੀਓਂ ਰੁਲਦੀ ਫਿਰੇ ਜਵਾਨੀ ਏ।
ਕੰਧਾਂ ਵੀ ਹੋਈਆਂ ਕਾਤਲ ਨੇ,
ਬੱਚਿਆਂ ਦੀ ਵੱਡੀ ਕੁਰਬਾਨੀ ਏ।
ਕੋਈ ਨਾ ਇੱਥੇ ਮਿੱਤਰ ਬਣਦਾ,
ਆ ਕੇ ਹਬੀਬਾਂ ਦਾ।
ਉੱਦਮ ਨਾਲ ਬਦਲ ਸਕਦਾ ਏ,
ਹਾਲ ਗ਼ਰੀਬਾਂ ਦਾ।
ਦਿਨ ਵਾਰ ਸਾਰੇ ਚੰਗੇ ਨੇ,
ਨਾ ਕੋਈ ਮਾੜਾ ਏ,
ਕੁਦਰਤ ਦਾ ਹੀ ਰੂਪ,
ਸੂਰਜ ਚੰਨ ਹਰ ਤਾਰਾ ਏ,
ਉੱਦਮ ਕਰੋ ਤਾਂ ਘਰ ਪਹੁੰਚੇ
ਆਹਾਰ ਜੀਭਾਂ ਦਾ।
ਉੱਦਮ ਨਾਲ ਬਦਲ ਸਕਦਾ ਏ,
ਹਾਲ ਗ਼ਰੀਬਾਂ ਦਾ।

## ਮਿਹਨਤਾਂ ਦੀ ਲੁੱਟ
ਹਰਪ੍ਰੀਤ ਪੱਤੋ



ਖੇਤਾਂ ਵਿੱਚ ਬਾਪੂ ਨੇ ਪਹਿਲਾਂ
ਫ਼ਸਲਾਂ ਉਗਾਉਣੀਆਂ,
ਫੇਰ ਵੱਢ, ਕੱਢ ਕੇ
ਮੰਡੀ 'ਚ ਲਿਆਉਣੀਆਂ।
ਕਿੰਨੇ ਕਿੰਨੇ ਦਿਨ ਬਾਪੂ ਮੰਡੀ
ਬੈਠਾ ਰਹਿੰਦਾ ਸੀ,
ਦਿਵਾਲੀ, ਵਿਸਾਖੀ ਕਈ ਵਾਰੀ
ਉੱਥੇ ਵੇਖ ਲੈਂਦਾ ਸੀ।
ਆੜ੍ਹਤੀਏ ਮਰਜ਼ੀ ਨਾਲ
ਫਸਲਾਂ ਨੂੰ ਤੋਲਦੇ,
ਕਿੰਨੇ ਕਿੰਨੇ ਦਿਨ ਦਾਣੇ
ਪੈਰਾਂ ਥੱਲੇ ਰੋਲਦੇ।
ਵੇਚ ਕੇ ਫ਼ਸਲ ਬਾਪੂ
ਜਦ ਘਰ ਆਉਂਦਾ ਸੀ,
ਹਿਸਾਬ ਵਾਲਾ ਵਰਕਾ
ਬੇਬੇ ਨੂੰ ਫੜਾਉਂਦਾ ਸੀ।
ਪਹਿਲਾਂ ਸੀ ਕਰਜ਼ਾ,
ਪੈਸੇ ਹੋਰ ਸਿਰ ਟੁੱਟਗੇ,
ਪਿਆ ਨਹੀਂ ਕੁਝ ਪੱਲੇ,
ਲੋਟੂ ਮਿਹਨਤਾਂ ਨੂੰ ਲੁੱਟਗੇ।
ਮੋਢੇ ਤੋਂ ਪਰਨਾ ਲਾਹ ਬਾਪੂ,
ਮੰਜੀ ਉੱਤੇ ਬਹਿੰਦਾ ਸੀ,
ਬਣੂਗਾ ਕੀ ਹੁਣ,
ਝੋਰਾ ਬੇਬੇ ਨੂੰ ਵੀ ਰਹਿੰਦਾ ਸੀ।
ਅਜੇ ਵੀ ਨੀਂ ਬਦਲੇ ਹਾਲਾਤ 'ਪੱਤੋ'
ਕਾਮੇ ਕਿਰਸਾਨ ਦੇ,
ਵਿਹਲੜ ਨੇ ਬੈਠੇ,
ਮੌਜਾਂ ਇਨ੍ਹਾਂ ਸਿਰ 'ਤੇ ਮਾਣਦੇ।

## ਗ਼ਜ਼ਲ
ਬਲਵਿੰਦਰ ਬਾਲਮ ਗੁਰਦਾਸਪੁਰ

ਥੋੜ੍ਹੀ-ਥੋੜ੍ਹੀ ਧੁੱਪ ਹੈ ਢਲਦੀ ਥੋੜ੍ਹੀ-ਥੋੜ੍ਹੀ ਛਾਂ ਵੇ ਸੱਜਣਾ।
ਦਿਲ ਦੀ ਨਿੱਘੀ ਗਲਵਕੜੀ ਵਿੱਚ ਤੇਰੀ ਮਿੱਠੀ ਹਾਂ ਵੇ ਸੱਜਣਾ।
ਜਜਮਾਨੀ ਤੇ ਮਹਿਮਾਨੀ ਦਾ ਦੌਰ ਰਿਹਾ ਨਾ ਪਹਿਲੇ ਵਰਗਾ,
ਕੋਠੇ ਉੱਤੇ ਹੁਣ ਨਈਂ ਕਰਦੇ ਕਾਲੇ ਕਾਂ, ਕਾਂ-ਕਾਂ ਵੇ ਸੱਜਣਾ।
ਕਦ ਪਰਦੇਸੋਂ ਆਵਣ ਪੁੱਤਰ ਘੁੱਟ ਕੇ ਸੀਨੇ ਨਾਲ ਲਗਾਵਾਂ,
ਵਿਹੜੇ ਦੇ ਵਿੱਚ 'ਕੱਲੇ ਬੈਠੀਆਂ ਅੱਖਾਂ ਟੰਗ ਕੇ ਮਾਂ ਵੇ ਸੱਜਣਾ।
ਮੌਸਮ ਦੀ ਅੰਗੜਾਈ ਅੰਦਰ ਕਿਣ ਮਿਣ, ਖ਼ੁਸ਼ਬੂ, ਕੋਇਲ ਬੋਲੇ,
ਸਾਨੂੰ ਵੱਢ-ਵੱਢ ਖਾਂਦੀ ਪਈ ਏ ਤੇਰੀ ਇੱਕ ਚੁੱਪ ਚਾਂ ਵੇ ਸੱਜਣਾ।
ਇਨ੍ਹਾਂ ਸੁੰਨੀਆਂ ਅੱਖਾਂ ਦੇ ਵਿੱਚ ਦਰਿਆਵਾਂ ਦਾ ਹੜ੍ਹ ਚੜ੍ਹਿਆ ਹੈ,
ਕੋਈ ਰਾਹ ਟਿਕਾਣਾ ਦੱਸ ਜਾ, ਦੱਸ ਜਾ ਕੋਈ ਥਾਂ ਵੇ ਸੱਜਣਾ।
ਸਾਹਿਲ ਕੋਲੋਂ ਕੋਈ ਪੁੱਛੇ ਇਸ ਦੇ ਮਾਅਨੇ ਕੀ ਹੁੰਦੇ ਨੇ,
ਵਹਿੰਦਾ ਦਰਿਆ ਹੋਂਦ 'ਚ ਆ ਕੇ ਕਰਦਾ ਜਦ ਸ਼ਾਂ-ਸ਼ਾਂ ਵੇ ਸੱਜਣਾ।
ਉਸ ਦੀਆਂ ਗ਼ਜ਼ਲਾਂ ਦਾ ਸੰਦੇਸ਼ਾ ਮਾਨਵਤਾ ਵਿੱਚ ਪਿਆਰ-ਮੁਹੱਬਤ,
ਦੁੱਖ ਮੁਸੀਬਤ ਜਦ ਵੀ ਆਏ ਬਾਲਮ ਫੜਦਾ ਬਾਂਹ ਵੇ ਸੱਜਣਾ।

## ਜੀ ਕਰਦੈ
ਓਮਕਾਰ ਸੂਦ ਬਹੋਨਾ




ਜੀ ਕਰਦੈ ਸੰਨਿਆਸੀ ਹੋਵਾਂ।
ਰਾਮ ਵਾਂਗ ਬਨਵਾਸੀ ਹੋਵਾਂ।
ਜੰਗਲ ਬੇਲੇ ਗਾਹ ਸੁੱਟਾਂ ਸਭ,
ਜੰਗਲਾਂ ਦਾ ਹੀ ਵਾਸੀ ਹੋਵਾਂ।
ਚੋਰ-ਉਚੱਕਾ ਬਣਨਾ ਕੀ ਹੈ,
ਸੱਚਾ ਕੋਈ ਨਿਵਾਸੀ ਹੋਵਾਂ।
ਗਾਵਾਂ ਗੀਤ ਇਲਾਹੀ ਵਾਲੇ,
ਬੁੱਲ੍ਹੇ ਵਾਂਗ ਹੁਲਾਸੀ ਹੋਵਾਂ।
ਸੱਚ ਦਾ ਪਹਿਰੇਦਾਰ ਬਣਾ ਮੈਂ,
ਨਿਰਭੈ ਨਿਡਰ ਸਾਹਸੀ ਹੋਵਾਂ।
ਡੀਕ ਲਵਾਂ ਸਭ ਧੱਕੇਸ਼ਾਹੀਆਂ,
ਐਸੀ ਰੂਹ ਪਿਆਸੀ ਹੋਵਾਂ।
ਤੋੜ ਦਿਆਂ ਮਜ਼ਹਬਾਂ ਦੇ ਫੰਦੇ,
ਬੁੱਲ੍ਹਾਂ ਦੀ ਇੱਕ ਹਾਸੀ ਹੋਵਾਂ।
ਨਿੱਕੇ-ਵੱਡੇ ਸਭ ਲਈ ਜੀਵਾਂ,
ਜ਼ਾਲਮ ਲਈ ਗੰਡਾਸੀ ਹੋਵਾਂ।

## ਚਿੜੀ ਦੇ ਬੋਟ
ਗੁਰਿੰਦਰ ਸਿੰਘ ਕਲਸੀ



ਚਿੜੀਆਂ ਚੀਂ ਚੀਂ ਬੋਲਦੀਆਂ
ਆਪਣੇ ਬੋਟਾਂ ਦਾ ਮੂੰਹ ਖੋਲ੍ਹਦੀਆਂ
ਪੀਲੀਆਂ ਚੁੰਝਾਂ ਲਾਲ ਅੰਦਰੋਂ
ਚੀਂ ਚੀਂ ਚੀਂ ਚੀਂ ਬੋਲਦੀਆਂ।
ਚੋਗੇ ਲਈ ਪੁਕਾਰ ਕਰਦੀਆਂ
ਖਾਣ ਲਈ ਕੁਝ ਮੰਗਦੀਆਂ।
ਮਾਂ ਜਦੋਂ ਵੀ ਘਰ ਨਾ ਆਵੇ
ਇੱਕ ਦੂਜੀ ਸੰਗ ਟਹਿਕਦੀਆਂ।
ਅਜੇ ਕਮਜ਼ੋਰ ਨੇ ਫੁੱਲਾਂ ਵਾਂਗੂ
ਫੁੱਲਾਂ ਵਾਂਗੂ ਮਹਿਕਦੀਆਂ।
ਮਾਂ ਜਦੋਂ ਵੀ ਲਿਆਵੇ ਖਾਣਾ
ਰਲ ਮਿਲ ਕੇ ਨੇ ਚਹਿਕਦੀਆਂ।

## ਨਾਲ ਮਿਹਨਤਾਂ ਮਿਲੇ ਸਫ਼ਲਤਾ
ਰਾਵਿੰਦਰ ਫਫੜੇ



ਗਾ ਕੇ ਦਿੱਤਾ ਦਾਨ ਨਹੀਂ ਹੁੰਦਾ।
ਇਹ ਕੋਈ ਅਹਿਸਾਨ ਨਹੀਂ ਹੁੰਦਾ।
ਚੰਗੇ ਕੰਮੀਂ ਪਛਾਣ ਹੈ ਬਣਦੀ,
ਕੁੱਖ 'ਚੋਂ ਕੋਈ ਮਹਾਨ ਨਹੀਂ ਹੁੰਦਾ।
ਅਕਲਹੀਣਿਆਂ ਦੀ ਫ਼ੌਜ ਲਾ ਪਿੱਛੇ,
ਇੰਝ ਕੋਈ ਭਗਵਾਨ ਨਹੀਂ ਹੁੰਦਾ!
ਬੇਸ਼ੱਕ! ਖ਼ੁਦ ਨੂੰ ਮੰਨ ਸਿਕੰਦਰ,
ਮਾੜਾ ਢਾਹ ਬਲਵਾਨ ਨਹੀਂ ਹੁੰਦਾ।
ਨਾਲ ਮਿਹਨਤਾਂ ਮਿਲੇ ਸਫ਼ਲਤਾ,
ਇਹ ਕੋਈ ਵਰਦਾਨ ਨਹੀਂ ਹੁੰਦਾ।
ਗੱਲੀਂ-ਬਾਤੀਂ ਇਤਿਹਾਸ ਨਹੀਂ ਬਣਦਾ,
ਜਦ ਤੱਕ ਕੋਈ ਕੁਰਬਾਨ ਨਹੀਂ ਹੁੰਦਾ।
ਵਿਛੜਦੇ ਅੱਖੀਂ ਲੱਖਾਂ ਤੱਕੇ,
ਕੋਈ ਤੇਰੇ ਤਰਾਂ ਅਣਜਾਣ ਨਹੀਂ ਹੁੰਦਾ।
ਠੱਗੀਆਂ ਮਾਰ ਕਮਾ ਲੈ ਦੌਲਤ,
ਕੋਈ ਨੀਤ ਬਿਨਾਂ ਧਨਵਾਨ ਨਹੀਂ ਹੁੰਦਾ।
ਮੂੰਹ ਦਾ ਮਿੱਠਾ, ਦਿਲ ਦਾ ਖੋਟਾ,
'ਰਾਵਿੰਦਰ' ਨੂੰ ਉਹ ਪਰਵਾਨ ਨਹੀਂ ਹੁੰਦਾ।

## ਮਾਹੀਆ ਵੇ
ਹਰੀ ਕ੍ਰਿਸ਼ਨ ਮਾਇਰ

ਮੇਰੇ ਮਾਹੀਆ ਵੇ
ਤੂੰ ਧੁੱਪ ਦਾ ਟੋਟਾ
ਚਾਰੇ ਵੰਨੀ ਲਿਸ਼ਕਾਂ ਮਾਰੇ
ਇਸ਼ਕ ਦਾ ਗੋਟਾ
ਕਦੋਂ ਪਤਾ ਨਹੀਂ
ਕਦ ਨੈਣਾਂ ਦੀ ਗੱਲ ਛਿੜੀ
ਹੱਸਣ ਲੱਗੀ ਮਨ
ਦੇ ਵਿਹੜੇ ਧੁੱਪ ਖਿੜੀ
ਫੁੱਲਾਂ 'ਤੇ ਆਣ ਬਹਿ ਗਿਆ
ਕਦ ਤਿਤਲੀਆਂ ਦਾ ਜੋਟਾ
ਮੈਂ ਤਾਂ ਤੇਰੇ ਮੁੱਖੜੇ ਤੋਂ
ਮੁਸਕਾਨ ਰਹਾਂ ਤੱਕਦੀ
ਰੱਜ ਨਾ ਆਉਂਦਾ ਦੇਖੀ ਜਾਵਾਂ
ਅੱਖ ਨਹੀਂ ਥੱਕਦੀ
ਗਜ਼ਾ ਕਰੇਂਦਾ ਗਲੀਏ ਗਲੀਏ
ਤੂੰ ਜੋਗੀ ਪੁੱਤ ਜੋਗੋਟਾ
ਮਾਹੀਆ ਤੇਰੀ ਚੁੱਪ ਜਦੋਂ
ਸਾਗਰ ਤੋਂ ਗਹਿਰੀ ਹੁੰਦੀ
ਸੋਚਾਂ ਨੂੰ ਸੱਪ ਡੰਗਦੇ
ਮੈਂ ਗੂੰਗੀ ਬਹਿਰੀ ਹੁੰਦੀ
ਵਿੰਨ੍ਹਦੀ ਕੋਈ ਸੂਲ
ਜਿਗਰ ਦਾ ਪੋਟਾ ਪੋਟਾ
ਨੈਣੀਂ ਸੁਪਨੇ ਦਿਲ ਵਿੱਚ
ਸੌ ਸੌ ਰੀਝਾਂ ਨੱਚਦੀਆਂ
ਵੀਣੀ 'ਤੇ ਜਦੋਂ ਚੜ੍ਹਾ ਗਿਆ
ਵੰਗਾਂ ਸੂਹੇ ਕੱਚ ਦੀਆਂ
ਡਰਦਾ ਮਨ ਬੱਦਲ ਵੀ ਕੋਈ
ਹੁੰਦਾ ਦਿਲ ਦਾ ਖੋਟਾ



## ਇੱਕ ਉਮੀਦ ਨਵੀਂ
ਦੀਪਿਕਾ ਅਰੋੜਾ

ਸ਼ਾਮ ਗਮਗੀਂ ਹੀ ਸਹੀ, ਆਖ਼ਿਰ ਗੁਜ਼ਰ ਜਾਂਦੀ ਤਾਂ ਹੈ।
ਦਿਲ 'ਚ ਉਮੀਦ ਇੱਕ ਨਵੇਂ ਦਿਨ ਦੀ ਜਗਾਂਦੀ ਤਾਂ ਹੈ।
ਕੀ ਹੋਇਆ ਖ਼ਾਬ 'ਚ ਉਸ ਨੂੰ, ਗ਼ਰ ਅਸੀਂ ਪਾ ਨਾ ਸਕੇ
ਇਉਂ ਖ਼ੁਸ਼ੀ ਮੇਰਾ ਪਤਾ ਲੈਣ ਕਦੇ ਆਉਂਦੀ ਤਾਂ ਹੈ।
ਬਿਨ ਰੁਕੇ ਜਾਨਿਬ-ਏ-ਮੰਜ਼ਿਲ, ਉਹ ਸਦਾ ਚਲਦਾ ਰਿਹਾ
ਕਾਲੇ ਬੱਦਲਾਂ ਦੀ ਗਰਜ ਉਸ ਨੂੰ ਡਰਾਉਂਦੀ ਤਾਂ ਹੈ।
ਰਹਿ ਕੇ ਸਹਿਰਾ 'ਚ ਕੋਈ, ਨਾ ਸ਼ਿਕਾਇਤ ਸੀ ਹੋਈ
ਤਿਸ਼ਨਗੀ ਭਾਵੇਂ ਬਹੁਤ ਉਸ ਨੂੰ ਸਤਾਉਂਦੀ ਤਾਂ ਹੈ।
ਹਰ ਹਨੇਰੇ 'ਚੋਂ ਨਜ਼ਰ ਆਵੇਗੀ, ਓਹ ਲੁਕੀ ਲੋਅ ਵੇਖੋ
ਅਜ਼ਮਾਉਣ ਲਈ ਕਿਸਮਤ ਇਉਂ ਰੁਆਉਂਦੀ ਤਾਂ ਹੈ।
ਹੌਸਲਾ ਹੈ ਜੋ ਬੁਲੰਦੀ 'ਤੇ, ਫ਼ਤਿਹ ਹੋਣੀ ਵੀ ਮੁਮਕਿਨ
ਬੇੜੀ ਜਰਜਰ ਹੀ ਸਹੀ ਲਹਿਰਾਂ ਨਾਲ ਟਕਰਾਉਂਦੀ ਤਾਂ ਹੈ।
ਉਸਦੇ ਜਜ਼ਬੇ ਹੈ ਸਮੋਇਆ, ਨਾਲ ਹਾਲਾਤ ਦੇ ਲੜਨਾ
ਹਰ ਨਵੀਂ ਚੋਟ ਕੋਈ ਰਾਹ ਵੀ ਦਿਖਲਾਉਂਦੀ ਤਾਂ ਹੈ।

## ਗ਼ਜ਼ਲ
ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਹਰ ਆਸ਼ਿਕ ਨੂੰ ਬਿਰਹਾ ਮਿਲਿਆ, ਹਰ ਆਸ਼ਿਕ ਨੂੰ ਧੱਕੇ
ਹਰ ਆਸ਼ਿਕ ਨੂੰ ਪੱਥਰ ਵੱਜੇ, ਲੋਕ ਉਡਾਵਣ ਫੱਕੇ।
ਦੁਨੀਆਂ ਵਾਲੇ ਦਰ-ਦਰ ਭਟਕਣ, ਲੱਭਣ ਇਸ਼ਕ ਮਿਜ਼ਾਜੀ
ਦਰ ਮਹਿਬੂਬ ਦੇ ਆਸ਼ਿਕ ਬੈਠਣ, ਉਹ ਨਾ ਜਾਵਣ ਮੱਕੇ।
ਕੱਚਿਆਂ ਉੱਤੇ ਤਰ ਗਏ ਆਸ਼ਿਕ, ਤੱਤੀ ਰੇਤੇ ਟੁਰ ਗਏ
ਇਸ਼ਕ ਦੀ ਬਾਜ਼ੀ ਲੈ ਗਏ ਓਹੀ, ਇਸ਼ਕ ਜਿਨ੍ਹਾਂ ਦੇ ਪੱਕੇ।
ਹੋਇਆ ਸੀ ਜਦ ਆਸ਼ਿਕ ਬੁੱਲ੍ਹਾ, ਨੱਚ ਨੱਚ ਯਾਰ ਮਨਾਵੇ
ਭਗਤ ਸਿੰਘ ਜਿਹੇ ਆਸ਼ਿਕ ਜੰਮੇ, ਮੌਤ ਨਾ ਜਿਸਨੂੰ ਡੱਕੇ।
ਸਰਮਦ ਤੇ ਮਨਸੂਰ ਨੇ ਯਾਰੋ ਕੀਤਾ ਇਸ਼ਕ ਅਵੱਲਾ
ਪਰਦੇ ਸੀ ਸਭ ਲਾਹ ਲਾਹ ਸੁੱਟੇ, ਦੱਸੋ ਕਿਹੜਾ ਢੱਕੇ?
ਲੀਕ ਦੇ ਇਧਰ ਦੁਨੀਆਂ ਦਿਲਬਰ, ਲੀਕ ਦੇ ਉਧਰ ਆਸ਼ਿਕ
ਆਸ਼ਿਕ ਦਾ ਲੜ ਫੜ ਬੈਠਣ ਤੋਂ, ਤੂੰ ਝੱਲਿਆ ਕਿਉਂ ਝੱਕੇ?

## ਗ਼ਜ਼ਲ
ਬਿੰਦਰ ਸਿੰਘ ਖੁੱਡੀ ਕਲਾਂ

ਉਨ੍ਹਾਂ ਨੂੰ ਬੇਈਮਾਨੀ ਮਾਰ ਗਈ।
ਸਾਨੂੰ ਸਾਡੀ ਚੁੱਪ ਤਾਰ ਗਈ।
ਉਨ੍ਹਾਂ ਦੀ ਫ਼ਿਤਰਤ ਵਿੱਚ ਧੋਖਾ ਸੀ,
ਸਾਡੀ ਹਿੰਮਤ ਸਭ ਕੁਝ ਸਹਾਰ ਗਈ।
ਉਹ ਕੀ ਜਾਣਨਗੇ ਸਾਰ ਰਿਸ਼ਤਿਆਂ ਦੀ,
ਮਾਇਆ ਜਿਨ੍ਹਾਂ ਦਾ ਬਣ ਪਰਿਵਾਰ ਗਈ।
ਪੁੱਤਰ ਚੋਰੀ ਦੇ ਗੱਭਰੂ ਹੋਏ ਨੇ,
ਟੁੱਟ ਤੜਾਗੀ ਅੱਧ ਵਿਚਕਾਰ ਗਈ।
ਬਿੰਦਰ ਮੈਂ ਸੁਣਿਐ ਧੋਖੇਬਾਜ਼ਾਂ ਦੀ,
ਬੇੜੀ ਨਾ ਆਰ ਗਈ ਨਾ ਪਾਰ ਗਈ।

## ਤੇਰਾ ਸਹਾਰਾ
ਮਨਿੰਦਰ ਕੌਰ ਬਸੀ



ਤੂਫ਼ਾਨਾਂ ਸਾਹਵੇਂ ਅੜ ਜਾਵੀਂ,
ਸੰਗ ਮੇਰੇ ਹਰ ਥਾਂ ਖੜ੍ਹ ਜਾਵੀਂ।
ਅਸੀਂ ਗ਼ਮ ਸਾਰੇ ਹੱਸ ਜਰ ਲਾਂਗੇ,
ਬਣ ਮੇਰੀ ਹਿੰਮਤ ਤਣ ਜਾਵੀਂ।
ਸ਼ਾਲਾ ਤੇਰੇ ਨਾਲ ਹੀ ਜੀਣਾ ਮੈਂ,
ਇੱਕ ਵੇਰਾਂ ਹਾਮੀ ਭਰ ਜਾਵੀਂ।
ਅਸੀਂ ਵਿੱਚ ਥਲਾਂ ਸੜ ਜਾਵਾਂਗੇ,
ਅੜਿਆ ਨਾ ਰਾਹੀਂ ਛੱਡ ਜਾਵੀਂ।
ਸਾਨੂੰ ਤੇਰਾ ਸਹਾਰਾ ਰੱਬ ਵਰਗਾ,
ਰੱਬ ਬਣ ਕਿਧਰੇ ਨਾ ਠੱਗ ਜਾਵੀਂ।
ਤੂੰ ਸਾਵਣ ਦੀ ਘਟਾ ਸੱਜਣਾ,
ਕਦੇ ਬੱਦਲ ਬਣ ਕੇ ਵਰ੍ਹ ਜਾਵੀਂ।
ਉਂਞ ਭਾਵੇਂ ਦੁਨੀਆ ਜ਼ਹਿਰੀ ਹੈ,
ਇਹ ਜ਼ਹਿਰ ਰਤਾ ਕੁ ਜਰ ਜਾਵੀਂ।
ਡੁੱਬਦੇ ਨੂੰ ਸਹਾਰਾ ਤਿਣਕੇ ਦਾ,
ਗੱਲ ਸੱਚ ਜ਼ਰਾ ਕੁ ਕਰ ਜਾਵੀਂ।

# ਖੇਡ ਜਗਤ ਵਿੱਚ ਵਧੀ ਖਿਡਾਰਨਾਂ ਦੀ ਹਿੱਸੇਦਾਰੀ

## ਮੈਰੀਕਾਮ, ਪੀ.ਵੀ.ਸਿੰਧੂ, ਮੀਰਾ ਬਾਈ ਚਾਨੂ, ਹਿਮਾ ਦਾਸ ਤੇ ਸਾਨੀਆ ਮਿਰਜ਼ਾ ਦੇ ਸੰਘਰਸ਼ ਅਤੇ ਸਫ਼ਰ ਦੀ ਕਹਾਣੀ ਹੋਰਨਾਂ ਖ਼ਿਡਾਰਨਾਂ ਲਈ ਬਣੀ ਪ੍ਰੇਰਨਾ ਸਰੋਤ








ਸਮਾਜ ਵਿੱਚ ਖ਼ਿਡਾਰਨਾਂ ਲਈ ਖੇਡਾਂ ਬਾਰੇ ਕੁਝ ਧਾਰਨਾਵਾਂ ਅਤੇ ਨਿਯਮ ਹਨ ਜੋ ਉਨ੍ਹਾਂ ਦੇ ਕਦਮਾਂ ਨੂੰ ਸੀਮਤ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਨ ਪਰ ਇਨ੍ਹਾਂ ਔਰਤਾਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਸਮਾਜ ਦੇ ਸਾਹਮਣੇ ਆਪਣੇ ਆਪ ਨੂੰ ਸਾਬਤ ਕੀਤਾ ਹੈ ਅਤੇ ਸਮਾਜ ਦੇ ਉਸ ਵਰਗ ਦੇ ਲੋਕਾਂ ਨੂੰ ਇਹ ਸੋਚਣ ਲਈ ਮਜ਼ਬੂਰ ਕੀਤਾ ਹੈ ਕਿ ਉਨ੍ਹਾਂ ਦੀ ਸਮਝ ਕਿਸ ਹੱਦ ਤੱਕ ਇੱਕ ਸੁਚੱਜੇ ਅਤੇ ਪੜ੍ਹੇ-ਲਿਖੇ ਸਮਾਜ ਨੂੰ ਪਰਿਭਾਸ਼ਤ ਕਰਦੀ ਹੈ। ਹਰ ਮੁਸ਼ਕਿਲ ਨਾਲ ਲੜਦੇ ਹੋਏ ਮੈਰੀਕਾਮ, ਹਿਮਾ ਦਾਸ ਅਤੇ ਮੀਰਾ ਬਾਈ ਚਾਨੂ ਵਰਗੀਆਂ ਕਈ ਖ਼ਿਡਾਰਨਾਂ ਨੇ ਖੇਡਾਂ ਦੀ ਚੋਣ ਆਪਣੀ ਮਰਜ਼ੀ ਨਾਲ ਕੀਤੀ ਅਤੇ ਇਸ ਵਿੱਚ ਹਿੱਸਾ ਲਿਆ। ਭਾਰਤੀ ਮਹਿਲਾ ਪ੍ਰਤੀਨਿਧ ਟੀਮਾਂ ਵੱਖ-ਵੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀਆਂ ਹਨ।





ਖੇਡ ਜਗਤ ਵਿੱਚ ਭਾਰਤੀ ਔਰਤਾਂ ਦੀ ਭਾਗੀਦਾਰੀ ਵੱਧ ਰਹੀ ਹੈ। ਭਾਰਤੀ ਸਮਾਜ ਵਿੱਚ ਔਰਤਾਂ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ ਜੋ ਉਹਨਾਂ ਨੂੰ ਸਮਾਜ ਦੇ ਅਲੱਗ-ਥਲੱਗ ਤੋਂ ਮੁਕਤ ਕਰਨ ਵਿੱਚ ਮਦਦ ਕਰਦਾ ਹੈ। ਸਰਕਾਰੀ ਨੀਤੀਆਂ ਖੇਡਾਂ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਵਿੱਚ ਵੀ ਮਦਦ ਕਰਦੀਆਂ ਹਨ। ਹੁਣ ਭਾਰਤ ਵਿੱਚ ਔਰਤਾਂ ਲਈ ਢਾਂਚਾਗਤ ਖੇਡ ਪ੍ਰੋਗਰਾਮ ਵੀ ਆਯੋਜਿਤ ਕੀਤੇ ਗਏ ਹਨ ਜੋ ਔਰਤਾਂ ਨੂੰ ਆਪਣੀ ਸਮਰੱਥਾ ਅਨੁਸਾਰ ਖੇਡਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੰਦੇ ਹਨ। ਭਾਰਤ ਵਿੱਚ ਖੇਡਾਂ ਦੇ ਸਾਧਨਾਂ ਦੀ ਵੰਡ ਔਰਤਾਂ ਲਈ ਵੀ ਵਧੀ ਹੈ, ਜਿਸ ਨਾਲ ਉਨ੍ਹਾਂ ਨੂੰ ਢੁਕਵੇਂ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਲੋੜੀਂਦੀ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ।

ਜੇਕਰ ਅਸੀਂ ਇਤਿਹਾਸ ’ਤੇ ਨਜ਼ਰ ਮਾਰੀਏ ਅਤੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਅਸੀਂ ਇਸ ਸਿੱਟੇ ’ਤੇ ਪਹੁੰਚਦੇ ਹਾਂ ਕਿ ਕੁਝ ਸਮਾਂ ਪਹਿਲਾਂ ਖੇਡਾਂ ਨੂੰ ਇੰਨਾ ਮਹੱਤਵਪੂਰਨ ਨਹੀਂ ਮੰਨਿਆ ਜਾਂਦਾ ਸੀ। ਭਾਰਤ ਤੋਂ ਬਾਹਰ ਸਾਨੂੰ ਬਹੁਤ ਸਾਰੇ ਦੇਸ਼ ਮਿਲਦੇ ਹਨ ਜਿੱਥੇ ਖੇਡਾਂ ਨੂੰ ਸਿੱਖਿਆ ਵਰਗੀਆਂ ਹੋਰ ਚੀਜ਼ਾਂ ਦੇ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ ਅਤੇ ਅਸੀਂ ਉਨ੍ਹਾਂ ਦੇਸ਼ਾਂ ਦੁਆਰਾ ਜਿੱਤੇ ਗਏ ਕਈ ਤਗਮੇ ਦੇ ਰੂਪ ਵਿੱਚ ਨਤੀਜਾ ਦੇਖ ਸਕਦੇ ਹਾਂ। ਜੇਕਰ ਅਸੀਂ ਇਸ ਨੂੰ ਭਾਰਤੀ ਸੰਦਰਭ ਵਿੱਚ ਵੇਖੀਏ ਤਾਂ ਸਾਨੂੰ ਇੱਕ ਵੱਖਰੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਵਿੱਚ ਖੇਡ ਜਗਤ ਵਿੱਚ ਪੁਰਸ਼ਾਂ ਦੀ ਭਾਗੀਦਾਰੀ ਕੁਝ ਹੱਦ ਤੱਕ ਤਸੱਲੀਬਖਸ਼ ਸੀ, ਪਰ ਜੇਕਰ ਔਰਤਾਂ ਦੀ ਭਾਗੀਦਾਰੀ ਦਾ ਮੁਲਾਂਕਣ ਕੀਤਾ ਜਾਵੇ ਤਾਂ ਉਨ੍ਹਾਂ ਦੀ ਭਾਗੀਦਾਰੀ ਵੀ ਤਸੱਲੀਬਖਸ਼ ਨਹੀਂ ਰਹੀ, ਜਿਸ ਦਾ ਨਤੀਜਾ ਹੈ ਕਿ ਵਿਸ਼ਵ ਵਿੱਚ ਖੇਡ ਅੰਕਾਂ ਦੀ ਸੂਚੀ ਵਿੱਚ ਭਾਰਤ ਦਾ ਦਰਜਾ ਲਗਾਤਾਰ ਡਿੱਗਦਾ ਜਾ ਰਿਹਾ ਹੈ। ਪਰ ਬਦਲਦੇ ਸਮੇਂ ਦੇ ਨਾਲ ਔਰਤਾਂ ਦੀ ਵਧਦੀ ਭਾਗੀਦਾਰੀ ਨੇ ਵੀ ਕਈ ਮੈਡਲ ਜਿੱਤ ਕੇ ਭਾਰਤ ਨੂੰ ਦੁਨੀਆਂ ਭਰ ਵਿੱਚ ਖੇਡਾਂ ਦੇ ਖੇਤਰ ਵਿੱਚ ਇੱਕ ਨਵੀਂ ਪਛਾਣ ਦਿੱਤੀ ਹੈ।

ਮੌਜੂਦਾ ਸਮੇਂ ’ਚ ਭਾਰਤੀ ਖਿਡਾਰਨਾਂ ਖੇਡਾਂ ਦੇ ਵੱਖ-ਵੱਖ ਫ਼ਾਰਮੈਟਾਂ ’ਤੇ ਨਿਸ਼ਾਨਾ ਸਾਧ ਰਹੀਆਂ ਹਨ। ਬਾਕਸਿੰਗ ਹੋਵੇ ਜਾਂ ਵੇਟ ਲਿਫ਼ਟਿੰਗ ਜਾਂ ਟੈਨਿਸ ਜਾਂ ਬੈਡਮਿੰਟਨ ਦੀ ਗੱਲ ਕਰੀਏ ਤਾਂ ਔਰਤਾਂ ਹਰ ਖੇਤਰ ਵਿੱਚ ਉਤਸ਼ਾਹ ਨਾਲ ਹਿੱਸਾ ਲੈ ਰਹੀਆਂ ਹਨ। ਭਾਰਤੀ ਖੇਡ ਜਗਤ ਵਿੱਚ ਕਈ ਅਜਿਹੇ ਨਾਮ ਹਨ ਜਿਨ੍ਹਾਂ ਨੇ ਭਾਰਤ ਵਿੱਚ ਹੀ ਨਹੀਂ ਸਗੋਂ ਵਿਸ਼ਵ ਵਿੱਚ ਇਤਿਹਾਸ ਰਚਿਆ ਹੈ। ਅਸੀਂ ਕਹਿ ਸਕਦੇ ਹਾਂ ਕਿ ਇਸ ਪ੍ਰਾਪਤੀ ਪਿੱਛੇ ਖੇਡਾਂ ਪ੍ਰਤੀ ਔਰਤਾਂ ਦਾ ਉੱਭਰਦਾ ਨਜ਼ਰੀਆ ਅਤੇ ਔਰਤਾਂ ਪ੍ਰਤੀ ਲੋਕਾਂ ਦਾ ਵੱਧ ਰਿਹਾ ਵਿਸ਼ਵਾਸ ਹੈ। ਪੀ.ਟੀ.ਊਸ਼ਾ, ਮੈਰੀਕਾਮ, ਪੀ.ਵੀ.ਸਿੰਧੂ, ਮੀਰਾ ਬਾਈ ਚਾਨੂ, ਹਿਮਾ ਦਾਸ ਜਾਂ ਸਾਨੀਆ ਮਿਰਜ਼ਾ ਦੀ ਮਿਸਾਲ ਲੈ ਲਓ, ਇਨ੍ਹਾਂ ਔਰਤਾਂ ਨੇ ਖੇਡਾਂ ਨੂੰ ਆਪਣੇ ਭਵਿੱਖ ਵਜੋਂ ਚੁਣ ਕੇ ਭਾਰਤ ਨੂੰ ਖੇਡ ਜਗਤ ਵਿੱਚ ਸ਼ਾਨਦਾਰ ਪ੍ਰਾਪਤੀਆਂ ਦਿੱਤੀਆਂ ਹਨ। ਇਨ੍ਹਾਂ ਔਰਤਾਂ ਦੇ ਸੰਘਰਸ਼ ਅਤੇ ਸਫ਼ਰ ਦੀ ਕਹਾਣੀ ਹੋਰਨਾਂ ਖ਼ਿਡਾਰਨਾਂ ਲਈ ਪ੍ਰੇਰਨਾ ਸਰੋਤ ਬਣ ਰਹੀ ਹੈ।

# ਨੀਰਜ ਚੋਪੜਾ ਨੇ ਪੋਟ ਇਨਵੀਟੇਸ਼ਨਲ ਟਰੈਕ ਚੈਂਪੀਅਨਸ਼ਿਪ ਜਿੱਤੀ

## ਮੁਕਾਬਲੇ ਦੌਰਾਨ 84.52 ਮੀਟਰ ਦੂਰੀ ’ਤੇ ਜੈਵਲਿਨ ਸੁੱਟੀ




ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦੇ ਦੋ ਵਾਰ ਦੇ ਉਲੰਪਿਕ ਤਗ਼ਮਾ ਜੇਤੂ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਦੱਖਣੀ ਅਫ਼ਰੀਕਾ ਦੇ ਪੋਟਚੈਫਸਟਸਰੂਮ ਵਿੱਚ ਪੋਟ ਇਨਵੀਟੇਸ਼ਨਲ ਟਰੈਕ ਚੈਂਪੀਅਨਸ਼ਿਪ ਜਿੱਤ ਕੇ ਸੈਸ਼ਨ ਦੀ ਸ਼ਾਨਦਾਰ ਸ਼ੁਰੂਆਤ ਕੀਤੀ ਹੈ।

ਚੋਪੜਾ ਨੇ ਵਰਲਡ ਅਥਲੈਟਿਕਸ ਕੌਂਟੀਨੈਂਟਲ ਟੂਰ ਚੈਲੈਂਜਰ ਈਵੈਂਟ ਦੌਰਾਨ 84.52 ਮੀਟਰ ਦੂਰੀ ਤੱਕ ਜੈਵਲਿਨ ਸੁੱਟ ਕੇ ਛੇ ਖਿਡਾਰੀਆਂ ਦੇ ਮੁਕਾਬਲੇ ’ਚ ਪਹਿਲਾ ਸਥਾਨ ਹਾਸਲ ਕੀਤਾ। ਭਾਰਤੀ ਖਿਡਾਰੀ ਦੱਖਣੀ ਅਫਰੀਕਾ ਦੇ ਡੀ. ਸਮਿਟ ਜਿਸ ਦੀ ਸਰਵੋਤਮ ਥ੍ਰੋਅ 82.44 ਮੀਟਰ ਸੀ, ਤੋਂ ਅੱਗੇ ਰਿਹਾ। ਹਾਲਾਂਕਿ ਚੋਪੜਾ ਦਾ ਇਹ ਪ੍ਰਦਰਸ਼ਨ ਉਸ ਦੇ ਵਿਅਕਤੀਗਤ ਸਰਵੋਤਮ 89.94 ਮੀਟਰ ਤੋਂ ਘੱਟ ਸੀ, ਜਦਕਿ ਸਮਿਟ ਆਪਣੇ ਵਿਅਕਤੀਗਤ ਸਰਵੋਤਮ ਥ੍ਰੋਅ 83.29 ਮੀਟਰ ਦੇ ਨੇੜੇ ਪੁੱਜ ਗਿਆ। ਮੁਕਾਬਲੇ ’ਚ ਸਿਰਫ ਚੋਪੜਾ ਤੇ ਸਮਿਟ ਨੇ ਹੀ 80 ਮੀਟਰ ਦੀ ਦੂਰੀ ਪਾਰ ਕੀਤੀ। ਦੱਖਣੀ ਅਫਰੀਕਾ ਦਾ ਇੱਕ ਹੋਰ ਖਿਡਾਰੀ ਡੰਕਨ ਰੌਬਰਟਸਨ 71.22 ਮੀਟਰ ਦੂਰੀ ’ਤੇ ਜੈਵਲਿਨ ਸੁੱਟ ਕੇ ਤੀਜੇ ਸਥਾਨ ’ਤੇ ਰਿਹਾ। ਦੱਸਣਯੋਗ ਹੈ ਕਿ ਨੀਰਜ ਚੋਪੜਾ ਆਪਣੇ ਨਵੇਂ ਕੋਚ ਚੈੱਕ ਗਣਰਾਜ ਦੇ ਜਾਨ ਜ਼ੈਲੇਜ਼ਨੀ ਦੀ ਨਿਗਰਾਨੀ ਹੇਠ ਪੋਟਚੈਫਸਟਸਰੂਮ ’ਚ ਪ੍ਰੈਕਟਿਸ ਕਰ ਰਿਹਾ ਹੈ। ਜ਼ੈਲੇਜ਼ਨੀ ਤਿੰਨ ਵਾਰ ਦਾ ਉਲੰਪਿਕ ਚੈਂਪੀਅਨ ਤੇ ਵਿਸ਼ਵ ਰਿਕਾਰਡਧਾਰੀ ਹੈ। ਚੋਪੜਾ 16 ਮਈ ਤੋਂ ਦੋਹਾ ਡਾਇਮੰਡ ਲੀਗ ਨਾਲ ਉੱਚ ਪੱਧਰੀ ਮੁਕਾਬਲਿਆਂ ’ਚ ਆਪਣੀ ਮੁਹਿੰਮ ਸ਼ੁਰੂ ਕਰੇਗਾ।

# ਸੀਨੀਅਰ ਕੌਮੀ ਹਾਕੀ ਚੈਂਪੀਅਨਸ਼ਿਪ ’ਚ ਪੰਜਾਬ ਚੈਂਪੀਅਨ

## ਪੰਜਾਬ ਨੇ ਫ਼ਾਈਨਲ ਮੈਚ ’ਚ ਮੱਧ ਪ੍ਰਦੇਸ਼ ਨੂੰ 4-1 ਨਾਲ ਹਰਾਇਆ



ਝਾਂਸੀ/ਏ.ਟੀ.ਨਿਊਜ਼: ਪੰਜਾਬ ਦੀ ਹਾਕੀ ਟੀਮ ਨੇ 15ਵੀਂ ਹਾਕੀ ਇੰਡੀਆ ਸੀਨੀਅਰ ਪੁਰਸ਼ ਕੌਮੀ ਹਾਕੀ ਚੈਂਪੀਅਨਸ਼ਿਪ ਦਾ ਖ਼ਿਤਾਬ ਜਿੱਤ ਕੇ ਕੌਮੀ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਹੈ। ਪੰਜਾਬ ਨੇ ਫਾਈਨਲ ’ਚ ਮੱਧ ਪ੍ਰਦੇਸ਼ ਨੂੰ 4-1 ਨਾਲ ਹਰਾਇਆ। ਇਹ ਹਾਕੀ ਚੈਂਪੀਅਨਸ਼ਿਪ ਉੱਤਰ ਪ੍ਰਦੇਸ਼ ਦੇ ਸ਼ਹਿਰ ਝਾਂਸੀ ’ਚ ਹੋਈ। ਇਸ ਦੌਰਾਨ ਉੱਤਰ ਪ੍ਰਦੇਸ਼ ਨੇ ਮਨੀਪੁਰ ਨੂੰ 5-1 ਨਾਲ ਹਰਾ ਕੇ ਚੈਂਪੀਅਨਸ਼ਿਪ ’ਚ ਤੀਜਾ ਸਥਾਨ ਹਾਸਲ ਕੀਤਾ। ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਫਾਈਨਲ ਵਿੱਚ ਪੰਜਾਬ ਦੀ ਟੀਮ ਨੇ ਬੇਹਤਰੀਨ ਖੇਡ ਦਾ ਪ੍ਰਦਰਸ਼ਨ ਕੀਤਾ। ਪੰਜਾਬ ਵੱਲੋਂ ਜੁਗਰਾਜ ਸਿੰਘ ਨੇ ਦੋ ਗੋਲ ਦਾਗੇ ਜਦਕਿ ਮਨਿੰਦਰ ਸਿੰਘ ਤੇ ਜਸਕਰਨ ਸਿੰਘ ਨੇ ਇੱਕ-ਇੱਕ ਗੋਲ ਕੀਤਾ। ਮੱਧ ਪ੍ਰਦੇਸ਼ ਵਲੋਂ ਇਕਲੌਤਾ ਗੋਲ ਪ੍ਰਤਾਪ ਲਾਕੜਾ ਨੇ ਦਾਗਿਆ। ਉਨ੍ਹਾਂ ਦੱਸਿਆ ਕਿ ਮੈਚ ਦੌਰਾਨ ਅੱਧੇ ਸਮੇਂ ਤੱਕ ਦੋਵੇਂ ਟੀਮਾਂ ਇੱਕ-ਇੱਕ ਨਾਲ ਬਰਾਬਰੀ ’ਤੇ ਸਨ ਪਰ ਦੂਜੇ ਅੱਧ ’ਚ ਪੰਜਾਬ ਨੇ ਤਿੰਨ ਹੋਰ ਗੋਲ ਦਾਗਦਿਆਂ ਖ਼ਿਤਾਬੀ ਜਿੱਤ ਹਾਸਲ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬ ਦੀ ਟੀਮ ਨੇ ਉਲੰਪੀਅਨ ਹਾਰਦਿਕ ਸਿੰਘ ਦੀ ਅਗਵਾਈ ਹੇਠ ਇਸ ਕੌਮੀ ਚੈਂਪੀਅਨਸ਼ਿਪ ਦੌਰਾਨ ਲੀਗ ਮੈਚਾਂ ਵਿੱਚ ਉੜੀਸਾ ਨੂੰ 3-2 ਨਾਲ ਹਰਾਇਆ ਸੀ ਜਦਕਿ ਟੀਮ ਨੂੰ ਮੱਧ ਪ੍ਰਦੇਸ਼ ਤੋਂ 2-3 ਨਾਲ ਹਾਰ ਮਿਲੀ ਸੀ। ਕੁਆਰਟਰ ਫਾਈਨਲ ’ਚ ਪੰਜਾਬ ਨੇ ਹਰਿਆਣਾ ਨੂੰ 3-2 ਨਾਲ ਤੇ ਸੈਮੀਫਾਈਨਲ ’ਚ ਮੇਜ਼ਬਾਨ ਉਤਰ ਪ੍ਰਦੇਸ਼ ਨੂੰ 4-3 ਨਾਲ ਹਰਾਇਆ ਸੀ। ਪੰਜਾਬ ਟੀਮ ਦੇ ਮੁੱਖ ਕੋਚ ਉਲੰਪੀਅਨ ਰਜਿੰਦਰ ਸਿੰਘ ਸੀਨੀਅਰ, ਮੈਨੇਜਰ ਉਲੰਪੀਅਨ ਸੰਜੀਵ ਕੁਮਾਰ ਅਤੇ ਸਹਾਇਕ ਕੋਚ ਰਵਿੰਦਰ ਸਿੰਘ ਸਨ। ਪੰਜਾਬ ਦੀ ਟੀਮ ਨੇ ਸੀਨੀਅਰ ਵਰਗ ’ਚ ਇਸ ਤੋਂ ਪਹਿਲਾਂ ਸਾਲ 2011 ’ਚ ਕਾਂਸੀ ਦਾ ਤਗ਼ਮਾ, 2012 ’ਚ ਸੋਨ ਤਗ਼ਮਾ, 2013 ਤੇ 2016 ਵਿੱਚ ਚਾਂਦੀ ਦਾ ਤਗ਼ਮਾ, 2017 ’ਚ ਕਾਂਸੀ, 2018 ’ਚ ਸੋਨ ਤਗ਼ਮਾ, 2019 ’ਚ ਚਾਂਦੀ ਅਤੇ 2021 ਤੇ 2023 ਵਿੱਚ ਸੋਨ ਤਗ਼ਮਾ ਜਿੱਤਿਆ ਸੀ।

# ਆਈ.ਐੱਸ.ਐੱਸ.ਐੱਫ. ਵਿਸ਼ਵ ਕੱਪ ’ਚ ਸੁਰੁਚੀ ਨੇ ਜਿੱਤਿਆ ਸੋਨੇ ਦਾ ਤ.ਗਮਾ



ਲੀਮਾ (ਪੇਰੂ)/ਏ.ਟੀ.ਨਿਊਜ਼ : ਨਿਸ਼ਾਨੇਬਾਜ਼ ਸੁਰੁਚੀ ਇੰਦਰ ਸਿੰਘ ਨੇ ਇੱਥੇ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਸ਼ਾਨਦਾਰ ਲੈਅ ਜਾਰੀ ਰੱਖਦਿਆਂ ਆਈ.ਐੱਸ.ਐੱਸ.ਐੱਫ. ਵਿਸ਼ਵ ਕੱਪ ਵਿੱਚ ਲਗਾਤਾਰ ਦੂਜਾ ਸੋਨੇ ਦਾ ਤਗ਼ਮਾ ਜਿੱਤਿਆ। ਪੈਰਿਸ ਉਲੰਪਿਕ ਤਗ਼ਮਾ ਜੇਤੂ ਮਨੂ ਭਾਕਰ ਨੇ ਵੀ ਇਸੇ ਵਰਗ ਵਿੱਚ ਚਾਂਦੀ ਦਾ ਤਗ਼ਮਾ, ਜਦਕਿ ਸੌਰਭ ਚੌਧਰੀ ਨੇ ਪੁਰਸ਼ਾਂ ਦੇ 10 ਮੀਟਰ ਏਅਰ ਪਿਸਟਲ ਵਿੱਚ ਕਾਂਸੇ ਦਾ ਤਗ਼ਮਾ ਜਿੱਤਿਆ। ਹਰਿਆਣਾ ਦੇ ਝੱਜਰ ਦੀ ਰਹਿਣ ਵਾਲੀ 18 ਸਾਲਾ ਸੁਰੁਚੀ ਨੇ ਹਾਲ ਹੀ ਵਿੱਚ ਬਿਊਨਸ ਆਇਰਸ ’ਚ ਸਾਲ ਦੇ ਪਹਿਲੇ ਵਿਸ਼ਵ ਕੱਪ ਵਿੱਚ ਸੋਨ ਤਗ਼ਮਾ ਜਿੱਤਿਆ ਸੀ। ਉਸ ਨੇ 24 ਸ਼ਾਟ ਦੇ ਫਾਈਨਲ ਵਿੱਚ 243.6 ਦਾ ਸਕੋਰ ਕਰਕੇ ਮਨੂ ਨੂੰ 1.3 ਅੰਕਾਂ ਨਾਲ ਪਿੱਛੇ ਛੱਡਿਆ। ਚੀਨ ਦੀ ਯਾਓ ਕਿਆਨਸ਼ਨ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਪੇਰੂ ਦੀ ਰਾਜਧਾਨੀ ਵਿੱਚ ਮਹਿਲਾਵਾਂ ਦੇ 10 ਮੀਟਰ ਏਅਰ ਪਿਸਟਲ ’ਚ ਸ਼ਾਨਦਾਰ ਪ੍ਰਦਰਸ਼ਨ ਸਦਕਾ ਭਾਰਤ ਤਿੰਨ ਤਗ਼ਮੇ ਜਿੱਤ ਕੇ ਅੰਕ ਸੂਚੀ ਵਿੱਚ ਸਿਖ਼ਰ ’ਤੇ ਰਿਹਾ।

## ਵੱਖ-ਵੱਖ ਕਿਰਦਾਰਾਂ ਨੂੰ ਬਾਖ਼ੂਬੀ ਨਿਭਾਉਂਦਾ

# ਰਾਣਾ ਜੰਗ ਬਹਾਦਰ

**ਕਾਲਾ ਸਿੰਘ ਸੈਣੀ**

ਰੰਗਮੰਚ ਨੇ ਪਾਲੀਵੁੱਡ, ਬਾਲੀਵੁੱਡ ਅਤੇ ਹਾਲੀਵੁੱਡ ਨੂੰ ਕਈ ਨਾਮਵਰ ਕਲਾਕਾਰ ਦਿੱਤੇ ਹਨ। ਜ਼ਿਲ੍ਹਾ ਸੰਗਰੂਰ ਦੇ ਪਿੰਡ ਅਮਰਗੜ੍ਹ ਦਾ ਜੰਮਪਲ ਰਾਣਾ ਜੰਗ ਬਹਾਦਰ ਅਦਾਕਾਰੀ ਦੇ ਖੇਤਰ 'ਚ ਅਜਿਹਾ ਨਾਂ ਹੈ, ਜਿਸ ਨੇ ਵੱਡੀ ਘਾਲਣਾ ਘਾਲ ਕੇ ਖ਼ੁਦ ਨੂੰ ਸਫ਼ਲਤਾ ਦੇ ਇਸ ਮੁਕਾਮ 'ਤੇ ਲਿਆ ਖੜ੍ਹਾ ਕੀਤਾ ਹੈ। ਆਪਣੀ ਦਮਦਾਰ ਅਦਾਕਾਰੀ ਨਾਲ ਪਰਦੇ 'ਤੇ ਵੱਖ-ਵੱਖ ਕਿਰਦਾਰਾਂ ਨੂੰ ਸਜੀਵ ਕਰਨ ਵਾਲਾ ਰਾਣਾ ਜੰਗ ਬਹਾਦਰ ਛੋਟੇ ਤੇ ਵੱਡੇ ਪਰਦੇ ਦਾ ਵੱਡਾ ਅਦਾਕਾਰ ਹੈ। ਧਾਰਮਿਕ ਲੜੀਵਾਰ 'ਮਹਾਭਾਰਤ' 'ਚ ਨਿਭਾਈ ਅਹਿਮ ਭੂਮਿਕਾ ਨਾਲ ਉਹ ਕਰੋੜਾਂ ਲੋਕਾਂ ਦੇ ਦਿਲਾਂ 'ਚ ਵਸਿਆ ਹੋਇਆ ਹੈ। ਇਹ ਉਨ੍ਹਾਂ ਦਿਨਾਂ ਦੀਆਂ ਗੱਲਾਂ ਹਨ, ਜਦੋਂ ਨਾ ਤਾਂ ਕੇਬਲ ਹੁੰਦੀ ਸੀ ਤੇ ਨਾ ਅੱਜ ਵਾਂਗ ਘਰ-ਘਰ ਟੈਲੀਵਿਜ਼ਨ।




**ਸੰਘਰਸ਼ ਦੀ ਕਹਾਣੀ**

ਬਚਪਨ 'ਚ ਰਾਣਾ ਜੰਗ ਬਹਾਦਰ ਫ਼ਿਲਮਾਂ ਦੇਖਦਿਆਂ ਸੋਚਦਾ ਹੁੰਦਾ ਸੀ ਕਿ ਫ਼ਿਲਮਾਂ 'ਚ ਕਿਵੇਂ ਆਇਆ ਜਾਂਦਾ ਹੈ। ਇਸ ਜਨੂੰਨ ਨੂੰ ਨਾਲ ਲੈ ਕੇ ਉਹ ਅਦਾਕਾਰ ਬਣਨ ਦੇ ਸੁਪਨੇ ਲੈਣ ਲੱਗ ਪਿਆ। ਫ਼ਿਰ ਮਲੇਰਕੋਟਲੇ ਆ ਕੇ ਉਸ ਨੂੰ ਗਾਇਕੀ ਨਾਲ ਜੁੜਨ ਦਾ ਮੌਕਾ ਮਿਲਿਆ। ਸੰਗੀਤ ਦੀ ਕਲਾ 'ਚ ਕਦਮ ਰੱਖ ਕੇ ਸਟੇਜਾਂ ਕਰਨ ਦਾ ਮੌਕਾ ਮਿਲਿਆ। ਮਲੇਰਕੋਟਲੇ ਤੋਂ ਬੀ.ਏ. ਕੀਤੀ। ਫ਼ਿਰ ਜਦੋਂ ਐੱਮ.ਏ. ਦੀ ਪੜ੍ਹਾਈ ਕਰਨ ਲਈ ਯੂਨੀਵਰਸਿਟੀ ਪਹੁੰਚਿਆ ਤਾਂ ਪਤਾ ਚੱਲਿਆ ਕਿ ਇੱਥੇ ਡਰਾਮੇ ਦਾ ਕੋਰਸ ਵੀ ਕਰਵਾਇਆ ਜਾਂਦਾ ਹੈ। ਆਪਣੀ ਕਲਾ ਦਾ ਸੁਪਨਾ ਪੂਰਾ ਹੁੰਦਿਆਂ ਦੇਖ ਇੱਥੇ ਹੀ ਉਸ ਨੇ ਦਾਖ਼ਲਾ ਲੈ ਲਿਆ।

**ਪੰਜਾਬ ਤੋਂ ਫ਼ਿਲਮ ਨਗਰੀ ਦਾ ਸਫ਼ਰ**

ਪੰਜਾਬ ਤੋਂ ਮੁੰਬਈ ਜਾ ਕੇ ਫ਼ਿਲਮਾਂ 'ਚ ਕੰਮ ਕਰਨ ਵਾਲੇ ਜਨੂੰਨ ਨੂੰ ਰਾਣਾ ਜੰਗ ਬਹਾਦਰ ਨੇ ਆਪਣੇ ਤਨ 'ਤੇ ਹੰਢਾਉਂਦਿਆਂ ਸਫ਼ਰ ਦਾ ਹਰ ਪੰਨਾ ਸੁਨਹਿਰੀ ਬਣਾਇਆ ਹੈ। ਮੁੰਬਈ ਫ਼ਿਲਮ ਨਗਰੀ ਦੇ ਹਰ ਮੋੜ ਤੋਂ ਗੁਜ਼ਰਦਿਆਂ ਫ਼ਿਲਮਾਂ ਦੀਆਂ ਕਹਾਣੀਆਂ ਤੋਂ ਇਲਾਵਾ ਬਾਲੀਵੁੱਡ ਤੇ ਪਾਲੀਵੁੱਡ ਫ਼ਿਲਮ ਇੰਡਸਟਰੀ ਦੀਆਂ ਵੀ ਕਈ ਕਹਾਣੀਆਂ ਉਸ ਨੇ ਵੇਖੀਆਂ ਹਨ। ਸਫ਼ਰ ਦੀਆਂ ਕੁਝ ਘਟਨਾਵਾਂ ਉਸ ਨੂੰ ਅੱਜ ਵੀ ਕਿਸੇ ਫ਼ਿਲਮ ਦੇ ਸੀਨ ਵਾਂਗ ਲੱਗਦੀਆਂ ਹਨ। ਦਮਦਾਰ ਆਵਾਜ਼ ਦੇ ਮਾਲਕ ਰਾਣਾ ਜੰਗ ਬਹਾਦਰ ਨੇ ਛੋਟੇ ਪਰਦੇ 'ਤੇ ਧਾਰਮਿਕ ਸੀਰੀਅਲ ਮਹਾਭਾਰਤ ਤੋਂ ਲੈ ਕੇ 35-40 ਦੇ ਕਰੀਬ ਹਿੰਦੀ ਸੀਰੀਅਲਾਂ 'ਚ ਕੰਮ ਕੀਤਾ ਹੈ।

**ਫ਼ਿਲਮ ਨਿਰਮਾਣ ਦੇ ਖੇਤਰ 'ਚ ਕਦਮ**

ਇੰਨਾ ਹੀ ਨਹੀਂ, ਅਦਾਕਾਰ ਨਾਲ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਰਾਣਾ ਜੰਗ ਬਹਾਦਰ ਨੂੰ ਸਾਹਿਤ ਨਾਲ ਵੀ ਅੰਤਾਂ ਦਾ ਮੋਹ ਹੈ। ਉਸ ਦਾ ਕਹਿਣਾ ਹੈ ਕਿ ਸਾਹਿਤ ਕੌਮ ਤੇ ਵਿਰਾਸਤ ਦੀ ਪਛਾਣ ਕਰਵਾਉਂਦਾ ਹੈ। ਉਸ ਨੇ 'ਬੋਦੀ ਵਾਲਾ ਤਾਰਾ' ਪਲੇਅ ਨੂੰ ਕਿਤਾਬ ਰਾਹੀਂ ਪ੍ਰਕਾਸ਼ਿਤ ਕਰਵਾ ਕੇ ਪਾਠਕਾਂ 'ਚ ਵੀ ਪਛਾਣ ਬਣਾਈ ਹੈ। ਫ਼ਿਲਮ ਨਿਰਮਾਣ ਦੇ ਖੇਤਰ 'ਚ ਬਤੌਰ ਨਿਰਮਾਤਾ ਪੰਜਾਬੀ ਫ਼ਿਲਮ 'ਪਤਾ ਨੀਂ ਰੱਬ ਕਿਹੜਿਆਂ ਰੰਗਾਂ 'ਚ ਰਾਜ਼ੀ' ਨਾਲ ਕਦਮ ਰੱਖਿਆ। ਉਸ ਨੇ ਹਰ ਕਿਰਦਾਰ ਨੂੰ ਰੂਹ ਨਾਲ ਨਿਭਾਇਆ ਹੈ। ਮੁੰਬਈ ਰਹਿਕੇ ਉਸ ਨੂੰ ਪਹਿਲਾਂ ਛੋਟੇ-ਛੋਟੇ ਰੋਲ ਕਰਨ ਦਾ ਮੌਕਾ ਮਿਲਿਆ। ਲੰਮੇ ਸੰਘਰਸ਼ ਤੋਂ ਬਾਅਦ ਬਾਲੀਵੁੱਡ ਦੇ ਨਾਮਵਰ ਨਿਰਦੇਸ਼ਕ ਜੇ.ਪੀ. ਦੱਤਾ ਦੀ ਸਾਲ 1988 'ਚ ਰਿਲੀਜ਼ ਹੋਈ ਹਿੰਦੀ ਫ਼ਿਲਮ 'ਯਤੀਮ' ਵਿੱਚ ਸੰਨੀ ਦਿਓਲ ਤੇ ਫ਼ਰ੍ਹਾ ਨਾਜ਼ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਫ਼ਿਰ ਜੇ.ਪੀ. ਦੱਤਾ ਦੀ 'ਹਥਿਆਰ' ਫ਼ਿਲਮ ਵੀ ਕੀਤੀ। ਹੁਣ ਤਕ ਉਸ ਨੇ ਬਾਲੀਵੁੱਡ ਦੀਆਂ 150 ਦੇ ਕਰੀਬ ਹਿੰਦੀ ਦੀਆਂ ਸੁਪਰਹਿੱਟ ਫ਼ਿਲਮਾਂ 'ਰੋਟੀ ਕੀ ਕੀਮਤ', 'ਫ਼ੂਲ ਔਰ ਕਾਂਟੇ', 'ਕੱਲੂ ਕੀ ਆਵਾਜ਼', 'ਬੇਤਾਜ਼ ਬਾਦਸ਼ਾਹ', ਨਾਰਾਜ਼, ਦੂਲਹੇ ਰਾਜਾ, ਹਮਾਰਾ ਦਿਲ ਆਪ ਕੇ ਪਾਸ ਹੈ, ਦੀਵਾਨਗੀ, ਅਜਬ ਪ੍ਰੇਮ ਕੀ ਅਜਬ ਕਹਾਣੀ, 'ਹਥਿਆਰ', 'ਅੱਖੀਓਂ ਸੇ ਗੋਲੀ ਮਾਰੇ', ਬਟਵਾਰਾ', 'ਡੁਪਲੀਕੇਟ', 'ਤਰਾਜ਼ੂ', 'ਗੁੰਡਾ', 'ਵਾਹ ਤੇਰਾ ਕਿਆ ਕਹਿਨਾ', 'ਦੇਸ਼ ਦਰੋਹੀ', 'ਏਕ ਸੇ ਬੜ ਕਰ ਏਕ', 'ਫ਼ਟਾ ਪੋਸਟਰ', 'ਧਮਾਲ', 'ਹੀਰਾ ਲਾਲ ਪੰਨਾ ਲਾਲ', 'ਤਹਿਖ਼ਾਨਾ', 'ਹਮਾਰਾ ਦਿਲ ਆਪ ਕੇ ਪਾਸ', 'ਇਨਸਾਫ਼' ਆਦਿ ਫ਼ਿਲਮਾਂ 'ਚ ਯਾਦਗਾਰੀ ਭੂਮਿਕਾ ਨਿਭਾਈ ਹੈ।



**ਪ੍ਰਸ਼ੰਸਕਾਂ ਦਾ ਘੇਰਾ ਕੀਤਾ ਵਿਸ਼ਾਲ**

ਨੈਸ਼ਨਲ ਐਵਾਰਡ ਜੇਤੂ ਪੰਜਾਬੀ ਫ਼ਿਲਮ 'ਚੰਨ ਪ੍ਰਦੇਸੀ' ਪੰਜਾਬੀ ਫ਼ਿਲਮ ਨਾਲ ਐਂਟਰੀ ਕਰ ਕੇ ਉਸ ਨੇ 'ਮੌਲਾ ਜੱਟ', 'ਜੀਜਾ ਸਾਲੀ', 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ', 'ਜੱਟ ਦਾ ਗੰਡਾਸਾ', 'ਜੱਟ ਐਂਡ ਜੂਲੀਅਟ', 'ਭਾਜੀ ਇਨ ਪ੍ਰੋਬਲਮ', 'ਫ਼ੈਮਿਲੀ 420', 'ਸਰਦਾਰ ਮੁਹੰਮਦ', 'ਅਫ਼ਸਰ', 'ਕਪਤਾਨ', 'ਅੰਬਰਸਰੀਆ', 'ਕਬੱਡੀ ਵਨਸ ਅਗੇਨ', 'ਠੱਗ ਲਾਈਫ਼', ਪਿੰਕੀ ਮੋਗੇ ਵਾਲੀ', 'ਮੰਜੇ ਬਿਸਤਰੇ', 'ਅਰਦਾਸ ਕਰਾਂ', 'ਬਲੈਕੀਆ', 'ਡਾਕਾ', 'ਬੀਬੀ ਰਜਨੀ' ਅਤੇ 'ਅਰਦਾਸ ਸਰਬੱਤ ਦੇ ਭਲੇ ਦੀ' ਫ਼ਿਲਮਾਂ 'ਚ ਵਿਲੱਖਣ ਅਦਾਕਾਰੀ ਨਾਲ ਆਪਣੇ ਪ੍ਰਸ਼ੰਸਕਾਂ ਦਾ ਘੇਰਾ ਵਿਸ਼ਾਲ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਦਰਸ਼ਕ ਜਲਦ ਨਵੀਆਂ ਆ ਰਹੀਆਂ ਫ਼ਿਲਮਾਂ 'ਚ ਉਸ ਨੂੰ ਵੱਖਰੇ-ਵੱਖਰੇ ਕਿਰਦਾਰ ਵਿਚ ਦੇਖਣਗੇ।

**ਨਾਮਵਰ ਨਾਟਕ ਨਿਰਦੇਸ਼ਕਾਂ ਨਾਲ ਕੀਤਾ ਕੰਮ**

ਥੀਏਟਰ ਨਾਲ ਜੁੜ ਕੇ ਇਸ ਰਿਸ਼ਤੇ ਨੂੰ ਏਨਾ ਮਜ਼ਬੂਤ ਕੀਤਾ ਕਿ ਉਸ ਨੇ ਬਲਵੰਤ ਗਾਰਗੀ, ਸੁਰਜੀਤ ਸਿੰਘ ਸੇਠੀ, ਡਾ.ਹਰਚਰਨ ਸਿੰਘ, ਰਾਮ ਗੋਪਾਲ ਬਜਾਜ ਆਦਿ ਨਾਮਵਰ ਨਾਟਕ ਨਿਰਦੇਸ਼ਕਾਂ ਨਾਲ ਕਈ ਸਾਲ ਕੰਮ ਕੀਤਾ। ਉਸ ਦੀਆਂ ਲਿਖੀਆਂ ਦੋ ਪੁਸਤਕਾਂ 'ਬੋਦੀ ਵਾਲਾ ਤਾਰਾ' ਅਤੇ 'ਚੰਨ ਦਾਗ਼ੀ' ਲੋਕ ਅਰਪਣ ਹੋਈਆਂ ਹਨ। ਕਿਸਮਤ ਦੇ ਧਨੀ ਰਾਣਾ ਜੰਗ ਬਹਾਦਰ ਨੇ ਉੱਚ ਵਿੱਦਿਆ ਪ੍ਰਾਪਤ ਕਰ ਕੇ ਉੱਚ ਅਹੁਦੇ ਦੀ ਨੌਕਰੀ ਵੀ ਕੀਤੀ ਪਰ ਮਨ 'ਚ ਅਦਾਕਾਰ ਬਣਨ ਦੇ ਸੁਪਨੇ ਨੂੰ ਲੈ ਕੇ ਅਸਤੀਫ਼ਾ ਵੀ ਹਮੇਸ਼ਾ ਜੇਬ 'ਚ ਨਾਲ ਰੱਖਿਆ।

## ਲੋਕ ਦਿਲਾਂ ਦੀ 'ਰਾਣੀ'

# ਰਣਜੀਤ ਕੌਰ

**ਮੇਜਰ ਸਿੰਘ ਜਖੇਪਲ**



ਪੰਜਾਬੀ ਗਾਇਕਾਵਾਂ ਵਿੱਚੋਂ ਰਣਜੀਤ ਕੌਰ ਪਹਿਲੀ ਅਜਿਹੀ ਗਾਇਕਾ ਹੈ ਜਿਸ ਨੇ ਲਗਭਗ 45 ਸਾਲ ਸਟੇਜਾਂ 'ਤੇ ਗਾਇਆ ਹੈ। ਇੱਕ ਪਰਿਵਾਰ ਦੀ ਚੌਥੀ ਪੀੜ੍ਹੀ ਤੱਕ ਦੇ ਲੋਕਾਂ ਨੇ ਰਣਜੀਤ ਕੌਰ ਦੀ ਗਾਇਕੀ ਦਾ ਆਨੰਦ ਲਿਆ ਹੈ। ਜੇਕਰ ਉਸ ਦੀ ਆਵਾਜ਼ ਖ਼ਰਾਬ ਨਾ ਹੁੰਦੀ ਤਾਂ ਉਸ ਨੇ ਆਪਣੇ ਗਾਇਕੀ ਜੀਵਨ ਦੀ ਅੱਧੀ ਸਦੀ ਪੂਰੀ ਕਰ ਲੈਣੀ ਸੀ। ਉਸ ਦਾ ਕਹਿਣਾ ਹੈ ਕਿ ਉਸ ਦੀ ਆਵਾਜ਼ ਨੂੰ ਪਤਾ ਨਹੀਂ ਇਕਦਮ ਕੀ ਹੋ ਗਿਆ ? ਬੜੀਆਂ ਦਵਾਈਆਂ, ਬੂਟੀਆਂ ਖਾਧੀਆਂ ਪਰ ਕਿਤੋਂ ਵੀ ਫ਼ਰਕ ਨਹੀਂ ਪਿਆ। ਜ਼ਿੰਦਗੀ ਦੇ ਜਿਸ ਦੌਰ 'ਚੋਂ ਰਣਜੀਤ ਕੌਰ ਹੁਣ ਲੰਘ ਰਹੀ ਹੈ, ਉਹ ਹਾਸਿਆਂ ਵਾਲਾ ਘੱਟ ਤੇ ਉਦਾਸੀਆਂ ਵਾਲਾ ਵੱਧ ਹੈ। ਗੱਲਾਂ ਕਰਦਿਆਂ-ਕਰਦਿਆਂ ਉਸ ਦਾ ਅੰਦਰਲਾ ਦਰਦ ਅੱਖਾਂ 'ਚ ਹੰਝੂ ਦੇ ਰੂਪ ਵਿੱਚ ਝਲਕ ਜਾਂਦਾ ਹੈ। ਉਹ ਇਸ ਨੂੰ ਹਾਸੇ ਵਿੱਚ ਛੁਪਾਉਣ ਦਾ ਯਤਨ ਕਰਦੀ ਹੈ ਪਰ ਉਸ ਦਾ ਗੰਭੀਰ ਚਿਹਰਾ ਤੇ ਅੰਦਰਲਾ ਕਲਾਕਾਰ ਅਜਿਹਾ ਕਰਨ ਦੀ ਇਜ਼ਾਜਤ ਨਹੀਂ ਦਿੰਦਾ।

ਰਣਜੀਤ ਕੌਰ ਦੀ ਜਨਮ ਭੂਮੀ ਰੋਪੜ ਹੈ। ਪਿਤਾ ਗਿਆਨੀ ਆਤਮਾ ਸਿੰਘ ਤੇ ਮਾਤਾ ਪ੍ਰਕਾਸ਼ ਕੌਰ ਦੀ ਫੁੱਲਵਾੜੀ ਵਿੱਚ ਰਣਜੀਤ ਕੌਰ, ਬਲਵੰਤ ਕੌਰ, ਜਸਵੀਰ ਕੌਰ ਤੇ ਪਰਮਵੀਰ ਸਿੰਘ ਹਨ। ਗਿਆਨੀ ਆਤਮਾ ਸਿੰਘ ਸੰਗੀਤ ਨੂੰ ਪਿਆਰ ਕਰਨ ਵਾਲੇ ਇਨਸਾਨ ਸਨ ਤੇ ਉਨ੍ਹਾਂ ਦੀ ਯਮਲਾ ਜੱਟ ਨਾਲ ਕਾਫ਼ੀ ਨੇੜਤਾ ਸੀ। ਉਹ ਯਮਲਾ ਜੱਟ ਨੂੰ ਰੋਪੜ ਧਾਰਮਿਕ ਸਮਾਗਮਾਂ ਵਿੱਚ ਸੱਦਿਆ ਕਰਦੇ ਸਨ। ਘਰ ਵਿੱਚ ਸੰਗੀਤਕ ਮਾਹੌਲ ਬਣਨ ਕਰਕੇ ਬੀਬਾ ਰਣਜੀਤ ਕੌਰ ਗੁਰਦੁਆਰੇ ਵਿੱਚ ਅਕਸਰ ਗੁਰਬਾਨੀ ਦੇ ਛੋਟੇ-ਛੋਟੇ ਸ਼ਬਦ ਗਾਉਣ ਲੱਗ ਪਈ। ਗਿਆਨੀ ਜੀ ਬਿਜਲੀ ਦੇ ਚੰਗੇ ਮਿਸਤਰੀ ਸਨ। ਉਹ ਲੁਧਿਆਣੇ ਆਪਣੇ ਕੰਮ ਦੀ ਤਲਾਸ਼ ਵਿੱਚ ਆਏ ਸਨ ਤੇ ਉਨ੍ਹਾਂ ਨੂੰ ਇੱਕ ਕੰਪਨੀ ਵਿੱਚ ਕੰਮ ਮਿਲ ਗਿਆ ਜਿਸ ਕਰਕੇ ਉਹ ਰੋਪੜ ਤੋਂ ਆਪਣੇ ਸਾਰੇ ਪਰਿਵਾਰ ਨੂੰ ਲੁਧਿਆਣੇ ਲੈ ਆਏ। ਇੱਥੇ ਆ ਕੇ ਰਣਜੀਤ ਕੌਰ ਨੇ ਆਪਣੀ ਪੜ੍ਹਾਈ ਜਾਰੀ ਰੱਖੀ।

ਲੁਧਿਆਣਾ ਵਿੱਚ ਸੱਜਣ ਸਿੰਘ ਹੂੰਝਣ ਨਾਂ ਦਾ ਵਿਅਕਤੀ ਸੀ ਜੋ ਗੀਤ ਵੀ ਲਿਖਦਾ ਸੀ। ਉਹ ਬਿਜਲੀ ਦਾ ਸਾਰਾ ਕੰਮ ਗਿਆਨੀ ਜੀ ਤੋਂ ਕਰਵਾਉਂਦੇ ਸਨ। ਹੂੰਝਣ ਦਾ ਇੱਕ ਸ਼ਾਗਿਰਦ ਅਮਰ ਸਿੰਘ ਸ਼ੇਰਪੁਰੀ ਸੀ ਜੋ ਸੁਰੀਲਾ ਗਾਇਕ ਸੀ। ਤਿਰਲੋਕ ਸਿੰਘ ਬੈਂਜੋ ਮਾਸਟਰ ਵੀ ਗਿਆਨੀ ਆਤਮਾ ਸਿੰਘ ਦਾ ਚੰਗਾ ਦੋਸਤ ਸੀ, ਉਸ ਕੋਲ ਸ਼ੇਰਪੁਰੀ ਦਾ ਆਉਣਾ-ਜਾਣਾ ਸੀ। ਤਿਰਲੋਕ ਸਿੰਘ ਦੇ ਕਹਿਣ 'ਤੇ ਗਿਆਨੀ ਜੀ ਬੀਬਾ ਰਣਜੀਤ ਕੌਰ ਨੂੰ ਉਨ੍ਹਾਂ ਕੋਲ ਲੈ ਕੇ ਚਲੇ ਗਏ। ਰਣਜੀਤ ਕੌਰ ਨੇ ਸ਼ੇਰਪੁਰੀ ਨਾਲ ਰਿਹਰਸਲ ਕੀਤੀ ਤੇ ਹੂੰਝਣ ਦਾ ਲਿਖਿਆ ਗੀਤ 'ਮਾਹੀ ਵੇ ਮਾਹੀ ਮੈਨੂੰ ਭੰਗ ਚੜ੍ਹ ਗਈ' ਰਿਕਾਰਡ ਕਰਵਾਇਆ। ਪਹਿਲਾ ਗੀਤ ਹੋਣ ਕਰਕੇ ਕੰਪਨੀ ਵਾਲਿਆਂ ਨੇ ਰਣਜੀਤ ਕੌਰ ਦੇ ਪਿਤਾ ਤੋਂ ਕੁਝ ਲੈਣ-ਦੇਣ ਦੀ ਮੰਗ ਕੀਤੀ ਪਰ ਉਨ੍ਹਾਂ ਦੇ ਨਾਂਹ ਕਰਨ 'ਤੇ ਇਹ ਗੱਲ ਇੱਥੇ ਹੀ ਠੱਪ ਹੋ ਗਈ।

ਫਿਰ ਇੱਕ ਦਿਨ ਮਾਤਾ ਰਾਣੀ ਚੌਕ ਲੁਧਿਆਣਾ ਕੋਲ ਇੱਕ ਕਾਰਖਾਨੇ ਵਿੱਚ ਕਿਸੇ ਦੇ ਜਨਮ ਦਿਨ ਦੀ ਪਾਰਟੀ ਸੀ ਜਿੱਥੇ ਨਾਮੀ ਕਲਾਕਾਰ ਪੁੱਜੇ ਹੋਏ ਸਨ। ਰਣਜੀਤ ਕੌਰ ਨੇ ਇਸ ਸਮਾਗਮ ਵਿੱਚ ਇੱਕ ਧਾਰਮਿਕ ਗੀਤ 'ਗੁਰੂ ਦਸਮੇਸ਼ ਕਲਗੀਆਂ ਵਾਲਿਆ ਤੇਰੀ ਸ਼ਾਨ ਨਿਰਾਲੀ' ਗਾਇਆ ਤਾਂ ਪੂਰੇ ਪੰਡਾਲ ਵਿੱਚ ਸੁੰਨ ਵਰਤ ਗਈ। ਇੱਕ ਸਕੂਲ 'ਚ ਪੜ੍ਹਦੀ ਕੁੜੀ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਫਿਰ ਉਹੀ ਕੰਪਨੀ ਵਾਲੇ ਰਣਜੀਤ ਕੌਰ ਤੇ ਸ਼ੇਰਪੁਰੀ ਨੂੰ ਐੱਚ.ਐੱਮ.ਵੀ. ਕੰਪਨੀ ਦਿੱਲੀ ਲੈ ਗਏ। ਉਸ ਵਕਤ ਆਸਾ ਸਿੰਘ ਮਸਤਾਨਾ, ਨਰਿੰਦਰ ਬੀਬਾ, ਯਮਲਾ ਜੱਟ, ਮੁਹੰਮਦ ਸਦੀਕ, ਰਾਜਿੰਦਰ ਰਾਜਨ ਤੇ ਸਵਰਨ ਲਤਾ ਐੱਚ.ਐੱਮ.ਵੀ. ਕੰਪਨੀ ਦੇ ਕਲਾਕਾਰ ਸਨ ਤੇ ਬਾਬੂ ਸੰਤ ਰਾਮ ਇਸ ਕੰਪਨੀ ਦੇ ਜਨਰਲ ਮੈਨੇਜਰ ਸਨ। ਰਣਜੀਤ ਕੌਰ ਦੀ ਇਸ ਪਹਿਲੀ ਰਿਕਾਰਡਿੰਗ ਵੇਲੇ ਮੁਹੰਮਦ ਸਦੀਕ ਐੱਚ.ਐੱਮ.ਵੀ. ਕੰਪਨੀ ਵਿੱਚ ਤੂੰਬੀ ਵਜਾਉਂਦੇ ਸਨ। ਬਾਬੂ ਸੰਤ ਰਾਮ ਨੇ ਸਦੀਕ ਨੂੰ ਕਿਹਾ, "ਇਹ ਪੰਜਾਬ ਤੋਂ ਨਵੇਂ ਕਲਾਕਾਰ ਆਏ ਨੇ। ਇਨ੍ਹਾਂ ਦੇ ਗੀਤ ਰਿਕਾਰਡ ਕਰਵਾ ਦਿਓ।' ਉਸ ਵਕਤ ਸਦੀਕ ਨੇ ਕੋਈ ਬਹੁਤਾ ਧਿਆਨ ਨਾ ਦਿੱਤਾ ਕਿਉਂਕਿ ਰਣਜੀਤ ਕੌਰ ਦੀ ਕੋਈ ਵੀ ਪਹਿਚਾਣ ਨਹੀਂ ਸੀ। ਸਦੀਕ ਨੇ ਰਣਜੀਤ ਕੌਰ ਤੇ ਸ਼ੇਰਪੁਰੀ ਦਾ ਗੀਤ 'ਮਾਹੀ ਵੇ ਮਾਹੀ ਮੈਨੂੰ ਭੰਗ ਚੜ੍ਹ ਗਈ' ਰਿਕਾਰਡ ਕਰ ਲਿਆ। ਜਦੋਂ ਕੁਝ ਮਹੀਨਿਆਂ ਬਾਅਦ ਇਹ ਤਵਾ ਮਾਰਕੀਟ ਵਿੱਚ ਆਇਆ ਤਾਂ ਇਸ ਨੇ ਕੰਪਨੀ ਦੇ ਸਟਾਰ ਕਲਾਕਾਰਾਂ ਦੇ ਤਵਿਆਂ ਨੂੰ ਵੀ ਮਾਤ ਪਾ ਦਿੱਤੀ। ਫਿਰ ਰਣਜੀਤ ਕੌਰ ਤੇ ਅਮਰ ਸ਼ੇਰਪੁਰੀ ਨਾਲ ਰਿਕਾਰਡ ਗੀਤ 'ਤੋਰੀਏ ਦੇ ਫੁੱਲ ਵਰਗੀ ਲੰਘੀ ਕੋਲ ਦੀ ਝਾਂਜਰਾਂ ਵਾਲੀ' ਨੇ ਚੰਗੀ ਪਹਿਚਾਣ ਬਣਾਈ।



ਇਸ ਤੋਂ ਬਾਅਦ ਰਣਜੀਤ ਕੌਰ ਨੇ ਰਮੇਸ਼ ਰੰਗੀਲਾ, ਸੰਤ ਰਾਮ ਤੇ ਸਾਬਰ ਹੁਸੈਨ ਸਾਬਰ ਨਾਲ ਸਟੇਜੀ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ। ਇਸ ਵਕਤ ਮੁਹੰਮਦ ਸਦੀਕ, ਰਾਜਿੰਦਰ ਰਾਜਨ ਨਾਲ ਗਾਇਆ ਕਰਦਾ ਸੀ। ਜਦੋਂ ਰਾਜਿੰਦਰ ਰਾਜਨ ਬਿਮਾਰ ਹੋ ਗਈ ਤਾਂ ਸਦੀਕ ਰੰਜਨਾ ਤੇ ਰਣਜੀਤ ਕੌਰ ਨੂੰ ਪ੍ਰੋਗਰਾਮ 'ਤੇ ਨਾਲ ਲੈ ਗਿਆ। ਮੁਹੰਮਦ ਸਦੀਕ ਨੇ ਹੀ ਉਸਤਾਦ ਜਸਵੰਤ ਭੰਵਰਾ ਨੂੰ ਦੱਸਿਆ ਕਿ ਇਹ ਉਹ ਕੁੜੀ ਹੈ ਜਿਸ ਦੇ ਰਿਕਾਰਡ ਗੀਤ ਨੇ ਮਾਰਕੀਟ ਵਿੱਚ ਧੂੜਾਂ ਪੱਟ ਦਿੱਤੀਆਂ ਨੇ। ਇਸ ਤੋਂ ਬਾਅਦ ਰਣਜੀਤ ਕੌਰ ਨੇ ਲਗਭਗ ਡੇਢ ਸਾਲ ਸਾਬਰ ਹੁਸੈਨ ਸਾਬਰ ਨਾਲ ਸਟੇਜ ਪ੍ਰੋਗਰਾਮ ਕੀਤੇ। ਕਰਨੈਲ ਗਿੱਲ ਨਾਲ ਰਣਜੀਤ ਕੌਰ ਦੇ ਦੋ ਗੀਤ ਰਿਕਾਰਡ ਹੋਏ।

ਸੰਨ 1966 ਤੱਕ ਸਦੀਕ ਦੀ ਜੋੜੀ ਰਾਜਿੰਦਰ ਰਾਜਨ ਨਾਲ ਬਣੀ ਰਹੀ। ਜਦੋਂ (1967 'ਚ) ਇੱਕ ਦਿਨ ਸਨੇਹ ਲਤਾ ਨੇ ਸਾਬਰ ਹੁਸੈਨ ਨੂੰ ਕਿਹਾ, 'ਸਾਬਰ ਜੀ ! ਸਦੀਕ ਤੇ ਰਾਜਨ ਦੀ ਜੋੜੀ ਟੁੱਟ ਗਈ ਹੈ, ਹੁਣ ਕੀ ਬਣੂੰ ?' ਇਸ ਤੋਂ ਕੁਝ ਦਿਨਾਂ ਬਾਅਦ ਹੀ ਸਦੀਕ ਤੇ ਰਣਜੀਤ ਕੌਰ ਦੀ ਨਵੀਂ ਦੋਗਾਣਾ ਜੋੜੀ ਦਾ ਜਨਮ ਹੋਇਆ। 4 ਮਾਰਚ 1967 ਨੂੰ ਇਸ ਜੋੜੀ ਨੇ ਪਿੰਡ ਰਾਜੇਆਣਾ (ਨੇੜੇ ਬਰਨਾਲਾ) ਵਿਖੇ ਆਪਣਾ ਪਹਿਲਾ ਅਖਾੜਾ ਲਾਇਆ। ਇਸ ਜੋੜੀ ਦੀ ਪਹਿਲੀ ਰਿਕਾਰਡਿੰਗ 'ਤੇਰਾ ਲੈਣ ਮੁਕਲਾਵਾ ਨੀਂ ਮੈਂ ਆਇਆ ਬੱਲੀਏ', 'ਮੈਨੂੰ ਚਾਂਦੀ ਦੀਆਂ ਝਾਂਜਰਾਂ', 'ਮੇਰੇ ਵੇਚ ਕੇ ਸਲੀਪਰ ਕਾਲੇ' ਤੇ 'ਆਪੇ ਭੌਰ ਨੇ ਥੱਪੀਆਂ ਰੋਟੀਆਂ' ਗੀਤਾਂ ਨਾਲ ਹੋਈ। ਫਿਰ ਤਾਂ ਚੱਲ ਸੋ ਚੱਲ।

(ਬਾਕੀ ਸਫ਼ਾ 31 'ਤੇ)

## ਕਸ਼ਮੀਰ ਵਾਦੀ ਕਿਉਂ ਹੋਈ ਮਾਸੂਮਾਂ

ਮਨੀ ਲਾਡਰਿੰਗ ਨੂੰ ਰੋਕਣ ਦੀ ਵੀ ਕੋਸ਼ਿਸ਼ ਕੀਤੀ ਹੈ।ਐਫ.ਏ.ਟੀ.ਐਫ ਦਾ ਜੇ ਸਾਥ ਨਾ ਹੁੰਦਾ ਤਾਂ ਇੰਟਰਨੈਸ਼ਨਲ ਕਮਿਊਨਿਟੀ ਪਾਕਿਸਤਾਨ ਨੂੰ ਅੱਤਵਾਦ ਸਟੇਟ ਐਲਾਨਣ ਦੇ ਲਈ ਪੱਬਾਂ ਭਾਰ ਹੋਈ ਬੈਠੀ ਸੀ।ਇੱਕ ਗੱਲ ਹੋਰ ਪਾਕਿਸਤਾਨ ਕਹਿ ਰਿਹਾ ਹੈ ਕਿ ਇਹ ਲੋਕਲ ਹਮਲਾ ਹੈ ਪਰ ਇਹ ਲੋਕਲ ਅਟੈਕ ਨਹੀਂ ਹੋ ਸਕਦਾ। ਕਸ਼ਮੀਰ ਆਪਣੀ ਆਜ਼ਾਦੀ ਦੇ ਲਈ ਲੜ ਰਿਹਾ ਹੈ।ਉੱਥੇ ਦੇ ਲੋਕ ਟੂਰਿਜ਼ਮ 'ਤੇ ਨਿਰਭਰ ਹਨ। ਫਿਰ ਕੋਈ ਆਪਣੇ ਪੈਰਾਂ 'ਤੇ ਆਪ ਕੁਹਾੜੀ ਕਿਉਂ ਮਾਰੇਗਾ? ਲੋਕਲ ਅੱਤਵਾਦੀ ਟੂਰਿਸਟ 'ਤੇ ਹਮਲਾ ਨਹੀਂ ਕਰ ਸਕਦੇ।

ਸੰਗਠਨ ਟੀ.ਆਰ.ਐਫ ਨੇ ਇਸ ਘਟਨਾ ਦੀ ਜ਼ਿੰਮੇਵਾਰੀ ਲੈ ਲਈ ਹੈ।ਟੀ.ਆਰ.ਐਫ ਭਾਵ (The Resistance Front)। ਇਹ ਸੰਗਠਨ ਪਾਕਿਸਤਾਨ ਦੇ ਸੰਗਠਨ ਲਸ਼ਕਰ ਏ ਤੋਇਬਾ ਦਾ ਪ੍ਰੌਕਸੀ ਮੰਨਿਆ ਜਾਂਦਾ ਹੈ। ਹਾਲਾਂ ਕਿ ਭਾਰਤ ਨੇ ਇਸ ਸੰਗਠਨ ਨੂੰ ਪਾਬੰਦੀਸ਼ੁਦਾ ਐਲਾਨਿਆ ਹੋਇਆ ਹੈ।ਇਸ ਸੰਗਠਨ ਦੀ ਗੱਲ ਕਰੀਏ ਤਾਂ ਸਾਲ 1985 ਦੇ ਵਿੱਚ ਹਾਫਿਜ਼ ਸਈਅਦ ਤੇ ਜਫ਼ਰ ਇਕਬਾਲ ਨੇ ਜਮਾਤ- ਉਦ-ਦਾਵਾ ਦੀ ਨੀਂਹ ਰੱਖੀ। ਏਜੰਡਾ ਇਸਲਾਮ ਦੇ ਸਲਾਫ਼ੀ ਅੰਦੋਲਨ ਨੂੰ ਅੱਗੇ ਵਧਾਉਣਾ ਸੀ। ਸਾਲ 1986 ਦੇ ਵਿੱਚ ਅੱਤਵਾਦੀ ਜ਼ਕੀਉਰ ਰਹਿਮਾਨ ਲਖਵੀ ਦੇ ਕੋਲ ਇੱਕ ਜਹਾਦੀਆਂ ਦਾ ਗੁੱਟ ਸੀ।ਉਸ ਨੂੰ ਹਾਫਿਜ਼ ਸਈਅਦ ਦੀ ਜਮਾਤ ਦੇ ਨਾਲ ਮਿਲਾ ਦਿੱਤਾ ਤੇ ਨਵੇਂ ਗੁੱਟ ਦਾ ਨਾਮ ਰੱਖਿਆ, 'ਮਰਕਜ਼-ਉਦ-ਦਾਵਾ-ਅਲ-ਇਰਸ਼ਾਦ'। ਸਾਲ 1990 ਵਿੱਚ ਅਫ਼ਗਾਨਿਸਤਾਨ ਦੇ ਕੁਨਾਰ ਪ੍ਰਾਂਤ ਵਿੱਚ ਇੱਕ ਮੀਟਿੰਗ ਹੁੰਦੀ ਹੈ। ਇਸ ਮੀਟਿੰਗ ਵਿੱਚ 1986 ਵਿੱਚ ਬਣੇ ਮਰਕਜ਼ ਤੋਂ ਲਸ਼ਕਰ ਏ ਤਾਇਬਾ ਦਾ ਜਨਮ ਹੁੰਦਾ ਹੈ। ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਇਸ ਸੰਗਠਨ ਦੀ ਕਾਰਵਾਈ ਨੂੰ ਅੰਜਾਮ ਦੇਣ ਦੇ ਲਈ ਪੈਸਾ ਕਿੱਥੋਂ ਆਇਆ? ਸੋ ਪੈਸੇ ਦੀ ਜ਼ਰੂਰਤ ਪੂਰੀ ਕੀਤੀ ਓਸਾਮਾ ਬਿਨ ਲਾਦੇਨ ਨੇ। ਹਾਫਿਜ਼ ਸਈਅਦ, ਜਫ਼ਰ ਇਕਬਾਲ ਤੇ ਲਖਵੀ ਨੇ ਪੈਸਾ ਲਿਆ ਤਾਂ ਕਿ ਉਹ ਲਸ਼ਕਰ ਏ ਤਾਇਬਾ ਦੇ ਕੰਮਾਂ ਨੂੰ ਅੰਜਾਮ ਦੇ ਸਕਣ। 1992 ਦੇ ਵਿੱਚ ਲਸ਼ਕਰ ਏ ਤਾਇਬਾ ਦੀਆਂ ਜੰਮੂ ਕਸ਼ਮੀਰ ਦੇ ਵਿੱਚ ਗਤੀਵਿਧੀਆਂ ਸ਼ੁਰੂ ਹੋਈਆਂ।ਸਾਲ 2019 ਦੇ ਵਿੱਚ ਭਾਰਤ ਸਰਕਾਰ ਨੇ ਧਾਰਾ 370 ਖ਼ਤਮ ਕੀਤੀ ਤੇ ਫਿਰ ਲਸ਼ਕਰ ਦੇ ਕੁਝ ਅੱਤਵਾਦੀਆਂ ਨੇ ਇੱਕ ਨਵਾਂ ਸੰਗਠਨ ਬਣਾਇਆ ਤੇ ਨਾਲ ਮਿਲਾਇਆ ਹਿਜ਼ਬੁਲ ਮੁਜਾਹਦੀਨ ਦੇ ਅੱਤਵਾਦੀਆਂ ਨੂੰ। ਤੇ ਇਸ ਸੰਗਠਨ ਦਾ ਨਾਂਅ ਰੱਖਿਆ ਟੀ.ਆਰ.ਐਫ ਭਾਵ (The Resistance Front)।ਤਦ ਤੋਂ ਲੈ ਕੇ ਹੁਣ ਤੱਕ ਲਸ਼ਕਰ ਏ ਤਾਇਬਾ ਆਪਣੀਆਂ ਕਾਰਵਾਈਆਂ ਨੂੰ ਟੀ.ਆਰ.ਐਫ ਰਾਹੀਂ ਅੰਜਾਮ ਦਿੰਦਾ ਆ ਰਿਹਾ ਹੈ।

ਗੱਲਾਂ ਤਾਂ ਹੋਰ ਵੀ ਬਥੇਰੀਆਂ ਨੇ ਪਰ ਮੁੱਕਦੀ ਗੱਲ ਸਾਨੂੰ ਉਮੀਦ ਹੈ ਕਿ ਸਾਡੀ ਸਰਕਾਰ ਐਹੋ ਜਿਹੀ ਸਥਿਤੀ 'ਤੇ ਜਲਦੀ ਐਕਸ਼ਨ ਲਵੇਗੀ ਪਰ ਤੁਹਾਨੂੰ ਨਹੀਂ ਲੱਗਦਾ ਕਿ ਅਸੀਂ ਸਿਰਫ਼ ਐਕਸ਼ਨ ਹੀ ਲੈਂਦੇ ਹਾਂ। ਅੱਜ ਤੱਕ ਸਾਨੂੰ ਇਹ ਪਤਾ ਨਹੀਂ ਚੱਲਿਆ ਕਿ ਪੁਲਵਾਮਾ ਦੇ ਵਿੱਚ 300 ਕਿਲੋ ਆਰ.ਡੀ.ਐਕਸ. ਕਿਵੇਂ ਆਇਆ?ਅੱਜ ਤੱਕ ਇਹ ਪਤਾ ਨਹੀਂ ਚੱਲਿਆ ਕਿ ਸੀ.ਆਰ.ਪੀ.ਐਫ. ਦੀ ਮੂਵਮੈਂਟ ਦੀ ਤਰੀਕ ਤੇ ਸਮਾਂ ਲੀਕ ਕਿਵੇਂ ਹੋਇਆ? ਮਾਰਚ 2000 ਵਿੱਚ ਕਸ਼ਮੀਰ ਦੇ ਚਿੱਟੀ ਸਿੰਘਪੁਰਾ ਵਿੱਚ ਕਤਲ ਕੀਤੇ ਗਏ 35 ਸਿੱਖਾਂ ਨੂੰ ਮਾਰਨ ਵਾਲਿਆਂ ਦੀ ਅਸਲੀਅਤ ਅਜੇ ਤੱਕ ਵੀ ਸਾਹਮਣੇ ਨਹੀਂ ਆਈ ਜਦੋਂਕਿ ਇਸ ਘਟਨਾ ਨੂੰ ਬੀਤਿਆਂ ਵੀ 25 ਸਾਲ ਦੇ ਕਰੀਬ ਹੋ ਚੁੱਕੇ ਨੇ। ਸਵਾਲ ਪੁਰਾਣੇ ਵੀ ਖੜੇ ਨੇ ਪਰ ਅਟੈਕ ਹੋ ਰਹੇ ਨੇ। 'ਸਭ ਸਹੀ ਹੈ' ਇਹ ਕਹਿ ਨਹੀਂ ਸਕਦੇ। ਜਿੱਥੋਂ ਤੱਕ ਧਰਮ ਪੁੱਛ ਕੇ ਗੋਲੀ ਚਲਾਉਣ ਦੀ ਗੱਲ ਹੈ ਤਾਂ ਚਿੰਤਾਜਨਕ ਹੈ ਪਰ ਪਰੰਪਰਾ ਜੋ ਸਾਡੇ ਦੇਸ਼ ਦੇ ਵਿੱਚ ਬਣੀ ਹੈ, ਉਸ ਨੂੰ ਵੀ ਤਾਂ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸਾਡੇ ਦੇਸ਼ ਦੇ ਵਿੱਚ ਧਰਮ ਪੁੱਛ ਕੇ ਲੋਕਾਂ ਨੂੰ ਕੁੱਟਿਆ ਜਾਂਦਾ, ਧਰਮ ਪੁੱਛ ਕੇ ਹੀ ਬਲਾਤਕਾਰੀ ਛੱਡੇ ਜਾਂਦੇ ਨੇ, ਤੇ ਧਰਮ ਪੁੱਛ ਕੇ ਹੀ ਜੇਲ੍ਹੋਂ ਆਏ ਬਲਾਤਕਾਰੀਆਂ ਦੇ ਗਲ਼ਾਂ ਦੇ ਵਿੱਚ ਫੁੱਲਾਂ ਦੇ ਹਾਰ ਵੀ ਪਾਏ ਜਾਂਦੇ ਨੇ। ਇਥੋਂ ਤੱਕ ਕਿ ਧਰਮ ਪੁੱਛ ਕੇ ਹੀ ਐਨ.ਐਸ.ਏ. ਲਗਾਈ ਜਾਂਦੀ ਹੈ। ਬੜੀ ਚਿੰਤਾ ਦਾ ਵਿਸ਼ਾ ਹੈ ਕਿ ਅਸੀਂ ਸਾਰੇ ਧਰਮੋਂ ਧਰਮੀ ਹੋਏ ਪਏ ਹਾਂ ਪਰ ਇਸ ਘਟਨਾ ਤੋਂ ਬਾਅਦ ਕਸ਼ਮੀਰ ਕਈ ਸਾਲ ਪਿੱਛੇ ਚਲਾ ਜਾਵੇਗਾ। ਆਮ ਕਸ਼ਮੀਰੀ ਦੀ ਕਮਰ ਟੁੱਟ ਗਈ ਐ।

## ਕੀ ਚੀਨ, ਦੱਖਣੀ ਕੋਰੀਆ

ਸੋਗਾਂਗ ਗ੍ਰੈਜੂਏਟ ਸਕੂਲ ਆਫ਼ ਇੰਟਰਨੈਸ਼ਨਲ ਸਟੱਡੀਜ਼ ਤੋਂ ਡਾ. ਹੀਓ ਦਾ ਕਹਿਣਾ ਹੈ ਕਿ ਦੱਖਣੀ ਕੋਰੀਆ ਅਤੇ ਚੀਨ ਵਿਚਕਾਰ ਮੌਜੂਦਾ ਮੁਕਤ ਵਪਾਰ ਸਮਝੌਤਾ ਬਹੁਤ ਜ਼ਿਆਦਾ ਨਰਮ ਹੈ ਅਤੇ ਇਸ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ। ਜਦੋਂ ਕਿ ਇਸ ਵੇਲੇ ਦੱਖਣੀ ਕੋਰੀਆ ਅਤੇ ਜਾਪਾਨ ਜਾਂ ਚੀਨ ਅਤੇ ਜਾਪਾਨ ਵਿਚਕਾਰ ਕੋਈ ਦੁਵੱਲਾ ਸਮਝੌਤਾ ਨਹੀਂ ਹੈ।

ਦੂਜੇ ਪਾਸੇ ਕੁਝ ਵਿਦਵਾਨ ਅਜਿਹੇ ਵੀ ਹਨ ਜੋ ਕਿ ਇਨ੍ਹਾਂ ਤਿੰਨਾਂ ਦੇਸ਼ਾਂ ਵਿਚਕਾਰ ਸਮਝੌਤੇ ਬਾਰੇ ਆਸ਼ਾਵਾਦੀ ਹਨ।

ਦੱਖਣੀ ਕੋਰੀਆ ਦੀ ਸੁਕਮਯੁੰਗ ਮਹਿਲਾ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਦੇ ਪ੍ਰੋਫ਼ੈਸਰ ਡਾ. ਕਾਂਗ ਇਨ-ਸੂ ਦਾ ਮੰਨਣਾ ਹੈ ਕਿ ਮੌਜੂਦਾ ਮਾਹੌਲ ਤਿੰਨਾਂ ਦੇਸ਼ਾਂ ਵਿਚਕਾਰ ਸਮਝੌਤੇ ਲਈ ਪਹਿਲਾਂ ਨਾਲੋਂ ਵਧੇਰੇ ਅਨੁਕੂਲ ਹੈ।

ਉਹ ਕਹਿੰਦੇ ਹਨ, 'ਪਹਿਲਾਂ ਚੀਨ ਆਪਣੇ ਬਾਜ਼ਾਰਾਂ ਨੂੰ ਪੂਰੀ ਤਰ੍ਹਾਂ ਖੋਲ੍ਹਣ ਲਈ ਤਿਆਰ ਨਹੀਂ ਸੀ। ਪਰ ਹੁਣ, ਟੈਰਿਫ਼ਾਂ ਕਾਰਨ ਪੈਦਾ ਹੋਈ ਗੰਭੀਰ ਸਥਿਤੀ ਦੇ ਵਿਚਕਾਰ, ਚੀਨ ਅਮਰੀਕਾ ਨਾਲ ਮੁਕਾਬਲਾ ਕਰਕੇ ਆਪਣੇ ਆਪ ਨੂੰ ਮੁਕਤ ਵਪਾਰ ਦੇ ਚੈਂਪੀਅਨ ਵਜੋਂ ਸਥਾਪਿਤ ਕਰਨਾ ਚਾਹ ਸਕਦਾ ਹੈ।'

ਵਿਸ਼ਵ ਬੈਂਕ ਦੇ ਸਾਬਕਾ ਸੁਤੰਤਰ ਚੀਨੀ ਅਰਥਸ਼ਾਸਤਰੀ ਐਂਡੀ ਜ਼ੀ ਇਸ ਗੱਲ ਨਾਲ ਸਹਿਮਤ ਹਨ ਕਿ ਟਰੰਪ ਦੇ ਟੈਰਿਫ਼ਾਂ ਨੇ ਤਿੰਨਾਂ ਦੇਸ਼ਾਂ ਵਿਚਕਾਰ ਵਪਾਰ ਸਮਝੌਤੇ ਦੀ ਸੰਭਾਵਨਾ ਵਧਾ ਦਿੱਤੀ ਹੈ।

ਹਾਂਗ ਕਾਂਗ ਦੇ ਵਿੱਤ ਖੇਤਰ ਵਿੱਚ ਕੰਮ ਕਰਨ ਵਾਲੇ ਚਾਰਲਸ ਕਹਿੰਦੇ ਹਨ, 'ਕੱਚੇ ਮਾਲ ਜਾਂ ਵਸਤੂਆਂ ਦੇ ਨਿਰਯਾਤ ਅਤੇ ਆਯਾਤ ਦੀ ਲਾਗਤ ਵਿੱਚ ਕਮੀ ਨਾਲ ਕੀਮਤਾਂ ਘੱਟ ਜਾਣਗੀਆਂ। ਦੁਨੀਆਂ ਭਰ ਵਿੱਚ ਮਹਿੰਗਾਈ ਦੇ ਯੁੱਗ ਵਿੱਚ, ਇਹ ਨਾ ਸਿਰਫ਼ ਨਿਰਮਾਣ ਉਦਯੋਗਾਂ ਲਈ ਲਾਭਦਾਇਕ ਹੋਵੇਗਾ, ਸਗੋਂ ਵਸਤੂਆਂ ਦੀ ਖਪਤ ਨੂੰ ਵੀ ਵਧਾਏਗਾ ਅਤੇ ਅਰਥਵਿਵਸਥਾ ਨੂੰ ਸਮਰਥਨ ਦੇਵੇਗਾ।'

ਜ਼ਿਕਰਯੋਗ ਹੈ ਕਿ ਲੰਘੇ ਦਿਨੀਂ ਚੀਨ ਦੇ ਮੀਡੀਆ ਨੇ ਦਾਅਵਾ ਕੀਤਾ ਹੈ ਕਿ ਚੀਨ, ਜਾਪਾਨ ਅਤੇ ਦੱਖਣੀ ਕੋਰੀਆ ਸਪਲਾਈ ਚੇਨਾਂ ਨੂੰ ਮਜ਼ਬੂਤ ਕਰਨ ਅਤੇ ਨਿਰਯਾਤ ਨਿਯੰਤਰਣਾਂ 'ਤੇ ਵਧੇਰੇ ਗੱਲਬਾਤ ਕਰਨ ਲਈ ਸਹਿਮਤ ਹੋਏ ਹਨ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਇਹ ਤਿੰਨੋਂ ਦੇਸ਼ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਟੈਰਿਫ਼ ਦਾ ਸਾਂਝੇ ਤੌਰ 'ਤੇ ਜਵਾਬ ਦੇਣਗੇ। ਹਾਲਾਂਕਿ, ਜਾਪਾਨ ਅਤੇ ਦੱਖਣੀ ਕੋਰੀਆ ਇਸ ਦਾਅਵੇ ਨਾਲ ਅਸਹਿਮਤ ਹਨ। ਜੇ ਹੁਣ 'ਟੈਰਿਫ਼ ਜੰਗ' ਦੀ ਗੱਲ ਕੀਤੀ ਜਾਵੇ ਤਾਂ ਜਿੱਥੇ ਟਰੰਪ ਨੇ ਬਾਕੀ ਦੁਨੀਆਂ 'ਤੇ 10 ਪ੍ਰਤੀਸ਼ਤ ਟੈਰਿਫ਼ ਲਗਾਇਆ ਹੈ, ਉੱਥੇ ਚੀਨ ਕੁਝ ਚੀਜ਼ਾਂ 'ਤੇ 145 ਪ੍ਰਤੀਸ਼ਤ ਅਤੇ 200 ਪ੍ਰਤੀਸ਼ਤ ਤੋਂ ਵੱਧ ਟੈਰਿਫ਼ ਦਾ ਸਾਹਮਣਾ ਕਰ ਰਿਹਾ ਹੈ। ਬੀਜਿੰਗ ਨੇ ਅਮਰੀਕੀ ਸਾਮਾਨ 'ਤੇ 125 ਪ੍ਰਤੀਸ਼ਤ ਡਿਊਟੀ ਲਗਾ ਕੇ ਜਵਾਬ ਦਿੱਤਾ ਹੈ। ਇਸੇ ਕਾਰਨ ਹੁਣ ਚੀਨ ਦੱਖਣੀ ਕੋਰੀਆ ਅਤੇ ਜਪਾਨ ਨਾਲ ਮਿਲ ਕੇ ਖੁੱਲ੍ਹਾ ਵਪਾਰ ਸਮਝੌਤਾ ਕਰਨ ਦੇ ਯਤਨ ਕਰ ਰਿਹਾ ਹੈ ਤਾਂ ਕਿ ਅਮਰੀਕਾ ਨੂੰ ਵਪਾਰਕ ਚੁਣੌਤੀ ਦਿੱਤੀ ਜਾ ਸਕੇ। ਚੀਨ ਆਪਣੇ ਇਸ ਮਕਸਦ ਵਿੱਚ ਕਿੰਨਾ ਕੁ ਸਫ਼ਲ ਹੁੰਦਾ ਹੈ? ਅਤੇ ਕੀ ਚੀਨ, ਦੱਖਣੀ ਕੋਰੀਆ ਅਤੇ ਜਪਾਨ ਵਿਚਾਲੇ 'ਖੁੱਲ੍ਹਾ ਵਪਾਰਕ ਸਮਝੌਤਾ' ਹੋ ਜਾਵੇਗਾ? ਇਨ੍ਹਾਂ ਸਵਾਲਾਂ ਦਾ ਜਵਾਬ ਸਮੇਂ ਦੀ ਬੁੱਕਲ ਵਿੱਚ ਹੈ।

### ਕੀ ਹੁੰਦਾ ਹੈ ਖੁੱਲ੍ਹਾ ਵਪਾਰ

ਚੀਨ, ਦੱਖਣੀ ਕੋਰੀਆ ਅਤੇ ਜਪਾਨ ਵਿਚਾਲੇ 'ਖੁੱਲ੍ਹਾ ਵਪਾਰ ਸਮਝੌਤਾ' ਲਈ ਗੱਲਬਾਤ ਸਾਲ 2012 'ਚ ਸ਼ੁਰੂ ਹੋਈ ਅਤੇ ਤਿੰਨੇ ਦੇਸ਼ਾਂ ਨੇ ਆਪਸ ਵਿੱਚ ਰਲ ਮਿਲ ਕੇ ਵਪਾਰ ਕਰਨ ਦੀ ਇੱਛਾ ਪ੍ਰਗਟ ਕੀਤੀ। ਇਸ ਮੁੱਦੇ 'ਤੇ ਤਿੰਨੇ ਦੇਸ਼ਾਂ ਵਿਚਾਲੇ ਰਸਮੀ ਗੱਲਬਾਤ ਸਾਲ 2012 ਤੋਂ ਬਾਅਦ ਸਾਲ 2013 'ਚ ਸਿਉਲ ਵਿੱਚ ਸ਼ੁਰੂ ਹੋਈ। ਇਹ ਗੱਲਬਾਤ ਅਧਿਕਾਰਤ ਤੌਰ 'ਤੇ ਸਾਲ 2019 ਤੱਕ ਜਾਰੀ ਰਹੀ। ਉਸ ਤੋਂ ਬਾਅਦ ਤਿੰਨੇ ਦੇਸ਼ਾਂ ਵਿਚਾਲੇ ਇਸ ਸਮਝੌਤੇ ਸਬੰਧੀ ਗੱਲਬਾਤ ਠੱਪ ਹੀ ਰਹੀ। ਪਰ ਹੁਣ ਅਮਰੀਕਾ ਵੱਲੋਂ ਲਗਾਏ ਗਏ ਭਾਰੀ ਟੈਰਿਫ਼ ਕਾਰਨ ਚੀਨ, ਦੱਖਣੀ ਕੋਰੀਆ ਅਤੇ ਜਪਾਨ ਵਿਚਾਲੇ 'ਖੁੱਲ੍ਹਾ ਵਪਾਰ ਸਮਝੌਤਾ' ਕਰਨ ਦੀ ਗੱਲਬਾਤ ਮੁੜ ਸ਼ੁਰੂ ਹੋ ਗਈ ਹੈ।

***

## ਕੌਣ ਹੈ ਅਮਰੀਕਾ 'ਚ

## ਗ੍ਰਿਫ਼ਤਾਰ ਗੈਂਗਸਟਰ ਹੈਪੀ

ਐਨ.ਆਈ.ਏ. ਨੇ ਉਸ ਦੇ ਅਪਰਾਧਾਂ ਬਾਰੇ ਵਿਸਥਾਰਤ ਡੌਸੀਅਰ ਬ੍ਰਿਟੇਨ, ਕੈਨੇਡਾ ਤੇ ਅਮਰੀਕਾ ਦੀਆਂ ਸਰਕਾਰਾਂ ਨੂੰ ਭੇਜਿਆ ਹੋਇਆ ਸੀ। ਐਨ.ਆਈ.ਏ. ਦੇ ਹਲਕੇ ਇਹ ਵੀ ਦਾਅਵਾ ਕਰਦੇ ਹਨ ਕਿ ਇਸ ਏਜੰਸੀ ਦੇ ਸਾਈਬਰ ਮਾਹਿਰਾਂ ਨੇ ਹੈਪੀ ਪਾਸੀਆਂ ਦਾ ਥਹੁ-ਪਤਾ ਢਾਈ ਮਹੀਨੇ ਪਹਿਲਾਂ ਲੱਭ ਲਿਆ ਸੀ। ਦੋ ਦਿਨ ਪਹਿਲਾਂ ਤਾਜ਼ਾਤਰੀਨ ਲੋਕੇਸ਼ਨ ਦਾ ਪਤਾ ਲਾ ਕੇ ਉਸ ਦੀ ਸੂਹ ਐਫ.ਬੀ.ਆਈ. ਨੂੰ ਦਿਤੀ ਗਈ ਜਿਸ ਨੇ ਇਸ ਸੂਹ ਦੇ ਆਧਾਰ 'ਤੇ ਕਾਰਵਾਈ ਕਰਨ ਵਿੱਚ ਦੇਰ ਨਹੀਂ ਲਾਈ।

ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆ, ਪੰਜਾਬ ਦੇ ਅਜਨਾਲਾ ਦੇ ਇੱਕ ਪਿੰਡ ਜੱਟਾਂ-ਪਾਸੀਆ ਦਾ ਰਹਿਣ ਵਾਲਾ ਹੈ। ਉਹ 12 ਤੱਕ ਪੜ੍ਹਿਆ ਹੈ।

ਮੰਨਿਆ ਜਾਂਦਾ ਹੈ ਕਿ ਹੈਪੀ ਪਾਸੀਆ ਨੇ ਪੰਜਾਬ ਵਿੱਚ 16 ਗ੍ਰਨੇਡ ਹਮਲਿਆਂ ਦੀ ਯੋਜਨਾ ਬਣਾਈ ਸੀ, ਜਿਸ ਨਾਲ ਵਿਆਪਕ ਡਰ ਪੈਦਾ ਹੋਇਆ।

ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਉਸਦੀ ਕਥਿਤ ਭੂਮਿਕਾ ਲਈ ਵੀ ਉਹ ਪੁਲਿਸ ਨੂੰ ਲੋੜੀਂਦਾ ਹੈ।

**ਹੈਪੀ ਪਾਸੀਆ ਦੀ ਮਾਂ ਅਤੇ ਭੈਣ 'ਤੇ ਦੋਸ਼**

ਅਮਰੀਕਾ ਵਿੱਚ ਗ੍ਰਿਫ਼ਤਾਰ ਹੋਏ ਗੈਂਗਸਟਰ ਹੈਪੀ ਪਾਸੀਆ ਦੀ ਮਾਂ ਭੁਪਿੰਦਰ ਕੌਰ ਅਤੇ ਭੈਣ ਕਿਰਨਦੀਪ ਕੌਰ ਨੂੰ ਪੰਜਾਬ ਪੁਲਿਸ ਵੱਲੋਂ ਪਿਛਲੇ ਸਾਲ 26 ਨਵੰਬਰ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਨ੍ਹਾਂ ਵਿਰੁੱਧ ਰਾਮਦਾਸ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ। 24 ਨਵੰਬਰ 2024 ਨੂੰ ਗੈਂਗਸਟਰਾਂ ਨੇ ਅਜਨਾਲਾ ਪੁਲਿਸ ਸਟੇਸ਼ਨ ਨੂੰ ਇੱਕ ਆਈ. ਈ. ਡੀ. ਨਾਲ ਉਡਾਉਣ ਦੀ ਸਾਜ਼ਿਸ਼ ਰਚੀ ਸੀ ਪਰ ਆਈ. ਈ. ਡੀ. ਨੂੰ ਕਾਰਕੁੰਨ ਤਕਨੀਕੀ ਤੌਰ 'ਤੇ ਤਿਆਰ ਨਹੀਂ ਕਰ ਸਕੇ। ਇਸ ਕਾਰਨ ਬੰਬ ਫ਼ਟ ਨਹੀਂ ਸਕਿਆ।

**ਹੈਪੀ ਪਾਸੀਆ ਬਾਰੇ ਖ਼ਾਲਿਸਤਾਨੀ ਧਿਰਾਂ ਨੂੰ ਸ਼ੱਕ ਕਿਉਂ?**

ਅਮਰੀਕਾ ਤੇ ਕੈਨੇਡਾ ਦੀਆਂ ਖ਼ਾਲਿਸਤਾਨੀ ਧਿਰਾਂ ਅਨੁਸਾਰ ਅਮਰੀਕਾ ਵਿੱਚ ਐਫ.ਬੀ.ਆਈ. ਅਤੇ ਇਮੀਗ੍ਰੇਸ਼ਨ ਡਿਪਾਰਟਮੈਂਟ ਵੱਲੋਂ ਫੜਿਆ ਗਿਆ ਗੈਂਗਸਟਰ ਹੈਪੀ ਪਾਸੀਆ, ਜੋ 2021 ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖ਼ਲ ਹੁੰਦਾ ਹੈ ਅਤੇ 23 ਨਵੰਬਰ 2024 ਤੱਕ ਤਿੰਨ ਸਾਲ ਬਿਲਕੁਲ ਸ਼ਾਂਤ ਰਹਿੰਦਾ ਹੈ ਅਤੇ ਕੋਈ ਕਾਰਵਾਈ ਨਹੀਂ ਕਰਦਾ। ਫ਼ਿਰ ਅਚਾਨਕ 23 ਨਵੰਬਰ 2024 ਤੋਂ 15 ਜਨਵਰੀ 2025 ਤੱਕ ਹੈਪੀ ਪਾਸੀਆ 14 ਗ੍ਰਨੇਡ ਹਮਲੇ ਪੰਜਾਬ ਵਿੱਚ ਕਰਦਾ ਹੈ — ਜਿਨ੍ਹਾਂ ਵਿੱਚੋਂ ਸਿਰਫ਼ ਸੱਤ ਗ੍ਰਨੇਡ ਫ਼ਟਦੇ ਹਨ ਅਤੇ ਬਾਕੀ ਗ੍ਰਨੇਡਾਂ ਨੂੰ ਪੰਜਾਬ ਪੁਲਿਸ ਫ਼ਟਣ ਤੋਂ ਪਹਿਲਾਂ ਹੀ ਡਿਫ਼ਿਊਜ਼ ਕਰ ਦਿੰਦੀ ਹੈ। ਇਹਨਾਂ ਗ੍ਰਨੇਡ ਹਮਲਿਆਂ ਵਿੱਚ ਨਾ ਤਾਂ ਕੋਈ ਜ਼ਖ਼ਮੀ ਹੁੰਦਾ ਹੈ ਨਾ ਹੀ ਕਿਸੇ ਦੀ ਮੌਤ ਹੁੰਦੀ ਹੈ - ਜੋ ਚੰਗੀ ਗੱਲ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਹੈਪੀ ਪਾਸੀਆ ਤਿੰਨ ਸਾਲ ਸ਼ਾਂਤ ਰਿਹਾ, ਪਰ ਅਚਾਨਕ ਜਦੋਂ ਸਿੱਖਾਂ ਦੇ ਕਤਲਾਂ ਕਰਕੇ ਭਾਰਤ ਦੀ ਬਦਨਾਮੀ ਦੁਨੀਆਂ ਵਿੱਚ ਹੋਣ ਲੱਗੀ ਤਾਂ ਅਮਰੀਕਾ ਬੈਠਾ ਹੈਪੀ ਪਾਸੀਆ ਐਕਟਿਵ ਹੋ ਗਿਆ ਅਤੇ 14 ਗ੍ਰਨੇਡ ਹਮਲੇ ਕਰ ਦਿੱਤੇ? 10ਵੀਂ ਤੱਕ ਪੜ੍ਹਿਆ ਹੈਪੀ ਪਾਸੀਆ ਅਮਰੀਕਾ ਵਿੱਚ ਕੋਈ ਕੰਮ ਨਹੀਂ ਕਰਦਾ ਸੀ, ਫ਼ਿਰ ਅਚਾਨਕ ਇਹ ਐਡਾ ਨੈਟਵਰਕ ਕਿਵੇਂ ਚਲਾਉਣ ਲੱਗ ਪਿਆ? ਮਤਲਬ ਕੋਈ ਅਮਰੀਕਾ ਵਿੱਚ ਬੈਠਾ ਸਿੱਖ ਹੈਪੀ ਪਾਸੀਏ ਦੀ ਮੱਦਦ ਕਰ ਰਿਹਾ ਹੋਵੇਗਾ। ਜੇ ਕੋਈ ਸਿੱਖ ਮੱਦਦ ਕਰ ਰਿਹਾ ਸੀ ਤਾਂ ਐਫ਼.ਬੀ.ਆਈ. ਕੁੱਝ ਦਿਨਾਂ ਤੱਕ ਉਸਨੂੰ ਸਾਹਮਣੇ ਲੈ ਆਵੇਗੀ, ਪਰ ਜੇ ਕੋਈ ਮੱਦਦ ਕਰਨ ਵਾਲਾ ਸਾਹਮਣੇ ਨਹੀਂ ਆਉਂਦਾ ਤਾਂ ਸਮਝਣਾ ਔਖਾ ਨਹੀਂ ਕਿ ਇਹ ਪਲੈਨ ਕਿਹਨਾਂ ਦਾ ਹੈ? ਖ਼ਾਲਿਸਤਾਨੀ ਸਮਰਥਕਾਂ ਅਨੁਸਾਰ ਗ੍ਰਿਫ਼ਤਾਰ ਹੋਣ ਤੋਂ ਪਹਿਲਾਂ ਹੈਪੀ ਪਾਸੀਏ ਨੇ ਦਾੜੀ ਕੇਸ ਵੀ ਰੱਖ ਲਏ ਤੇ ਪੱਗ ਵੀ ਬੰਨਣ ਲੱਗ ਪਿਆ। ਫ਼ੇਸਬੁਕ 'ਤੇ ਇੱਕ ਪੋਸਟ ਪਾਉਣ ਕਰਕੇ ਜਿਹੜੇ ਲੋਕ ਇਹਨਾਂ ਗੈਂਗਸਟਰਾਂ ਨੂੰ ਪੰਥਕ ਸਮਝ ਲੈਂਦੇ ਹਨ, ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਫ਼ਿਰੌਤੀਆਂ ਮੰਗ ਕੇ ਖਾਣ ਵਾਲੇ ਇਹ ਕਾਇਰ ਗੈਂਗਸਟਰ ਆਪਣੀ ਜਾਨ ਬਚਾਉਣ ਲਈ ਕੋਈ ਵੀ ਸਮਝੌਤਾ ਕਰ ਸਕਦੇ ਹਨ। ਜਿਵੇਂ ਕਿਸੇ ਵੇਲੇ ਸੰਤ ਭਿੰਡਰਾਂਵਾਲੇ ਦੀਆਂ ਫ਼ੋਟੋਆਂ ਵਾਲੀਆਂ ਟੀ-ਸ਼ਰਟਾਂ ਪਾਉਣ ਵਾਲੇ ਲੌਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਅੱਜ ਰਾਸ਼ਟਰਵਾਦੀ ਬਣੇ ਹੋਏ ਹਨ! ਅੱਜ ਦੇ ਸਮੇਂ ਵਿੱਚ ਸਾਧਾਰਨ ਸਿੱਖ ਨੂੰ ਵੀ ਇਸ ਗੱਲ ਦਾ ਪਤਾ ਹੈ ਕਿ ਬਾਹਰਲੇ ਮੁਲਕਾਂ ਵਿੱਚ ਬੈਠ ਕੇ ਭਾਰਤ ਵਿੱਚ ਵਾਇਲੈਂਸ ਕਰਨੀ ਸਿੱਖਾਂ ਦੇ ਖ਼ਿਲਾਫ਼ ਅਤੇ ਭਾਰਤੀ ਫ਼ਿਰਕੂ ਸਿਆਸਤਦਾਨਾਂ ਦੇ ਹੱਕ ਵਿੱਚ ਭੁਗਤੇਗੀ।

***

## ਕੈਨੇਡਾ ਸੰਸਦੀ ਚੋਣਾਂ ਦੌਰਾਨ

ਇਥੋਂ ਦੀਆਂ 78 ਸੰਸਦੀ ਸੀਟਾਂ 'ਚੋਂ ਉਥੋਂ ਦੀ ਵੱਖਵਾਦੀ ਸਮਰਥਕ ਮੰਨੀ ਜਾਂਦੀ ਬਲਾਕ ਕਿਊਬਕ ਪਾਰਟੀ ਤਿਹਾਈ ਤੋਂ ਵੱਧ ਸੀਟਾਂ ਜਿੱਤ ਲੈਂਦੀ ਰਹੀ ਹੈ। ਪਿਛਲੀ ਵਾਰ ਇਹ ਪਾਰਟੀ 33 ਸੀਟਾਂ ਜਿੱਤ ਕੇ ਲਿਬਰਲ ਪਾਰਟੀ ਦੇ ਬਰਾਬਰ ਰਹੀ ਸੀ। ਕੰਜ਼ਰਵੇਟਿਵ ਨੂੰ ਉਥੋਂ ਸਿਰਫ਼ 9 ਸੀਟਾਂ ਮਿਲੀਆਂ ਸਨ।

## ਭਾਰਤੀ ਵਿਗਿਆਨੀ ਨਿੱਕੂ ਮਧੂਸੂਦਨ

ਇੱਕ ਅਜਿਹਾ ਸੁਮੇਲ ਜੋ ਜੀਵਨ ਦੀ ਸੰਭਾਵਨਾ ਦੇ ਅਨੁਕੂਲ ਹੈ।

ਕੇ2-18ਬੀ ਇੱਕ ਬਾਹਰੀ ਗ੍ਰਹਿ ਹੈ ਜੋ ਲਾਲ ਬੌਣੇ ਤਾਰੇ ਕੇ 2-18 ਦੇ ਦੁਆਲੇ ਘੁੰਮਦਾ ਹੈ ਅਤੇ ਇਸਦੇ ਰਹਿਣ ਯੋਗ ਖੇਤਰ ਵਿੱਚ ਸਥਿਤ ਹੈ। ਇਹ ਗ੍ਰਹਿ ਧਰਤੀ ਨਾਲੋਂ 2.6 ਗੁਣਾ ਵੱਡਾ ਅਤੇ 8.6 ਗੁਣਾ ਭਾਰੀ ਹੈ। ਜੇਮਜ਼ ਵੈੱਬ ਟੈਲੀਸਕੋਪ ਦੇ ਨਿਅਰ-ਇਨਫਰਾਰੈੱਡ ਇਮੇਜਰ ਅਤੇ ਸਲਿਟਲੈੱਸ ਸਪੈਕਟ ਰੋਗ੍ਰਾਫ ਅਤੇ ਨਿਅਰ-ਇਨਫਰਾਰੈੱਡ ਸਪੈਕਟ ਰੋਗ੍ਰਾਫ ਨੇ ਇਸ ਗ੍ਰਹਿ 'ਤੇ ਅਣੂਆਂ ਦਾ ਪਤਾ ਲਗਾਇਆ ਹੈ। ਸਭ ਤੋਂ ਮਹੱਤਵਪੂਰਨ ਖੋਜ ਡਾਈਮੈਥਾਈਲ ਸਲਫਾਈਡ (ਡੀਐਮਐਸ) ਦੇ ਸੰਭਾਵਿਤ ਨਿਸ਼ਾਨ ਸਨ। ਧਰਤੀ ਉੱਤੇ, ਇਹ ਅਣੂ ਸਿਰਫ਼ ਜੀਵਤ ਜੀਵਾਂ ਦੁਆਰਾ ਪੈਦਾ ਕੀਤਾ ਜਾਂਦਾ ਹੈ, ਖਾਸ ਕਰਕੇ ਸਮੁੰਦਰੀ ਫਾਈਟੋਪਲੈਂਕਟਨ ਦੁਆਰਾ।

ਭਾਰਤੀ ਮੂਲ ਦੇ ਡਾ. ਨਿੱਕੂ ਮਧੂਸੂਦਨ ਨੇ ਗ੍ਰਹਿਆਂ ਦੇ ਵਾਯੂਮੰਡਲ, ਅੰਦਰੂਨੀ ਹਿੱਸਿਆਂ ਅਤੇ ਬਾਇਓਸਿਗਨੇਚਰ 'ਤੇ ਆਪਣੇ ਕੰਮ ਰਾਹੀਂ ਪ੍ਰਸਿੱਧੀ ਪ੍ਰਾਪਤ ਕੀਤੀ ਹੈ। 1980 ਵਿੱਚ ਭਾਰਤ ਵਿੱਚ ਜਨਮੇ, ਮਧੂਸੂਦਨ ਨੇ ਆਪਣੀ ਅੰਡਰਗ੍ਰੈਜੂਏਟ ਪੜ੍ਹਾਈ ਆਈ.ਆਈ.ਟੀ.-ਬੀ.ਐਚ.ਯੂ., ਵਾਰਾਣਸੀ ਤੋਂ ਕੀਤੀ। ਇਸ ਤੋਂ ਬਾਅਦ ਉਹ ਪੋਸਟ ਗ੍ਰੈਜੂਏਸ਼ਨ ਲਈ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ ਚਲਾ ਗਿਆ। ਇੱਥੋਂ ਉਸਨੇ ਗ੍ਰਹਿ ਵਿਗਿਆਨ ਵਿੱਚ ਆਪਣੀ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸਨੇ ਡਾ. ਸਾਰਾਹ ਸੀਗਰ ਦੇ ਮਾਰਗਦਰਸ਼ਨ ਹੇਠ ਕੰਮ ਕੀਤਾ, ਜੋ ਕਿ ਐਕਸੋਪਲੈਨੇਟ ਖੋਜ ਵਿੱਚ ਇੱਕ ਮਸ਼ਹੂਰ ਮਾਹਿਰ ਸੀ।

ਉਹ ਇਸ ਵੇਲੇ ਕੈਂਬਰਿਜ ਯੂਨੀਵਰਸਿਟੀ ਦੇ ਖਗੋਲ ਵਿਗਿਆਨ ਸੰਸਥਾਨ ਵਿੱਚ ਪ੍ਰੋਫੈਸਰ ਹਨ। ਉਸ ਦਾ ਕੰਮ ਬਾਹਰੀ ਗ੍ਰਹਿਆਂ ਦੇ ਗਠਨ ਅਤੇ ਵਾਯੂਮੰਡਲ ਦੀ ਰਚਨਾ 'ਤੇ ਕੇਂਦਰਿਤ ਹੈ ਅਤੇ ਇਹ ਦੂਰ ਦੇ ਗ੍ਰਹਿ ਜੀਵਨ ਦਾ ਸਮਰਥਨ ਕਿਵੇਂ ਕਰ ਸਕਦੇ ਹਨ। ਉਸਦੀ ਖੋਜ ਨੂੰ ਯੂਰਪੀਅਨ ਐਸਟ ਰੋਨੋਮੀਕਲ ਸੋਸਾਇਟੀ ਅਤੇ ਇੰਟਰਨੈਸ਼ਨਲ ਯੂਨੀਅਨ ਫਾਰ ਪਿਓਰ ਐਂਡ ਅਪਲਾਈਡ ਫਿਜ਼ਿਕਸ ਵਲੋਂ ਮਾਨਤਾ ਮਿਲੀ ਹੈ। 2021 ਵਿੱਚ, ਉਸਨੇ 'ਹਾਈਸੀਅਨ ਪਲੈਨੇਟਸ' - ਸਮੁੰਦਰਾਂ ਨਾਲ ਢੱਕੇ ਹੋਏ ਅਤੇ ਹਾਈਡ ਰੋਜਨ ਨਾਲ ਭਰਪੂਰ ਅਸਮਾਨ ਵਿੱਚ ਲਪੇਟੇ ਹੋਏ ਗ੍ਰਹਿ - ਸ਼ਬਦ ਘੜਿਆ। ਉਹਨਾਂ ਦਾ ਮੰਨਣਾ ਹੈ ਕਿ ਕੇ2-18ਬੀ ਉਹਨਾਂ ਵਿੱਚੋਂ ਇੱਕ ਹੋ ਸਕਦਾ ਹੈ।

ਫਿਲਹਾਲ ਇਹ ਨਤੀਜੇ ਵਿਗਿਆਨਕ ਭਾਈਚਾਰੇ ਲਈ ਭਰੋਸਾ ਦੇਣ ਵਾਲੇ ਨਹੀਂ ਹਨ। ਹਾਲਾਂ ਕਿ, ਇਹ 18 ਮਹੀਨੇ ਪਹਿਲਾਂ ਇੱਕ ਟੀਮ ਦੁਆਰਾ ਪ੍ਰਾਪਤ ਕੀਤੇ ਗਏ ਵਨ ਸਿਗਮਾ ਨਤੀਜੇ ਨਾਲੋਂ ਵੱਧ ਹੈ, ਜੋ ਕਿ ਸ਼ੁੱਧਤਾ ਦੇ ਮਾਮਲੇ ਵਿੱਚ 68 ਫੀਸਦੀ ਸੀ। ਉਸ ਸਮੇਂ, ਇਸ ਨਤੀਜੇ ਬਾਰੇ ਬਹੁਤ ਖਦਸ਼ਾ ਸੀ। ਏਡਨਬਰਗ ਯੂਨੀਵਰਸਿਟੀ ਅਤੇ ਸਕਾਟਲੈਂਡ ਦੇ ਐਸਟ ਰੋਨੋਮਰ ਰਾਇਲ ਦੇ ਪ੍ਰੋਫੈਸਰ ਕੈਥਰੀਨ ਹੇਮੰਸ ਦਾ ਕਹਿਣਾ ਹੈ ਕਿ ਕੈਂਬਰਿਜ ਟੀਮ ਨੇ ਭਾਵੇਂ ਫਾਈਵ ਸਿਗਮਾ ਨਤੀਜਾ ਪ੍ਰਾਪਤ ਕਰ ਲਿਆ ਹੈ, ਪਰ ਅੰਤਿਮ ਤੌਰ 'ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਗ੍ਰਹਿ 'ਤੇ ਜੀਵਨ ਹੈ। ਭਾਵੇਂ ਇਸ ਗ੍ਰਹਿ 'ਤੇ ਜੀਵਨ ਬਾਰੇ ਮਜ਼ਬੂਤ ਸੰਕੇਤ ਮਿਲ ਰਹੇ ਹਨ, ਪਰ ਇਹ ਸਵਾਲ ਅਜੇ ਵੀ ਬਣਿਆ ਹੋਇਆ ਹੈ ਕਿ ਇਹ ਗੈਸ ਕਿੱਥੋਂ ਪੈਦਾ ਹੋ ਰਹੀ ਹੈ।

ਉਨ੍ਹਾਂ ਕਿਹਾ, 'ਧਰਤੀ 'ਤੇ, ਇਹ ਗੈਸ ਸਮੁੰਦਰ ਵਿੱਚ ਸੂਖਮ ਜੀਵਾਂ ਦੁਆਰਾ ਪੈਦਾ ਹੁੰਦੀ ਹੈ। ਪਰ ਠੋਸ ਅੰਕੜਿਆਂ ਤੋਂ ਬਗੈਰ ਅਸੀਂ ਨਿਸ਼ਚਿਤ ਤੌਰ 'ਤੇ ਇਹ ਨਹੀਂ ਕਹਿ ਸਕਦੇ ਕਿ ਕਿਸੇ ਏਲੀਅਨ (ਅਣਜਾਣ) ਗ੍ਰਹਿ 'ਤੇ ਗੈਸਾਂ ਦੀ ਇਹ ਉਤਪਤੀ ਜੈਵਿਕ ਤੌਰ 'ਤੇ ਹੀ ਹੈ।' ਇਸ ਬ੍ਰਹਿਮੰਡ ਵਿੱਚ ਹਜ਼ਾਰਾਂ ਅਜੀਬੋ-ਗਰੀਬ ਚੀਜ਼ਾਂ ਹੁੰਦੀਆਂ ਹਨ। ਸਾਨੂੰ ਨਹੀਂ ਪਤਾ ਕਿ ਇਸ ਗ੍ਰਹਿ 'ਤੇ ਕਿਸ ਤਰ੍ਹਾਂ ਦੀ ਜੈਵਿਕ ਗਤੀਵਿਧੀਆਂ ਹੋ ਸਕਦੀਆਂ ਹਨ, ਜਿਸ ਨਾਲ ਇਹ ਅਣੂ ਪੈਦਾ ਹੋ ਸਕਦੇ ਹਨ।"

ਦੂਜੇ ਪਾਸੇ ਪ੍ਰੋਫੈਸਰ ਮਧੂਸੂਦਨ ਦਾ ਮੰਨਣਾ ਹੈ ਕਿ ਉਨ੍ਹਾਂ ਨੇ ਵਿਗਿਆਨ ਦੇ ਸਭ ਤੋਂ ਵੱਡੇ ਸਵਾਲਾਂ ਵਿੱਚੋਂ ਇੱਕ (ਧਰਤੀ ਤੋਂ ਇਲਾਵਾ ਕਿਤੇ ਹੋਰ ਜੀਵਨ ਹੋਣ ਦਾ ਸਵਾਲ) ਦਾ ਜਵਾਬ ਦੇਣਾ ਹੈ, ਤਾਂ ਉਨ੍ਹਾਂ ਨੂੰ ਇਸ ਲਈ ਵਿਗਿਆਨ ਦੇ ਕਈ ਪਹਾੜ ਚੜ੍ਹਨੇ ਪੈਣਗੇ। ਪਰ ਉਨ੍ਹਾਂ ਦਾ ਮੰਨਣਾ ਹੈ ਕਿ ਉਹ ਅਤੇ ਉਨ੍ਹਾਂ ਦੀ ਟੀਮ ਸਹੀ ਰਸਤੇ 'ਤੇ ਹਨ। ਉਹ ਕਹਿੰਦੇ ਹਨ, 'ਹੁਣ ਤੋਂ ਦਹਾਕਿਆਂ ਬਾਅਦ, ਅਸੀਂ ਸਮੇਂ ਦੇ ਇਸ ਬਿੰਦੂ ਵੱਲ ਪਿੱਛੇ ਮੁੜ ਕੇ ਦੇਖ ਸਕਦੇ ਹਾਂ ਅਤੇ ਕਹਿ ਸਕਦੇ ਹਾਂ ਕਿ ਇਹ ਉਹ ਸਮਾਂ ਸੀ ਜਦੋਂ ਧਰਤੀ ਤੋਂ ਇਲਾਵਾ, ਜੀਵਨ ਦੀ ਮੌਜੂਦਗੀ ਵਾਲਾ ਗ੍ਰਹਿ ਸਾਡੀ ਪਹੁੰਚ ਵਿੱਚ ਸੀ। ਬ੍ਰਹਿਮੰਡ 'ਚ ਸਾਡੇ ਤੋਂ ਇਲਾਵਾ ਵੀ ਕੋਈ ਹੈ ਕਿ ਨਹੀਂ, ਸ਼ਾਇਦ ਅਸੀਂ ਇਸ ਸਵਾਲ ਦਾ ਜਵਾਬ ਦੇਖਣ ਲਾਇਕ ਹੋ ਜਾਈਏ।"

***

## ਕੀ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ

ਅਖੰਡ ਕੀਰਤਨੀ ਜਥਾ, ਨਿਹੰਗ ਸਿੰਘ ਜਥੇਬੰਦੀਆਂ, ਟਕਸਾਲਾਂ, ਨਿਰਮਲੇ ਸੰਪਰਦਾਵਾਂ ਦੇ ਘੱਟੋ-ਘੱਟ ਸੱਤ ਮੈਂਬਰ ਜ਼ਰੂਰ ਲਏ ਜਾਣ। ਵਿਦੇਸ਼ਾਂ ਵਿੱਚ ਸਥਾਪਤ ਗੁਰਧਾਮਾਂ ਦੇ ਨੁਮਾਇੰਦਿਆਂ ਨੂੰ ਜਗ੍ਹਾ ਮਿਲਣੀ ਚਾਹੀਦੀ ਹੈ। ਵਿੱਦਿਅਕ ਅਦਾਰਿਆਂ ਦੇ ਅੰਮ੍ਰਿਤਧਾਰੀ ਉਪ ਕੁਲਪਤੀਆਂ, ਸਾਬਕਾ ਗੁਰਸਿੱਖ ਅਫ਼ਸਰਾਂ ਆਦਿ ਦੀ ਸ਼ਮੂਲੀਅਤ ਨਿਯਮਾਵਲੀ ਬਣਾਉਣ ਵਿੱਚ ਲਾਹੇਵੰਦ ਹੋਵੇਗੀ। ਜਦੋਂ ਵੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਅਹੁਦਾ ਖ਼ਾਲੀ ਘੋਸ਼ਿਤ ਕੀਤਾ ਜਾਵੇ ਤਾਂ ਉਸ ਦੇ ਇੱਕ ਮਹੀਨੇ ਦੇ ਅੰਦਰ-ਅੰਦਰ ਅਕਾਲ ਕਮੇਟੀ ਦੀ ਮੀਟਿੰਗ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਸੱਦ ਲਈ ਜਾਵੇ। ਅਕਾਲ ਕਮੇਟੀ ਵੱਲੋਂ ਚੁਣੇ ਹੋਏ ਅਕਾਲ ਤਖ਼ਤ ਸਾਹਿਬ ਦੇ ਵਿਅਕਤੀ ਦੀ ਪਹਿਲਾਂ ਨਿਰਧਾਰਤ ਵਿਧੀਵਤ ਤਰੀਕੇ ਨਾਲ ਸਿੰਘ ਸਾਹਿਬ ਨੂੰ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਥਾਪਿਆ ਜਾਵੇ।

ਸਿੱਖ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਕਾਰਜ ਖੇਤਰ ਦੁਨੀਆਂ ਵਿੱਚ ਵਸਦੇ ਸਮੂਹ ਸਿੱਖਾਂ ਦੇ ਵਿਸ਼ਵ-ਵਿਆਪੀ ਧਾਰਮਿਕ, ਰਾਜਨੀਤਕ, ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਸਾਰੇ ਕਾਰਜਾਂ ਨਾਲ ਹੈ। ਇਹ ਕੇਵਲ ਪੰਜਾਬ ਦੇ ਸਿੱਖਾਂ ਜਾਂ ਅਕਾਲੀਆਂ ਦੇ ਇੱਕ ਵਰਗ ਤੱਕ ਹੀ ਸੀਮਤ ਨਹੀਂ। ਸਿੱਖਾਂ ਦੀ ਇਸ ਸਰਬੋਤਮ ਸੰਸਥਾ ਦੇ ਕਾਰਜ ਖੇਤਰਾਂ ਦਾ ਵਿਸ਼ਾਲ ਘੇਰਾ ਹੈ ਅਤੇ ਦੁਨੀਆਂ ਵਿੱਚ 800 ਕਰੋੜ ਤੋਂ ਵੀ ਵੱਧ ਵਸਦੇ ਲੋਕਾਂ ਵਿੱਚ ਸਿੱਖ ਪਛਾਣ ਨੂੰ ਸਥਾਪਤ ਕਰਨ ਤੇ ਸਿੱਖ ਧਰਮ ਦੀ ਵਿਚਾਰਧਾਰਾ ਨੂੰ ਅਲੱਗ-ਅਲੱਗ ਦੇਸ਼ਾਂ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਸ਼ਾਮਲ ਹੈ। ਪ੍ਰੋਫ਼ੈਸਰ ਸੁਖਦਿਆਲ ਸਿੰਘ ਦਾ ਕਹਿਣਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਮੁੱਢਲੇ ਤੌਰ 'ਤੇ ਪੰਜ ਸਾਲ ਦੇ ਸਮੇਂ ਲਈ ਹੋਣੀ ਚਾਹੀਦੀ ਹੈ ਤੇ ਉਨ੍ਹਾਂ ਦਾ ਅਹੁਦਾ ਕੇਵਲ ਵਿਸ਼ੇਸ਼ ਹਾਲਾਤ ਵਿੱਚ ਹੀ ਖ਼ਾਲੀ ਹੋ ਸਕਦਾ ਹੈ ਜਿਵੇਂ ਕਿ ਉਹ ਆਪ ਇੱਕ ਮਹੀਨੇ ਦਾ ਨੋਟਿਸ ਦੇ ਕੇ ਆਪਣੀਆਂ ਸੇਵਾਵਾਂ ਤੋਂ ਅਸਤੀਫ਼ਾ ਦੇ ਦੇਣ ਜਾਂ ਕਿਸੇ ਦਾ ਅਚਾਨਕ ਅਕਾਲ ਚਲਾਣਾ ਹੋ ਜਾਵੇ। ਇਸ ਤੋਂ ਇਲਾਵਾ ਅਕਾਲ ਕਮੇਟੀ ਵੱਲੋਂ ਉਨ੍ਹਾਂ 'ਤੇ ਲੱਗੇ ਹੋਏ ਮਹਾਂਦੋਸ਼ਾਂ ਸਬੰਧੀ ਇਨਕੁਆਇਰੀ ਹੋਣ ਉਪਰੰਤ, ਅਕਾਲ ਕਮੇਟੀ ਦੀ ਸਰਬਸੰਮਤੀ ਨਾਲ ਉਨ੍ਹਾਂ ਦੀਆਂ ਸੇਵਾਵਾਂ ਖ਼ਤਮ ਕਰ ਸਕਦੀ ਹੈ। ਉਪਰੋਕਤ ਅਨੁਸਾਰ 5 ਸਾਲ ਦੀ ਟਰਮ ਜਾਂ 5 ਸਾਲ ਦੀਆਂ ਦੋ ਟਰਮਾਂ ਭਾਵ 10 ਸਾਲ ਦੀ ਸੇਵਾ ਉਪਰੰਤ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਦੀ ਸੇਵਾ-ਮੁਕਤੀ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਸੇਵਾ ਮੁਕਤੀ ਉਪਰੰਤ ਯੋਗ ਸਨਮਾਨ ਨਾਲ ਵਿਦਾ ਕੀਤਾ ਜਾਵੇ।

## ਕਿਸਾਨੀ ਦੇ ਆਰਥਿਕ ਸੰਕਟ

ਇਹ ਸਾਰਾ ਕੁਝ ਕਿਸਾਨ ਨਾ ਚਾਹੁੰਦੇ ਹੋਏ ਵੀ ਫ਼ੋਕੀਆਂ ਅਤੇ ਖੋਖਲੀਆਂ ਸਮਾਜਿਕ ਕਦਰਾਂ ਕੀਮਤਾਂ, ਨੱਕ ਨਾ ਵੱਢੇ ਜਾਣ ਦੇ ਡਰ ਕਾਰਨ, ਮੁਕਾਬਲੇਬਾਜ਼ੀ ਜਾਂ ਫ਼ੋਕੀ ਸ਼ੁਹਰਤ ਹਾਸਿਲ ਕਰਨ ਲਈ ਕਰੀ ਜਾ ਰਹੇ ਹਨ। ਇਹ ਸਾਰੇ ਅਣ-ਉਪਜਾਊ ਖਰਚਿਆਂ ਅਤੇ ਕਰਜ਼ਿਆਂ ਨੇ ਕਿਸਾਨੀ ਦੇ ਇਸ ਵਰਗ ਦੀ ਕਮਰ ਤੋੜ ਕੇ ਰੱਖ ਦਿੱਤੀ ਹੈ। ਇਸ ਸਮੱਸਿਆ ਦੇ ਹੱਲ ਲਈ ਇਨ੍ਹਾਂ ਫ਼ੋਕੇ ਅਤੇ ਖੋਖਲੇ ਰੀਤੀ ਰਿਵਾਜਾਂ ਦੇ ਖ਼ਿਲਾਫ਼ ਲੜਾਈ ਸੱਭਿਆਚਾਰਕ ਫਰੰਟ ਤੋਂ ਲੜਨ ਦੀ ਲੋੜ ਹੈ।

ਉਪਰੋਕਤ ਵਿਖਿਆਨ ਤੋਂ ਇਹ ਗੱਲ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਕਿਸਾਨੀ ਦੇ ਮੌਜੂਦਾ ਆਰਥਿਕ ਸੰਕਟ ਦੇ ਹੱਲ ਲਈ ਨੀਤੀਆਂ ਦੋ ਮੁੱਦਿਆਂ ਨੂੰ ਸੰਬੋਧਿਤ ਹੋਣੀਆਂ ਚਾਹੀਦੀਆਂ ਹਨ। ਪਹਿਲਾਂ, ਸਰਕਾਰ ਅਤੇ ਸਰਕਾਰੀ ਏਜੰਸੀਆਂ ਨੂੰ ਚਾਹੀਦਾ ਹੈ ਕਿ ਉਹ ਕਿਸਾਨ ਮਾਰੂ ਖੇਤੀ ਅਤੇ ਆਰਥਿਕ ਨੀਤੀਆਂ ’ਚ ਬਦਲਾਅ ਕਰ ਕੇ ਇਨ੍ਹਾਂ ਨੂੰ ਕਿਸਾਨੀ ਅਤੇ ਖੇਤੀ ਪੱਖੀ ਬਣਾਏ, ਇਸ ਸੰਬੰਧੀ ਖੇਤੀ ਵਿਗਿਆਨੀਆਂ, ਆਰਥਿਕ ਮਾਹਿਰਾਂ ਅਤੇ ਬੁੱਧੀਜੀਵੀਆਂ ਦੀਆਂ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ।

ਖੇਤੀਬਾੜੀ ਸੈਕਟਰ ਸੰਬੰਧੀ ਮੁੱਖ ਮੁੱਦਿਆਂ ਜਿਵੇਂ ਕਿ ਉਚਿਤ ਸਬਸਿਡੀਆਂ ਅਤੇ ਸਹੂਲਤਾਂ, ਢੁਕਵੀਂ ਫ਼ਸਲ ਬੀਮਾ ਯੋਜਨਾ, ਪ੍ਰਚਲਿਤ ਕਰਜ਼ੇ ਦੇਣ ਦੇ ਢੰਗ-ਤਰੀਕਿਆਂ ’ਚ ਕਿਸਾਨਾਂ ਪੱਖੀ ਬਦਲਾਅ, ਕਿਸਾਨਾਂ ਤੋਂ ਘੱਟੋ-ਘੱਟ ਵਿਆਜ, ਛੋਟੀ ਕਿਸਾਨੀ ਨੂੰ 4-6 ਮਹੀਨੇ ਲਈ ਫ਼ਸਲੀ ਕਰਜ਼ੇ ਬਿਨਾਂ ਵਿਆਜ ਦੇਣੇ, ਕਰਜ਼ੇ ’ਚ ਫਸੀ ਕਿਸਾਨੀ ਲਈ ਕਰਜ਼ਾ ਮੁਆਫ਼, ਸਰਕਾਰ ਅਤੇ ਕਿਸਾਨਾਂ ਵਿਚਕਾਰ ਵਿਚੋਲਿਆਂ ਦਾ ਖਾਤਮਾ ਅਤੇ ਛੋਟੀ ਅਤੇ ਦਰਮਿਆਨੀ ਕਿਸਾਨੀ ਦੀਆਂ ਖੇਤੀ ਮਸ਼ੀਨਰੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਸ਼ੀਨਰੀ ਸਟੋਰ ਸਥਾਪਿਤ ਕਰਨਾ ਆਦਿ ਸੰਬੰਧੀ ਕਿਸਾਨੀ ਹਿਤਾਂ ’ਚ ਫ਼ੈਸਲੇ ਲੈਣੇ ਚਾਹੀਦੇ ਹਨ।

ਦੂਜਾ, ਮੌਜੂਦਾ ਖੇਤੀ ਵਿਕਾਸ ਦੇ ਢੰਗਾਂ ਨੂੰ ਛੱਡਣਾ ਪਵੇਗਾ, ਜਿਹੜੇ ਕਿ ਪੂਰੀ ਤਰ੍ਹਾਂ ਸਾਮਰਾਜੀ ਸ਼ਕਤੀਆਂ ਦੇ ਹਿਤਾਂ ਦੇ ਪੂਰਕ ਹਨ, ਦੀ ਥਾਂ ’ਤੇ ਕਿਸਾਨ ਸਹਾਇਕ ਖੇਤੀ ਵਿਕਾਸ ਢੰਗ ਅਪਣਾਏ ਜਾਣੇ ਚਾਹੀਦੇ ਹਨ। ਖੇਤੀ ਜਿਣਸਾਂ ਦੇ ਭਾਅ ਮਹਿੰਗਾਈ ਦਰ ਨਾਲ ਜੋੜੇ ਜਾਣੇ ਚਾਹੀਦੇ ਹਨ ਤਾਂ ਕਿ ਕਿਸਾਨਾਂ ਨੂੰ ਉਤਪਾਦਨ ਦਾ ਸਹੀ ਮੁੱਲ ਮਿਲ ਸਕੇ ਅਤੇ ਲਗਾਤਾਰ ਵਧ ਰਹੀਆਂ ਲਾਗਤਾਂ ਦੀ ਭਰਪਾਈ ਵੀ ਹੋ ਸਕੇ। ਆਰਥਿਕ ਸੁਧਾਰਾਂ ਤਹਿਤ ਅਪਣਾਈਆਂ ਗਈਆਂ ਕਿਸਾਨ ਅਤੇ ਆਮ ਆਦਮੀ ਵਿਰੋਧੀ ਨੀਤੀਆਂ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਇਸ ਸਾਰੇ ਕਾਸੇ ਦੀ ਪੂਰਤੀ ਲਈ ਕਿਸਾਨਾਂ, ਕਿਸਾਨ ਜਥੇਬੰਦੀਆਂ ਅਤੇ ਹੋਰ ਕਿਸਾਨ ਸਮਰਥਕਾਂ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ ਤਾਂ ਕਿ ਸਰਕਾਰਾਂ ’ਤੇ ਦਬਾਅ ਪਾਇਆ ਜਾ ਸਕੇ।

***

## ਨਮਸਕਾਰ

ਹੋਰ ਜ਼ਨਾਨੀਆਂ ਨੂੰ ਕਿਹੋ ਜਿਹਾ ਜੀਵਨ ਮਿਲਣਾ ਚਾਹੀਦਾ ਹੈ, ਇਹ ਸਿਖਣ ਵਿੱਚ, ਮੈਂ ਕਹਿੰਦੀ ਹਾਂ, ਮੇਰੀ ਇਸ ਮੂਰਤ ਦਾ ਹਿੱਸਾ ਹੈ। ਮਲਿੰਗਟਨ ਚੁੱਪ ਹੋ ਗਿਆ ਤੇ ਸਿੱਧਾ ਹੋਟਲ ਦੀ ਸਾਹਮਣੀ ਕੰਧ ਵਲ ਵੇਖੀ ਗਿਆ। ਉਹ ਸ਼ਾਇਦ ਉਸ ਨੂੰ ਆਪਣੇ ਪਿੰਡਾਂ ਵਿੱਚ ਵਿਚਰਦੀ ਨੂੰ ਵੇਖ ਰਿਹਾ ਸੀ, ਕਦੀ ਸਾਈਕਲ ਉਤੇ, ਕਦੀ ਟਾਂਗੇ ਉਤੇ। ਕਿਸ ਤਰ੍ਹਾਂ ਪਿੰਡ ਦੇ ਬੁੱਢੇ ਕਿਰਸਾਨਾਂ ਲਈ ਉਹ ਇਕ ਆਦਰਸ਼ਕ ਇਸਤਰੀ ਦੀ ਮੂਰਤ ਸੀ।

ਉਹ! ਮੈਂ ਕਿੰਨੇ ਗਪੌੜ ਛੱਡੇ ਨੇ! ਕੋਈ ਸੰਗ ਸ਼ਰਮ ਸਾਡੇ ਹਿੰਦੁਸਤਾਨੀਆਂ ਦੇ ਨੇੜਿਓਂ ਨਹੀਂ ਲੰਘੀ। ਉਸ ਨੇ ਮਲਿੰਗਟਨ ਨੂੰ ਆਪਣੇ ਨਾਲ ਰੁਝਿਆਂ ਅਨੁਭਵ ਕਰ ਕੇ ਕਿਹਾ। ਚੰਗਾ, ਹੁਣ ਮੈਨੂੰ ਆਗਿਆ ਦਿਓ। ਅੱਜ ਤੁਸਾਂ ਮੈਥੋਂ ਕਿਹੋ ਜਿਹੀਆਂ ਗੱਲਾਂ ਕਰਵਾਈਆਂ ਨੇ! ਉਸ ਨੇ ਉਠ ਕੇ ਖਲੋਂਦੀ ਹੋਈ ਮੈਨੂੰ ਕਿਹਾ।

ਹੋਟਲ ਦੇ ਬਰਾਂਡੇ ਵਿੱਚ ਆ ਕੇ ਅਸਾਂ ਉਸ ਨੂੰ ਵਿਦਾ ਕੀਤਾ।

ਜਦੋਂ ਉਹ ਕੁਝ ਦੂਰ ਚਲੀ ਗਈ ਤਾਂ ਮਲਿੰਗਟਨ ਨੇ ਫਿਰ ਪਹਿਲੇ ਵਾਂਗ ਹੱਥ ਜੋੜ ਕੇ ਮੱਥਾ ਟੇਕਿਆ।

ਤੂੰ ਕਿਸ ਨੂੰ ਨਮਸਕਾਰ ਕੀਤੀ ਹੈ? ਮੈਂ ਪੁੱਛਿਆ।

ਉਸ ਇਸਤਰੀ ਨੂੰ।

ਤੂੰ ਕਹਿੰਦਾ ਸੈਂ, ਮੈਂ ਕਿਸੇ ਪ੍ਰਾਣੀ ਨੂੰ ਇਸ ਤਰ੍ਹਾਂ ਦੀ ਨਮਸਕਾਰ ਨਹੀਂ ਕਰਦਾ।

ਨਹੀਂ, ਇਹ ਕੋਈ ਇਕੱਲਾ ਪ੍ਰਾਣੀ ਨਹੀਂ ਹੈ। ਇਹ ਤੇ ਇਕ ਲਹਿਰ ਵਾਂਗ ਹੈ, ਇਕ ਹਵਾ ਹੈ, ਇਕ ਰੰਗ ਹੈ; ਅਸਲ ਵਿੱਚ ਇਹ ਤੁਹਾਡਾ ਨਵਾਂ ਭਾਰਤ ਹੈ।

***

## ਬਹੁ-ਪੱਖੀ ਤੇ ਬਹੁ-ਪਰਤੀ ਸੰਕਟ

ਇਹ ਸੱਚਾਈ ਹੈ ਕਿ ਬਹੁਤ ਸਾਰੇ ਪਿੰਡਾਂ ਦੇ ਲੋਕ ਨਸ਼ਿਆਂ ਵਿਰੁੱਧ ਇਕ ਪਲੇਟਫਾਰਮ ’ਤੇ ਇਕੱਠੇ ਹੋਏ ਹਨ। ਨਸ਼ਾ ਵੇਚਣ ਵਾਲਿਆਂ ਦੀ ਰੋਕਥਾਮ ਲਈ ਪਹਿਰੇਦਾਰੀ ਵੀ ਸ਼ੁਰੂ ਕੀਤੀ ਹੈ ਪਰ ਉਨ੍ਹਾਂ ਦਾ ਸ਼ਿਕਵਾ ਹੈ ਕਿ ਪੁਲਿਸ ਵਾਲਿਆਂ ਵੱਲੋਂ ਉਨ੍ਹਾਂ ਨੂੰ ਇਸ ਸਬੰਧ ਵਿਚ ਪੂਰਾ ਸਹਿਯੋਗ ਨਹੀਂ ਮਿਲ ਰਿਹਾ। ਇੱਥੇ ਵਰਣਨਯੋਗ ਹੈ ਕਿ ਪੰਜਾਬ ਵਿਚ ਪੁਲਿਸ ਕਰਮਚਾਰੀਆਂ/ਅਧਿਕਾਰੀਆਂ ਦੀ ਗਿਣਤੀ ਅੰਦਾਜ਼ਨ 81000 ਹੈ। ਇਨ੍ਹਾਂ ਵਿੱਚੋਂ 73% ਵੀ.ਆਈ.ਪੀਜ਼. ਨਾਲ ਨਿਯੁਕਤ ਹਨ, 10% ਧਰਨਿਆਂ, ਮੁਜ਼ਾਹਰਿਆਂ ’ਤੇ ਡਿਊਟੀ ਦੇ ਰਹੇ ਹਨ।

ਬਾਰਾਂ ਪ੍ਰਤੀਸ਼ਤ ਟਰੈਫਿਕ ਕੰਟਰੋਲ ਵਿੱਚ ਲੱਗੇ ਹੋਏ ਹਨ ਅਤੇ ਬਾਕੀ ਅੰਦਾਜ਼ਨ 5% ਥਾਣਿਆਂ ਵਿੱਚ ਡਿਊਟੀ ਦੇ ਰਹੇ ਹਨ। ਰਾਤ-ਬਰਾਤੇ ਨਸ਼ਾ ਵੇਚਣ ਵਾਲੇ ਜਾਂ ਫਿਰ ਹੋਰ ਗੁਨਾਹ ਕਰਨ ਵਾਲੇ ਜਦੋਂ ਲੋਕਾਂ ਦੇ ਧੱਕੇ ਚੜ੍ਹਦੇ ਹਨ ਤਾਂ ਲੋਕ ਨੇੜੇ ਦੇ ਥਾਣੇ ਵਿਚ ਸਹਾਇਤਾ ਲਈ ਫੋਨ ਕਰਦੇ ਹਨ ਅਤੇ ਅੱਗਿਓਂ ਜਵਾਬ ਮਿਲਦਾ ਹੈ, ਸਾਡੇ ਕੋਲ ਨਫ਼ਰੀ ਘੱਟ ਹੈ। ਇਸ ਵੇਲੇ ਆਉਣਾ ਮੁਸ਼ਕਲ ਹੈ। ਇੰਝ ਨਸ਼ਿਆਂ ਅਤੇ ਜੁਰਮਾਂ ਵਿਰੁੱਧ ਲੋਕਾਂ ਦੀ ਪਹਿਲਕਦਮੀ, ਹੌਸਲੇ ਅਤੇ ਦ੍ਰਿੜ੍ਹ ਸੰਕਲਪ ਨੂੰ ਖੋਰਾ ਲੱਗਦਾ ਹੈ। ਥਾਮਸ ਜੈਫਰਸਨ ਨੇ ਲਿਖਿਆ ਹੈ, “ਜਦ ਕਿਸੇ ਵਿਅਕਤੀ ਨੂੰ ਜਨਤਾ ਦਾ ਸਮਰਥਨ ਮਿਲਦਾ ਹੈ ਤਾਂ ਉਸ ਨੂੰ ਆਮ ਜਨਤਾ ਦੀ ਅਮਾਨਤ ਸਮਝਣਾ ਚਾਹੀਦਾ ਹੈ।” ਪੰਜਾਬ ਦੇ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਰਾਜਨੀਤਕ ਲੋਕਾਂ ਨੂੰ ਸੱਤਾ ਦੀ ਚਾਬੀ ਸੌਂਪਣ ਲੱਗਿਆਂ ਪੰਜਾਹ ਵਾਰ ਸੋਚਣ।

***

## ਕਿਵੇਂ ਮਜ਼ਬੂਤ ਹੋਈ ਚੀਨ ਦੀ

ਆਰ.ਐਂਡ.ਡੀ. ’ਚ ਨਿਵੇਸ਼ ਵਧਾ ਕੇ ਭਾਰਤ ਨਾ ਸਿਰਫ਼ ਘਰੇਲੂ ਮੁਸ਼ਕਲਾਂ ਦਾ ਹੱਲ ਕਰ ਸਕਦਾ ਹੈ ਬਲਕਿ ਉਲਝੇ ਹੋਏ ਵਿਸ਼ਵ ਪੱਧਰੀ ਮੁੱਦਿਆਂ ਨੂੰ ਹੱਲ ਕਰਨ ਦਾ ਜ਼ਰੀਆ ਵੀ ਬਣ ਸਕੇਗਾ। ਇਸ ਨਾਲ ਵਿਦੇਸ਼ੀ ਨਿਵੇਸ਼ ਨੂੰ ਵੀ ਉਤਸ਼ਾਹਿਤ ਕਰਨ ’ਚ ਮਦਦ ਮਿਲੇਗੀ। ਤਕਨੀਕੀ ਪ੍ਰਭੂਸੱਤਾ ’ਚ ਵੀ ਇਸ ਦੀ ਮਹੱਤਾ ਹੈ। ਯਾਦ ਰਹੇ ਕਿ ਰੱਖਿਆ, ਪੁਲਾੜ, ਇਲੈਕਟ੍ਰਾਨਿਕਸ ਤੇ ਫਾਰਮਾ ਵਰਗੇ ਖੇਤਰਾਂ ’ਚ ਸਵਦੇਸ਼ੀ ਤਕਨੀਕੀ ਵਿਕਾਸ ਨਾਲ ਹੀ ਆਤਮ-ਨਿਰਭਰ ਭਾਰਤ ਵਰਗੀ ਮੁਹਿੰਮ ਨੂੰ ਕਾਮਯਾਬੀ ਮਿਲ ਸਕਦੀ ਹੈ।

ਘਰੇਲੂ ਆਰ.ਐਂਡ.ਡੀ. ਸਮਰੱਥਾ ਦਾ ਵਿਕਾਸ ਦਰਾਮਦ ’ਤੇ ਨਿਰਭਰਤਾ ਘਟਾਉਣ ਦੇ ਨਾਲ ਹੀ ਅਰਥਚਾਰੇ ਨੂੰ ਬਾਹਰਲੇ ਝਟਕਿਆਂ ਤੋਂ ਬਚਾਉਣ ’ਚ ਢਾਲ ਦਾ ਕੰਮ ਕਰਦਾ ਹੈ। ਇਹ ਵਿਗਿਆਨ ਅਤੇ ਤਕਨੀਕ ’ਚ ਰਾਸ਼ਟਰੀ ਸਮਰੱਥਾ ਨੂੰ ਵਧਾਉਣ ਦੇ ਨਾਲ ਹੀ ਅਕੈਡਮਿਕ ਐਕਸੀਲੈਂਸ ਦਾ ਵੀ ਆਧਾਰ ਬਣਦਾ ਹੈ। ਇਸ ਲਈ ਇਸ ’ਤੇ ਪਹਿਲ ਦੇ ਆਧਾਰ ’ਤੇ ਵੱਡੇ ਪੱਧਰ ’ਤੇ ਕੰਮ ਕਰਨਾ ਹੋਵੇਗਾ।

ਇੱਕ ਅਜਿਹੇ ਦੌਰ ’ਚ ਜਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟੈਰਿਫ ਵਾਰ ਦਾ ਬਿਗਲ ਵਜਾ ਦਿੱਤਾ ਹੈ ਤਾਂ ਇਕ ਤਰ੍ਹਾਂ ਦੀ ਇਹ ਮੁਸ਼ਕਲ ਭਾਰਤ ਲਈ ਨਵੇਂ ਮੌਕੇ ਲੈ ਕੇ ਆਈ ਹੈ। ਭਾਰਤ ਦੇ ਮੁੱਖ ਮੁਕਾਬਲੇਬਾਜ਼ ਦੇਸ਼ਾਂ ’ਤੇ ਜਿੱਥੇ ਟਰੰਪ ਨੇ ਵੱਧ ਦਰਾਮਦ ਫੀਸ ਲਾਈ ਹੈ ਤਾਂ ਉਸ ਦੀ ਤੁਲਨਾ ’ਚ ਭਾਰਤ ਨੂੰ ਕੁਝ ਰਿਆਇਤ ਦਿੱਤੀ ਹੈ। ਇਸ ਨਾਲ ਭਾਰਤ ਆਪਣੀ ਸਮਰੱਥਾ ਵਧਾ ਕੇ ਵਿਸ਼ਵ ਪੱਧਰੀ ਸਪਲਾਈ ਚੇਨ ’ਚ ਆਪਣੀ ਹਿੱਸੇਦਾਰੀ ਵਧਾ ਸਕਦਾ ਹੈ ਤੇ ਉਸ ਦੀ ਕੁੰਜੀ ਖੋਜ ਅਤੇ ਵਿਕਾਸ ’ਚ ਨਿਵੇਸ਼ ਵਧਾਉਣ ’ਚ ਹੈ। ਭਾਰਤ ਲਈ ਇਹ ਨਿਵੇਸ਼ ਵਧਾਉਣਾ ਹੁਣ ਕੋਈ ਬਦਲ ਨਹੀਂ ਬਲਕਿ ਜ਼ਰੂਰਤ ਬਣ ਗਈ ਹੈ।

****

## ਲੋਕ ਦਿਲਾਂ ਦੀ ‘ਰਾਣੀ’

ਇਸ ਜੋੜੀ ਦੀ ਚਰਚਾ ਚਾਰੇ ਪਾਸੇ ਹੋਣ ਲੱਗੀ ਤੇ ਪ੍ਰੋਗਰਾਮਾਂ ਦੀਆਂ ਲਾਈਨਾਂ ਵੀ ਲੱਗਣੀਆਂ ਸ਼ੁਰੂ ਹੋ ਗਈਆਂ। ਦੋਗਾਣਿਆਂ ਦੇ ਮੇਚ ਦੀ ਸੁਰੀਲੀ ਆਵਾਜ਼ ਜਿੱਥੇ ਕਾਲਜੇ ਨੂੰ ਧੂਹ ਪਾਉਂਦੀ ਸੀ, ਉੱਥੇ ਰਣਜੀਤ ਕੌਰ ਦੀਆਂ ਸਟੇਜੀ ਅਦਾਵਾਂ ਵੀ ਮੱਲੋ-ਮੱਲੀ ਸਰੋਤਿਆਂ ਨੂੰ ਮੋਹ ਲੈਂਦੀਆਂ ਸਨ। ਰਣਜੀਤ ਕੌਰ ਦੀ ਇੱਕ ਝਲਕ ਪਾਉਣ ਲਈ ਲੋਕ ਮੀਲਾਂ ਦਾ ਪੈਂਡਾ ਤੈਅ ਕਰਕੇ ਅਖਾੜੇ ਵਿੱਚ ਪੁੱਜਦੇ ਸਨ।

‘ਮਲਕੀ ਕੀਮਾ’, ‘ਅੱਲੜਪੁਣੇ ਵਿੱਚ ਐਵੇਂ ਅੱਖੀਆਂ ਲਾ ਬੈਠੇ’, ‘ਵਿਆਹ ਵਾਲੇ ਦਿਨ’, ‘ਪਹਿਲੇ ਪਹਿਰ ਨੂੰ ਚੰਨ ਚੜ੍ਹ ਜਾਂਦਾ’, ‘ਸੌ ਦਾ ਨੋਟ’, ‘ਮਿੱਤਰਾਂ ਦੀ ਖੰਘ ਵਿੱਚ ਖੰਘ ਬੱਲੀਏ’, ‘ਜੱਟੀ ਮਿਲੀ ਜੱਟ ਨੂੰ ਪਤੰਗ ਵਰਗੀ’ ਤੇ ਹੋਰ ਸੈਂਕੜੇ ਗੀਤਾਂ ਨੂੰ ਅੱਜ ਵੀ ਲੋਕੀਂ ਰੂਹ ਨਾਲ ਸੁਣਦੇ ਹਨ। ਉਸ ਨੇ ਮੁਹੰਮਦ ਰਫ਼ੀ, ਮਹਿੰਦਰ ਕਪੂਰ ਤੇ ਸੁਰੇਸ਼ ਵਾਡੇਕਰ ਨਾਲ ਵੀ ਗਾਇਆ ਹੈ। ਮਾਪਿਆਂ ਦੀ ਲਾਡਲੀ ‘ਰਾਣੋ’ ਦੀ ਪਹਿਲੀ ਫਿਲਮ ‘ਕੁੱਲੀ ਯਾਰ ਦੀ’ ਸੀ। ਇਸ ਤੋਂ ਇਲਾਵਾ ਉਸ ਨੇ ‘ਰਾਣੋ’, ‘ਸੈਦਾ ਜੋਗਣ’, ‘ਗੁੱਡੋ’, ‘ਪਟੋਲਾ’, ‘ਸਰਪੰਚ’, ‘ਪੁੱਤ ਜੱਟਾਂ ਦੇ’ ਤੇ ਕਈ ਹੋਰ ਪੰਜਾਬੀ ਫਿਲਮਾਂ ਵਿੱਚ ਵੀ ਆਪਣੀਆਂ ਅਦਾਵਾਂ ਤੇ ਆਵਾਜ਼ ਦੇ ਜਲਵੇ ਬਿਖੇਰੇ ਹਨ।

ਜ਼ਿੰਦਗੀ ’ਚ ਕਈ ਘਟਨਾਵਾਂ ਵਾਪਰਨ ਦੇ ਬਾਵਜੂਦ ਰਣਜੀਤ ਕੌਰ ਨਿਰਾਸ਼ਾਵਾਦੀ ਨਹੀਂ ਬਣੀ। ਉਸ ਨੂੰ ਆਸ ਹੈ ਕਿ ਉਸ ਦੀ ਆਵਾਜ਼ ਜ਼ਰੂਰ ਠੀਕ ਹੋਵੇਗੀ। ਮੁਹੰਮਦ ਸਦੀਕ ਦਾ ‘ਰਾਣੋ’ ਦਿਲੋਂ ਸਤਿਕਾਰ ਕਰਦੀ ਹੈ। ਲੰਬਾ ਸਮਾਂ ਪੰਜਾਬੀ ਗਾਇਕੀ ਨੂੰ ਸਮਰਪਿਤ ਰਹੀ ਰਣਜੀਤ ਕੌਰ ਨੇ ਆਪਣੇ ਪੂਰੇ ਪਰਿਵਾਰ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ ਕਾਫ਼ੀ ਮਿਹਨਤ ਕੀਤੀ ਹੈ। ਰਣਜੀਤ ਕੌਰ ਦੀ ਮਿਹਨਤ ਸਦਕਾ ਅੱਜ ਪੂਰਾ ਪਰਿਵਾਰ ਖ਼ੁਸ਼ੀਆਂ ਤੇ ਸਤਿਕਾਰ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਰਣਜੀਤ ਕੌਰ ਦਾ ਭਰਾ ਪਰਮਵੀਰ ਸਿੰਘ ਬੌਲੀਵੁੱਡ ਦਾ ਜਾਣਿਆ ਪਹਿਚਾਣਿਆ ਨਾਂ ਹੈ। ਅਜੋਕੀ ਪੰਜਾਬੀ ਗਾਇਕੀ ਬਾਰੇ ਰਣਜੀਤ ਕੌਰ ਦਾ ਕਹਿਣਾ ਹੈ ਕਿ ਇਹ ‘ਹਨੇਰੇ ’ਚ ਹੱਥ ਮਾਰਨ’ ਵਰਗੀ ਹੋ ਗਈ ਹੈ। ਰਿਸ਼ਤੇ ਨਾਤੇ, ਕਹਾਣੀਆਂ ਤੇ ਸ਼ਬਦ ਕਿੱਥੇ ਗਏ? ਅੱਜਕੱਲ੍ਹ ਰਣਜੀਤ ਕੌਰ ਆਪਣੇ ਬੇਟੇ ਗੁਰਦਾਸ ਤੇ ਬਾਕੀ ਪਰਿਵਾਰ ਨਾਲ ਲੁਧਿਆਣਾ ਰਹਿ ਰਹੀ ਹੈ।

***

## ਵਿਕਾਸ ਵੱਲ ਵਧ ਰਿਹਾ

ਅਰਬਪਤੀਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ। 2015 ਵਿੱਚ ਸਾਰੇ ਦੇਸ਼ ਵਿੱਚ ਅਰਬਪਤੀਆਂ ਦੀ ਗਿਣਤੀ 83 ਸੀ, ਇਹ ਗਿਣਤੀ ਹੁਣ 185 ਹੈ। ਇਨ੍ਹਾਂ ਦੀ ਦੌਲਤ ਵੀ ਪਹਿਲਾਂ ਨਾਲੋਂ ਤਿੰਨ ਗੁਣਾ ਵਧ ਕੇ 77 ਲੱਖ ਕਰੋੜ ਰੁਪਏ ਹੋ ਗਈ ਹੈ। ਦੁਨੀਆਂ ਭਰ ਵਿੱਚ ਅਰਬਪਤੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਤੇਜ਼ੀ ਨਾਲ ਭਾਰਤ ਵਿੱਚ ਵਧੀ ਹੈ, ਪਿਛਲੇ 10 ਸਾਲਾਂ ਦੌਰਾਨ ਇਹ ਹੋਰ ਤੇਜ਼ੀ ਨਾਲ ਵਧੀ ਹੈ। 2015 ਵਿੱਚ ਸਾਰੀ ਦੁਨੀਆਂ ਵਿੱਚ ਕੁੱਲ ਅਰਬਪਤੀਆਂ ਦੀ ਗਿਣਤੀ 1757 ਸੀ ਜਿਹੜੀ 2024 ਵਿੱਚ 2682 ਹੋ ਗਈ। ਇਨ੍ਹਾਂ ਅਰਬਪਤੀਆਂ ਦੀ ਦੌਲਤ 2024 ਵਿੱਚ ਵਧ ਕੇ 1185 ਲੱਖ ਕਰੋੜ ਹੋ ਗਈ ਜਿਨ੍ਹਾਂ ਵਿੱਚ ਇਕੱਲੇ ਭਾਰਤ ਦੇ ਅਰਬਪਤੀਆਂ ਦੀ ਦੌਲਤ 77 ਲੱਖ ਕਰੋੜ ਰੁਪਏ ਹੈ।

ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋਣ ਵਾਲਾ ਤੱਥ ਦੇਖੀਏ ਜਾਂ 22 ਫ਼ੀਸਦੀ ਲੋਕਾਂ ਕੋਲ ਇੱਕ ਵਕਤ ਦਾ ਖਾਣਾ ਖਾਣ ਜੋਗੀ ਹੀ ਆਮਦਨ ਮਿਲਣ ਦੀ ਗੱਲ ਕਰੀਏ ਜਾਂ 8 ਕਰੋੜ ਉਹ ਲੋਕ ਜਿਨ੍ਹਾਂ ਦਾ ਆਪਣਾ ਘਰ ਵੀ ਨਹੀਂ, ਬਾਰੇ ਸੋਚੀਏ। ਅੰਕੜੇ ਦੱਸਦੇ ਹਨ ਕਿ ਭਾਰਤ ਦਾ ਆਰਥਿਕ ਮਾਡਲ ਦਰੁਸਤ ਨਹੀਂ।

ਵਿਕਸਿਤ ਦੇਸ਼ਾਂ ਵਿੱਚ ਆਮਦਨ ਨਾ-ਬਰਾਬਰੀ ਨਜ਼ਰ ਨਹੀਂ ਆਉਂਦੀ। ਆਮਦਨ ਦਾ ਥੋੜ੍ਹਾ ਫ਼ਰਕ ਹੈ, ਜੇ ਇਹ ਫ਼ਰਕ ਜ਼ਿਆਦਾ ਹੁੰਦਾ ਤਾਂ ਉਥੋਂ ਦੇ ਅਮੀਰ ਵੀ ਕਾਰ ਚਲਾਉਣ ਲਈ ਡਰਾਈਵਰ ਰੱਖਦੇ; ਉਥੋਂ ਦੇ ਅਮੀਰ ਵੀ ਘਰ ਵਿੱਚ ਤਿੰਨ ਚਾਰ ਬੱਚੇ ਕੰਮ ਕਰਨ ਲਈ ਰੱਖਦੇ। ਦੌਲਤ ਦਾ ਫ਼ਰਕ ਤਾਂ ਜ਼ਰੂਰ ਉਨ੍ਹਾਂ ਦੇਸ਼ਾਂ ਵਿੱਚ ਹੈ ਪਰ ਉਨ੍ਹਾਂ ਨੇ ਆਮਦਨ ਦੀ ਬਰਾਬਰੀ ਬਣਾਈ ਹੋਈ ਹੈ ਜਿਹੜੀ ਟੈਕਸ ਪ੍ਰਣਾਲੀ ਕਰ ਕੇ ਹੈ। ਕੀ ਭਾਰਤ ਅਜਿਹਾ ਮਾਡਲ ਨਹੀਂ ਅਪਣਾ ਸਕਦਾ ਜਿਸ ਨਾਲ ਉਪਰ ਦੱਸੀਆਂ ਸਭ ਬੁਰਾਈਆਂ ਖ਼ਤਮ ਹੋ ਜਾਣ ਅਤੇ ਭਾਰਤ ਆਮਦਨ ਬਰਾਬਰੀ ਪ੍ਰਾਪਤ ਕਰ ਸਕੇ?

***

## ਟਰੰਪ ਦੀ ਟੈਰਿਫ਼ ਸਿਆਸਤ

ਜੇ ਟਰੰਪ ਭਵਿੱਖ ਵਿੱਚ ਘਰੇਲੂ ਉਦਯੋਗਾਂ ਦੇ ਪੁਨਰਗਠਨ ਲਈ ਟੈਰਿਫ਼ ਨੀਤੀ ’ਤੇ ਅਮਲੀ ਤੌਰ ’ਤੇ ਸਖਤ ਨਾਲ ਪਹਿਰਾ ਜਾਰੀ ਰੱਖਦਾ ਹੈ ਤਾਂ ਇਸ ਦੇ ਨਤੀਜੇ ਵਿਸ਼ਵ ਬਾਜ਼ਾਰਾਂ ਵਿੱਚ ਉਥਲ-ਪੁਥਲ, ਅਸਥਿਰਤਾ, ਨੌਕਰੀਆਂ ਦੇ ਖਾਤਮੇ, ਮਹਿੰਗਾਈ, ਨਾ-ਬਰਾਬਰੀ, ਸਮਾਜਿਕ ਤਣਾਅ ਤੇ ਅਰਾਜਕਤਾ, ਗਲੋਬਲ ਸਪਲਾਈ ਚੇਨ ’ਚ ਗੜਬੜ, ਛੋਟੇ ਵਪਾਰਾਂ ਤੇ ਖੇਤੀਬਾੜੀ ਦਾ ਉਜਾੜਾ ਅਤੇ ਖਪਤਕਾਰਾਂ ’ਤੇ ਬੋਝ ਦੇ ਰੂਪ ਵਿੱਚ ਸਾਹਮਣੇ ਆਉਣਗੇ। ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਕੇਂਦਰੀ ਵਿਆਜ ਦਰਾਂ ਵਧਾਈਆਂ ਜਾਣਗੀਆਂ ਜਿਸ ਨਾਲ ਰੀਅਲ ਅਸਟੇਟ ਤੇ ਸਟਾਕ ਮਾਰਕਿਟ ਡਿੱਗੇਗੀ, ਮੁਦਰਾ ਬਾਜ਼ਾਰਾਂ ਵਿੱਚ ਅਸਥਿਰਤਾ ਪੈਦਾ ਹੋਵੇਗੀ, ਮੰਗ ਤੇ ਉਤਪਾਦਕਤਾ ਘਟੇਗੀ, ਨਿਵੇਸ਼ ਘਟੇਗਾ, ਮੁਨਾਫ਼ੇ ਦੀਆਂ ਦਰਾਂ ਡਿੱਗਣਗੀਆਂ ਤੇ ਖੜੋਤ ਨਾਲ ਵਾਧੂ ਪੈਦਾਵਾਰ ਦਾ ਸੰਕਟ ਪੈਦਾ ਹੋ ਜਾਵੇਗਾ। ਇਸ ਨਾਲ ਸੰਸਾਰ ਅਰਥਚਾਰਾ ਗੰਭੀਰ ਆਰਥਿਕ ਮੰਦੀ ਦੀ ਲਪੇਟ ਵਿੱਚ ਆ ਸਕਦਾ ਹੈ। ਜੇ ਇਹ ਪੂੰਜੀਵਾਦ ਸਨਕ ਜਾਰੀ ਰਹਿੰਦੀ ਹੈ ਤਾਂ ਇਹ ਸੰਕਟ 2008 ਦੇ ਅਮਰੀਕੀ ਸੰਕਟ ਨਾਲੋਂ ਕਿਤੇ ਵੱਧ ਗਹਿਰਾ ਸਾਬਤ ਹੋਵੇਗਾ।

ਟੈਰਿਫ਼ ਨੀਤੀ ਨਾਲ ਸੰਸਾਰ ਅਰਥਚਾਰੇ ਦੀ ਘੇਰਾਬੰਦੀ ਕਰ ਕੇ ਪੂਰੇ ਸੰਸਾਰ ਆਰਥਿਕ-ਵਪਾਰਕ ਤਾਣੇ-ਬਾਣੇ ਨੂੰ ਵਿਗਾੜ ਕੇ ਇਸ ਦਾ ਲਾਹਾ ਲੈਣ ਦੀ ਤਾਕ ’ਚ ਬੈਠਾ ਅਮਰੀਕੀ ਸਾਮਰਾਜ ਖੁਦ ਨਿਖੜ ਰਿਹਾ ਹੈ। ਵੱਖ-ਵੱਖ ਮਹਾਂਦੀਪਾਂ ਦੇ ਦੇਸ਼ ਅਮਰੀਕਾ ਤੋਂ ਆਰਥਿਕ ਤੇ ਫ਼ੌਜੀ ਨਿਰਭਰਤਾ ਘਟਾਉਣ ਲਈ ਦੁਵੱਲੇ ਵਪਾਰਕ ਸਬੰਧ ਵਧਾ ਰਹੇ ਹਨ ਅਤੇ ਕਈ ਦੇਸ਼ ਆਪਣੀ ਫ਼ੌਜੀ ਸਮਰੱਥਾ ਦੇ ਨਾਲ-ਨਾਲ ਪਰਮਾਣੂ ਨਿਰਭਰਤਾ ਲਈ ਵੀ ਅਹੁਲ ਰਹੇ ਹਨ। ਆਪਣੇ ਰਵਾਇਤੀ ਵਫ਼ਾਦਾਰ ਭਾਈਵਾਲਾਂ ਉੱਤੇ ਵਪਾਰਕ ਹਮਲੇ, ਪੱਛਮੀ ਖੇਮੇ ਵਿਰੋਧੀ ਰੂਸ-ਚੀਨ ਨੂੰ ਆਪਣੀ ਮੰਡੀ ਦੇ ਵਿਸਤਾਰ ਦਾ ਮੌਕਾ ਮੁਹੱਈਆ ਕਰਵਾਉਣਗੇ ਅਤੇ ਅਮਰੀਕਾ ਨੂੰ ਮੰਦੀ ਦੇ ਜੋਖ਼ਿਮ ਵਿੱਚ ਪਾਉਣਗੇ ਜਿਸ ਦੇ ਸਿਰ ਕੁੱਲ ਕਰਜ਼ (36.2 ਖਰਬ ਡਾਲਰ) ਪਹਿਲਾਂ ਹੀ ਉਸ ਦੀ ਕੁੱਲ ਜੀ.ਡੀ.ਪੀ. (29 ਖਰਬ ਡਾਲਰ) ਤੋਂ ਵੱਧ ਹੈ।

ਕੁਝ ਉਦਾਰਵਾਦੀ ਅਰਥ ਸ਼ਾਸਤਰੀ ਤਰਕ ਦਿੰਦੇ ਹਨ ਕਿ ਟੈਰਿਫ਼ ਨਾਲ ਸਰਕਾਰ ਨੂੰ ਮਾਲੀਆ ਮਿਲਦਾ ਹੈ, ਘਰੇਲੂ ਉਦਯੋਗਾਂ ਨੂੰ ਹੁਲਾਰਾ ਮਿਲਦਾ ਹੈ, ਨੌਕਰੀਆਂ ਦੇ ਮੌਕੇ ਪੈਦਾ ਹੁੰਦੇ ਹਨ, ਸਥਾਨਕ ਅਰਥਚਾਰਿਆਂ ਦੀ ਮਜ਼ਬੂਤੀ ਨਾਲ ਕੌਮਾਂਤਰੀ ਆਵਾਜਾਈ ਘਟੇਗੀ ਜੋ ਘੱਟ ਪ੍ਰਦੂਸ਼ਣ ਤੇ ਵਾਤਾਵਰਨ ਪੱਖੀ ਹੈ ਪਰ ਇਨ੍ਹਾਂ ਪੂੰਜੀਵਾਦੀ-ਉਦਾਰਵਾਦੀ ਦਾਅਵਿਆਂ ਦੌਰਾਨ ਇਹ ਭੁਲਾ ਦਿੱਤਾ ਜਾਂਦਾ ਹੈ ਕਿ ਇਹ ਸਭ ਕਿਸ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਕਿਸ ਕੀਮਤ ਉੱਤੇ ਹੋਵੇਗਾ? ਹਕੀਕੀ ਆਰਥਿਕ-ਸਿਆਸੀ ਸਵੈ-ਨਿਰਭਰਤਾ ਤੇ ਆਜ਼ਾਦੀ ਸਾਮਰਾਜੀ ਤੇ ਸਰਮਾਏਦਾਰੀ ਤੋਂ ਮੁਕਤ ਲੋਕ ਪੱਖੀ ਸਮਾਜ ਸਥਾਪਿਤ ਕਰ ਕੇ ਹੀ ਸੰਭਵ ਹੈ।

***

## ਟਰੰਪ ਨੇ ਮੂਲ ਅਮਰੀਕੀ ਬੋਰਡਿੰਗ ਸਕੂਲਾਂ

ਮੂਲ ਅਮਰੀਕੀ ਬੋਰਡਿੰਗ ਸਕੂਲਾਂ ਨੂੰ ਅਮਰੀਕੀ ਰਿਹਾਇਸ਼ੀ ਸਕੂਲ ਵੀ ਕਿਹਾ ਜਾਂਦਾ ਹੈ। ਇਹ 17ਵੀਂ ਸਦੀ ਵਿੱਚ ਸਥਾਪਿਤ ਕੀਤੇ ਗਏ ਸਨ। ਇਨ੍ਹਾਂ ਸਕੂਲਾਂ ਦਾ ਉਦੇਸ਼ ਮੂਲ ਅਮਰੀਕੀਆਂ ਨੂੰ ਆਧੁਨਿਕ ਅੰਗਰੇਜ਼ੀ ਸਿੱਖਿਆ ਅਤੇ ਸੱਭਿਆਚਾਰ ਸਿਖਾਉਣਾ ਸੀ। ਇਹ ਸਕੂਲ ਈਸਾਈ ਮਿਸ਼ਨਰੀਆਂ ਦੁਆਰਾ ਸਥਾਪਿਤ ਕੀਤੇ ਗਏ ਸਨ। ਇਹ ਦੋਸ਼ ਲਗਾਇਆ ਜਾਂਦਾ ਹੈ ਕਿ ਇਨ੍ਹਾਂ ਸਕੂਲਾਂ ਰਾਹੀਂ ਆਦਿਵਾਸੀ ਲੋਕਾਂ ਦੇ ਸੱਭਿਆਚਾਰ ਅਤੇ ਭਾਸ਼ਾ ਨੂੰ ਤਬਾਹ ਕੀਤਾ ਗਿਆ ਸੀ। ਮੂਲ ਨਿਵਾਸੀਆਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਫੜ ਕੇ ਇਨ੍ਹਾਂ ਬੋਰਡਿੰਗ ਸਕੂਲਾਂ ਵਿੱਚ ਰੱਖਿਆ ਗਿਆ। ਇਹ ਦੋਸ਼ ਹੈ ਕਿ ਇਨ੍ਹਾਂ ਸਕੂਲਾਂ ਵਿੱਚ ਆਦਿਵਾਸੀ ਬੱਚਿਆਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਸੀ। ਇਸ ਸਮੇਂ ਦੌਰਾਨ ਇਨ੍ਹਾਂ ਸਕੂਲਾਂ ਵਿੱਚ 973 ਮੂਲ ਬੱਚਿਆਂ ਦੀ ਵੀ ਮੌਤ ਹੋ ਗਈ। ਸਰਕਾਰ ਉਨ੍ਹਾਂ ਦਸਤਾਵੇਜ਼ਾਂ ਨੂੰ ਡਿਜੀਟਾਈਜ਼ ਕਰਨ ਲਈ ਫੰਡ ਪ੍ਰਦਾਨ ਕਰਦੀ ਹੈ ਜੋ ਪਿਛਲੇ ਸਮੇਂ ਵਿੱਚ ਇਨ੍ਹਾਂ ਬੋਰਡਿੰਗ ਸਕੂਲਾਂ ਵਿੱਚ ਆਦਿਵਾਸੀ ਬੱਚਿਆਂ ਨਾਲ ਹੋਏ ਦੁਰਵਿਵਹਾਰਾਂ ਨੂੰ ਦਰਜ ਕਰਦੇ ਹਨ। ਇਸ ਫੰਡਿੰਗ ਵਿੱਚ ਟਰੰਪ ਪ੍ਰਸ਼ਾਸਨ ਨੇ ਕਟੌਤੀ ਕਰ ਦਿੱਤੀ ਹੈ।

***

## ਚੀਨ ਦੀ ਆਰਥਿਕਤਾ ’ਤੇ

ਉਨ੍ਹਾਂ ਨੇ ਚੀਨ ਦੇ ਵਿਭਿੰਨ ਨਿਰਯਾਤ ਵਿਕਲਪਾਂ ਅਤੇ ਵਿਸ਼ਾਲ ਘਰੇਲੂ ਬਾਜ਼ਾਰ ਵੱਲ ਇਸ਼ਾਰਾ ਕਰਦੇ ਹੋਏ ਇਹ ਗੱਲ ਕਹੀ।

## ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ

1849 ਈ ਤੋਂ ਬਾਅਦ ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਤੇ ਰਾਜਨੀਤੀ ਨੂੰ ਗ੍ਰਹਿਣ ਲਾ ਦਿੱਤਾ ਹੈ। ਗੱਲ ਵਿਚਾਰ ਦੀ ਹੈ ਕਿ, ਗੁਰੂ ਸਾਹਿਬਾਨ ਨੇ ਰਾਜ ਨੀਤੀ ਸਿਖਾਈ ਸੀ ,ਕੀਤੀ ਨਹੀਂ ਸੀ । ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੰਘਾਂ ਨੇ ,ਗੁਰੂ ਸਾਹਿਬ ਦੇ ਦੱਸੇ ਹੋਏ ਰਾਹ ਤੇ ਚਲਕੇ, ਰਾਜ ਕਾਇਮ ਕੀਤਾ ਸੀ ਪਰ ਧਰਮ ਸਥਾਨਾਂ ’ਤੇ ਕਬਜ਼ਾ ਨਹੀਂ ਸੀ ਕੀਤਾ।

ਕਿਸੇ ਵੀ ਧਰਮ, ਸੰਸਥਾ ਤੇ ਸਮਾਜ ਦੀ ਅਗਵਾਈ ਲਈ ਇੱਕ ਨਾਇਕ ਜਾਂ ਹੀਰੋ ਹੋਣਾ ਲਾਜ਼ਮੀ ਹੈ।

ਨਾਇਕ ਉਹ ਜਿਸ ਦੀਆਂ ਪ੍ਰਾਪਤੀਆਂ ਸ਼ਾਨਦਾਰ ਰਹੀਆਂ ਹੋਣ। ਪੂਜਾ ਅਕਾਲ ਕੀ , ਪਰਚਾ ਸ਼ਬਦ ਕਾ ਤੇ ਦਿਦਾਰ ਖ਼ਾਲਸਾ ਕਾ, ਅਕਾਲ ਦੀ ਪੂਜਾ, ਗਿਆਨ ਪ੍ਰਾਪਤੀ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਹੁਕਮ ਸਪੱਸ਼ਟ ਹੈ। ਪਰ ਦਿਦਾਰ ਖ਼ਾਲਸਾ ਲਈ, ਇੱਕ ਉੱਤਮ ਗੁਣ ਤੇ ਪ੍ਰਾਪਤੀਆਂ ਵਾਲੇ ਵਿਅਕਤੀਆਂ ਨੂੰ ਆਦਰਸ਼ ਮੰਨਿਆ ਜਾ ਸਕਦਾ ਹੈ। ਬਾਬਾ ਬੰਦਾ ਸਿੰਘ ਬਹਾਦੁਰ, ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜਤ ਸਿੰਘ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਮਹਾਰਾਜਾ ਰਣਜੀਤ ਸਿੰਘ, ਸਰਦਾਰ ਹਰੀ ਸਿੰਘ ਨਲਵਾ ਆਦਿ ਦਾ ਆਦਰਸ਼ ਜੀਵਨ ਮਾਰਗ ਦਰਸ਼ਕ ਹੋ ਸਕਦਾ ਹੈ, ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਪ੍ਰਗਟ ਕਰ, ਨਿਆਂ ਦਾ ਰਾਜ ਹਲੇਮੀ ਰਾਜ ਕਾਇਮ ਕਰਨ ਤੇ ਬਚਾਉਣ ਲਈ ਕੰਮ ਕੀਤਾ।

ਅੱਗੇ ਵਧਣ ਲਈ ਗੁਰੂ ਸਾਹਿਬਾਨ ਦੇ ਆਦੇਸ਼, ਉਪਦੇਸ਼ ਦੀ ਪਾਲਣਾ ਕਰਦਿਆਂ ,ਪੁਰਾਣੇ ਨਾਇਕਾਂ ਦੇ ਜੀਵਨ ਤੋਂ ਸੇਧ ਲੈ ਰਾਜਨੀਤੀ ਚੱਲੇ,ਪਰ ਧਰਮ ਦੇ ਆਗੂਆਂ ਨੂੰ, ਗੁਰਮਤਿ ਵਿੱਚ, ਸਮਾਜ ਨੂੰ, ਵਰਜਿਤ ਕਰਮ ਕਾਂਡਾਂ ਤੋਂ ਬਾਹਰ ਕੱਢ ਕੇ, ਕੇਵਲ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ , ਸਮਾਜ ਵਿੱਚ ਵਿਚਰਨ ਦੀ ਲੋੜ ਹੈ। ਪਰ ਗੁਰੂ ਘਰ ਦਾ ਸਰਮਾਇਆ ਕੌਮ ਲਈ ਵਿੱਦਿਆ ਤੇ ਰੋਜ਼ਗਾਰ ਦੇ ਸਾਧਨ ਬਣਾਉਣ ਲਈ ਅਤੇ ਧਰਮ ਦੇ ਪ੍ਰਚਾਰ ਤੇ ਖੋਜ ਲਈ ਖਰਚ ਕੀਤਾ ਜਾਣਾ ਲਾਹੇਵੰਦ ਸਿੱਧ ਹੋਵੇਗਾ।

***

## ਭਗਵੀਂ ਸਿਆਸਤ ਵੱਲੋਂ ਵਕ਼ਫ਼ ਬੋਰਡ ਮਾਮਲੇ ’ਚ

ਉਸ ਦੇ ਆਈ ਟੀ ਸੈੱਲ, ਉਪ ਰਾਸ਼ਟਰਪਤੀ ਤੇ ਸਾਂਸਦ ਨਿਸ਼ੀਕਾਂਤ ਦੂਬੇ ਵਰਗੇ ਸੁਪਰੀਮ ਕੋਰਟ ਖਿਲਾਫ਼ ਗੁਬਾਰ ਕੱਢਦੇ ਹਨ। ਇੱਕ ਚੇਤੰਨ ਚੀਫ਼ ਜਸਟਿਸ ’ਤੇ ਸਰਕਾਰ ਤੇ ਉਸ ਦੇ ਭਗਤ ਹਮਲਾਵਰ ਹਨ। ਨਿਸ਼ੀਕਾਂਤ ਦੂਬੇ ’ਤੇ ਦਰਜਨਾਂ ਮੁਕੱਦਮੇ ਚੱਲ ਰਹੇ ਹਨ। ਉਹ ਹੀ ਚੀਫ਼ ਜਸਟਿਸ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਰਿਹਾ ਹੈ।

ਇਹ ਕਿਸੇ ਇੱਕ ਅਦਾਰੇ ਦਾ ਨਹੀਂ, ਸਗੋਂ ਪੂਰੇ ਜਮਹੂਰੀ ਢਾਂਚੇ ਦਾ ਅਪਮਾਨ ਹੈ ਅਤੇ ਇਹ ਅਪਮਾਨ ਸਹਿਣਾ, ਚੁੱਪ ਰਹਿਣਾ ਨਾ ਸਿਰਫ਼ ਬਦਕਿਸਮਤੀ ਹੋਵੇਗੀ, ਸਗੋਂ ਖਤਰੇ ਦੀ ਘੰਟੀ ਵੀ। ਚੀਫ਼ ਜਸਟਿਸ ਅਗਲੇ ਮਹੀਨੇ ਰਿਟਾਇਰ ਹੋਣ ਜਾ ਰਹੇ ਹਨ। ਉਨ੍ਹਾਂ ਨਾਲ ਖੜ੍ਹਨਾ ਅੱਜ ਦੀ ਲੋੜ ਹੈ। ਇਸ ਨਾਲ ਆਉਣ ਵਾਲੇ ਚੀਫ਼ ਜਸਟਿਸ ਬੀ ਆਰ ਗਵਈ ਨੂੰ ਬਲ ਮਿਲੇਗਾ। ਲੋਕਾਂ ਨੂੰ ਫ਼ੈਸਲਾ ਕਰਨਾ ਪੈਣਾ ਹੈ ਕਿ ਕੀ ਉਹ ਸੰਵਿਧਾਨ ਨਾਲ ਖੜ੍ਹਨਗੇ, ਜਿਹੜਾ ਕਰੋੜਾਂ ਭਾਰਤੀਆਂ ਦੀ ਉਮੀਦ, ਹਿਫ਼ਾਜਤ ਤੇ ਪਛਾਣ ਹੈ ਜਾਂ ਉਨ੍ਹਾਂ ਦੀ ਚੱਲਣ ਦੇਣਗੇ, ਜਿਹੜੇ ਸੰਵਿਧਾਨ ਨੂੰ ਰੋਲ ਕੇ ਸੱਤਾ ’ਤੇ ਪਕੜ ਮਜ਼ਬੂਤ ਕਰਨੀ ਚਾਹੁੰਦੇ ਹਨ। ਇਹ ਲੜਾਈ ਕਿਸੇ ਇੱਕ ਇਨਸਾਨ, ਇੱਕ ਪਾਰਟੀ ਜਾਂ ਇੱਕ ਅਦਾਲਤ ਦੀ ਨਹੀਂ। ਇਹ ਲੜਾਈ ਭਾਰਤ ਦੇ ਜਮਹੂਰੀ ਵਜੂਦ ਦੀ ਹੈ। ਇਹ ਲੜਾਈ ਹੁਣ ਸਿਰਫ਼ ਅਦਾਲਤਾਂ ਦੀ ਨਹੀਂ, ਸਗੋਂ ਹਰ ਜਾਗਰੂਕ ਨਾਗਰਿਕ ਦੀ ਹੈ। ਜਦੋਂ ਅਦਾਲਤਾਂ ਨਹੀਂ ਰਹਿਣਗੀਆਂ ਤਾਂ ਇਨਸਾਫ਼ ਵੀ ਕਿਤਾਬਾਂ ਵਿੱਚ ਰਹਿ ਜਾਵੇਗਾ ਅਤੇ ਮੁਲਕ ਆਪਣੇ ਹੀ ਪਰਛਾਵੇਂ ਤੋਂ ਡਰਨ ਲੱਗੇਗਾ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




## Minute to Minute Coverage of Punjab Elections

## Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com